ਕੌਮਾਂਤਰੀ
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 22 | Issue 144| 9 Oct. to 15 Oct. , 2024 | Ph.: (510) 240-5949 | Email: asrtimes@gmail.com

**ਹਰਿਆਣਾ ਤੇ ਜੰਮੂ-ਕਸ਼ਮੀਰ ਵਿਧਾਨ ਸਭਾ ਚੋਣਾਂ-2024**



# ਭਾਜਪਾ ਦੀ ਰਣਨੀਤੀ ਅੱਗੇ ਕਾਂਗਰਸ ਹੋਈ ਢੇਰ

## ਜਵਾਨ, ਕਿਸਾਨ ਅਤੇ ਪਹਿਲਵਾਨ ਵਾਲੇ ਮੁੱਦੇ ਕਿਉਂ ਰਹੇ ਪ੍ਰਭਾਵਹੀਨ ?

ਬਲਰਾਜ ਪਨੂੰ

ਹਰਿਆਣਾ ਅਤੇ ਜੰਮੂ- ਕਸ਼ਮੀਰ ਵਿਧਾਨ ਸਭਾ ਦੇ ਚੋਣ ਨਤੀਜਿਆਂ ਵਿਚੋਂ ਸਾਰੇ ਰਾਜਨੀਤਿਕ ਪੰਡਤ, ਐਗਜ਼ਿਟ ਪੋਲ ਦਿਖਾਉਣ ਵਾਲੇ ਛੇ ਮਹੀਨਿਆਂ ਦੇ ਵਿੱਚ ਇੱਕ ਵਾਰੀ ਫ਼ਿਰ ਗਲਤ ਸਾਬਤ ਹੋ ਗਏ ਹਨ। ਹਰਿਆਣੇ ਦੀਆਂ ਚੋਣਾਂ ਵਿੱਚ ਬੀਜੇਪੀ ਤੀਜੀ ਵਾਰ ਆਪਣੀ ਸਰਕਾਰ ਬਣਾਉਣ 'ਚ ਸਫ਼ਲ ਹੋਈ ਹੈ ਪਰ ਕਾਂਗਰਸ ਟਿਕਟਾਂ ਦੀ ਵੰਡ ਦੇ ਵਿੱਚ ਅਸਪੱਸ਼ਟਤਾ, ਜਾਟ ਭਾਈਚਾਰੇ ਤੇ ਦਲਿਤ ਭਾਈਚਾਰੇ ਦੇ ਵਿੱਚ ਉਲ਼ਝ ਕੇ ਰਹਿ ਗਈ। ਅਸੀਂ ਪਿਛਲੇ ਸੰਪਾਦਕੀ ਦੇ ਵਿੱਚ ਕਿਹਾ ਸੀ ਕਿ ਹਰਿਆਣੇ ਦੇ ਵਿੱਚ ਦੋ ਸਾਨ੍ਹਾਂ ਦੇ ਭੇੜ ਦੌਰਾਨ ਖੱਬਲ਼ ਰੋਲ਼ਿਆ ਜਾਵੇਗਾ ਤਾਂ ਉਹ ਗੱਲ ਸੱਚ ਵੀ ਹੋਈ ਹੈ ਕਿਉਂਕਿ ਹਰਿਆਣਾ ਚੋਣਾਂ ਦੇ ਵਿੱਚ ਆਮ ਆਦਮੀ ਪਾਰਟੀ ਹਜ਼ਾਰਾਂ ਮੰਤਰੀ, ਸੰਤਰੀ ਤੇ ਵਜ਼ੀਰ ਲੈ ਕੇ ਚੋਣ ਪ੍ਰਚਾਰ ਵਿੱਚ ਜੁਟੀ ਰਹੀ ਪਰ ਹਰਿਆਣਾ ਦੀਆਂ 31 ਸੀਟਾਂ ਅਜਿਹੀਆਂ ਹਨ ਜਿਥੇ ਆਮ ਆਦਮੀ ਪਾਰਟੀ ਨੂੰ ਇੱਕ ਹਜ਼ਾਰ ਤੋਂ ਵੀ ਘੱਟ ਵੋਟਾਂ ਮਿਲੀਆਂ। 10 ਵਿਧਾਨ ਸਭਾ ਸੀਟਾਂ 'ਤੇ ਆਪ ਉਮੀਦਵਾਰਾਂ ਨੂੰ 'ਨੋਟਾ' ਨਾਲੋਂ ਵੀ ਘੱਟ ਵੋਟਾਂ ਨਸੀਬ ਹੋਈਆਂ। ਹਰਿਆਣੇ ਕਾ ਲਾਲ ਕਹਿ ਕੇ ਵੀ ਅਰਵਿੰਦ ਕੇਜਰੀਵਾਲ ਨੇ ਪ੍ਰਚਾਰ ਕੀਤਾ, ਗਾਰੰਟੀਆਂ ਦਿੱਤੀਆਂ ਪਰ ਕਿਸੇ ਕੰਮ ਨਾ ਆਈਆਂ। ਇਹ ਦੂਜੀ ਵਾਰ ਹੈ ਕਿ ਜਦੋਂ ਕੇਜਰੀਵਾਲ ਨੂੰ ਆਪਣੇ ਜੱਦੀ ਸੂਬੇ ਵਿਚੋਂ ਬੇਰੰਗ ਚਿੱਠੀ ਵਾਂਗੂ ਮੁੜਨਾ ਪਿਆ ਹੈ। 2019 ਵਿਚ ਵੀ 46 ਸੀਟਾਂ 'ਤੇ ਵਿਧਾਨ ਸਭਾ ਚੋਣ ਲੜੀ ਸੀ ਤੇ ਸਭ ਸੀਟਾਂ 'ਤੇ ਹਾਰ ਦਾ ਮੂੰਹ ਵੇਖਣਾ ਪਿਆ ਸੀ। ਹਰਿਆਣੇ ਵਿੱਚ ਆਮ ਆਦਮੀ ਪਾਰਟੀ ਨੂੰ ਪੌਣੇ ਦੋ ਫ਼ੀਸਦੀ ਵੋਟਾਂ ਪਈਆਂ। ਜ਼ਮਾਨਤਾਂ ਜ਼ਬਤ ਹੋਈਆਂ ਪਰ ਇਸ ਪੌਣੇ ਦੋ ਫ਼ੀਸਦੀ ਨੇ ਬੀਜੇਪੀ ਦੇ ਲਈ ਇਤਿਹਾਸਿਕ ਜਿੱਤ ਦਰਜ ਕਰ ਦਿੱਤੀ ਤੇ ਕਾਂਗਰਸ ਦੇ ਨਾਲ ਜੱਗੋਂ ਤੇਰ੍ਹਵੀਂ ਹੋ ਗਈ। ਅਸਲ ਵਿੱਚ ਬੀਜੇਪੀ ਤੇ ਕਾਂਗਰਸ ਦੀ ਜਿੱਤ ਦੇ ਵਿੱਚ ਫ਼ਰਕ ਕੋਈ ਬਹੁਤ ਵੱਡਾ ਨਹੀਂ ਹੈ ਜੇ ਆਪ ਪਾਰਟੀ ਦਾ ਕਾਂਗਰਸ ਦੇ ਨਾਲ ਜੋੜ ਤੋੜ ਹੋ ਜਾਂਦਾ ਤੇ ਇਹ ਪੌਣੇ ਦੋ ਫ਼ੀਸਦੀ ਇਸ ਗੱਠਜੋੜ ਵਿੱਚ ਜੁੜ ਜਾਂਦਾ ਤਾਂ ਬੀਜੇਪੀ ਦੀ ਹਾਰ ਵੱਟ 'ਤੇ ਪਈ ਸੀ। ਐਹੋ ਜਿਹੀ ਘਟਨਾ ਤੋਂ ਹੀ ਇੱਕ ਕਹਾਵਤ ਯਾਦ ਆਉਂਦੀ ਹੈ ਕਿ ਆਪਣੇ ਪੈਰਾਂ 'ਤੇ ਆਪ ਕੁਹਾੜੀ ਮਾਰਨਾ। ਏਨੇ ਵਿਰੋਧ ਦੇ ਬਾਵਜੂਦ ਵੀ ਬੀਜੇਪੀ ਲਈ ਬਹੁਮਤ ਲੈ ਜਾਣਾ ਬੜੀ ਬਹਾਦਰੀ ਵਾਲੀ ਗੱਲ ਹੈ। ਦਸ ਸਾਲ ਦੀ ਸੱਤਾ ਦੇ ਵਿੱਚ ਰਹੀ ਬੀਜੇਪੀ ਦੇ ਵਿਰੋਧ ਵਿੱਚ ਇੱਕ ਲਹਿਰ ਚੱਲ ਪਈ ਸੀ। ਬੀਜੇਪੀ ਨੇ ਉਸ ਲਹਿਰ ਦੀ ਰਮਜ਼ ਨੂੰ ਪਛਾਣਿਆਂ। ਉਹਨਾਂ ਨੇ ਆਪਣਾ ਮੁੱਖ ਮੰਤਰੀ ਤਾਂ ਬਦਲਿਆ ਹੀ, ਨਾਲ ਹੀ 33 ਫ਼ੀਸਦੀ ਉਮੀਦਵਾਰ ਵੀ ਬਦਲ ਦਿੱਤੇ, ਜਿਨ੍ਹਾਂ ਨੂੰ ਹਰਿਆਣੇ ਦੇ ਵਿੱਚ ਵਿਰੋਧ ਦਾ ਸਾਹਮਣਾ ਕਰਨਾ ਪੈ ਰਿਹਾ ਸੀ। ਬੀਜੇਪੀ ਨੇ 23 ਨਵੇਂ ਉਮੀਦਵਾਰਾਂ ਨੂੰ ਟਿਕਟਾਂ ਦਿੱਤੀਆਂ ਤੇ ਹੈਰਾਨੀ ਦੀ ਗੱਲ ਹੈ ਕਿ ਉਹਨਾਂ ਦੇ ਵਿਚੋਂ 22 ਉਮੀਦਵਾਰਾਂ ਨੇ ਜਿੱਤ ਹਾਸਲ ਕੀਤੀ ਹੈ। ਇਹਨਾਂ ਸਭ ਗੱਲਾਂ ਨੂੰ ਦੇਖਦੇ ਹੋਏ ਸਾਫ਼ ਹੈ ਕਿ ਬੀਜੇਪੀ ਵਿਰੋਧ ਨੂੰ ਵੇਖਦੇ ਹੋਏ ਇੱਕ ਬਲਿਊ ਪ੍ਰਿੰਟ ਅਨੁਸਾਰ ਚੱਲੀ, ਜਿਥੇ ਉਮੀਦਵਾਰ ਦਾ ਵਿਰੋਧ, ਉਥੇ ਹੀ ਉਮੀਦਵਾਰ ਬਦਲਣ ਤੋਂ ਸੰਕੋਚ ਨਹੀਂ ਕੀਤਾ। ਕਾਂਗਰਸ ਦੀ ਹਾਰ ਦਾ ਕਾਰਨ ਟਿਕਟਾਂ ਦੀ ਵੰਡ ਸੂਝ ਨਾਲ ਨਾ ਕਰਨਾ, ਸੰਜੀਦਗੀ ਨਾਲ ਨਾ ਸੋਚਣਾ ਹੀ ਕਹਿ ਸਕਦੇ ਹਾਂ। ਹੁਣ ਸੋਚਣਾ ਇਹ ਬਣਦੈ ਕਿ ਜਵਾਨ, ਪਹਿਲਵਾਨ ਤੇ ਕਿਸਾਨ ਵਾਲੇ ਮੁੱਦਿਆਂ ਦਾ ਕੀ ਹੋਇਆ ? ਕੀ ਇਹ ਮੁੱਦੇ ਸਿਰਫ਼ ਹਵਾ ਵਿੱਚ ਸਨ ? ਜ਼ਮੀਨ 'ਤੇ ਇਹਨਾਂ ਦਾ ਕੋਈ ਅਸਰ ਨਹੀਂ ਸੀ ? ਸਵਾਲ ਤਾਂ ਕਈ ਹਨ। ਭਾਜਪਾ ਹਰਿਆਣੇ ਵਿੱਚ ਜਿੱਤ ਚੁੱਕੀ ਹੈ, ਕੀ ਭਾਜਪਾ ਨੂੰ ਪਤਾ ਹੈ ਕਿ ਉਹ ਕਿਉਂ ਜਿੱਤੀ ਹੈ ? ਕਾਂਗਰਸ ਚੋਣ ਹਾਰ ਗਈ ਹੈ ਕੀ ਉਸ ਨੂੰ ਸਾਫ਼ ਸਾਫ਼ ਪਤਾ ਹੈ ਕਿ ਉਹ ਕਿਉਂ ਹਾਰੀ ਹੈ ? ਕੀ ਆਪ ਪਾਰਟੀ ਵਾਲੇ ਸੋਚਦੇ ਨੇ ਕਿ ਹਰਿਆਣੇ ਦੇ ਲੋਕਾਂ ਨੇ ਉਸ ਨੂੰ ਦੂਜੀ ਵਾਰ ਕਿਉਂ ਨਕਾਰਿਆ ਹੈ ? ਜਿਥੇ ਸਾਨੂੰ ਇਹ ਸਾਰੀਆਂ ਗੱਲਾਂ 'ਤੇ ਸੋਚਣਾ ਚਾਹੀਦਾ ਹੈ ਉਥੇ ਹੀ ਚੋਣ ਸਰਵੇਖਣਾਂ 'ਤੇ ਵੀ ਚਰਚਾ ਜ਼ਰੂਰ ਛੇੜਨੀ ਚਾਹੀਦੀ ਹੈ। ਆਖ਼ਰ ਇਹਨਾਂ ਐਗਜ਼ਿਟ ਪੋਲ ਦੇ ਵਿੱਚ ਕੀ ਗੈਪ ਰਹਿ ਜਾਂਦਾ ਹੈ ਕਿ ਉਹ ਸੱਚਾਈ ਦੇ ਨੇੜੇ ਤੇੜੇ ਵੀ ਨਹੀਂ ਹੁੰਦੇ ? ਕੀ ਐਗਜ਼ਿਟ ਪੋਲ ਵੀ ਸੋਸ਼ਲ ਮੀਡੀਆ ਦੀ ਹਨੇਰੀ ਦੇ ਵਿਚੋਂ ਨਿਕਲੇ ਹੁੰਦੇ ਨੇ ? ਕੀ ਇਹ ਕਿਸੇ ਦਬਾਅ ਦੇ ਵਿੱਚ ਆ ਕੇ ਮਨਮਾਨੀਆਂ ਵਾਲੀਆਂ ਸੀਟਾਂ ਹਰ ਇੱਕ ਦਲ ਦੇ ਅੱਗੇ ਪਰੋਸ ਦਿੰਦੇ ਨੇ ? ਅਸਲ ਦੇ ਵਿੱਚ ਜ਼ਮੀਨੀ ਹਕੀਕਤ ਨੂੰ ਜਾਣੇ ਬਿਨਾਂ ਅਨੁਮਾਨ ਲਗਾਉਣ ਦੇ ਨਤੀਜੇ ਇਸੇ ਤਰ੍ਹਾਂ ਦੇ ਹੁੰਦੇ ਨੇ। ਹਾਂ, ਇਹ ਗੱਲ ਠੀਕ ਹੈ ਕਿ ਐਗਜ਼ਿਟ ਪੋਲ ਨੂੰ ਬੰਦ ਤਾਂ ਨਹੀਂ ਕੀਤਾ ਜਾ ਸਕਦਾ ਪਰ ਲੋਕ ਇਹਨਾਂ 'ਤੇ ਵਿਸ਼ਵਾਸ ਕਰਨਾ ਬੰਦ ਜ਼ਰੂਰ ਕਰਨਗੇ ਕਿਉਂਕਿ ਐਗਜ਼ਿਟ ਪੋਲ ਦਾ ਅਨੁਮਾਨ ਨਾ ਤਾਂ ਸਟੀਕ ਹੁੰਦਾ ਹੈ ਤੇ ਨਾ ਹੀ ਸੱਚ ਦੇ ਕਰੀਬ। ਹਰਿਆਣੇ ਦੀਆਂ ਚੋਣਾਂ ਦੇ ਵਿੱਚ ਇੱਕ ਮਹੱਤਵਪੂਰਨ ਹੋਰ ਗੱਲ ਹੈ ਕਿ ਪਿਛਲੀ ਵਾਰੀ ਪਿਛਲੀਆਂ ਚੋਣਾਂ ਦੇ ਵਿੱਚ ਅੱਠ ਮਹਿਲਾ ਉਮੀਦਵਾਰ ਜਿੱਤੀਆਂ ਸਨ ਤੇ ਇਸ ਵਾਰ 13 ਔਰਤਾਂ ਨੇ ਜਿੱਤ ਹਾਸਲ ਕੀਤੀ ਹੈ ਜਿਸ ਦੇ ਵਿੱਚ ਵਿਨੇਸ਼ ਫ਼ੋਗਾਟ ਦਾ ਨਾਂਅ ਵੀ ਆਉਂਦਾ ਹੈ। ਮੁੱਕਦੀ ਗੱਲ, ਖੇਤਰੀ ਪਾਰਟੀਆਂ ਨੂੰ ਹਰਿਆਣੇ ਵਾਲਿਆਂ ਨੇ ਨਕਾਰ ਦਿੱਤਾ ਹੈ ਤੇ ਇਹ ਪਹਿਲੀ ਵਾਰ ਹੈ ਕਿ ਸ਼੍ਰੋਮਣੀ ਅਕਾਲੀ ਦਲ ਹਰਿਆਣੇ ਦੀਆਂ ਚੋਣਾਂ ਵਿੱਚ ਗ਼ੈਰਹਾਜ਼ਰ ਰਹੀ ਹੈ। ਜੇਜੀਪੀ ਤੇ ਆਪ ਆਗੂਆਂ ਦੀਆਂ ਜ਼ਮਾਨਤਾਂ ਜ਼ਬਤ ਹੋਈਆਂ ਤੇ ਚੌਟਾਲਾ ਤੇ ਗਿਆਨ ਚੰਦ ਗੁਪਤਾ ਸਣੇ ਕਈ ਸਿਆਸੀ ਥੰਮ ਢਹਿ ਢੇਰੀ ਹੁੰਦੇ ਵੇਖੇ ਗਏ। ਦੂਜੇ ਪਾਸੇ ਭਾਰਤੀ ਜਨਤਾ ਪਾਰਟੀ ਜੰਮੂ ਕਸ਼ਮੀਰ ਦੇ ਵਿੱਚ ਭਾਵੇਂ ਪੱਛੜ ਗਈ ਹੈ ਪਰ ਆਪਣੀ ਵੋਟ ਫ਼ੀਸਦੀ ਵਧਾ ਗਈ ਹੈ। ਜੰਮੂ ਵਿੱਚ ਭਾਜਪਾ ਨੂੰ 29 ਸੀਟਾਂ ਮਿਲੀਆਂ ਹਨ ਪਰ ਵੋਟ ਫ਼ੀਸਦੀ 25 ਪ੍ਰਤੀਸ਼ਤ ਹੈ। ਨੈਸ਼ਨਲ ਕਾਨਫ਼ਰੰਸ ਨੂੰ 23 ਫ਼ੀਸਦੀ, ਕਾਂਗਰਸ ਨੂੰ 11 ਫ਼ੀਸਦੀ ਤੇ ਪੀ.ਡੀ.ਪੀ. ਨੂੰ 8 ਫ਼ੀਸਦੀ ਵੋਟਾਂ ਪਈਆਂ। ਧਾਰਾ 370 ਜਾਂ 35 ਏ ਵਾਲਾ ਹਿੱਸਾ ਹਟਾ ਕੇ ਭਾਜਪਾ ਨੇ ਜੰਮੂ- ਕਸ਼ਮੀਰ ਵਿੱਚ ਇਤਿਹਾਸ ਜ਼ਰੂਰ ਬਣਾਇਆ ਸੀ ਪਰ ਉਹ ਨਾ ਤਾਂ ਕਸ਼ਮੀਰੀ ਪੰਡਤਾਂ ਦਾ ਪੁਨਰਵਾਸ ਕਰ ਸਕੀ ਤੇ ਨਾ ਹੀ ਜੰਮੂ ਕਸ਼ਮੀਰ ਵਿੱਚ ਜੇਹਾਦ ਦੇ ਉਭਾਰ ਨੂੰ ਰੋਕਣ ਵਿੱਚ ਪੂਰੀ ਤਰ੍ਹਾਂ ਸਫ਼ਲ ਹੋਈ। ਪੰਜ ਸਾਲ ਤੱਕ ਚਲੀ ਨੌਕਰਸ਼ਾਹੀ ਸਰਕਾਰ ਦੇ ਕਾਰਨ ਹੀ ਭਾਜਪਾ ਦੀ ਰਾਜਨੀਤਿਕ ਧਾਰ ਖੁੰਢੀ ਹੋਈ ਜਾਪਦੀ ਹੈ।


## ਜੰਮੂ-ਕਸ਼ਮੀਰ 'ਚ ਐਨ.ਸੀ.-ਕਾਂਗਰਸ ਗਠਜੋੜ ਨੂੰ ਬਹੁਮਤ

### ਉਮਰ ਅਬਦੁੱਲਾ ਬਣਨਗੇ ਮੁੱਖ ਮੰਤਰੀ




**ਜੰਮੂ ਕਸ਼ਮੀਰ ਚੋਣ ਨਤੀਜੇ**

ਕੁਲ ਸੀਟਾਂ: 90 ਬਹੁਮਤ: 46




| | | | | | |
|---|---|---|---|---|---|
| 49 | 29 | 03 | 01 | 01 | 07 |

## ਹਰਿਆਣਾ ਦੇ ਲੋਕਾਂ ਨੇ ਵਿਕਾਸ ਨੂੰ ਤਰਜੀਹ ਦਿੱਤੀ: ਮੋਦੀ

ਨਵੀਂ ਦਿੱਲੀ: ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅੱਜ ਕਿਹਾ ਕਿ ਹਰਿਆਣਾ ਦੇ ਲੋਕਾਂ ਨੇ ਸੱਚ, ਵਿਕਾਸ ਅਤੇ ਚੰਗੇ ਸ਼ਾਸਨ ਦੀ ਜਿੱਤ ਯਕੀਨੀ ਬਣਾ ਕੇ ਸੂਬੇ ਵਿੱਚ ਲਗਾਤਾਰ ਤੀਜੀ ਵਾਰ ਭਾਜਪਾ ਦੀ ਸਰਕਾਰ ਲਿਆਂਦੀ ਹੈ। ਉਨ੍ਹਾਂ ਕਿਹਾ ਕਿ ਹਰਿਆਣਾ ਦੇ ਲੋਕਾਂ ਨੇ ਵਿਕਾਸ ਨੂੰ ਤਰਜੀਹ ਦਿੱਤੀ ਹੈ। ਇੱਥੇ ਭਾਜਪਾ ਹੈੱਡਕੁਆਰਟਰ ਵਿੱਚ ਪਾਰਟੀ ਵਰਕਰਾਂ ਨੂੰ ਸੰਬੋਧਨ ਕਰਦਿਆਂ ਮੋਦੀ ਨੇ ਕਿਹਾ ਕਿ ਜੰਮੂ ਕਸ਼ਮੀਰ ਵਿੱਚ ਸ਼ਾਂਤੀਪੂਰਨ ਚੋਣਾਂ ਕਰਵਾਉਣੀਆਂ ਭਾਰਤ ਦੇ ਸੰਵਿਧਾਨ ਅਤੇ ਲੋਕਤੰਤਰ ਦੀ ਜਿੱਤ ਹੈ। ਮੋਦੀ ਨੇ ਕਿਹਾ ਕਿ ਜਦੋਂ ਵੀ ਭਾਜਪਾ ਕਿਸੇ ਸੂਬੇ 'ਚ ਸਰਕਾਰ ਬਣਾਉਂਦੀ ਹੈ ਤਾਂ ਲੋਕ ਲੰਮੇ ਸਮੇਂ ਤੱਕ ਉਸ ਦਾ ਸਮਰਥਨ ਕਰਦੇ ਹਨ ਅਤੇ ਕਾਂਗਰਸ ਲਈ 'ਨੋ ਐਂਟਰੀ' ਦੇ ਬੋਰਡ ਲਾ ਦਿੰਦੇ ਹਨ। ਉਨ੍ਹਾਂ ਕਿਹਾ,



'ਕਾਂਗਰਸ ਘੱਟ ਹੀ ਸੱਤਾ ਵਿੱਚ ਵਾਪਸ ਆਉਂਦੀ ਹੈ। 13 ਸਾਲ ਪਹਿਲਾਂ ਕਾਂਗਰਸ ਅਸਾਮ ਵਿੱਚ ਮੁੜ ਸੱਤਾ ਵਿੱਚ ਆਈ ਸੀ ਅਤੇ ਅਜਿਹੇ ਵੀ ਕੁੱਝ ਸੂਬੇ ਹਨ ਜਿੱਥੇ ਕਾਂਗਰਸ 60 ਸਾਲ ਬਾਅਦ ਵੀ ਮੁੜ ਸੱਤਾ ਵਿੱਚ ਨਹੀਂ ਆਈ।



## ਥੋਨੂੰ ਨਸ਼ਾ ਵਲੈਤਾਂ ਦਾ, ਮਾਵਾਂ ਜਿਊਣ ਆਸਰੇ ਕੀਹਦੇ?...

# 'ਡੌਂਕੀ' ਲਗਾਉਣ ਲਈ ਮਜਬੂਰ ਕਿਉਂ ਹਨ ਨੌਜਵਾਨ?

## ਭਾਰਤ ਵਿੱਚ ਫ਼ੈਲੀ ਬੇਰੁਜ਼ਗਾਰੀ ਕਾਰਨ ਨੌਜਵਾਨ ਜਾ ਰਹੇ ਹਨ ਵਿਦੇਸ਼

## ਸਿਆਸੀ ਮੁੱਦਾ ਬਣਿਆ ਨੌਜਵਾਨਾਂ ਦਾ 'ਗ਼ੈਰਕਾਨੂੰਨੀ ਪਰਵਾਸ'

ਪੰਜਾਬ, ਹਰਿਆਣਾ ਸਮੇਤ ਭਾਰਤ ਦੇ ਵੱਖ- ਵੱਖ ਰਾਜਾਂ ਦੇ ਨੌਜਵਾਨਾਂ ਵਿੱਚ ਵਿਦੇਸ਼ ਜਾਣ ਦਾ ਰੁਝਾਨ ਦਿਨੋਂ ਦਿਨ ਵਧਦਾ ਜਾ ਰਿਹਾ ਹੈ। ਵੱਡੀ ਗਿਣਤੀ ਨੌਜਵਾਨ ਤਾਂ ਜਾਇਜ਼ ਤਰੀਕੇ ਨਾਲ ਵਿਦੇਸ਼ ਚਲੇ ਜਾਂਦੇ ਹਨ, ਜਿਹੜੇ ਨੌਜਵਾਨ ਜਾਇਜ਼ ਅਤੇ ਕਾਨੂੰਨੀ ਤਰੀਕਿਆਂ ਨਾਲ ਵਿਦੇਸ਼ ਨਹੀਂ ਜਾ ਸਕਦੇ ਉਹ ਨੌਜਵਾਨ ਫ਼ੇਰ 'ਡੌਂਕੀ' ਲਗਾ ਕੇ ਵਿਦੇਸ਼ ਜਾਣ ਦਾ ਯਤਨ ਕਰਦੇ ਹਨ। ਗ਼ੈਰਕਾਨੂੰਨੀ ਤਰੀਕਿਆਂ ਨਾਲ ਕੀਤੇ ਜਾਣ ਵਾਲੇ ਪਰਵਾਸ ਨੂੰ ਡੌਂਕੀ ਰੂਟ ਜਾਂ ਡੌਂਕੀ ਲਗਾ ਕੇ ਵਿਦੇਸ਼ ਜਾਣਾ ਕਹਿੰਦੇ ਹਨ। ਭਾਰਤ ਵਿੱਚ ਡੌਂਕੀ ਰੂਟ ਰਾਹੀਂ ਵਿਦੇਸ਼ ਜਾਣ ਦਾ ਰੁਝਾਨ ਬਹੁਤ ਵਧਦਾ ਜਾ ਰਿਹਾ ਹੈ, ਜੋ ਕਿ ਸਰਕਾਰਾਂ ਲਈ ਚਿੰਤਾ ਦਾ ਵਿਸ਼ਾ ਹੋਣਾ ਚਾਹੀਦਾ ਹੈ ਪਰ ਕੇਂਦਰ ਸਰਕਾਰ ਅਤੇ ਵੱਖ -ਵੱਖ ਰਾਜਾਂ ਦੀਆਂ ਸਰਕਾਰਾਂ ਆਪਣੇ ਜ਼ਰੂਰੀ ਕੰਮਾਂ ਵਿੱਚ ਅਜਿਹੀਆਂ ਰੁੱਝੀਆਂ ਹੋਈਆਂ ਹਨ ਕਿ ਉਹਨਾਂ ਕੋਲ ਨੌਜਵਾਨਾਂ ਬਾਰੇ ਸੋਚਣ ਦਾ ਸਮਾਂ ਹੀ ਨਹੀਂ ਹੈ। ਭਾਵੇਂ ਕਿ ਕੇਂਦਰ ਸਰਕਾਰ ਅਤੇ ਰਾਜ ਸਰਕਾਰਾਂ ਅਕਸਰ ਦਾਅਵੇ ਕਰਦੀਆਂ ਹਨ ਕਿ ਉਹਨਾਂ ਵੱਲੋਂ ਦੇਸ਼ ਦੇ ਨੌਜਵਾਨਾਂ ਦੀ ਭਲਾਈ ਲਈ ਵੱਡੇ ਉਪਰਾਲੇ ਕੀਤੇ ਜਾ ਰਹੇ ਹਨ ਪਰ ਵੱਡੀ ਗਿਣਤੀ ਨੌਜਵਾਨ ਬੇਰੁਜ਼ਗਾਰ ਹੋਣ ਕਾਰਨ ਵਿਦੇਸ਼ ਜਾਣ ਲਈ ਮਜਬੂਰ ਹਨ। ਬੇਰੁਜ਼ਗਾਰਾਂ ਦੀ ਇਹ ਗਿਣਤੀ ਸਰਕਾਰਾਂ ਦੀ ਪੋਲ ਖੋਲ ਰਹੀ ਹੈ।

ਭਾਰਤ ਤੋਂ ਦੂਜੇ ਦੇਸ਼ਾਂ ਨੂੰ ਨੌਜਵਾਨਾਂ ਦੇ ਹੋ ਰਹੇ ਪਰਵਾਸ ਅਤੇ ਗ਼ੈਰਕਨੂੰਨੀ ਪਰਵਾਸ ਦਾ ਮੁੱਖ ਕਾਰਨ ਭਾਰਤ ਵਿੱਚ ਫ਼ੈਲੀ ਹੋਈ ਬੇਰੁਜ਼ਗਾਰੀ ਹੈ। ਅੰਤਰਰਾਸ਼ਟਰੀ ਕਿਰਤ ਸੰਗਠਨ (ਆਈ.ਐਲ.ਓ.) ਦੀ ਇਸ ਹਫ਼ਤੇ ਜਾਰੀ ਕੀਤੀ ਗਈ ਇੱਕ ਰਿਪੋਰਟ ਦੱਸਦੀ ਹੈ ਕਿ ਭਾਰਤ ਵਿੱਚ ਕੁੱਲ ਬੇਰੁਜ਼ਗਾਰਾਂ ਵਿੱਚੋਂ 80 ਫ਼ੀਸਦੀ ਨੌਜਵਾਨ ਹਨ। 'ਦਿ ਇੰਡੀਆ ਇੰਪਲਾਇਮੈਂਟ ਰਿਪੋਰਟ 2024' ਦੇ ਅਨੁਸਾਰ, ਪਿਛਲੇ 20 ਸਾਲਾਂ ਵਿੱਚ ਭਾਰਤ ਵਿੱਚ ਨੌਜਵਾਨਾਂ ਵਿੱਚ ਬੇਰੁਜ਼ਗਾਰੀ ਲਗਭਗ 30 ਪ੍ਰਤੀਸ਼ਤ ਵਧੀ ਹੈ। ਸਾਲ 2000 ਵਿੱਚ ਨੌਜਵਾਨਾਂ ਵਿੱਚ ਬੇਰੁਜ਼ਗਾਰੀ ਦੀ ਦਰ 35.2 ਫ਼ੀਸਦੀ ਸੀ ਜੋ 2022 ਵਿੱਚ ਵਧ ਕੇ 65.7 ਫ਼ੀਸਦੀ ਹੋ ਗਈ। ਇੰਟਰਨੈਸ਼ਨਲ ਲੇਬਰ ਆਰਗ਼ੇਨਾਈਜ਼ੇਸ਼ਨ ਅਤੇ ਇੰਸਟੀਚਿਊਟ ਆਫ਼ ਹਿਊਮਨ ਡਿਵੈਲਪਮੈਂਟ ਨੇ ਮਿਲ ਕੇ ਇਹ ਰਿਪੋਰਟ ਤਿਆਰ ਕੀਤੀ ਹੈ। ਰਿਪੋਰਟ 'ਚ ਕਿਹਾ ਗਿਆ ਹੈ ਕਿ ਹਾਈ ਸਕੂਲ ਜਾਂ ਇਸ ਤੋਂ ਉੱਪਰ ਦੀ ਪੜ੍ਹਾਈ ਕਰਨ ਵਾਲੇ ਨੌਜਵਾਨਾਂ 'ਚ ਬੇਰੁਜ਼ਗਾਰੀ ਦਾ ਅਨੁਪਾਤ ਬਹੁਤ ਜ਼ਿਆਦਾ ਹੈ।

ਗ੍ਰੈਜੂਏਟ ਡਿਗਰੀ ਧਾਰਕਾਂ ਵਿੱਚ ਸਭ ਤੋਂ ਵੱਧ ਬੇਰੁਜ਼ਗਾਰੀ ਪਾਈ ਗਈ। ਇਨ੍ਹਾਂ ਵਿੱਚ ਔਰਤਾਂ ਸਭ ਤੋਂ ਵੱਧ ਪ੍ਰਭਾਵਿਤ ਸਮੂਹ ਸਨ। 2022 ਵਿੱਚ, ਔਰਤਾਂ ਦੀ ਗਿਣਤੀ ਜੋ ਨਾ ਤਾਂ ਕੋਈ ਨੌਕਰੀ ਕਰ ਰਹੀਆਂ ਸਨ ਅਤੇ ਨਾ ਹੀ ਕਿਸੇ ਕਿਸਮ ਦੀ ਸਿੱਖਿਆ ਜਾਂ ਸਿਖਲਾਈ ਲੈ ਰਹੀਆਂ ਸਨ, ਮਰਦਾਂ ਦੇ ਮੁਕਾਬਲੇ ਪੰਜ ਗੁਣਾ ਵੱਧ ਸਨ। ਅਜਿਹੀਆਂ ਔਰਤਾਂ ਦੀ ਗਿਣਤੀ 48.4 ਫ਼ੀਸਦੀ ਸੀ ਜਦੋਂ ਕਿ ਪੁਰਸ਼ਾਂ ਦੀ ਗਿਣਤੀ ਸਿਰਫ਼ 9.8 ਫ਼ੀਸਦੀ ਸੀ। ਭਾਵ ਔਰਤਾਂ ਲਗਭਗ 95 ਫ਼ੀਸਦੀ ਬੇਰੁਜ਼ਗਾਰ ਸਨ।



ਡੰਕੀ ਰੂਟ ਰਾਹੀਂ ਵਿਦੇਸ਼ ਜਾਣ ਵਾਲੇ ਨੌਜਵਾਨਾਂ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਭਾਰਤ ਵਿੱਚ ਬੇਰੁਜ਼ਗਾਰੀ ਕਾਰਨ ਅਮਰੀਕਾ ਜਾਣ ਲਈ ਮਜਬੂਰ ਹੋਣਾ ਪਿਆ ਅਤੇ ਇਸ ਦੌਰਾਨ ਉਨ੍ਹਾਂ ਨੂੰ ਵਿਦੇਸ਼ੀ ਧਰਤੀ ਉੱਤੇ ਭਾਰੀ ਮੁਸ਼ਕਿਲਾਂ ਵੀ ਝੱਲਣੀਆਂ ਪਈਆਂ। ਹੁਣ ਭਾਰਤ ਦੇ ਨੌਜਵਾਨਾਂ ਵੱਲੋਂ ਡੰਕੀ ਰੂਟ ਰਾਹੀਂ ਵਿਦੇਸ਼ ਜਾਣ ਦਾ ਮੁੱਦਾ ਕਾਂਗਰਸ ਦੇ ਸੀਨੀਅਰ ਆਗੂ ਅਤੇ ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨੇ ਉਠਾਇਆ ਹੈ। ਰਾਹੁਲ ਗਾਂਧੀ ਨੇ ਅਮਰੀਕਾ ਦੇ ਦੌਰੇ ਤੋਂ ਭਾਰਤ ਆ ਕੇ ਦਾਅਵਾ ਕੀਤਾ ਹੈ ਕਿ ਅਮਰੀਕਾ ਵਿੱਚ ਉਹਨਾਂ ਨੂੰ ਅਜਿਹੇ ਨੌਜਵਾਨ ਵੀ ਮਿਲੇ ਜੋ ਕਿ ਡੰਕੀ ਰੂਟ ਰਾਹੀਂ ਭਾਰਤ ਤੋਂ ਅਮਰੀਕਾ ਪਹੁੰਚੇ ਸਨ ਤੇ ਉਥੇ ਉਹਨਾਂ ਨੂੰ ਅਨੇਕਾਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪਿਆ। ਰਾਹੁਲ ਗਾਂਧੀ ਦਾ ਕਹਿਣਾ ਹੈ ਕਿ ਭਾਜਪਾ ਸਰਕਾਰ ਨੇ ਨੌਜਵਾਨਾਂ ਤੋਂ ਰੁਜ਼ਗਾਰ ਦੇ ਮੌਕੇ ਖੋਹ ਕੇ ਸਾਰੇ ਦੇਸ਼ ਦੇ ਨੌਜਵਾਨਾਂ ਨਾਲ ਹੀ 'ਭਾਰੀ ਨਾਇਨਸਾਫ਼ੀ' ਕੀਤੀ ਹੈ, ਜਿਸ ਕਾਰਨ ਉਨ੍ਹਾਂ ਨੂੰ ਆਪਣੀ ਜਾਨ ਜੋਖਮ ਵਿੱਚ ਪਾ ਕੇ ਵਿਦੇਸ਼ਾਂ ਦੇ 'ਮੁਸੀਬਤਾਂ ਭਰੇ ਸਫ਼ਰ' ਉੱਤੇ ਨਿਕਲਣਾ ਪੈਂਦਾ ਹੈ।

ਜੇ ਹੁਣ ਸਿਰਫ਼ ਪੰਜਾਬ ਦੀ ਗੱਲ ਕੀਤੀ ਜਾਵੇ ਤਾਂ ਇੱਕ ਪਾਸੇ ਪੰਜਾਬ ਦੀ ਭਗਵੰਤ ਮਾਨ ਸਰਕਾਰ ਆਪਣੇ ਹੁਣ ਤੱਕ ਦੇ ਕਾਰਜਕਾਲ ਦੌਰਾਨ ਹਜ਼ਾਰਾਂ ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਦੇਣ ਦੇ ਦਾਅਵੇ ਕਰ ਰਹੀ ਹੈ, ਦੂਜੇ ਪਾਸੇ ਪੰਜਾਬ ਦੇ ਮਾਝੇ, ਮਾਲਵੇ ਤੇ ਦੋਆਬੇ ਵਿਚੋਂ ਹਰ ਦਿਨ ਜਹਾਜ਼ ਭਰ ਕੇ ਵੱਡੀ ਗਿਣਤੀ ਵਿਦਿਆਰਥੀ ਅਤੇ ਨੌਜਵਾਨ ਵਿਦੇਸ਼ ਜਾ ਰਹੇ ਹਨ। ਇਸ ਤੋਂ ਇਲਾਵਾ ਪੰਜਾਬ ਵਿੱਚ ਵਿਹਲੇ ਫ਼ਿਰਦੇ ਬੇਰੁਜ਼ਗਾਰ ਨੌਜਵਾਨ ਵੀ ਸਮਾਜ ਲਈ ਸਮੱਸਿਆ ਬਣਦੇ ਜਾ ਰਹੇ ਹਨ। ਇਹਨਾਂ ਵਿਹਲੇ ਫ਼ਿਰਦੇ ਨੌਜਵਾਨਾਂ ਨੂੰ ਕੋਈ ਵੀ ਪੰਜਾਬ ਵਿਰੋਧੀ ਸ਼ਕਤੀ ਕਦੇ ਵੀ ਗੁੰਮਰਾਹ ਕਰ ਸਕਦੀ ਹੈ। ਇਹ ਵਿਹਲੇ ਫ਼ਿਰਦੇ ਨੌਜਵਾਨ ਵੀ ਕਿਸੇ ਨਾ ਕਿਸੇ ਤਰੀਕੇ ਨਾਲ ਵਿਦੇਸ਼ ਜਾਣ ਦਾ ਯਤਨ ਕਰ ਰਹੇ ਹਨ। ਸਰਕਾਰੀ ਨੌਕਰੀਆਂ ਦਾ ਹਾਲ ਇਹ ਹੈ ਕਿ ਕਈ ਪਰਿਵਾਰਾਂ ਵਿੱਚ ਸਾਰੇ ਹੀ ਪਰਿਵਾਰਕ ਮੈਂਬਰ ਸਰਕਾਰੀ ਨੌਕਰੀਆਂ ਕਰਦੇ ਹਨ ਜਦੋਂ ਕਿ ਕਈ ਪਰਿਵਾਰਾਂ ਵਿੱਚ ਕਿਸੇ ਵੀ ਮੈਂਬਰ ਕੋਲ ਸਰਕਾਰੀ ਨੌਕਰੀ ਨਹੀਂ ਹੈ। ਇਸ ਕਾਰਨ ਵੀ ਵੱਖ- ਵੱਖ ਪਰਿਵਾਰਾਂ ਵਿੱਚ ਇੱਕ ਦੂਜੇ ਪ੍ਰਤੀ ਈਰਖਾ ਦੀ ਭਾਵਨਾ ਆ ਰਹੀ ਹੈ।

ਪੰਜਾਬ ਸਮੇਤ ਪੂਰੇ ਭਾਰਤ ਵਿੱਚ ਹੀ ਵਿਦਿਆਰਥੀਆਂ ਨੂੰ ਅਜਿਹੀ ਸਿੱਖਿਆ ਦਿੱਤੀ ਜਾ ਰਹੀ ਹੈ ਜੋ ਕਿ ਨੌਜਵਾਨਾਂ ਨੂੰ ਰੁਜ਼ਗਾਰ ਦੇਣ ਦੀ ਥਾਂ ਬੇਰੁਜ਼ਗਾਰਾਂ ਦੀ ਭੀੜ ਇਕੱਠੀ ਕਰ ਰਹੀ ਹੈ। ਇਹ ਠੀਕ ਹੈ ਕਿ ਪੰਜਾਬ ਵਿੱਚ ਮੌਜੂਦਾ ਸਰਕਾਰ ਅਨੇਕਾਂ ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਦੇ ਰਹੀ ਹੈ, ਪਰ ਇਹ ਵੀ ਅਸਲੀਅਤ ਹੈ ਕਿ ਪੰਜਾਬ ਦੇ ਹਜ਼ਾਰਾਂ ਨੌਜਵਾਨ ਬੇਰੁਜ਼ਗਾਰ ਹਨ। ਪੰਜਾਬ ਸਰਕਾਰ ਵੱਲੋਂ ਸਾਰੇ ਬੇਰੁਜ਼ਗਾਰ ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਦੇਣਾ ਸੰਭਵ ਵੀ ਨਹੀਂ ਹੈ। ਇਸ ਕਰਕੇ ਬੇਰੁਜ਼ਗਾਰ ਨੌਜਵਾਨਾਂ ਨੂੰ ਆਪਣੇ ਰੁਜ਼ਗਾਰ ਲਈ ਖੁਦ ਦਾ ਕੋਈ ਕੰਮ ਧੰਦਾ ਸ਼ੁਰੂ ਕਰਨ ਬਾਰੇ ਯਤਨ ਕਰਨੇ ਚਾਹੀਦੇ ਹਨ।

### 18 ਮਿਲੀਅਨ ਲੋਕ ਬਣੇ ਪਰਵਾਸੀ

ਵਿਸ਼ਵ ਪਰਵਾਸ ਰਿਪੋਰਟ-2024 ਮੁਤਾਬਕ 2022 ਤੱਕ ਭਾਰਤ ਵਿੱਚ ਪੈਦਾ ਹੋਏ ਲਗਭਗ 18 ਮਿਲੀਅਨ ਲੋਕ ਸੰਸਾਰ ਦੇ ਦੂਜੇ ਦੇਸ਼ਾਂ ਵਿੱਚ ਰਹਿ ਰਹੇ ਹਨ। ਸਾਲ 1990, ਜਦੋਂ ਤੋਂ ਸੰਯੁਕਤ ਰਾਸ਼ਟਰ ਨੇ ਪਰਵਾਸੀ ਮੂਲ ਦਾ ਪਤਾ ਲਗਾਉਣ ਦਾ ਸਿਲਸਿਲਾ ਸ਼ੁਰੂ ਕੀਤਾ ਹੈ, ਭਾਰਤ ਲਗਾਤਾਰ ਵਿਸ਼ਵ ਦੇ ਮੁੱਖ ਮੂਲ ਪਰਵਾਸੀ ਦੇਸ਼ਾਂ ਵਿੱਚੋਂ ਇੱਕ ਰਿਹਾ ਹੈ। ਪਿਛਲੇ 25 ਸਾਲਾਂ ਦੌਰਾਨ ਭਾਰਤੀ ਪਰਵਾਸੀਆਂ ਦੀ ਗਿਣਤੀ ਦੁੱਗਣੀ ਤੋਂ ਵੀ ਵਧ ਗਈ ਹੈ ਜੋ ਵਿਸ਼ਵ ਦੇ ਕੁੱਲ ਪਰਵਾਸੀਆਂ ਨਾਲੋਂ ਦੁੱਗਣੀ ਤੇਜ਼ੀ ਨਾਲ ਵਧ ਰਹੀ ਹੈ। ਜ਼ਿਆਦਾਤਰ ਭਾਰਤੀ ਵੱਡੇ ਡਾਇਸਪੋਰਾ ਨਾਲ ਸੰਯੁਕਤ ਅਰਬ ਅਮੀਰਾਤ, ਅਮਰੀਕਾ ਅਤੇ ਸਾਊਦੀ ਅਰਬ ਵਿੱਚ ਰਹਿ ਰਹੇ ਹਨ। ਇਸ ਸਮੇਂ ਸਭ ਤੋਂ ਵੱਧ ਲਗਭਗ 3.5 ਮਿਲੀਅਨ ਭਾਰਤੀ ਪਰਵਾਸੀ ਸੰਯੁਕਤ ਅਰਬ ਅਮੀਰਾਤ ਵਿੱਚ ਜ਼ਿਆਦਾਤਰ ਮਜ਼ਦੂਰਾਂ ਵਜੋਂ ਕਾਰਜਸ਼ੀਲ ਹਨ। ਇਸ ਤੋਂ ਬਾਅਦ ਅਮਰੀਕਾ ਅਤੇ ਸਾਊਦੀ ਅਰਬ ਵਿੱਚ ਕ੍ਰਮਵਾਰ ਲਗਭਗ 2.7 ਅਤੇ 2.5 ਮਿਲੀਅਨ ਭਾਰਤੀ ਪਰਵਾਸੀ ਰਹਿੰਦੇ ਹਨ।

### ਅਮਰੀਕਾ 'ਚ 11 ਮਿਲੀਅਨ ਅਣਅਧਿਕਾਰਤ ਪਰਵਾਸੀ

ਯੂ.ਐੱਸ. ਕਸਟਮ ਅਤੇ ਬਾਰਡਰ ਪ੍ਰੋਟੈਕਸ਼ਨ ਦੇ ਅੰਕੜਿਆਂ ਅਨੁਸਾਰ ਪਹਿਲੀ ਜਨਵਰੀ 2022 ਤੱਕ ਲਗਭਗ 11 ਮਿਲੀਅਨ ਅਣਅਧਿਕਾਰਤ ਪਰਵਾਸੀ ਅਮਰੀਕਾ ਵਿੱਚ ਰਹਿ ਰਹੇ ਸਨ ਜੋ 2010 ਵਿੱਚ 11.6 ਮਿਲੀਅਨ ਅਣਅਧਿਕਾਰਤ ਪਰਵਾਸੀਆਂ ਦੇ ਮੁਕਾਬਲੇ ਘਟੇ ਹਨ ਪਰ ਜਨਵਰੀ 2020 ਵਿੱਚ 10.5 ਮਿਲੀਅਨ ਅਣਅਧਿਕਾਰਤ ਪਰਵਾਸੀਆਂ ਨਾਲੋਂ ਵਧੇਰੇ ਹਨ।

ਮੈਕਸਿਕੋ ਅਤੇ ਅਲ ਸਲਵਾਡੋਰ ਤੋਂ ਬਾਅਦ ਅਮਰੀਕਾ ਵਿੱਚ ਲਗਭਗ 7,25,000 ਅਣਅਧਿਕਾਰਤ ਭਾਰਤੀ ਪਰਵਾਸੀ ਗੈਰ-ਕਾਨੂੰਨੀ ਪਰਵਾਸੀਆਂ ਦੀ ਤੀਜੀ ਸਭ ਤੋਂ ਵੱਡੀ ਆਬਾਦੀ ਹਨ। ਯੂ.ਐੱਸ. ਕਸਟਮ ਅਤੇ ਬਾਰਡਰ ਪ੍ਰੋਟੈਕਸ਼ਨ ਡੇਟਾ ਮੁਤਾਬਕ ਵਿੱਤੀ ਸਾਲ 2021-22 ਦੌਰਾਨ ਯੂ.ਐੱਸ. ਅਧਿਕਾਰੀਆਂ ਦਾ ਗੈਰ-ਕਾਨੂੰਨੀ ਢੰਗ ਨਾਲ ਦੇਸ਼ ਵਿੱਚ ਦਾਖਲ ਹੋਏ 63,927 ਭਾਰਤੀਆਂ ਨਾਲ ਸਾਹਮਣਾ ਹੋਇਆ, ਜਿਹੜੇ ਪਿਛਲੇ ਵਿੱਤੀ ਸਾਲ ਨਾਲੋਂ ਜ਼ਿਆਦਾ ਸਨ।

## ਅੱਠ ਮਹੀਨਿਆਂ 'ਚ 15.5 ਲੱਖ ਤੋਂ ਵੱਧ ਭਾਰਤੀਆਂ ਨੇ ਅਮਰੀਕਾ ਦੀ ਲਗਾਈ ਡੌਂਕੀ

ਸਖ਼ਤ ਨਿਯਮਾਂ ਨੂੰ ਛਿੱਕੇ ਢੰਗ ਕੇ ਇਸ ਸਾਲ ਅਮਰੀਕਾ ਜਾਣ ਵਾਲੇ ਭਾਰਤੀ ਯਾਤਰੀਆਂ ਦੀ ਗਿਣਤੀ 'ਚ ਬੀਤੇ ਸਾਲਾਂ ਦੇ ਮੁਕਾਬਲੇ ਭਾਰੀ ਵਾਧਾ ਹੋਇਆ ਹੈ। ਸਾਲ 2023 'ਚ ਅਮਰੀਕਾ 'ਚ 17.6 ਲੱਖ ਭਾਰਤੀ ਪਹੁੰਚੇ, ਜਦਕਿ ਇਸ ਸਾਲ ਜਨਵਰੀ ਤੋਂ ਅਗਸਤ ਤੱਕ ਸਿਰਫ਼ ਅੱਠ ਮਹੀਨਿਆਂ 'ਚ 15.5 ਲੱਖ ਤੋਂ ਵੱਧ ਭਾਰਤੀਆਂ ਨੇ ਅਮਰੀਕਾ ਦੀ ਡੌਂਕੀ ਲਗਾਈ।



ਓਧਰ ਅਮਰੀਕਾ ਦੇ ਕਸਟਮਜ਼ ਅਤੇ ਬਾਰਡਰ ਪ੍ਰੋਟੈਕਸ਼ਨ (ਸੀ. ਬੀ. ਪੀ.) ਵਿਭਾਗ ਦੇ ਤਾਜ਼ਾ ਅੰਕੜਿਆਂ ਅਨੁਸਾਰ ਅਕਤੂਬਰ 2023 ਤੋਂ ਅਗਸਤ 2024 ਦਰਮਿਆਨ 86,400 ਤੋਂ ਵੱਧ ਭਾਰਤੀ ਨਾਗਰਿਕਾਂ ਨੂੰ ਮੈਕਸੀਕੋ ਸਰਹੱਦ 'ਤੇ ਗੈਰ-ਕਾਨੂੰਨੀ ਢੰਗ ਨਾਲ ਦਾਖਲ ਹੋਣ ਦੀ ਕੋਸ਼ਿਸ਼ ਕਰਦੇ ਹੋਏ ਫ਼ੜਿਆ ਗਿਆ। ਰਿਪੋਰਟ ਵਿੱਚ ਕਿਹਾ ਗਿਆ ਹੈ ਇਸੇ ਸਮੇਂ ਦੌਰਾਨ 88,800 ਤੋਂ ਵੱਧ ਭਾਰਤੀ ਨਾਗਰਿਕਾਂ ਨੂੰ ਉੱਤਰੀ ਸਰਹੱਦ 'ਤੇ ਰੋਕਿਆ ਗਿਆ। ਭਾਰਤ ਤੋਂ ਬਾਅਦ ਬਾਹਰ ਤੋਂ ਆਉਣ ਵਾਲਾ ਦੂਜਾ ਸਭ ਤੋਂ ਵੱਡਾ ਸਮੂਹ ਚੀਨ ਤੋਂ ਹੈ, ਜਿੱਥੇ ਕਰੀਬ 74 ਹਜ਼ਾਰ ਲੋਕਾਂ ਨੂੰ ਦੋਵਾਂ ਸਰਹੱਦਾਂ 'ਤੇ ਰੋਕਿਆ ਗਿਆ। ਅਮਰੀਕੀ ਸਰਹੱਦ 'ਤੇ ਰੋਕੇ ਗਏ ਲੋਕਾਂ ਦੀ ਕੁੱਲ ਗਿਣਤੀ 27,56,646 ਹੈ।

ਅੰਕੜੇ ਦੱਸਦੇ ਹਨ ਕਿ 2021 ਤੋਂ ਬਾਅਦ ਅਮਰੀਕੀ ਸਰਹੱਦਾਂ 'ਤੇ ਭਾਰਤੀ ਨਾਗਰਿਕਾਂ ਨੂੰ ਰੋਕੇ ਜਾਣ ਦੇ ਮਾਮਲਿਆਂ 'ਚ ਭਾਰੀ ਵਾਧਾ ਹੋਇਆ ਹੈ। ਵਿੱਤੀ ਸਾਲ 2020-21 ਵਿੱਚ ਅਮਰੀਕੀ ਸਰਹੱਦਾਂ ਨੂੰ ਪਾਰ ਕਰਦੇ ਸਮੇਂ ਫ਼ੜੇ ਗਏ ਭਾਰਤੀ ਨਾਗਰਿਕਾਂ ਦੀ ਗਿਣਤੀ 30 ਹਜ਼ਾਰ ਤੋਂ ਵੱਧ ਸੀ, ਜੋ 2022-23 ਵਿੱਚ ਵਧ ਕੇ 96,917 ਹੋ ਗਈ। ਸਰਹੱਦ ਪਾਰ ਕਰਨ ਦੀ ਕੋਸ਼ਿਸ਼ ਕਰਦੇ ਫ਼ੜੇ ਗਏ ਭਾਰਤੀ ਨਾਗਰਿਕਾਂ 'ਚ ਜ਼ਿਆਦਾਤਰ ਬਾਲਗ ਸਨ। 2021 'ਚ 3,161 ਲੋਕਾਂ ਦੇ ਮੁਕਾਬਲੇ 2022 'ਚ ਇਹ ਗਿਣਤੀ ਵਧ ਕੇ 7,241 ਹੋ ਗਈ ਅਤੇ 2023 'ਚ 8,706 ਤੱਕ ਪਹੁੰਚ ਗਈ। ਵਿੱਤੀ ਸਾਲ 2024 (ਅਗਸਤ ਤੱਕ) 'ਚ ਇਹ ਗਿਣਤੀ 2,749 ਰਹੀ।

# ਕੈਨੇਡਾ ਦਾ ਸੁਪਨਾ ਅਤੇ ਜ਼ਮੀਨੀ ਹਕੀਕਤ !




## ਪ੍ਰਵਾਸੀਆਂ ਦੀ ਵੱਡੀ ਅਬਾਦੀ ਵਾਲੇ ਸ਼ਹਿਰਾਂ 'ਚ ਰੁਜ਼ਗਾਰ ਲਈ ਬੇਯਕੀਨੀ ਬਣੀ

## ਖ਼ਰਚੇ ਪੂਰੇ ਕਰਨ ਲਈ ਵਿਦਿਆਰਥੀ ਵੇਟਰ, ਡਿਲਿਵਰੀ ਸਰਵਿਸ ਜਿਹੇ ਛੋਟੇ-ਮੋਟੇ ਕੰਮ ਕਰਨ ਲਈ ਮਜਬੂਰ





ਕਦੇ ਪੰਜਾਬੀਆਂ ਦੀ 'ਸੁਪਨ ਨਗਰੀ' ਮੰਨੇ ਜਾਂਦੇ ਦੇਸ਼ ਕੈਨੇਡਾ ਬਾਰੇ ਭਾਰਤੀ ਬੱਚਿਆਂ ਨੂੰ ਦਿਖਾਏ ਗਏ ਸੁਪਨਿਆਂ ਤੋਂ ਹਕੀਕਤ ਬਿਲਕੁਲ ਵੱਖਰੀ ਹੈ। ਕੈਨੇਡਾ ਵਿੱਚ ਇਸ ਸਮੇਂ ਵੱਡੀ ਗਿਣਤੀ ਲੋਕਾਂ ਨੂੰ ਰਿਹਾਇਸ਼ ਅਤੇ ਬੇਰੁਜ਼ਗਾਰੀ ਵਰਗੇ ਵੱਡੇ ਸੰਕਟਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਮੌਜੂਦਾ ਦੌਰ ਵਿੱਚ ਕੈਨੇਡਾ ਬੇਰੁਜ਼ਗਾਰੀ, ਮੌਕਿਆਂ ਦੀ ਘਾਟ, ਲੋੜੀਂਦੀਆਂ ਰਿਹਾਇਸ਼ੀ ਸਹੂਲਤਾਂ ਦੀ ਅਣਹੋਂਦ ਅਤੇ ਮਹਿੰਗਾਈ ਨਾਲ ਜੂਝ ਰਿਹਾ ਹੈ। ਕੈਨੇਡਾ ਵਿੱਚ ਰਹਿ ਰਹੇ ਵੱਡੀ ਗਿਣਤੀ ਪੰਜਾਬੀ ਵਿਦਿਆਰਥੀਆਂ ਨੂੰ ਕੰਮ ਨਹੀਂ ਮਿਲ ਰਿਹਾ, ਜਿਸ ਕਾਰਨ ਉਹਨਾਂ ਨੂੰ ਆਪਣੀਆਂ ਫ਼ੀਸਾਂ ਤੇ ਹੋਰ ਖ਼ਰਚਿਆਂ ਦਾ ਪ੍ਰਬੰਧ ਕਰਨਾ ਮੁਸ਼ਕਿਲ ਹੋ ਗਿਆ ਹੈ। ਵੱਡੀ ਗਿਣਤੀ ਵਿਦਿਆਰਥੀਆਂ ਨੂੰ ਉਹਨਾਂ ਦੇ ਪੰਜਾਬ ਰਹਿੰਦੇ ਮਾਪਿਆਂ ਨੇ ਆਪਣੀਆਂ ਜ਼ਮੀਨਾਂ ਵੇਚ ਕੇ ਅਤੇ ਕਰਜ਼ੇ ਲੈ ਕੇ ਕੈਨੇਡਾ ਭੇਜਿਆ ਹੋਇਆ ਹੈ। ਇੱਕ ਪਾਸੇ ਇਹਨਾਂ ਵਿਦਿਆਰਥੀਆਂ ਨੂੰ ਕੈਨੇਡਾ ਵਿੱਚ ਕੰਮ ਲੱਭਣ ਲਈ ਦਰ ਦਰ ਭਟਕਣਾ ਪੈ ਰਿਹਾ ਹੈ, ਉਥੇ ਦੂਜੇ ਪਾਸੇ ਪੰਜਾਬ ਵਿੱਚ ਰਹਿੰਦੇ ਇਹਨਾਂ ਦੇ ਮਾਪਿਆਂ ਕੋਲ ਕਰਜ਼ਾ ਦੇਣ ਵਾਲੇ ਕਰਜ਼ੇ ਦੀਆਂ ਕਿਸ਼ਤਾਂ ਲੈਣ ਲਈ ਗੇੜੇ ਮਾਰ ਰਹੇ ਹਨ, ਜਿਸ ਕਾਰਨ ਇਹਨਾਂ ਵਿਦਿਆਰਥੀਆਂ ਨੂੰ ਦੋਹਰੀ ਚਿੰਤਾ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਤੋਂ ਇਲਾਵਾ ਇਹਨਾਂ ਵਿਦਿਆਰਥੀਆਂ ਸਿਰ ਆਪਣੀ ਪੜ੍ਹਾਈ ਦਾ ਬੋਝ ਵੱਖਰਾ ਹੈ।

ਅਜਿਹੇ ਬੇਯਕੀਨੀ ਵਰਗੇ ਮਾਹੌਲ ਵਿੱਚ ਕੈਨੇਡਾ ਰਹਿ ਰਹੇ ਪੰਜਾਬੀ ਵਿਦਿਆਰਥੀਆਂ ਨੂੰ ਆਪਣਾ ਭਵਿੱਖ ਧੁੰਦਲਾ ਦਿਖਾਈ ਦੇ ਰਿਹਾ ਹੈ। ਆਪਣੀ ਅਤੇ ਆਪਣੇ ਪਰਿਵਾਰ ਦੀ ਜੂਨ ਸੁਧਾਰਨ ਲਈ 'ਸੱਤ ਸਮੁੰਦਰ ਪਾਰ' ਕਰਕੇ ਕੈਨੇਡਾ ਗਏ ਵੱਡੀ ਗਿਣਤੀ ਵਿਦਿਆਰਥੀ ਹੁਣ ਉਸ ਵੇਲੇ ਨੂੰ ਪਛਤਾ ਰਹੇ ਹਨ, ਜਦੋਂ ਉਹ ਦਿੱਲੀ ਦੇ ਹਵਾਈ ਅੱਡੇ ਦੀਆਂ ਚੁੰਧਿਉਂਦੀਆਂ ਰੌਸ਼ਨੀਆਂ ਵਿੱਚ ਅਧਮੀਟੀਆਂ ਅੱਖਾਂ ਵਿੱਚ 'ਉਜਵੱਲ ਭਵਿੱਖ' ਦੇ ਅਨੇਕਾਂ ਸੁਪਨੇ ਲੈਂਦਿਆਂ ਕੈਨੇਡਾ ਜਾਣ ਵਾਲੇ ਜਹਾਜ਼ ਵਿੱਚ ਚੜ੍ਹੇ ਸਨ। ਇਹ ਪੰਜਾਬੀ ਅਕਸਰ ਕਹਿੰਦੇ ਹਨ ਕਿ ਕੈਨੇਡਾ ਇੱਕ ਮਿੱਠੀ ਜੇਲ੍ਹ ਹੈ, ਜਿੱਥੇ ਤੁਹਾਨੂੰ ਸਭ ਕੁਝ ਮਿਲਦਾ ਹੈ ਪਰ ਤੁਸੀਂ ਸਾਰੀ ਉਮਰ ਇਸ ਵਿੱਚੋਂ ਬਾਹਰ ਨਹੀਂ ਨਿਕਲ ਸਕਦੇ।ਕੈਨੇਡਾ ਰਹਿੰਦੇ ਅਨੇਕਾਂ ਪੰਜਾਬੀਆਂ ਮੁਤਾਬਕ ਇਸ ਸਮੇਂ ਅਸੀਂ ਇੱਥੇ ਮਸ਼ੀਨਾਂ ਵਾਂਗ ਹਾਂ।ਅਸੀਂ ਸਵੇਰ ਤੋਂ ਸ਼ਾਮ ਤੱਕ ਕੰਮ ਕਰਦੇ ਹਾਂ, ਇਹ ਮੱਕੜੀ ਦਾ ਜਾਲਾ ਹੈ ਜਿਸ ਤੋਂ ਅਸੀਂ ਬਾਹਰ ਨਹੀਂ ਨਿਕਲ ਸਕਦੇ। ਕੈਨੇਡਾ ਇੱਕ ਚੰਗਾ ਦੇਸ਼ ਹੈ, ਇੱਥੇ ਕਿਸੇ ਨਾਲ ਕੋਈ ਵਿਤਕਰਾ ਨਹੀਂ ਹੈ ਅਤੇ ਅੱਗੇ ਵਧਣ ਦੇ ਬਰਾਬਰ ਮੌਕੇ ਹਨ। ਪਰ ਵਿਦਿਆਰਥੀ ਜੀਵਨ ਬਹੁਤ ਔਖਾ ਹੁੰਦਾ ਹੈ ਅਤੇ ਭਾਰਤ ਵਿੱਚ ਰਹਿੰਦਿਆਂ ਇਸਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ।


ਕੈਨੇਡਾ 'ਚ ਰੁਜ਼ਗਾਰ ਲਈ ਵਿਦਿਆਰਥੀਆਂ ਦੀ ਮਾਰੋ-ਮਾਰ ਨੂੰ ਦਰਸਾਉਂਦਿਆਂ ਬਰੈਂਪਟਨ ਦੇ ਭਾਰਤੀ ਰੈਸਟੋਰੈਂਟ 'ਚ ਉਸ ਸਮੇਂ ਜ਼ੋਰਦਾਰ ਪ੍ਰਤੀਕਰਮ ਦੇਖਣ ਨੂੰ ਮਿਲਿਆ, ਜਦੋਂ ਪੰਜਾਬ ਤੇ ਹਰਿਆਣਾ ਦੇ 3 ਹਜ਼ਾਰ ਵਿਦਿਆਰਥੀ ਵੇਟਰ ਦੀਆਂ 60 ਪੋਸਟਾਂ ਲਈ ਅਰਜ਼ੀ ਦੇਣ ਲਈ ਪਹੁੰਚ ਗਏ। ਇਨ੍ਹਾਂ 'ਚੋਂ ਜ਼ਿਆਦਾਤਰ ਵਿਦਿਆਰਥੀ ਪੰਜਾਬ ਨਾਲ ਸਬੰਧਿਤ ਸਨ। ਪਿਛਲੇ ਦਿਨੀਂ ਵੱਡੀ ਗਿਣਤੀ 'ਚ ਮੁੜ ਤੋਂ ਪੋਸਟ ਕੀਤੇ ਗਏ ਹਾਲੀਆ ਵੀਡੀਓ 'ਚ ਨਜ਼ਰ ਆ ਰਿਹਾ ਹੈ ਕਿ ਨਿਯਮਤ ਭਰਤੀ ਲਈ ਸ਼ਾਂਤ ਥਾਂ ਭੀੜ-ਭਾੜ ਵਾਲੇ ਰੇਲਵੇ ਸਟੇਸ਼ਨ ਦੇ ਮਾਹੌਲ 'ਚ ਬਦਲ ਗਈ।

ਰੁਜ਼ਗਾਰ ਦੀ ਭਾਲ ਕਰ ਰਹੇ ਪੰਜਾਬ ਦੇ ਇੱਕ ਵਿਦਿਆਰਥੀ ਅਗਮਵੀਰ ਸਿੰਘ ਨੇ ਕਿਹਾ, 'ਵੱਡੀ ਗਿਣਤੀ 'ਚ ਵਿਦਿਆਰਥੀ ਰੋਜ਼ੀ-ਰੋਟੀ ਅਤੇ ਰਹਿਣ-ਸਹਿਣ ਦੀ ਵਧ ਰਹੀ ਲਾਗਤ, ਪਾਰਟ ਟਾਈਮ ਨੌਕਰੀਆਂ ਲਈ ਸਖ਼ਤ ਮੁਕਾਬਲੇਬਾਜ਼ੀ ਅਤੇ ਪਿੱਛੋਂ ਘਰਾਂ ਤੋਂ ਸੀਮਤ ਸਹਾਇਤਾ ਮਿਲਣ ਜਿਹੇ ਮਸਲਿਆਂ ਨਾਲ ਜੂਝ ਰਹੇ ਹਨ।' ਤੰਦੂਰੀ ਫ਼ਲੇਮਜ਼ ਰੈਸਟੋਰੈਂਟ ਦੀ ਕਾਰਜਕਾਰੀ ਮੈਨੇਜਰ ਇੰਦੀਪ ਕੌਰ ਨੇ ਕਿਹਾ ਕਿ ਉਨ੍ਹਾਂ ਨਵੀਂ ਬ੍ਰਾਂਚ 'ਹੈਪੀ ਸਿੰਘ' ਖੋਲ੍ਹੀ ਹੈ ਜਿਥੇ ਨੌਕਰੀਆਂ ਲਈ ਵੱਡੀ ਗਿਣਤੀ ਨੌਜਵਾਨ ਆ ਰਹੇ ਹਨ।

ਕੈਨੇਡਾ ਦੇ ਬਰੈਂਪਟਨ ਜਿਹੇ ਪਰਵਾਸੀਆਂ ਦੀ ਵੱਡੀ ਅਬਾਦੀ ਵਾਲੇ ਸ਼ਹਿਰਾਂ 'ਚ ਰੁਜ਼ਗਾਰ ਲਈ ਬੇਯਕੀਨੀ ਬਣੀ ਹੋਈ ਹੈ। ਭਾਰਤ ਸਮੇਤ ਹੋਰ ਮੁਲਕਾਂ ਤੋਂ ਵਿਦਿਆਰਥੀ ਇੱਥੇ ਉੱਚ ਮਿਆਰੀ ਸਿੱਖਿਆ ਹਾਸਲ ਕਰਨ ਤੇ ਅਜਿਹਾ ਕੰਮ ਲੱਭਣ ਦਾ ਸੁਫਨਾ ਲੈ ਕੇ ਆਉਂਦੇ ਹਨ ਜੋ ਉਨ੍ਹਾਂ ਦੀ ਜ਼ਿੰਦਗੀ ਸੁਖਾਲੀ ਬਣਾਉਣ 'ਚ ਮਦਦ ਕਰੇ। ਖਰਚੇ ਪੂਰੇ ਕਰਨ ਲਈ ਵਿਦਿਆਰਥੀ ਵੇਟਰ, ਡਿਲਿਵਰੀ ਸਰਵਿਸ ਜਿਹੇ ਛੋਟੇ-ਮੋਟੇ ਕੰਮ ਕਰਨ ਲਈ ਮਜਬੂਰ ਹਨ।

### ਸ਼੍ਰੋਮਣੀ ਕਮੇਟੀ ਵੱਲੋਂ ਧਰਨੇ ਦੀ ਹਮਾਇਤ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਭਾਰਤੀ ਵਿਦੇਸ਼ ਮੰਤਰਾਲੇ ਨੂੰ ਅਪੀਲ ਕੀਤੀ ਹੈ ਕਿ ਉਹ ਜਿੰਨਾ ਜਲਦ ਹੋ ਸਕਣ ਇਹ ਮੁੱਦਾ ਕੈਨੇਡਾ ਸਰਕਾਰ ਕੋਲ ਚੁੱਕਣ। ਉਹਨਾਂ ਕਿਹਾ ਕਿ ਇੱਕ ਪਾਸੇ ਤਾਂ ਕੈਨੇਡਾ ਸਰਕਾਰ ਨੇ ਕੌਮਾਂਤਰੀ ਵਿਦਿਆਰਥੀਆਂ ਦੀ ਆਮਦ ਨੂੰ ਖੁੱਲ੍ਹ ਦਿੱਤੀ ਹੋਈ ਹੈ ਦੂਜੇ ਪਾਸੇ ਵਿਦਿਆਰਥੀਆਂ ਨੂੰ ਆਪਣੀਆਂ ਸਮੱਸਿਆਵਾਂ ਦੇ ਹੱਲ ਅਤੇ ਹੱਕਾਂ ਦੀ ਪੂਰਤੀ ਲਈ ਸੜਕਾਂ ਉੱਤੇ ਉੱਤਰਨਾ ਪੈ ਰਿਹਾ ਹੈ। (ਬਾਕੀ ਸਫ਼ਾ 30 'ਤੇ)



## ਟਰੂਡੋ ਸਰਕਾਰ ਨੇ ਇੰਮੀਗ੍ਰੇਸ਼ਨ ਨਿਯਮ ਕੀਤੇ ਸਖ਼ਤ



ਕੈਨੇਡਾ ਦੀ ਜਸਟਿਨ ਟਰੂਡੋ ਸਰਕਾਰ ਬਾਹਰੋਂ ਆਉਣ ਵਾਲੇ ਅਸਥਾਈ ਨਿਵਾਸੀਆਂ ਦੀ ਗਿਣਤੀ ਨੂੰ ਘਟਾਉਣ ਲਈ ਹਰ ਰੋਜ਼ ਨਿਯਮ ਬਦਲ ਰਹੀ ਹੈ। ਹੁਣ ਕੈਨੇਡਾ ਨੇ ਪ੍ਰਵਾਸੀਆਂ ਦੀ ਗਿਣਤੀ ਨੂੰ ਰੋਕਣ ਲਈ ਵਰਕ ਪਰਮਿਟ ਪ੍ਰੋਗਰਾਮ ਵਿੱਚ ਬਦਲਾਅ ਦਾ ਐਲਾਨ ਕੀਤਾ ਹੈ। ਇਹ ਬਦਲਾਅ 1 ਨਵੰਬਰ 2024 ਤੋਂ ਲਾਗੂ ਹੋਣਗੇ। ਇਹ ਪੋਸਟ ਗ੍ਰੈਜੂਏਟ ਵਰਕ ਪਰਮਿਟ ਪ੍ਰੋਗਰਾਮ ਲਈ ਲਾਗੂ ਕੀਤੇ ਗਏ ਹਨ। ਕਿਹੜੀਆਂ ਸ਼ਰਤਾਂ ਪੂਰੀਆਂ ਕਰਨੀਆਂ ਹੋਣਗੀਆਂ ?

ਕੈਨੇਡਾ ਜਾਣ ਵਾਲੇ ਵਿਦੇਸ਼ੀਆਂ ਨੂੰ ਪੋਸਟ ਗ੍ਰੈਜੂਏਟ ਵਰਕ ਪਰਮਿਟ ਪ੍ਰੋਗਰਾਮ ਲਈ ਯੋਗ ਹੋਣ ਲਈ ਆਮ ਅਤੇ ਸਰੀਰਕ ਸਥਾਨ ਦੀਆਂ ਯੋਗਤਾਵਾਂ ਨੂੰ ਪੂਰਾ ਕਰਨਾ ਲਾਜ਼ਮੀ ਹੈ। ਇਹ ਧਿਆਨ ਦੇਣ ਯੋਗ ਹੈ ਕਿ 1 ਨਵੰਬਰ, 2024 ਤੋਂ ਪਹਿਲਾਂ ਅਪਲਾਈ ਕਰਨ ਵਾਲਿਆਂ ਨੂੰ ਵੀ ਛੋਟ ਨਹੀਂ ਦਿੱਤੀ ਜਾਵੇਗੀ ਜੇਕਰ ਉਹ 1 ਨਵੰਬਰ ਤੋਂ ਬਾਅਦ ਪ੍ਰੋਗਰਾਮ ਲਈ ਅਪਲਾਈ ਕਰ ਰਹੇ ਹਨ। ਇਹਨਾਂ ਬਿਨੈਕਾਰਾਂ ਨੂੰ ਨਵੀਆਂ ਲੋੜਾਂ ਵੀ ਪੂਰੀਆਂ ਕਰਨੀਆਂ ਹੋਣਗੀਆਂ।

ਕੈਨੇਡਾ ਜਾਣ ਵਾਲਿਆਂ ਲਈ ਭਾਸ਼ਾ ਦੀ ਮੁਹਾਰਤ ਦੇ ਨਿਯਮ ਹੁਣ ਹੋਰ ਸਖ਼ਤ ਹੋ ਜਾਣਗੇ। ਨਵੰਬਰ 1, 2024 ਨੂੰ ਜਾਂ ਇਸ ਤੋਂ ਬਾਅਦ ਸਾਰੇ ਬਿਨੈਕਾਰਾਂ ਨੂੰ ਫ੍ਰੈਂਚ ਜਾਂ ਅੰਗਰੇਜ਼ੀ ਵਿੱਚ ਮੁਹਾਰਤ ਸਾਬਤ ਕਰਨੀ ਹੋਵੇਗੀ। ਪੋਸਟ ਗ੍ਰੈਜੂਏਟ ਵਰਕ ਪਰਮਿਟ ਪ੍ਰੋਗਰਾਮ ਪ੍ਰੋਗਰਾਮ ਨੂੰ ਅਪਣਾਉਣ ਵਾਲਿਆਂ ਨੂੰ ਕੈਨੇਡੀਅਨ ਲੈਂਗੂਏਜ ਬੈਂਚਮਾਰਕ (ਸੀ.ਐਲ.ਬੀ.) ਪੱਧਰ 7 ਪ੍ਰਾਪਤ ਕਰਨਾ ਹੋਵੇਗਾ। ਜੇਕਰ ਤੁਸੀਂ ਗ੍ਰੈਜੂਏਟ ਹੋ ਤਾਂ ਤੁਹਾਨੂੰ ਸੀ.ਐਲ.ਬੀ. ਪੱਧਰ 5 ਪ੍ਰਾਪਤ ਕਰਨ ਦੀ ਲੋੜ ਹੋਵੇਗੀ।

## ਕੌਮਾਂਤਰੀ ਵਿਦਿਆਰਥੀਆਂ ਵੱਲੋਂ ਧਰਨਾ




ਕੈਨੇਡਾ ਸਰਕਾਰ ਪੜ੍ਹਾਈ ਕਰ ਰਹੇ ਕੌਮਾਂਤਰੀ ਵਿਦਿਆਰਥੀਆਂ ਦੇ ਵਰਕ ਪਰਮਿਟ ਦੀ ਮਿਆਦ ਨਹੀਂ ਵਧਾ ਰਹੀ ਹੈ। ਇਸੇ ਕਾਰਨ ਕੌਮਾਂਤਰੀ ਵਿਦਿਆਰਥੀਆਂ ਅਤੇ ਅਸਥਾਈ ਕਾਮਿਆਂ ਵੱਲੋਂ ਆਪਣੀਆਂ ਮੰਗਾਂ ਨੂੰ ਲੈ ਕੇ ਕੈਨੇਡਾ ਦੇ ਬਰੈਂਪਟਨ ਸ਼ਹਿਰ ਵਿੱਚ 30 ਅਗਸਤ 2024 ਤੋਂ ਪੱਕਾ ਧਰਨਾ ਲਗਾਇਆ ਹੋਇਆ ਹੈ। ਨੌਜਵਾਨ ਸਪੋਰਟ ਨੈੱਟਵਰਕ ਜਥੇਬੰਦੀ ਦੇ ਬੈਨਰ ਹੇਠ ਇਹ ਧਰਨਾ 24 ਘੰਟੇ ਚੱਲ ਰਿਹਾ ਹੈ। ਧਰਨਾਕਾਰੀ ਕਹਿੰਦੇ ਹਨ ਕਿ ਕੈਨੇਡਾ ਸਰਕਾਰ ਵੱਲੋਂ ਤੈਅ ਕੀਤੀਆਂ ਸ਼ਰਤਾਂ ਨੂੰ ਪੂਰਾ ਕਰਨ ਦੇ ਲਈ ਉਨ੍ਹਾਂ ਨੇ ਦਿਨ ਰਾਤ ਇੱਕ ਕਰ ਕੇ ਇੱਥੇ ਮਿਹਨਤ ਕੀਤੀ ਅਤੇ ਇਸੇ ਆਧਰ ਉੱਤੇ ਜਦੋਂ ਉਨ੍ਹਾਂ ਨੇ ਆਪਣੀ ਪੀ. ਆਰ. ਦੀ ਅਰਜ਼ੀ ਦਾਖ਼ਲ ਕੀਤੀ ਤਾਂ ਸਰਕਾਰ ਨੇ ਨਿਯਮਾਂ ਵਿੱਚ ਬਦਲਾਅ ਕਰ ਦਿੱਤਾ। ਉਨ੍ਹਾਂ ਦੱਸਿਆ ਕਿ ਇੱਕ ਮਹੀਨੇ ਦੇ ਧਰਨੇ ਦੇ ਬਾਵਜੂਦ ਅਜੇ ਤੱਕ ਕੈਨੇਡਾ ਦੀ ਸਰਕਾਰ ਵਲੋਂ ਕੋਈ ਹਾਂ ਪੱਖੀ ਹੁੰਗਾਰਾ ਨਹੀਂ ਆਇਆ ਹੈ। ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਅਤੇ ਐੱਮ ਪੀਜ਼ ਨੂੰ ਇਹ ਧਰਨਾਕਾਰੀ ਚਿੱਠੀਆਂ ਲਿਖ ਚੁੱਕੇ ਹਨ ਪਰ ਅਜੇ ਤੱਕ ਕਿਸੇ ਦਾ ਵੀ ਕੋਈ ਜਵਾਬ ਨਹੀਂ ਆਇਆ। ਧਰਨਾ ਦੇ ਰਹੇ ਵਿਦਿਆਰਥੀਆਂ ਦਾ ਕਹਿਣਾ ਹੈ ਇੱਕ ਲੱਖ ਤੀਹ ਹਜ਼ਾਰ ਨੌਜਵਾਨਾਂ ਦੇ ਵਰਕ ਪਰਮਿਟ ਦੀ ਮਿਆਦ ਖ਼ਤਮ ਹੋਣ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਇਸੇ ਕਰ ਕੇ ਬਹੁਤ ਸਾਰੇ ਨੌਜਵਾਨ ਰਫ਼ਿਊਜੀ ਸਟੇਟਸ ਲੈਣ ਜਾਂ ਡੰਕੀ ਰਾਹੀਂ ਅਮਰੀਕਾ ਜਾਣ ਲਈ ਮਜ਼ਬੂਰ ਹੋ ਰਹੇ ਹਨ।

# ਐਕਸ 'ਤੇ 200 ਮਿਲੀਅਨ ਫ਼ਾਲੋਅਰਜ਼ ਦਾ ਅੰਕੜਾ ਛੂਹਣ ਵਾਲੇ ਪਹਿਲੇ ਵਿਅਕਤੀ ਬਣੇ ਐਲੋਨ ਮਸਕ



ਵਾਸ਼ਿੰਗਟਨ/ਏ.ਟੀ.ਨਿਊਜ਼: ਅਰਬਪਤੀ ਕਾਰੋਬਾਰੀ ਐਲੋਨ ਮਸਕ ਸੋਸ਼ਲ ਮੀਡੀਆ ਪਲੇਟਫਾਰਮ 'ਤੇ 200 ਮਿਲੀਅਨ ਫਾਲੋਅਰਜ਼ ਤੱਕ ਪਹੁੰਚਣ ਵਾਲੇ ਪਹਿਲੇ ਵਿਅਕਤੀ ਬਣ ਗਏ। ਉਨ੍ਹਾਂ ਨੇ ਅਕਤੂਬਰ 2022 ਵਿੱਚ 44 ਬਿਲੀਅਨ ਡਾਲਰ ਵਿੱਚ ਐਕਸ ਨੂੰ ਖਰੀਦਿਆ ਸੀ। ਐਕਸ ਦੇ ਮਾਲਕ ਮਸਕ ਤੋਂ ਬਾਅਦ ਲਿਸਟ ਵਿੱਚ 131.9 ਮਿਲੀਅਨ ਫਾਲੋਅਰਜ਼ ਨਾਲ ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਬਰਾਕ ਓਬਾਮਾ ਦੂਜੇ ਸਥਾਨ 'ਤੇ ਅਤੇ 113.2 ਮਿਲੀਅਨ ਫਾਲੋਅਰਜ਼ ਦੇ ਨਾਲ ਮਸ਼ਹੂਰ ਫੁੱਟਬਾਲਰ ਕ੍ਰਿਸਟੀਆਨੋ ਰੋਨਾਲਡੋ ਤੀਜੇ ਸਥਾਨ 'ਤੇ ਹਨ।

ਪ੍ਰਸਿੱਧ ਗਾਇਕ ਜਸਟਿਨ ਬੀਬਰ 110.3 ਮਿਲੀਅਨ ਫਾਲੋਅਰਜ਼ ਦੇ ਨਾਲ ਚੌਥੇ ਸਥਾਨ 'ਤੇ ਹਨ ਅਤੇ ਰਿਹਾਨਾ 108.4 ਮਿਲੀਅਨ ਫਾਲੋਅਰਸ ਨਾਲ ਪੰਜਵੇਂ ਸਥਾਨ 'ਤੇ ਹੈ। ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਹਾਲ ਹੀ ਵਿੱਚ ਦੁਨੀਆਂ ਵਿੱਚ 100 ਮਿਲੀਅਨ ਦਾ ਅੰਕੜਾ ਪਾਰ ਕੀਤਾ ਹੈ, ਜਿਸ ਦੀ ਮਸਕ ਨੇ ਸ਼ਲਾਘਾ ਕੀਤੀ ਅਤੇ ਹੁਣ ਉਨ੍ਹਾਂ ਦੇ 102.4 ਮਿਲੀਅਨ ਫਾਲੋਅਰਜ਼ ਹਨ। ਇਹ ਅੰਕੜੇ 3 ਅਕਤੂਬਰ ਤੱਕ ਦੇ ਹਨ।

ਮਸਕ ਨੇ ਹਾਲ ਹੀ ਵਿੱਚ ਕਿਹਾ ਕਿ ਐਕਸ ਦੇ ਹੁਣ 600 ਮਿਲੀਅਨ ਤੋਂ ਵੱਧ ਮੰਥਲੀ ਐਕਟਿਵ ਯੂਜ਼ਰਸ ਅਤੇ ਲਗਭਗ 300 ਮਿਲੀਅਨ ਡੇਲੀ ਐਕਟਿਵ ਯੂਜ਼ਰਸ ਹਨ। ਹਾਲ ਹੀ 'ਚ ਇੱਕ ਤਾਜ਼ਾ ਰਿਪੋਰਟ 'ਚ ਦਾਅਵਾ ਕੀਤਾ ਗਿਆ ਹੈ ਕਿ ਮਸਕ ਦੇ ਜ਼ਿਆਦਾਤਰ ਫਾਲੋਅਰਜ਼ ਫਰਜ਼ੀ ਹਨ ਅਤੇ ਲੱਖਾਂ ਨਵੇਂ ਇਨਐਕਟਿਵ ਅਕਾਊਂਟਸ ਕਾਰਨ ਇਹ ਗਿਣਤੀ ਵਧੀ ਹੈ। ਹਾਲਾਂਕਿ ਇਸ ਦਾਅਵੇ ਦੀ ਕੋਈ ਅਧਿਕਾਰਤ ਪੁਸ਼ਟੀ ਨਹੀਂ ਹੋਈ ਹੈ।

# ਕੈਨੇਡਾ ਨੇ ਭਾਰਤ ਦੇ ਕਥਿਤ ਵਿਦੇਸ਼ੀ ਦਖ਼ਲ ਦੀ ਕੀਤੀ 'ਵੱਖਰੀ' ਜਾਂਚ ਸ਼ੁਰੂ

ਟੋਰਾਂਟੋ/ਏ.ਟੀ.ਨਿਊਜ਼: ਪਿਛਲੇ ਸਾਲ 18 ਜੂਨ ਨੂੰ ਨਿੱਝਰ ਦੀ ਹੱਤਿਆ ਦੀ ਜਾਂਚ ਏਕੀਕ੍ਰਿਤ ਹੋਮੀਸਾਈਡ ਇਨਵੈਸਟੀਗੇਸ਼ਨ ਟੀਮ (ਆਈ.ਐਚ.ਆਈ.ਟੀ.) ਦੁਆਰਾ ਕੀਤੀ ਜਾ ਰਹੀ ਹੈ।

ਟੋਰਾਂਟੋ ਕੈਨੇਡੀਅਨ ਲਾਅ ਇਨਫ਼ੋਰਸਮੈਂਟ ਭਾਰਤ ਦੁਆਰਾ ਕਥਿਤ ਵਿਦੇਸ਼ੀ ਦਖਲਅੰਦਾਜ਼ੀ ਦੀ ਵੱਖਰੀ ਜਾਂਚ ਕਰ ਰਹੀ ਹੈ ਜੋ ਕਿ ਪਿਛਲੇ ਸਾਲ ਗਰਮਖਿਆਲੀ ਪੱਖੀ ਤੱਤ ਹਰਦੀਪ ਸਿੰਘ ਨਿੱਝਰ ਦੀ ਹੱਤਿਆ ਨਾਲ ਸਬੰਧਤ ਜਾਂਚ ਤੋਂ ਵੱਖਰੀ ਹੈ।



ਰਾਇਲ ਕੈਨੇਡੀਅਨ ਮਾਊਂਟਿਡ ਪੁਲਿਸ (ਆਰ.ਸੀ.ਐਮ.ਪੀ.) ਦੇ ਡਿਪਟੀ ਚੇਅਰਮੈਨ ਮਾਰਕ ਫ਼ਲਿਨ ਨੇ ਫ਼ੈਡਰਲ ਇਲੈਕਟੋਰਲ ਪ੍ਰੋਸੈਸ ਅਤੇ ਡੈਮੋਕਰੇਟਿਕ ਇੰਸਟੀਚਿਊਸ਼ਨਜ਼ ਵਿੱਚ ਵਿਦੇਸ਼ੀ ਦਖ਼ਲਅੰਦਾਜ਼ੀ ਦੀ ਜਨਤਕ ਜਾਂਚ ਦੇ ਸਾਹਮਣੇ ਪੇਸ਼ ਹੋਏ ਕਿਹਾ: 'ਸਾਡੇ ਕੋਲ ਵੱਖਰੀ ਜਾਂਚ ਚੱਲ ਰਹੀ ਹੈ,' ਜਿਸ ਵਿੱਚ 'ਭਾਰਤ ਸਰਕਾਰ ਦੀ ਜਾਂਚ' ਸ਼ਾਮਲ ਹੈ। 'ਭਾਰਤ ਇੱਕ ਸੁਤੰਤਰ ਗਰਮਖਿਆਲੀ ਰਾਜ ਦੇ ਸਮਰਥਨ ਵਿੱਚ ਗਰਮਖਿਆਲੀ ਵਿਰੋਧ ਨੂੰ ਰਾਸ਼ਟਰੀ ਸੁਰੱਖਿਆ ਚਿੰਤਾ ਵਜੋਂ ਦੇਖਦਾ ਹੈ,' ਫ਼ਲਿਨ ਨੇ ਅੱਗੇ ਕਿਹਾ, 'ਇਹ ਕੈਨੇਡਾ ਵਿੱਚ ਹਿੰਸਕ ਕੱਟੜਪੰਥ ਦੀ ਪਰਿਭਾਸ਼ਾ ਦੇ ਅਨੁਕੂਲ ਨਹੀਂ ਹੈ'।

ਫ਼ਲਿਨ, ਜੋ ਦੇਸ਼ ਵਿੱਚ ਫ਼ੈਡਰਲ ਪੁਲਿਸਿੰਗ ਦੇ ਇੰਚਾਰਜ ਹਨ, ਨੇ ਇਹ ਵੀ ਕਿਹਾ ਕਿ ਭਾਰਤੀ ਅਧਿਕਾਰੀਆਂ ਨੇ ਕੈਨੇਡਾ ਵਿੱਚ ਗਰਮਖਿਆਲੀ ਪੱਖੀ ਕੱਟੜਪੰਥੀ ਨੂੰ ਲੈ ਕੇ ਆਪਣੀਆਂ ਚਿੰਤਾਵਾਂ ਨੂੰ ਅਕਸਰ ਪ੍ਰਗਟ ਕੀਤਾ ਹੈ।

ਉਨ੍ਹਾਂ ਨੇ ਸੁਣਵਾਈ ਦੌਰਾਨ ਕਿਹਾ, ਸਾਨੂੰ ਭਾਰਤ ਤੋਂ ਸਮੱਗਰੀ ਦੀ ਇੱਕ ਵਿਸ਼ਾਲ ਸ਼੍ਰੇਣੀ ਮਿਲਦੀ ਹੈ। ਹਾਲਾਂਕਿ, ਉਨ੍ਹਾਂ ਨੇ ਅੱਗੇ ਕਿਹਾ, 'ਕੈਨੇਡਾ ਵਿੱਚ, ਅਸੀਂ ਦੇਖਿਆ ਹੈ ਕਿ ਭਾਰਤ ਨੇ ਸਾਨੂੰ ਉਨ੍ਹਾਂ ਚੀਜ਼ਾਂ ਲਈ ਸਮੱਗਰੀ ਭੇਜੀ ਹੈ ਜੋ ਭਾਰਤ ਵਿੱਚ ਇੱਕ ਅਪਰਾਧ ਦੀ ਪਰਿਭਾਸ਼ਾ ਨੂੰ ਪੂਰਾ ਕਰਦੇ ਹਨ ਪਰ ਲੋੜਾਂ ਨੂੰ ਪੂਰਾ ਨਹੀਂ ਕਰਦੇ ਜਾਂ ਕੈਨੇਡਾ ਵਿੱਚ ਕੋਈ ਅਪਰਾਧਿਕ ਅਪਰਾਧ ਨਹੀਂ ਹੈ।'

ਪਿਛਲੇ ਸਾਲ 18 ਜੂਨ ਨੂੰ ਨਿੱਝਰ ਦੀ ਹੱਤਿਆ ਦੀ ਜਾਂਚ ਏਕੀਕ੍ਰਿਤ ਹੋਮੀਸਾਈਡ ਇਨਵੈਸਟੀਗੇਸ਼ਨ ਟੀਮ (ਆਈ.ਐਚ.ਆਈ.ਟੀ.) ਦੁਆਰਾ ਕੀਤੀ ਜਾ ਰਹੀ ਹੈ।

ਨਿੱਝਰ ਵੱਖਵਾਦੀ ਸਮੂਹ ਸਿੱਖਸ ਫ਼ਾਰ ਜਸਟਿਸ ਦੁਆਰਾ ਕਰਵਾਏ ਜਾ ਰਹੇ ਅਖੌਤੀ ਗਰਮਖਿਆਲੀ ਜਨਮਤ ਸੰਗ੍ਰਹਿ ਦਾ ਮੁੱਖ ਕੈਨੇਡੀਅਨ ਪ੍ਰਬੰਧਕ ਸੀ ਉਹ ਕਤਲ ਵਾਲੀ ਥਾਂ, ਬ੍ਰਿਟਿਸ਼ ਕੋਲੰਬੀਆ ਦੇ ਸਰੀ ਵਿੱਚ ਗੁਰੂ ਨਾਨਕ ਸਿੱਖ ਗੁਰਦੁਆਰੇ ਦਾ ਪ੍ਰਧਾਨ ਵੀ ਸੀ। ਨਵੀਂ ਦਿੱਲੀ ਵੱਲੋਂ ਉਸ ਨੂੰ ਅੱਤਵਾਦੀ ਮੰਨਿਆ ਗਿਆ ਸੀ ਪਰ ਕੈਨੇਡਾ ਦੀ ਅਦਾਲਤ ਵਿੱਚ ਕਦੇ ਵੀ ਉਸ ਵਿਰੁੱਧ ਦੋਸ਼ਾਂ ਦੀ ਜਾਂਚ ਨਹੀਂ ਕੀਤੀ ਗਈ।

ਉਸ ਕਤਲ ਨੇ 18 ਸਤੰਬਰ, 2023 ਨੂੰ ਹਾਊਸ ਆਫ਼ ਕਾਮਨਜ਼ ਵਿੱਚ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੇ ਬਿਆਨ ਤੋਂ ਬਾਅਦ ਭਾਰਤ ਅਤੇ ਕੈਨੇਡਾ ਦੇ ਸਬੰਧਾਂ ਵਿੱਚ ਉਥਲ-ਪੁਥਲ ਪੈਦਾ ਕਰ ਦਿੱਤੀ ਸੀ, ਕਿ ਭਾਰਤੀ ਏਜੰਟਾਂ ਅਤੇ ਕਤਲ ਵਿਚਕਾਰ ਸੰਭਾਵੀ ਸਬੰਧ ਦੇ ਭਰੋਸੇਯੋਗ ਦੋਸ਼ ਸਨ। ਭਾਰਤ ਨੇ ਇਨ੍ਹਾਂ ਦੋਸ਼ਾਂ ਨੂੰ ਬੇਤੁਕਾ ਅਤੇ ਪ੍ਰੇਰਿਤ ਦੱਸਿਆ ਹੈ।ਇਸ ਸਾਲ ਕੈਨੇਡੀਅਨ ਪੁਲਿਸ ਨੇ ਹੱਤਿਆ ਦੇ ਸਬੰਧ ਵਿੱਚ ਚਾਰ ਭਾਰਤੀ ਨਾਗਰਿਕਾਂ ਦੀ ਗ੍ਰਿਫ਼ਤਾਰੀ ਦਾ ਐਲਾਨ ਕੀਤਾ ਸੀ। ਇਸ ਮਈ ਵਿੱਚ ਆਪਣੀ ਸ਼ੁਰੂਆਤੀ ਰਿਪੋਰਟ ਵਿੱਚ, ਕਮਿਸ਼ਨ ਨੇ ਕਿਹਾ ਕਿ ਭਾਰਤ ਕੈਨੇਡੀਅਨ ਭਾਈਚਾਰਿਆਂ ਅਤੇ ਸਿਆਸਤਦਾਨਾਂ ਨੂੰ ਪ੍ਰਭਾਵਿਤ ਕਰਨ ਦੀ ਕੋਸ਼ਿਸ਼ ਕਰਨ ਵਾਲੀਆਂ ਕਈ ਗਤੀਵਿਧੀਆਂ ਵਿੱਚ ਸ਼ਾਮਲ ਹੈ। (ਬਾਕੀ ਸਫ਼ਾ 30 'ਤੇ)

# ਅਮਰੀਕੀ ਰਾਸ਼ਟਰਪਤੀ ਚੋਣਾਂ: ਚੋਟੀ ਦੇ ਅਹੁਦਿਆਂ 'ਤੇ 150 ਭਾਰਤੀਆਂ ਦੀ ਨਿਯੁਕਤੀ ਯਕੀਨੀ

ਨਿਊਯਾਰਕ/ਏ.ਟੀ.ਨਿਊਜ਼: ਅਮਰੀਕਾ ਵਿੱਚ ਅਗਲੇ ਮਹੀਨੇ ਰਾਸ਼ਟਰਪਤੀ ਚੋਣਾਂ ਹੋਣ ਜਾ ਰਹੀਆਂ ਹਨ। ਭਾਰਤੀ-ਅਮਰੀਕੀ ਪ੍ਰਵਾਸੀ ਲੋਕ ਇਨ੍ਹਾਂ ਚੋਣਾਂ ਨੂੰ ਲੈ ਕੇ ਬਹੁਤ ਉਤਸ਼ਾਹਿਤ ਹਨ, ਕਿਉਂਕਿ ਜੇਕਰ ਡੈਮੋਕ੍ਰੇਟਿਕ ਉਮੀਦਵਾਰ ਅਤੇ ਮੌਜੂਦਾ ਉਪ ਰਾਸ਼ਟਰਪਤੀ ਕਮਲਾ ਹੈਰਿਸ ਜਿੱਤ ਜਾਂਦੇ ਹਨ ਤਾਂ ਉਹ ਅਮਰੀਕਾ 'ਚ ਪਹਿਲੀ ਭਾਰਤੀ ਮੂਲ ਦੀ ਰਾਸ਼ਟਰਪਤੀ ਹੋਵੇਗੀ। ਇਸ ਦੇ ਨਾਲ ਹੀ ਸਾਬਕਾ ਰਾਸ਼ਟਰਪਤੀ ਅਤੇ ਰਿਪਬਲਿਕਨ ਉਮੀਦਵਾਰ ਡੋਨਾਲਡ ਟਰੰਪ ਦੇ ਭਾਰਤੀ-ਅਮਰੀਕੀ ਸਮਰਥਕ ਵੀ ਉਤਸ਼ਾਹਿਤ ਹਨ ਕਿਉਂਕਿ ਉਨ੍ਹਾਂ ਦਾ ਕਹਿਣਾ ਹੈ ਕਿ ਟਰੰਪ ਪ੍ਰਸ਼ਾਸਨ ਵਿੱਚ ਭਾਰਤੀਆਂ ਨੂੰ ਸਭ ਤੋਂ ਵੱਧ ਪ੍ਰਤੀਨਿਧਤਾ ਮਿਲੇਗੀ। ਟਰੰਪ ਦੇ ਆਖਰੀ ਕਾਰਜਕਾਲ ਦੌਰਾਨ ਪ੍ਰਸ਼ਾਸਨ ਵਿੱਚ ਸੀਨੀਅਰ ਅਹੁਦਿਆਂ 'ਤੇ 80 ਤੋਂ ਵੱਧ ਭਾਰਤੀ-ਅਮਰੀਕੀਆਂ ਨੂੰ ਨਿਯੁਕਤ ਕੀਤਾ ਗਿਆ ਸੀ। ਟਰੰਪ ਦੇ ਮੁਹਿੰਮ ਪ੍ਰਬੰਧਕ ਦਾ ਕਹਿਣਾ ਹੈ ਕਿ ਜੇਕਰ ਟਰੰਪ ਰਾਸ਼ਟਰਪਤੀ ਬਣਦੇ ਹਨ ਤਾਂ ਅਜਿਹਾ ਉਨ੍ਹਾਂ ਦੇ ਦੂਜੇ ਕਾਰਜਕਾਲ ਵਿੱਚ ਇਹ ਗਿਣਤੀ 150 ਤੋਂ ਵੱਧ ਹੋ ਸਕਦੀ ਹੈ।



**ਹੈਰਿਸ ਪ੍ਰਸ਼ਾਸਨ 'ਚ ਮੰਤਰੀ ਮੰਡਲ 'ਚ ਭਾਰਤੀ ਮੂਲ ਦੇ 5 ਨੇਤਾ ਸਭ ਤੋਂ ਅੱਗੇ:**

ਸੂਤਰਾਂ ਦਾ ਕਹਿਣਾ ਹੈ ਕਿ ਕਮਲਾ ਹੈਰਿਸ ਅਤੇ ਟਰੰਪ ਦੀ ਪ੍ਰਚਾਰ ਟੀਮ ਮੁਤਾਬਕ ਰਾਸ਼ਟਰਪਤੀ ਅਹੁਦੇ ਦੇ ਦੋਵਾਂ ਉਮੀਦਵਾਰਾਂ ਨੇ ਆਪਣੀ ਸ਼ੈਡੋ ਕੈਬਨਿਟ ਦੀ ਰੂਪ-ਰੇਖਾ ਤਿਆਰ ਕਰ ਲਈ ਹੈ। ਜਿਸ ਵਿੱਚ ਭਾਰਤੀ-ਅਮਰੀਕੀਆਂ ਦੇ ਹਾਵੀ ਹੋਣ ਦੀ ਉਮੀਦ ਹੈ। ਕਮਲਾ ਹੈਰਿਸ ਦੀ ਸ਼ੈਡੋ ਕੈਬਨਿਟ 'ਚ ਭਾਰਤੀ ਮੂਲ ਦੇ 5 ਅਤੇ ਟਰੰਪ ਦੀ ਕੈਬਨਿਟ 'ਚ ਵੀ 4 ਤੋਂ 5 ਭਾਰਤੀਆਂ ਨੂੰ ਸ਼ਾਮਲ ਕੀਤੇ ਜਾਣ ਦੀ ਸੰਭਾਵਨਾ ਹੈ। ਹੈਰਿਸ ਪ੍ਰਸ਼ਾਸਨ 'ਚ ਮੰਤਰੀ ਮੰਡਲ 'ਚ ਭਾਰਤੀ ਮੂਲ ਦੇ ਜਿਨ੍ਹਾਂ ਨੇਤਾਵਾਂ ਨੂੰ ਜਗ੍ਹਾ ਮਿਲਣ ਦੀ ਸੰਭਾਵਨਾ ਹੈ, ਉਨ੍ਹਾਂ 'ਚ ਅਮਰੀਕੀ ਕਾਂਗਰਸ ਦੇ 5 ਨੇਤਾ ਸਭ ਤੋਂ ਅੱਗੇ ਹਨ। ਅਮਰੀਕੀ ਕਾਂਗਰਸ ਦੇ ਮੈਂਬਰ ਡਾ: ਅਮੀ ਬੇਰਾ, ਰੋ ਖੰਨਾ, ਰਾਜਾ ਕ੍ਰਿਸ਼ਨਮੂਰਤੀ, ਸ਼੍ਰੀ ਥਾਣੇਦਾਰ ਅਤੇ ਪ੍ਰਮਿਲਾ ਜੈਪਾਲ ਦੇ ਨਾਂ ਸਭ ਤੋਂ ਅੱਗੇ ਹਨ। ਡੈਮੋਕ੍ਰੇਟਿਕ ਪਾਰਟੀ ਦੇ ਨਜ਼ਦੀਕੀ ਸੂਤਰਾਂ ਦਾ ਕਹਿਣਾ ਹੈ ਕਿ ਬਾਈਡੇਨ-ਕਮਲਾ ਹੈਰਿਸ ਪ੍ਰਸ਼ਾਸਨ ਵਿੱਚ ਸੀਨੀਅਰ ਭੂਮਿਕਾਵਾਂ ਲਈ ਨਾਮਜ਼ਦ ਕੀਤੇ ਗਏ ਭਾਰਤੀ ਅਮਰੀਕੀਆਂ ਵਿੱਚੋਂ ਅੱਧੇ ਤੋਂ ਵੱਧ ਔਰਤਾਂ ਹਨ ਅਤੇ ਓਬਾਮਾ ਪ੍ਰਸ਼ਾਸਨ ਦੁਆਰਾ ਨਿਯੁਕਤ ਕੀਤੇ ਗਏ ਕੁਝ ਲੋਕਾਂ ਨੂੰ ਬਰਕਰਾਰ ਰੱਖਣ ਦੀ ਉਮੀਦ ਹੈ।

**ਬਜਟ ਡਾਇਰੈਕਟਰ ਨੀਰਾ ਟੰਡਨ ਅਤੇ ਸਰਜਨ ਜਨਰਲ ਡਾ. ਮੂਰਤੀ ਰਹਿਣਗੇ:**

ਵ੍ਹਾਈਟ ਹਾਊਸ ਆਫਿਸ ਆਫ ਮੈਨੇਜਮੈਂਟ ਐਂਡ ਬਜਟ ਦੀ ਡਾਇਰੈਕਟਰ ਨੀਰਾ ਟੰਡਨ ਅਤੇ ਸਰਜਨ ਜਨਰਲ ਡਾ. ਵਿਵੇਕ ਮੂਰਤੀ, ਜਸਟਿਸ ਡਿਪਾਰਟਮੈਂਟ ਵਿੱਚ ਸਾਬਕਾ ਐਸੋਸੀਏਟ ਅਟਾਰਨੀ ਜਨਰਲ ਵਨੀਤਾ ਗੁਪਤਾ, ਸਿਵਲ ਡਿਫੈਂਸ ਲਈ ਸਾਬਕਾ ਅੰਡਰ ਸੈਕਟਰੀ ਉਜਰਾ ਜ਼ੇਯਾ, ਏਸ਼ੀਆਈ-ਅਮਰੀਕਨਾਂ ਬਾਰੇ ਰਾਸ਼ਟਰਪਤੀ ਸਲਾਹਕਾਰ ਕਮਿਸ਼ਨ ਦੇ ਸਾਬਕਾ ਮੈਂਬਰ ਅਜੈ ਜੈਨ ਭੁਟੋਰੀਆ, ਰਾਸ਼ਟਰੀ ਸੁਰੱਖਿਆ ਪਰਿਸ਼ਦ ਵਿੱਚ ਦੱਖਣੀ ਏਸ਼ੀਆ ਦੀ ਸਾਬਕਾ ਸੀਨੀਅਰ ਡਾਇਰੈਕਟਰ ਸੁਮੋਨਾ ਗੁਹਾ, ਡਾ. ਜਿਲ ਬਾਈਡੇਨ ਦੀ ਸਾਬਕਾ ਨੀਤੀ ਨਿਰਦੇਸ਼ਕ ਮਾਲਾ ਅਡਿਗਾ, ਜਿਲ ਦਫਤਰ ਸਾਬਕਾ ਡਿਜੀਟਲ ਡਾਇਰੈਕਟਰ ਗਰਿਮਾ ਵਰਮਾ ਦੀ ਨਿਯੁਕਤੀ ਸੰਭਵ ਹੈ।

**ਟਰੰਪ ਪ੍ਰਸ਼ਾਸਨ: ਨਿੱਕੀ ਹੇਲੀ, ਰਾਮਾਸਵਾਮੀ ਦੀ ਥਾਂ ਤੈਅ**

ਵਿਵੇਕ ਰਾਮਾਸਵਾਮੀ ਅਤੇ ਨਿੱਕੀ ਹੇਲੀ ਟਰੰਪ ਕੈਬਨਿਟ ਵਿੱਚ (ਬਾਕੀ ਸਫ਼ਾ 30 'ਤੇ)

# 12 ਸਾਲਾ ਬੱਚੇ ਨੇ 30 ਦਿਨਾਂ 'ਚ ਲਿਖੀ 154 ਸਫ਼ਿਆਂ ਦੀ ਅੰਗਰੇਜ਼ੀ ਦੀ ਕਿਤਾਬ

ਕੈਲੀਫ਼ੋਰਨੀਆਂ/ਏ.ਟੀ. ਨਿਊਜ਼ : ਕਪੂਰਥਲਾ ਜ਼ਿਲ੍ਹੇ ਨਾਲ ਸਬੰਧਿਤ 12 ਸਾਲਾ ਏਕਮ ਨੇ ਅਮਰੀਕਾ ਵਿੱਚ ਮਾਪਿਆਂ ਦਾ ਨਾਂ ਰੌਸ਼ਨ ਕੀਤਾ ਹੈ। ਦਰਅਸਲ ਕਪੂਰਥਲਾ ਦੇ ਪਿੰਡ ਨੱਥੂ ਚਾਹਲ ਦੇ ਅਮਰੀਕਾ ਦੀ ਧਰਤੀ 'ਤੇ ਰਹਿ ਰਹੇ ਕਮਲਜੀਤ ਸਿੰਘ ਦੇ ਪੁੱਤਰ ਏਕਮ ਚਾਹਲ ਨੇ ਇਕ ਮਹੀਨੇ ਦੀ ਮਿਹਨਤ ਤੋਂ ਬਾਅਦ 154 ਪੰਨਿਆਂ ਦੀ ਕਿਤਾਬ ਅੰਗਰੇਜ਼ੀ ਭਾਸ਼ਾ 'ਚ ਲਿਖੀ ਹੈ।ਦੱਸਣਯੋਗ ਹੈ ਕਿ ਏਕਮ ਚਾਹਲ ਅਮਰੀਕਾ ਦੇ ਕੈਲੀਫ਼ੋਰਨੀਆ ਸੂਬੇ ਦੇ ਵੈਲਟਰ ਵੁਡਵਾਰਡ ਐਲੀਮੈਂਟਰੀ ਸਕੂਲ ਵਿੱਚ 7ਵੀਂ ਜਮਾਤ ਦਾ ਵਿਦਿਆਰਥੀ ਹੈ। ਏਕਮ ਦੀ ਲਿਖੀ ਕਿਤਾਬ (ਫ਼ਲਾਈਟ ਆਫ਼ ਹਾਉਂਟਡਹਾਰਵੈਸਟ) ਐਮਾਜ਼ੋਨ 'ਤੇ ਉਪਲਬੱਧ ਹੈ ਅਤੇ ਉਸ ਨੂੰ ਲੋਕਾਂ ਵੱਲੋਂ ਭਰਵਾਂ ਹੁੰਗਾਰਾ ਮਿਲ ਰਿਹਾ ਹੈ। ਇਸ ਕਿਤਾਬ ਵਿੱਚ ਲਿਖੀ ਕਹਾਣੀ ਇੱਕ ਅਜਿਹੇ ਬੱਚੇ 'ਤੇ ਆਧਾਰਿਤ ਹੈ, ਜੋ ਵਿਦੇਸ਼ੀ ਧਰਤੀ 'ਤੇ ਰਹਿ ਰਿਹਾ ਹੁੰਦਾ ਹੈ ਅਤੇ ਉਸ ਦੇ ਆਪਣੇ ਜੱਦੀ ਮੁਲਕ ਬਾਰੇ ਖ਼ਿਆਲ ਬਹੁਤੇ ਚੰਗੇ ਨਹੀਂ ਹੁੰਦੇ, ਵਿਦੇਸ਼ ਵਿੱਚ ਰਹਿੰਦੇ ਹੋਏ ਉਸ ਦੇ ਅਪਣੇ ਜੱਦੀ ਮੁਲਕ ਤੋਂ ਆਉਂਦੀਆਂ ਲੁੱਟ-ਖੋਹ ਦੀਆਂ ਘਟਨਾਵਾਂ ਅਤੇ ਹੋਰ ਮਾੜੀਆਂ ਖ਼ਬਰਾਂ ਉਸ ਦੇ ਦਿਮਾਗ 'ਤੇ ਮਾੜਾ ਅਸਰ ਕਰਦੀਆਂ ਹਨ ਅਤੇ ਉਹ ਆਪਣੇ ਜੱਦੀ ਵਤਨ ਜਾਣ ਤੋਂ ਡਰਦਾ ਹੈ।



ਇਸ ਦੌਰਾਨ ਜਦੋਂ ਉਹ ਆਪਣੇ ਮਾਤਾ-ਪਿਤਾ ਨਾਲ ਆਪਣੇ ਜੱਦੀ ਪਿੰਡ ਜਾਂਦਾ ਹੈ ਅਤੇ ਜਹਾਜ਼ ਵਿੱਚ ਸਫ਼ਰ ਦੌਰਾਨ ਉਸ ਨੂੰ ਇੱਕ ਸੁਫ਼ਨਾ ਆਉਂਦਾ ਹੈ ਅਤੇ ਸੁਫ਼ਨੇ ਵਿੱਚ ਉਸ ਦੇ ਮਾਤਾ-ਪਿਤਾ ਉਸ ਨਾਲੋਂ ਵਿਛੜ ਜਾਂਦੇ ਹਨ। ਇਹ ਕਿਤਾਬ ਏਕਮ ਚਾਹਲ ਵੱਲੋਂ ਬੀਤੇ ਸਮੇਂ ਵਿੱਚ ਆਪਣੇ ਮਾਤਾ-ਪਿਤਾ ਨਾਲ ਪੰਜਾਬ ਆ ਕੇ ਅਪਣੇ ਦਾਦਾ-ਦਾਦੀ ਨੂੰ ਮਿਲਣ ਤੋਂ ਬਾਅਦ ਵਾਪਸ ਅਮਰੀਕਾ ਜਾ ਕੇ ਲਿਖੀ ਗਈ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Manager: Pardeep Singh   Sub: Editor: Balwinderpal Singh, Dr. Sarbjeet Kaur Jang   Online Interview Host: Balraj Pannu

Designer: A.K.V.   Content Composer: S. Jagmohan Singh   US Distributor: Amritsar Times Inc.   Owner: Amritsar Times Pvt Ltd.

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.

All legal disputes must be handled in the courts of State of Punjab in India.

ਲੇਖਾਂ ਤੇ ਰਚਨਾਵਾਂ ਵਿੱਚ ਲੇਖਕਾਂ ਵੱਲੋਂ ਪ੍ਰਗਟਾਏ ਵਿਚਾਰ ਉਹਨਾਂ ਦੇ ਨਿੱਜੀ ਹਨ। ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਲੇਬਨਾਨ 'ਚ ਇਜ਼ਰਾਇਲ ਨੇ ਹਿਜ਼ਬੁੱਲਾ ਦੇ 50 ਅੱਤਵਾਦੀਆਂ ਨੂੰ ਕੀਤਾ ਢੇਰ

ਯੇਰੂਸਲਮ/ਏ.ਟੀ.ਨਿਊਜ਼ :- ਇਜ਼ਰਾਇਲ ਡਿਫੈਂਸ ਫੋਰਸ (ਆਈ.ਡੀ.ਐਫ.) ਨੇ ਦੱਖਣੀ ਲੇਬਨਾਨ ਵਿੱਚ ਫਿਰ ਤਬਾਹੀ ਮਚਾਈ। ਆਈ.ਡੀ.ਐਫ. ਨੇ ਹਿਜ਼ਬੁੱਲਾ ਦੇ ਜ਼ਮੀਨਦੋਜ਼ ਕਮਾਂਡ ਸੈਂਟਰਾਂ 'ਤੇ ਕਈ ਹਵਾਈ ਹਮਲੇ ਕੀਤੇ, ਜਿਸ ਵਿੱਚ 50 ਅੱਤਵਾਦੀ ਮਾਰੇ ਗਏ। ਇਸ ਵਿੱਚ ਹਿਜ਼ਬੁੱਲਾ ਦੇ ਦੱਖਣੀ ਮੋਰਚੇ ਅਤੇ ਰਾਦਵਾਨ ਫੋਰਸ ਦੇ ਛੇ ਸੀਨੀਅਰ ਕਮਾਂਡਰ ਵੀ ਸ਼ਾਮਲ ਸਨ। ਇਜ਼ਰਾਇਲ ਏਅਰ ਫੋਰਸ (ਆਈ.ਏ.ਐਫ.) ਨੇ ਹਿਜ਼ਬੁੱਲਾ ਦੇ ਨਾਸਿਰ, ਬਦਰ ਅਤੇ ਅਜ਼ੀਜ਼ ਯੂਨਿਟਾਂ 'ਤੇ ਹਮਲਾ ਕੀਤਾ।

ਇਜ਼ਰਾਇਲੀ ਰੱਖਿਆ ਬਲ ਦੇ ਬੁਲਾਰੇ ਰੀਅਰ ਐਡਮਿਰਲ ਡੇਨੀਅਲ ਹਾਗਰੀ ਨੇ ਕਿਹਾ ਕਿ ਆਈ.ਏ.ਐਫ. ਦੇ ਜੈੱਟ ਜਹਾਜ਼ਾਂ ਨੇ ਇਸ ਦੇ ਦੱਖਣੀ ਮੋਰਚੇ 'ਤੇ ਵੱਖ-ਵੱਖ ਹਿਜ਼ਬੁੱਲਾ ਦੇ ਜ਼ਮੀਨਦੋਜ਼ ਕੇਂਦਰਾਂ 'ਤੇ ਹਮਲਾ ਕੀਤਾ, ਉਨ੍ਹਾਂ ਅੱਤਵਾਦੀਆਂ ਨੂੰ ਖਤਮ ਕੀਤਾ ਜੋ ਇਜ਼ਰਾਇਲ ਦੇ ਉੱਤਰੀ ਭਾਈਚਾਰਿਆਂ 'ਤੇ ਹਮਲਾ ਕਰਨ ਦੀ ਯੋਜਨਾ ਬਣਾ ਰਹੇ ਸਨ।



**100 ਜੈੱਟ ਜਹਾਜ਼ਾਂ ਨੇ ਮਚਾਈ ਤਬਾਹੀ**

ਹਾਗਰੀ ਨੇ ਕਿਹਾ ਕਿ ਗਲੀਲੀ ਨੂੰ ਜਿੱਤਣ ਦੀ ਹਿਜ਼ਬੁੱਲਾ ਦੀ ਯੋਜਨਾ ਨੂੰ ਅੰਜਾਮ ਦੇਣ ਲਈ ਅੱਤਵਾਦੀ ਜ਼ਿੰਮੇਵਾਰ ਸਨ। ਖ਼ੁਫ਼ੀਆ ਡਾਇਰੈਕਟੋਰੇਟ ਤੋਂ ਸਟੀਕ ਜਾਣਕਾਰੀ ਦੀ ਵਰਤੋਂ ਕਰਦੇ ਹੋਏ, ਉੱਤਰੀ ਕਮਾਂਡ ਅਤੇ ਸੰਚਾਲਨ ਡਾਇਰੈਕਟੋਰੇਟ ਦੇ ਨਾਲ ਮਿਲ ਕੇ, 100 ਜੈੱਟ ਜਹਾਜ਼ਾਂ ਨੇ ਹਿਜ਼ਬੁੱਲਾ ਦੇ ਰਾਦਵਾਨ ਆਰਮੀ, ਨਾਜ਼ਰ, ਬਦਰ ਅਤੇ ਅਜੀ ਯੂਨਿਟਾਂ 'ਤੇ ਹਮਲਾ ਕੀਤਾ।

**ਛੇ ਕਮਾਂਡਰਾਂ ਨੂੰ ਮਾਰ ਦਿੱਤਾ**

ਹਾਗਰੀ ਨੇ ਦੱਸਿਆ ਕਿ ਛੇ ਕਮਾਂਡਰਾਂ ਸਮੇਤ ਕਰੀਬ 50 ਅੱਤਵਾਦੀ ਮਾਰੇ ਗਏ। ਮਾਰੇ ਗਏ ਅੱਤਵਾਦੀਆਂ ਨੇ ਇਜ਼ਰਾਇਲ ਖ਼ਿਲਾਫ਼ ਅੱਤਵਾਦੀ ਹਮਲੇ ਕੀਤੇ ਸਨ। ਇਨ੍ਹਾਂ ਦਹਿਸ਼ਤਗਰਦਾਂ ਵਿੱਚ ਅਹਿਮਦ ਹਸਨ ਨਾਜ਼ਲ, ਗਜਰ ਖੇਤਰ ਦਾ ਮੁਖੀ ਹੁਸੈਨ ਤਲਾਲ ਕਮਾਲ, ਗਜਰ ਖੇਤਰ ਦਾ ਮੁਖੀ ਮੂਸਾ ਦੀਬ ਬਰਕਤ, ਗਜਰ ਖੇਤਰ ਦਾ ਆਪਰੇਸ਼ਨ ਮੁਖੀ ਮਹਿਮੂਦ ਮੂਸ ਕਾਰਨੀਬ, ਬਿੰਤ ਜਬੇਲ ਖੇਤਰ ਦਾ ਤੋਪਖਾਨਾ ਕਮਾਂਡਰ ਅਲੀ ਅਹਿਮਦ ਇਸਮਾਈਲ ਅਤੇ ਅਬਦੁੱਲਾ ਅਲੀ ਸ਼ਾਮਲ ਹਨ। ਇਜ਼ਰਾਇਲੀ ਹਵਾਈ ਸੈਨਾ ਨੇ ਕੁੱਲ ਮਿਲਾ ਕੇ ਲਗਭਗ 95 ਟੀਚਿਆਂ 'ਤੇ ਹਮਲਾ ਕੀਤਾ, ਜਿਸ ਵਿੱਚ ਦੱਖਣੀ ਲੇਬਨਾਨ ਵਿੱਚ ਅੱਤਵਾਦੀ ਸਮੂਹ ਦੀ ਮੱਧਮ-ਰੇਂਜ ਰਾਕੇਟ ਯੂਨਿਟ ਨਾਲ ਸਬੰਧਿਤ ਲਗਭਗ 30 ਨਿਸ਼ਾਨੇ ਸ਼ਾਮਲ ਹਨ।

## ਇਜ਼ਰਾਈਲ-ਹਮਾਸ ਯੁੱਧ 'ਚ ਮਰਨ ਵਾਲੇ ਫਲਸਤੀਨੀਆਂ ਦੀ ਗਿਣਤੀ 42,000 ਤੋਂ ਪਾਰ

ਦੀਰ ਅਲ-ਬਲਾਹ : ਗਾਜ਼ਾ ਦੇ ਸਿਹਤ ਮੰਤਰਾਲਾ ਦਾ ਕਹਿਣਾ ਹੈ ਕਿ ਗਾਜ਼ਾ 'ਚ ਜੰਗ 'ਚ ਮਾਰੇ ਗਏ ਫਲਸਤੀਨੀਆਂ ਦੀ ਗਿਣਤੀ 42,000 ਤੋਂ ਪਾਰ ਹੋ ਗਈ ਹੈ। ਮੰਤਰਾਲਾ ਨੇ ਆਪਣੀ ਗਣਨਾ 'ਚ ਲੜਾਕੂਆਂ ਅਤੇ ਨਾਗਰਿਕਾਂ 'ਚ ਫਰਕ ਕੀਤਾ ਹੈ।

ਉਨ੍ਹਾਂ ਕਿਹਾ ਕਿ ਮਰਨ ਵਾਲਿਆਂ ਵਿੱਚ ਅੱਧੇ ਤੋਂ ਵੱਧ ਔਰਤਾਂ ਅਤੇ ਬੱਚੇ ਸਨ। ਇਸ ਨੇ ਬੁੱਧਵਾਰ ਨੂੰ ਕਿਹਾ ਕਿ ਯੁੱਧ ਦੀ ਸ਼ੁਰੂਆਤ ਤੋਂ ਲੈ ਕੇ ਹੁਣ ਤੱਕ 42,010 ਫਲਸਤੀਨੀ ਮਾਰੇ ਗਏ ਹਨ ਅਤੇ 97,720 ਜ਼ਖਮੀ ਹੋਏ ਹਨ। ਇਹ ਲੜਾਈ 7 ਅਕਤੂਬਰ, 2023 ਨੂੰ ਹਮਾਸ ਦੁਆਰਾ ਇਜ਼ਰਾਈਲ 'ਤੇ ਹਮਲੇ ਤੋਂ ਬਾਅਦ ਸ਼ੁਰੂ ਹੋਈ ਸੀ।

ਇਸ ਤੋਂ ਪਹਿਲਾਂ ਇਜ਼ਰਾਈਲ ਦੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੇ ਮੰਗਲਵਾਰ ਨੂੰ ਹਿਜ਼ਬੁੱਲਾ ਦੇ ਹਜ਼ਾਰਾਂ ਮੈਂਬਰਾਂ ਨੂੰ ਮਾਰਨ ਦੀ ਗੱਲ ਕਹੀ, ਜਿਨ੍ਹਾਂ ਵਿਚ ਸਮੂਹ ਦੇ ਮਾਰੇ ਗਏ ਨੇਤਾ ਹਸਨ ਨਸਰੁੱਲਾ ਦੇ ਸੰਭਾਵੀ ਉੱਤਰਾਧਿਕਾਰੀ ਹਾਸ਼ਮ ਸਫੀਦੀਨ ਵੀ ਸ਼ਾਮਲ ਹਨ। ਇਹ ਬਿਆਨ ਨੇਤਨਯਾਹੂ ਦੇ ਦਫ਼ਤਰ ਵੱਲੋਂ ਲੇਬਨਾਨ ਦੇ ਲੋਕਾਂ ਨੂੰ ਜਾਰੀ ਇੱਕ ਵੀਡੀਓ ਸੰਦੇਸ਼ ਵਿੱਚ ਦਿੱਤਾ ਗਿਆ, ਜਿਸ ਵਿੱਚ ਉਨ੍ਹਾਂ ਨੇ ਹਿਜ਼ਬੁੱਲਾ ਸਮੂਹ ਨੂੰ ਦੇਸ਼ ਦੇ ਚੱਲ ਰਹੇ ਵਿੱਤੀ ਸੰਕਟ ਦਾ ਕਾਰਨ ਹੋਣ ਦਾ ਦੋਸ਼ ਲਾਇਆ। ਨਾਲ ਹੀ ਹਿਜ਼ਬੁੱਲਾ ਨੂੰ ਲੇਬਨਾਨ ਨੂੰ ਆਜ਼ਾਦ ਕਰਨ ਦੀ ਅਪੀਲ ਕੀਤੀ। ਇਸ ਦੌਰਾਨ ਨੇਤਨਯਾਹੂ ਨੇ ਜ਼ੋਰ ਦੇ ਕੇ ਕਿਹਾ ਕਿ ਇਜ਼ਰਾਈਲ ਹਿਜ਼ਬੁੱਲਾ ਵਿਰੁੱਧ ਆਪਣੀ ਲੜਾਈ ਜਾਰੀ ਰੱਖਣ ਲਈ ਵਚਨਬੱਧ ਹੈ।

# ਅਮਰੀਕੀ ਚੋਣਾਂ 'ਚ ਦਖ਼ਲ ਦੇਣ ਦੀ ਕੋਸ਼ਿਸ਼ ਕਰ ਰਹੀਆਂ ਹਨ ਵਿਦੇਸ਼ੀ ਸਰਕਾਰਾਂ: ਖ਼ੁਫ਼ੀਆ ਅਧਿਕਾਰੀ

ਵਾਸ਼ਿੰਗਟਨ/ਏ.ਟੀ.ਨਿਊਜ਼: ਅਮਰੀਕੀ ਖ਼ੁਫ਼ੀਆ ਅਧਿਕਾਰੀਆਂ ਨੇ ਚਿਤਾਵਨੀ ਦਿੱਤੀ ਕਿ ਵਿਦੇਸ਼ੀ ਸਰਕਾਰਾਂ ਇਸ ਸਾਲ ਹੋਣ ਵਾਲੀਆਂ ਰਾਸ਼ਟਰਪਤੀ ਚੋਣਾਂ 'ਚ ਅਮਰੀਕੀ ਲੋਕਤੰਤਰ 'ਚ ਦਖ਼ਲ ਦੇਣ ਦੀ ਕੋਸ਼ਿਸ਼ ਤਹਿਤ ਦੇਸ਼ ਭਰ 'ਚ ਪ੍ਰਤੀਨਿਧੀ ਸਭਾ ਅਤੇ ਸੈਨੇਟ ਦੇ ਚੋਣ ਮੁਕਾਬਲਿਆਂ ਨੂੰ ਪ੍ਰਭਾਵਿਤ ਕਰ ਰਹੀਆਂ ਹਨ। ਰੂਸ ਅਤੇ ਚੀਨ ਨੇ ਕੁਝ ਚੋਣ ਮੁਕਾਬਲਿਆਂ ਵਿੱਚ ਉਮੀਦਵਾਰਾਂ ਦੀ ਮਦਦ ਕਰਨ ਜਾਂ ਨੁਕਸਾਨ ਪਹੁੰਚਾਉਣ ਦੇ ਉਦੇਸ਼ ਨਾਲ ਇੱਕ ਮੁਹਿੰਮ ਸ਼ੁਰੂ ਕੀਤੀ ਹੈ।



ਨੈਸ਼ਨਲ ਇੰਟੈਲੀਜੈਂਸ ਦੇ ਡਾਇਰੈਕਟਰ ਦੇ ਦਫ਼ਤਰ ਦੇ ਇੱਕ ਅਧਿਕਾਰੀ ਨੇ ਇਹ ਨਹੀਂ ਦੱਸਿਆ ਕਿ ਕਿੰਨੇ ਮੁਤਾਬਲੇ ਪ੍ਰਭਾਵਿਤ ਹੋਏ ਹਨ। ਉਨ੍ਹਾਂ ਨੇ ਕਿਹਾ ਕਿ ਦੋਵਾਂ ਦੇਸ਼ਾਂ ਨੇ ਚੋਣ ਮੁਕਾਬਲਿਆਂ 'ਚ ਦਖ਼ਲ ਦਿੱਤਾ ਹੈ, ਜਿੱਥੇ ਉਹ ਮਹਿਸੂਸ ਕਰਦੇ ਹਨ ਕਿ ਉਨ੍ਹਾਂ ਦੇ ਰਾਸ਼ਟਰੀ ਸੁਰੱਖਿਆ ਹਿੱਤ ਦਾਅ 'ਤੇ ਹਨ। ਅਧਿਕਾਰੀਆਂ ਨੇ ਕਿਹਾ ਕਿ ਹੋਰ ਛੋਟੇ ਦੇਸ਼ ਵੀ ਚੋਣਾਂ ਵਿੱਚ ਦਖ਼ਲ ਦੇਣ ਦੀ ਕੋਸ਼ਿਸ਼ ਕਰ ਸਕਦੇ ਹਨ।

ਵਿਦੇਸ਼ੀ ਚੋਣ ਖਤਰਿਆਂ 'ਤੇ ਪਿਛਲੇ ਦਿਨੀਂ ਜਾਰੀ ਕੀਤੀ ਗਈ ਇੱਕ ਰਿਪੋਰਟ ਦੇ ਅਨੁਸਾਰ ਕਿਊਬਾ ਲਗਭਗ ਨਿਸ਼ਚਤ ਤੌਰ 'ਤੇ ਅਜਿਹੇ ਉਮੀਦਵਾਰਾਂ ਨੂੰ ਉਤਸ਼ਾਹਿਤ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ, ਜੋ ਉਥੇ ਦੀ ਸਰਕਾਰ ਨੂੰ ਲੱਗਦਾ ਹੈ ਕਿ ਅਮਰੀਕਾ ਵਿੱਚ ਉਨ੍ਹਾਂ ਦੇ ਹਿੱਤਾਂ ਦਾ ਸਮਰਥਨ ਕਰਨਗੇ। ਖ਼ੁਫ਼ੀਆ ਅਧਿਕਾਰੀਆਂ ਨੇ ਇਹ ਰਿਪੋਰਟ ਹਾਊਸ ਆਫ਼ ਰਿਪ੍ਰਜ਼ੈਂਟੇਟਿਵ (ਪ੍ਰਤੀਨਿਧੀ ਸਭਾ) ਅਤੇ ਸੈਨੇਟ ਲਈ ਸਖ਼ਤ ਚੋਣ ਮੁਕਾਬਲੇ ਦੌਰਾਨ ਜਾਰੀ ਕੀਤੀ ਹੈ। ਉਨ੍ਹਾਂ ਨੇ ਆਪਣਾ ਨਾਮ ਗੁਪਤ ਰੱਖਣ ਦੀ ਸ਼ਰਤ 'ਤੇ ਪੱਤਰਕਾਰਾਂ ਨੂੰ ਦੱਸਿਆ ਕਿ ਰੂਸ ਅਤੇ ਚੀਨ ਦੇ ਨੇਤਾ ਅਮਰੀਕੀ ਰਾਜਨੀਤਿਕ ਪ੍ਰਣਾਲੀ ਨੂੰ ਚੰਗੀ ਤਰ੍ਹਾਂ ਸਮਝਦੇ ਹਨ ਅਤੇ ਮੰਨਦੇ ਹਨ ਕਿ ਇਸ ਸਾਲ ਦਾ ਨਜ਼ਦੀਕੀ ਚੋਣ ਮੁਕਾਬਲਾ ਗਲਤ ਜਾਣਕਾਰੀ ਲਈ ਚੰਗੇ ਹਾਲਾਤ ਪੈਦਾ ਕਰਦਾ ਹੈ।

ਅਧਿਕਾਰੀਆਂ ਨੇ ਕਿਹਾ ਕਿ ਚੀਨ ਨੇ ਤਾਈਵਾਨ ਲਈ ਸਮਰਥਨ ਸਮੇਤ ਬੀਜਿੰਗ ਨੂੰ ਤਰਜੀਹ ਦੇਣ ਵਾਲੇ ਮੁੱਦਿਆਂ 'ਤੇ ਉਮੀਦਵਾਰਾਂ ਰੁਖ ਦੇ ਆਧਾਰ 'ਤੇ ਦੋਵਾਂ ਪਾਰਟੀਆਂ ਦੇ ਉਮੀਦਵਾਰਾਂ ਨੂੰ ਨਿਸ਼ਾਨਾ ਬਣਾਇਆ ਹੈ। ਹਾਲਾਂਕਿ ਰੂਸ, ਚੀਨ, ਈਰਾਨ ਅਤੇ ਕਿਊਬਾ ਦੇ ਅਧਿਕਾਰੀਆਂ ਨੇ ਸਾਰੇ ਦੋਸ਼ਾਂ ਨੂੰ ਰੱਦ ਕਰ ਦਿੱਤਾ ਹੈ ਕਿ ਉਨ੍ਹਾਂ ਦੀਆਂ ਸਰਕਾਰਾਂ ਅਮਰੀਕੀ ਚੋਣਾਂ ਵਿੱਚ ਦਖ਼ਲ ਦੇਣ ਦੀ ਕੋਸ਼ਿਸ਼ ਕਰ ਰਹੀਆਂ ਹਨ।

# ਲੋਕ ਹਿੱਤ ਵਿੱਚ ਕਿਉਂ ਨਹੀਂ ਚੱਲਿਆ ਮੁੱਖ ਮੰਤਰੀ ਦਾ ਹਰਾ ਪੈੱਨ...

15 ਅਕਤੂਬਰ ਨੂੰ ਪੰਚਾਇਤੀ ਚੋਣਾਂ ਹੋਣਗੀਆਂ ਤੇ ਉਸੇ ਦਿਨ ਹੀ ਨਤੀਜੇ ਐਲਾਨ ਦਿੱਤੇ ਜਾਣਗੇ। ਭਾਵੇਂ 'ਆਪ' ਪਾਰਟੀ ਵਾਲੇ ਕਹਿੰਦੇ ਨੇ ਕਿ ਪੰਚਾਇਤੀ ਚੋਣਾਂ ਸ਼ਾਂਤੀ ਦੇ ਨਾਲ ਨੇਪਰੇ ਚੜ੍ਹਾ ਰਹੇ ਹਾਂ ਪਰ ਕਈ ਥਾਂਵਾਂ 'ਤੇ ਸਹਿਮਤੀਆਂ ਵੀ ਧੱਕੇ ਦੇ ਨਾਲ ਹੀ ਹੋਈਆਂ ਨੇ। ਵਿਰੋਧੀ ਧਿਰ ਦੋਸ਼ ਤੇ ਦੋਸ਼ ਲਗਾ ਰਹੀ ਹੈ ਕਿ ਸਾਡੇ ਕਾਗ਼ਜ਼ ਰੱਦ ਹੋਏ, ਚੁੱਲ੍ਹੇ ਟੈਕਸ ਦੀਆਂ ਪਰਚੀਆਂ ਨਹੀਂ ਮਿਲੀਆਂ, ਨਾਮਜ਼ਦਗੀ ਦੀਆਂ ਪਰਚੀਆਂ ਪਾੜੀਆਂ ਗਈਆਂ ਵਗੈਰਾ ਵਗੈਰਾ। ਬਿਕਰਮ ਸਿੰਘ ਮਜੀਠੀਆ ਆਪਣੀਆਂ ਤਿੱਖੀਆਂ ਟਿੱਪਣੀਆਂ ਦੇ ਨਾਲ 'ਆਪ' ਪਾਰਟੀ ਨੂੰ ਘੇਰ ਰਿਹਾ। ਰਾਜ ਵੜਿੰਗ ਧਰਨੇ 'ਤੇ ਬੈਠਾ ਹੈ ਤੇ ਤਨਖ਼ਾਹੀਆ ਕਰਾਰ ਹੋਣ ਦੇ ਬਾਵਜੂਦ ਸੁਖਬੀਰ ਬਾਦਲ ਪੰਚਾਇਤੀ ਚੋਣਾਂ ਵਿੱਚ ਹੋ ਰਹੇ ਧੱਕੇ ਦੇ ਖ਼ਿਲਾਫ਼ ਕੋਰਟ 'ਚ ਪਟੀਸ਼ਨਾਂ ਪਾਉਣ ਦੀਆਂ ਗੱਲਾਂ ਕਰ ਰਿਹਾ ਹੈ। ਮੁੱਕਦੀ ਗੱਲ ਆਪਸੀ ਲੜਾਈ ਵਕੀਲਾਂ ਦੇ ਢਿੱਡ ਭਰੇਗੀ। ਅਸਲ ਵਿੱਚ ਪੰਜਾਬ ਦੇ ਵਿੱਚ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਦੀ ਚਰਚਾ ਵੀ ਜ਼ੋਰਾਂ 'ਤੇ ਹੈ ਤੇ ਉਧਰ ਚਰਚਾ ਦੇ ਵਿੱਚ ਪੰਜਾਬ ਸਰਕਾਰ ਏਸ ਲਈ ਵੀ ਹੈ ਕਿ ਉਸ ਨੇ 1150 ਕਰੋੜ ਰੁਪਏ ਦਾ ਨਵਾਂ ਕਰਜ਼ਾ ਲੈ ਲਿਆ ਹੈ ਤੇ ਹੁਣ ਤੱਕ ਪੰਜਾਬ ਸਿਰ 3.85 ਲੱਖ ਕਰੋੜ ਦਾ ਕਰਜ਼ਾ ਹੋ ਗਿਆ ਹੈ। ਤੇ ਚਰਚਾ ਨੇ ਪਿੱਛਾ ਭਗਵੰਤ ਮਾਨ ਦਾ ਵੀ ਨਹੀਂ ਛੱਡਿਆ। ਖ਼ਬਰਾਂ ਇਹ ਨੇ ਕਿ ਮੁੱਖ ਮੰਤਰੀ ਨਾਲ ਸਲਾਹਕਾਰ ਬੈਠਾ ਦਿੱਤਾ ਗਿਆ ਹੈ ਕਿਉਂਕਿ ਲੰਘੇ ਸਮੇਂ ਤੋਂ ਕਿਆਸ ਅਰਾਈਆਂ ਲੱਗ ਰਹੀਆਂ ਸਨ ਕਿ ਭਗਵੰਤ ਮਾਨ ਦੀ ਸ਼ਕਤੀ ਵੰਡ ਕੀਤੀ ਜਾ ਸਕਦੀ ਹੈ। ਬੀਬਭ ਕੁਮਾਰ ਨੂੰ ਮੁੱਖ ਮੰਤਰੀ ਭਗਵੰਤ ਮਾਨ ਦਾ ਸਲਾਹਕਾਰ ਨਿਯੁਕਤ ਕਰਨ ਦੀ ਗੱਲ ਕਹੀ ਜਾ ਰਹੀ ਹੈ। ਸੀ.ਐਮ.ਓ. ਦੇ ਵਿੱਚ ਬੀਬਭ ਕੁਮਾਰ ਅਧਿਕਾਰਤ ਤੌਰ 'ਤੇ ਕੰਮ ਕਾਜ ਵੇਖਣਗੇ। ਦਿੱਲੀ ਵਾਲਿਆਂ ਨੂੰ ਹਮੇਸ਼ਾ ਹੀ ਇਹ ਲੱਗਿਐ ਕਿ ਪੰਜਾਬ ਨੂੰ ਅਸੀਂ ਹੀ ਚਲਾ ਸਕਦੇ ਹਾਂ। ਕੀ ਹੁਣ ਭਗਵੰਤ ਮਾਨ ਦੀ ਲੋੜ ਕੇਜਰੀਵਾਲ ਨੂੰ ਘੱਟ ਗਈ ਹੈ? ਕਦੇ ਤਾਂ ਪੰਜਾਬ ਦਾ ਚੌਪਰ ਨੈਸ਼ਨਲ ਪਾਰਟੀ ਬਣਾਉਣ ਦੇ ਲਈ ਕੇਜਰੀਵਾਲ ਦੇ ਨਾਲ ਜਾਂਦਾ ਹੁੰਦਾ ਸੀ ਹੁਣ ਏਨੀ ਖਟਾਸ ਕਿਓਂ? ਉਦੋਂ ਭਗਵੰਤ ਮਾਨ ਆਪ ਕਹਿੰਦੇ ਸੀ ਕਿ ਨੈਸ਼ਨਲ ਲੈਵਲ 'ਤੇ ਪੰਜਾਬ ਦਾ ਦਖ਼ਲ ਵੱਧ ਰਿਹੈ। ਅਸਲ ਵਿੱਚ ਦਖ਼ਲ ਉਦੋਂ ਘੱਟ ਰਿਹਾ ਸੀ। ਕੀ ਪੰਜਾਬ ਵਿੱਚ ਰਹਿਣ ਵਾਲੇ ਪੰਜਾਬ ਨੂੰ ਨਹੀਂ ਸੰਭਾਲ ਸਕੇ? ਸਮਝ ਨਹੀਂ ਆਉਂਦੀ ਕਿ ਕੇਜਰੀਵਾਲ ਦੇ ਨਾਲ ਜੁੜੇ ਬੰਦਿਆਂ ਦਾ ਕੋਈ ਬਹੁਤਾ ਪ੍ਰਸ਼ਾਸਨਿਕ ਤਜਰਬਾ ਨਹੀਂ ਹੁੰਦਾ ਤੇ ਅੱਧੀ ਸਟੇਟ ਦੇ ਵਿੱਚ ਪੂਰੀ ਤਰ੍ਹਾਂ ਉਲਝੇ ਹੋਏ ਬੰਦੇ ਮੁਕੰਮਲ ਸਟੇਟ 'ਤੇ ਤਜਰਬੇ ਕਿਉਂ ਕਰ ਰਹੇ ਹਨ? ਸੱਚਾਈ ਤਾਂ ਇਹ ਹੈ ਕਿ ਪੰਜਾਬ ਨੂੰ ਪੰਜਾਬ ਪ੍ਰਤੀ ਵਫ਼ਾਦਾਰ ਬੰਦੇ ਚਾਹੀਦੇ ਨੇ ਨਾ ਕਿ ਆਪ ਸਰਕਾਰ ਦੇ ਲਈ ਹੀ ਵਫ਼ਾਦਾਰੀ ਹੋਵੇ। ਲੰਘੇ ਸਮੇਂ ਦੇ ਤੌਰ ਤਰੀਕਿਆਂ ਤੋਂ ਲੱਗਦਾ ਹੈ ਕਿ ਭਗਵੰਤ ਮਾਨ ਨੂੰ ਡੰਮੀ ਬਣਾ ਕੇ ਤਾਕਤ ਆਪਣੇ ਹੱਥਾਂ ਵਿੱਚ ਕਰੀ ਜਾ ਰਹੇ ਨੇ ਤੇ ਜਦੋਂ ਸੱਤਾ ਦੀ ਭੁੱਖ ਐਹੋ ਜਿਹੀ ਹੋਵੇ, ਉਸ ਸਮੇਂ ਸਰਕਾਰ ਸਟੇਟ ਦਾ ਭਲਾ ਨਹੀਂ ਕਰ ਸਕਦੀ। ਅੱਜ ਮੁੱਖ ਸਕੱਤਰ ਅਨੁਰਾਗ ਵਰਮਾ ਨੂੰ ਵੀ ਹਟਾ ਦਿੱਤਾ ਗਿਆ ਹੈ ਤੇ ਉਸ ਦਾ ਅਹੁਦਾ ਕੇ ਪੀ ਸਿਨਹਾ ਨੂੰ ਦੇ ਦਿੱਤਾ ਗਿਆ ਹੈ। ਕੀ ਪੰਜਾਬ ਦੇ ਵਿੱਚ ਕੋਈ ਆਰਥਿਕ ਸਲਾਹਕਾਰ ਹੈ ਨਹੀਂ, ਬਹੁਤ ਨੇ। ਪਰ ਪੰਜਾਬ ਦਾ ਹੁਨਰ ਦਿੱਲੀ ਵਾਲਿਆਂ ਨੂੰ ਲੱਭਦਾ ਹੀ ਕਿੱਥੇ ਹੈ? ਦਿੱਲੀ ਦਖ਼ਲ ਭਗਵੰਤ ਮਾਨ ਦੇ ਪੈਰਾਂ ਹੇਠੋਂ ਜ਼ਮੀਨ ਖਿਸਕਾ ਰਿਹੈ ਪਰ ਹੈਰਾਨੀ ਦੀ ਗੱਲ ਇਹ ਹੈ ਕਿ ਭਗਵੰਤ ਮਾਨ ਵੀ ਖਿਸਕਣ ਦੇ ਰਿਹੈ। ਭਗਵੰਤ ਮਾਨ ਨੂੰ ਤਾਂ ਦਿੱਲੀ ਵਾਲਿਆਂ ਨੇ ਨੀਂਹ ਪੱਥਰ ਆਪਣੀ ਮਰਜ਼ੀ ਨਾਲ ਨਹੀਂ ਰੱਖਣ ਦਿੱਤੇ। ਸੀ.ਐਮ 'ਤੇ ਦਬਾਅ ਹਮੇਸ਼ਾ ਹੀ ਦਿੱਲੀ ਵਾਲੇ ਲਾਲੇ ਨੇ ਬਣਾ ਕੇ ਰੱਖਿਐ। ਢਾਈ ਸਾਲ ਹੋ ਗਏ ਨੇ ਆਪ ਸਰਕਾਰ ਸੱਤਾ ਵਿੱਚ ਆਈ ਨੂੰ ਕਦੇ ਭਗਵੰਤ ਮਾਨ ਕਹਿੰਦਾ ਸੀ ਕਿ ਹੁਣ "ਹਰਾ ਪੈੱਨ ਮੇਰੇ ਹੱਥ ਵਿੱਚ ਆ ਗਿਆ ਹੈ, ਲੋਕਾਂ ਦੇ ਹੱਕ ਦੇ ਵਿੱਚ ਚੱਲੇਗਾ।" ਪਰ ਉਹ ਹਰਾ ਪੈੱਨ ਅੱਜ ਤੱਕ ਲੋਕ ਹੱਕ ਵਿੱਚ ਨਹੀਂ ਚੱਲਿਆ। ਹੋਰ ਕੁਝ ਨਹੀਂ ਐਗਰੀਕਲਚਰ ਪਾਲਿਸੀ 'ਤੇ ਹੀ ਹਰਾ ਪੈੱਨ ਚਲ ਜਾਂਦਾ। ਮਾਈਨਿੰਗ ਘਪਲੇ 'ਤੇ ਚੱਲ ਜਾਂਦਾ ਤਾਂ ਕਿੰਨੀ ਵਧੀਆ ਗੱਲ ਸੀ। ਗੈਂਗਸਟਰਾਂ ਦੀ ਗੁੰਡਾਗਰਦੀ ਨੂੰ ਰੋਕਣ ਲਈ ਇਹ ਹਰਾ ਪੈੱਨ ਚਲਦਾ ਤਾਂ ਪੰਜਾਬ ਦੇ ਲੋਕ ਸੁੱਖ ਦਾ ਸਾਹ ਲੈਂਦੇ। ਸਮਝ ਨਹੀਂ ਆਉਂਦੀ ਕਿ ਇਹ ਹਰਾ ਪੈਨ ਮਾਨ ਸਾਹਿਬ ਨੇ ਰੱਖਿਆ ਕਿਥੇ ਹੈ? ਦੁੱਖ ਦੀ ਗੱਲ ਇਹ ਹੈ ਕਿ ਭਗਵੰਤ ਮਾਨ ਢਾਈ ਸਾਲ ਦੇ ਵਿੱਚ ਨਾ ਤਾਂ ਦਿੱਲੀ ਸੁਪਰੀਮੋ ਨੂੰ ਖ਼ੁਸ਼ ਕਰ ਸਕਿਆ ਤੇ ਨਾ ਹੀ ਪੰਜਾਬ ਵਾਲਿਆਂ ਨੂੰ। ਸਵਾਲ ਤਾਂ ਇਹ ਵੀ ਉਠਦੈ ਕਿ ਜੇ ਤੁਸੀਂ ਪੰਜਾਬ ਦੇ ਮੁੱਖ ਮੰਤਰੀ ਨੂੰ ਹੀ ਪੂਰੀ ਆਜ਼ਾਦੀ ਨਹੀਂ ਦੇ ਰਹੇ ਤਾਂ ਪੰਚਾਂ ਸਰਪੰਚਾਂ ਦੇ ਅਧਿਕਾਰ ਕਿਥੇ ਜਾਣਗੇ? ਦਿੱਲੀ ਵਾਲਿਆਂ ਨੂੰ ਲੋਕਾਂ ਦੀਆਂ ਭਾਵਨਾਵਾਂ ਦਾ ਖ਼ਿਆਲ ਰੱਖਣਾ ਪਵੇਗਾ। ਪੰਜਾਬ ਦੀ ਮਾਣ ਮਰਿਆਦਾ ਵਾਲੀ ਗੱਲ ਕਾਇਮ ਰੱਖਣੀ ਪਵੇਗੀ ਪਰ ਸੀ.ਐਮ ਚੁੱਪ ਹੈ ਤਾਂ ਫਿਰ ਕੋਈ ਕੀ ਆਖੇ? ਪਰ ਦੁੱਖ ਹੈ ਕਿ ਪਾਵਰ ਲੈਸ ਕਿਉਂ ਕੀਤਾ ਜਾ ਰਿਹੈ? ਤੇ ਸੱਚ ਇਹ ਹੈ ਕਿ ਪੰਜਾਬ ਦੇ ਲੋਕ ਕਦੇ ਵੀ ਨਹੀਂ ਚਾਹੁਣਗੇ ਕਿ ਦਿੱਲੀ ਵਾਲੇ ਸਾਡੇ 'ਤੇ ਰਾਜ ਕਰਨ।



ਅਮਰੀਕੀ ਰਾਸ਼ਟਰਪਤੀ ਚੋਣਾਂ

# ਕਮਲਾ ਹੈਰਿਸ ਨੂੰ ਸਖ਼ਤ ਚੁਣੌਤੀ ਦਾ ਸਾਹਮਣਾ

## 'ਦੇਸ਼ ਠੀਕ ਦਿਸ਼ਾ ਵੱਲ ਜਾ ਰਿਹਾ ਹੈ', ਨੂੰ ਮੰਨਣ ਵਾਲੇ ਲੋਕਾਂ ਦਾ ਗਰਾਫ਼ ਹੇਠਾਂ ਡਿੱਗਿਆ

ਸੈਕਰਾਮੈਂਟੋ, ਕੈਲੀਫ਼ੋਰਨੀਆ/ ਹੁਸਨ ਲੜੋਆ ਬੰਗਾ: ਹਾਲਾਂਕਿ ਰਾਸ਼ਟਰਪਤੀ ਅਹੁਦੇ ਲਈ ਡੈਮੋਕਰੈਟਿਕ ਉਮੀਦਵਾਰ ਕਮਲਾ ਹੈਰਿਸ ਤੇ ਰਿਪਬਲੀਕਨ ਉਮੀਦਵਾਰ ਡੋਨਲਡ ਟਰੰਪ ਵਿਚਾਲੇ ਫ਼ਸਵਾਂ ਮੁਕਾਬਲਾ ਹੈ ਪਰੰਤੂ ਵਿਸ਼ਲੇਸ਼ਣਕਾਰਾਂ ਦਾ ਮੰਨਣਾ ਹੈ ਕਿ ਹੈਰਿਸ ਲਈ ਵੱਡੀ ਚੁਣੌਤੀ ਉਹ ਲੋਕ ਹਨ ਜੋ ਸੋਚਦੇ ਹਨ ਕਿ ਇਸ ਸਮੇ ਦੇਸ਼ ਸਹੀ ਦਿਸ਼ਾ ਵੱਲ ਨਹੀਂ ਜਾ ਰਿਹਾ। ਇਨਾਂ ਲੋਕਾਂ ਦਾ ਮੰਨਣਾ ਹੈ ਕਿ ਦੇਸ਼ ਭਟਕ ਗਿਆ ਹੈ। ਹੈਰਿਸ ਲਈ ਇਹ ਲੋਕ ਵੱਡੀ ਚੁਣੌਤੀ ਬਣ ਸਕਦੇ ਹਨ। ਇੱਕ ਤਾਜ਼ਾ ਸਰਵੇ ਵਿੱਚ ਅਮਰੀਕੀਆਂ ਨੂੰ ਪੁੱਛਿਆ ਗਿਆ ਕਿ ਕੀ ਦੇਸ਼ ਸਹੀ ਦਿਸ਼ਾ ਜਾਂ ਗਲਤ ਪੱਟੜੀ 'ਤੇ ਜਾ ਰਿਹਾ ਹੈ ਤਾਂ ਇਸ ਦੇ ਨਤੀਜੇ ਜੋ ਆਏ ਉਹ ਸਪੱਸ਼ਟ ਤੌਰ 'ਤੇ ਡੈਮੋਕਰੈਟਿਕ ਉਮੀਦਵਾਰ ਲਈ ਚੁਣੌਤੀ ਬਣ ਸਕਦੇ ਹਨ। ਐਨ. ਬੀ. ਸੀ. ਨਿਊਜ਼ ਦੇ ਤਾਜ਼ਾ ਸਰਵੇ ਅਨੁਸਾਰ ਕੇਵਲ 28% ਅਮਰੀਕੀਆਂ ਦਾ ਵਿਸ਼ਵਾਸ਼ ਹੈ ਕਿ ਇਸ ਸਮੇ ਦੇਸ਼ ਦੀ ਦਿਸ਼ਾ ਠੀਕ ਹੈ। 2021 ਵਿੱਚ ਜਦੋਂ ਜੋ ਬਾਇਡੇਨ ਨੇ ਚੋਣ ਜਿੱਤੀ ਸੀ ਤਾਂ ਉਸ ਸਮੇ ਇਹ ਪ੍ਰਤੀਸ਼ਤ 40% ਸੀ। ਕੋਈ ਵੀ ਸੱਤਾਧਾਰੀ ਪਾਰਟੀ ਇਹ ਨਹੀਂ ਚਾਹੇਗੀ ਕਿ ਜਦੋਂ ਚੋਣਾਂ ਵਿੱਚ ਕੇਵਲ ਇੱਕ ਮਹੀਨਾ ਰਹਿੰਦਾ ਹੋਵੇ ਤਾਂ ਲੋਕ ਉਸ ਬਾਰੇ ਨਾਕਾਰਤਮਿਕ ਸੋਚਣ। 1980 ਤੋਂ ਬਾਅਦ ਉਹ ਹੀ ਸੱਤਾਧਾਰੀ ਪਾਰਟੀ ਚੋਣ ਜਿੱਤਦੀ ਆਈ ਹੈ ਜਿਸ ਬਾਰੇ ਔਸਤ 42% ਅਮਰੀਕੀਆਂ ਨੇ ਕਿਹਾ ਸੀ ਕਿ ਉਹ ਦੇਸ਼ ਨੂੰ ਸਹੀ ਦਿਸ਼ਾ ਵੱਲ ਲਿਜਾ ਰਹੀ ਹੈ। ਰਾਜਾਂ ਨੂੰ ਨੇੜਿਉਂ ਘੋਖਣ ਤੋਂ ਬਾਅਦ ਇਹ ਸਪੱਸ਼ਟ ਹੋਇਆ ਹੈ

ਕਿ ਇੱਕ ਵੀ ਅਜਿਹੀ ਉਦਾਹਰਣ ਨਹੀਂ ਹੈ ਕਿ ਜਦੋਂ ਕੋਈ ਸੱਤਾਧਾਰੀ ਪਾਰਟੀ ਉਸ ਸਮੇ ਮੁੜ ਚੋਣ ਜਿੱਤੀ ਹੋਵੇ ਜਦੋਂ 39% ਤੋਂ ਘੱਟ ਲੋਕਾਂ ਨੇ ਕਿਹਾ ਹੋਵੇ ਕਿ ਦੇਸ਼ ਦੀ ਦਿਸ਼ਾ ਠੀਕ ਹੈ। ਕਮਲਾ ਹੈਰਿਸ ਲਈ 28% ਦਾ ਅੰਕੜਾ ਪ੍ਰੇਸ਼ਾਨ ਕਰਨ ਵਾਲਾ ਹੈ।



# ਯਮਲਾ ਜੱਟ ਦੀ ਯਾਦ ਨੂੰ ਸਮਰਪਿਤ 24ਵਾਂ ਸਲਾਨਾ ਮੇਲਾ ਫ਼ਾਊਲਰ ਵਿਖੇ 12 ਨੂੰ

## ਨਾਮਵਰ ਗਾਇਕ ਲਾਉਣਗੇ ਖੁੱਲ੍ਹਾ ਅਖਾੜਾ

ਕੈਲੀਫ਼ੋਰਨੀਆ/ਏ.ਟੀ.ਨਿਊਜ਼ : ਪੰਜਾਬੀ ਗਾਇਕੀ ਦੇ ਬਾਬਾ ਬੋਹੜ ਤੂੰਬੀ ਦੇ ਬਾਦਸ਼ਾਹ ਮਰਹੂਮ ਗਾਇਕ ਉਸਤਾਦ ਲਾਲ ਚੰਦ ਯਮਲਾ ਜੱਟ ਦੀ ਯਾਦ ਨੂੰ ਸਮਰਪਿਤ 24 ਵੇਂ ਸਲਾਨਾ ਮੇਲੇ ਦੀਆਂ ਤਿਆਰੀਆਂ ਸੰਬੰਧੀ ਉਸਤਾਦ ਲਾਲ ਚੰਦ ਯਮਲਾ ਜੱਟ ਮੈਮੋਰੀਅਲ ਫਾਉਡੇਸ਼ਨ ਦੇ ਸਮੂੰਹ ਮੈਂਬਰਾਂ ਵੱਲੋਂ ਫਰਿਜ਼ਨੋ ਵਿਖੇ ਇੱਕ ਵਿਸ਼ੇਸ਼ ਮੀਟਿੰਗ ਕੀਤੀ ਗਈ। ਜਿਸ ਵਿੱਚ ਇਹ ਦੱਸਿਆ ਗਿਆ ਕਿ ਇਸ ਸਾਲ ਮੇਲਾ 12 ਅਕਤੂਬਰ 2024, ਦਿਨ ਸ਼ਨੀਵਾਰ ਨੂੰ ਹੋਣ ਵਾਲੇ ਮੇਲੇ ਦੀਆਂ ਸਭ ਤਿਆਰੀਆਂ ਮੁਕੰਮਲ ਹੋ ਚੁੱਕੀਆਂ ਹਨ। ਇਸ ਮੇਲੇ ਵਿੱਚ ਹਰ ਸਾਲ ਦੀ ਤਰ੍ਹਾਂ ਸਥਾਨਕ ਕਲਾਕਾਰਾਂ ਤੋਂ ਇਲਾਵਾ ਕੈਨੇਡਾ ਅਤੇ ਭਾਰਤ ਤੋਂ ਹੋਰ ਬਹੁਤ ਸਾਰੇ ਸਾਰੇ ਕਲਾਕਾਰ ਵੀ ਹਾਜ਼ਰੀ ਭਰਨਗੇ। ਮੇਲੇ ਦੇ ਮੁੱਖ ਪ੍ਰਬੰਧਕ ਰਾਜਿੰਦਰ ਸਿੰਘ ਬਰਾੜ (ਰਾਜ ਬਰਾੜ ਯਮਲਾ) ਨੇ ਦੱਸਿਆ ਕਿ ਇਸ ਸਾਲ ਖਾਸ ਤੌਰ 'ਤੇ ਯਮਲਾ ਜੀ ਨੂੰ



ਆਪਣਾ ਅਦਰਸ਼ ਮੰਨਣ ਵਾਲੇ ਛੋਟੀ ਉਮਰ ਤੋਂ ਯਮਲੇ ਦੀ ਗਾਇਕੀ ਨਾਲ ਜੁੜੇ ਬੁਲੰਦ ਆਵਾਜ਼ ਅਤੇ ਤੂੰਬੀ ਦੀਆਂ ਸੁਰਾਂ ਨਾਲ ਯਮਲੇ ਦੇ ਗੀਤ ਗਾਉਣ ਵਾਲੇ ਗਾਇਕ ਪਵਨਜੋਤ ਯਮਲਾ ਵੀ ਵਿਸ਼ੇਸ਼ ਤੌਰ 'ਤੇ ਕੈਨੇਡਾ ਤੋਂ ਪਹੁੰਚ ਰਹੇ ਹਨ। ਇਸੇ ਤਰ੍ਹਾਂ ਸਥਾਨਕ ਕਲਾਕਾਰਾਂ ਵਿੱਚ ਰਾਜ ਬਰਾੜ ਯਮਲਾ, ਅਵਤਾਰ ਸਿੰਘ ਗਰੇਵਾਲ, ਰਾਣੀ ਗਿੱਲ, ਕਾਂਤਾ ਸਹੋਤਾ, ਉਂਕਾਰ ਗਿੱਲ, ਬਾਈ ਸੁਰਜੀਤ ਮਾਛੀਵਾੜਾ, ਧਰਮਵੀਰ ਥਾਂਦੀ, (ਬਾਕੀ ਸਫ਼ਾ 30 'ਤੇ)

# 'ਇੱਕ ਪੰਥ ਇੱਕ ਸੋਚ' ਦਾ ਸੁਨੇਹਾ ਦਿੰਦੇ ਹੋਏ ਸੈਂਟਰਲ ਵੈਲੀ ਕੈਲੀਫ਼ੋਰਨੀਆ ਦੇ ਗੁਰੂ ਘਰਾਂ ਨੇ ਇਕੱਠੇ ਹੋ ਕੇ ਕੀਤਾ ਕੀਰਤਨ ਦਰਬਾਰ

ਫਰਿਜ਼ਨੋ /ਏ .ਟੀ .ਨਿਊ ਜ਼: ਕੈਲੀਫ਼ੋਰਨੀਆ ਦੀ ਸੈਂਟਰਲ ਵੈਲੀ ਦੇ ਸ਼ਹਿਰ ਫਰਿਜ਼ਨੋ ਅਤੇ ਇਲਾਕੇ ਦੀਆਂ ਸੰਗਤਾਂ ਵਲੋਂ ਸਮੁੱਚੇ ਸਿੱਖਾਂ ਦੀ ਏਕਤਾ ਦੇ ਮਿਸ਼ਨ ਇੱਕ ਪੰਥ ਇੱਕ ਸੋਚ ਨੂੰ ਮੁੱਖ ਰੱਖਦੇ ਹੋਏ ਗੁਰਦੁਆਰਾ ਗੁਰੂ ਨਾਨਕ ਪ੍ਰਕਾਸ਼ ਫਰਿਜ਼ਨੋ ਵਿਖੇ ਸਮੂਹ ਗੁਰੂ ਘਰਾਂ ਅਤੇ ਸੰਗਤਾਂ ਦੇ ਸਹਿਯੋਗ ਨਾਲ ਕੀਰਤਨ ਦਰਬਾਰ ਕਰਵਾਇਆ ਗਿਆ। ਇਸ ਸਮੇਂ ਆਤਮਰਸ ਕੀਰਤਨ ਦਰਬਾਰ ਵਿੱਚ ਵੱਖ-ਵੱਖ ਵਿਚਾਰਧਾਰਾ ਜਾਂ ਮਰਿਯਾਦਾ ਵਿੱਚ ਵੰਡੇ ਕਹੇ ਜਾਣ ਵਾਲੇ ਗੁਰੂ ਘਰਾਂ ਦੇ ਰਾਗੀ ਢਾਡੀ ਵੀਰਾਂ ਅਤੇ ਸੰਗਤਾਂ ਨੇ ਇੱਕ ਥਾਂ ਇਕੱਤਰ ਹੋ ਕੇ ਆਪ ਸਿੱਖ ਏਕਤਾ 'ਤੇ ਪਹਿਰਾ ਦਿੰਦੇ ਹੋਏ ਸੰਸਾਰ ਭਰ ਦੇ ਸਿੱਖਾਂ ਨੂੰ ਵੀ ਏਕਤਾ ਦੀ ਅਪੀਲ ਕੀਤੀ। ਜਿਸ ਵਿੱਚ



ਗੁਰਦੁਆਰਾ ਨਾਨਕਸਰ, ਦਰਬਾਰ ਸ਼੍ਰੀ ਗੁਰੂ ਗ੍ਰੰਥ ਸਾਹਿਬ, ਗੁਰਦੁਆਰਾ ਗੁਰੂ ਰਵਿਦਾਸ ਸਭਾ ਫਰਿਜ਼ਨੋ, ਸੈਲਮਾ ਦੇ ਗੁਰਦੁਆਰਾ ਕਲਗੀਧਰ, ਗੁਰਦੁਆਰਾ ਸਿੱਖ ਸੈਂਟਰ ਆਫ਼ ਪੈਸ਼ੀਫਿਕ ਕੋਸ਼ਟ ਹਾਈਲੈਂਡ ਐਵਨਿਊ, ਗੁਰਦੁਆਰਾ



ਕਰੰਦਰਜ਼ ਮੰਡੇਰਾ, ਗੁਰਦੁਆਰਾ ਅਨੰਦਗੜ੍ਹ ਸਾਹਿਬ ਕਰਮਨ, ਗੁਰੂ ਨਾਨਕ ਸਿੱਖ ਟੈਂਪਲ ਸਨਵਾਕੀਨ, ਗੁਰੂ ਘਰ ਟੂਲੈਰੀ ਅਤੇ ਹੋਰ ਸਥਾਨਿਕ ਗੁਰੂ ਘਰਾਂ ਨੇ ਜਥੇ ਭੇਜ ਕੇ ਜਿਥੇ ਆਪਣੇ ਏਕੇ ਦਾ ਸਬੂਤ ਦਿੱਤਾ। ਉੱਥੇ ਸੰਗਤਾਂ ਨੇ ਵੀ ਭਰਪੂਰ ਹਾਜ਼ਰੀ ਭਰਦੇ ਹੋਏ ਗੁਰਬਾਣੀ ਕੀਰਤਨ ਅਤੇ ਗੁਰੂ ਜਸ ਸਰਵਣ ਕੀਤਾ। ਇਸ ਸਮੇਂ ਇਲਾਕੇ ਦੇ ਸਥਾਨਿਕ ਪੰਜਾਬੀ ਮੀਡੀਆਂ ਨੇ ਵੀ ਹਾਜ਼ਰੀ ਭਰੀ। ਇਸ ਸਮੇਂ ਸਭ ਦੀ ਇਕੋ ਵਿਚਾਰਧਾਰਾ ਸੀ ਕਿ ਅੱਜ ਪੂਰੇ ਸੰਸਾਰ ਦੇ ਸਿੱਖਾਂ ਨੂੰ ਸਰਬੱਤ ਦੇ ਭਲੇ ਲਈ ਇੱਕ ਹੋਣ ਦੀ ਸਖ਼ਤ ਲੋੜ ਹੈ। ਸਥਾਨਕ ਨਿਊਜ਼ ਚੈਨਲ 'ਸਰਬੱਤ ਦਾ ਭਲਾ' ਅਤੇ ਸਿੰਘ ਪ੍ਰੋਡਕਸ਼ਨ ਯੂ.ਐਸ.ਏ. ਨੇ ਇਸ ਅਦੁੱਤੀ ਗੁਰਬਾਣੀ ਕੀਰਤਨ ਦਾ ਦੂਰ-ਦੁਰਾਡੇ ਦੀਆਂ ਸੰਗਤਾਂ ਲਈ ਲਾਈਵ ਪ੍ਰਸਾਰਨ ਕੀਤਾ।

ਸਿੱਖ ਏਕੇ ਦੇ ਮਾਮਲੇ 'ਚ ਆਮ ਸੰਗਤਾਂ ਦਾ ਇਹ ਕਹਿਣਾ ਹੈ ਕਿ ਇਲਾਕੇ 'ਚ ਤੀਜੀ ਵਾਰ ਸਭ ਵੱਖ ਵੱਖ ਵਿਚਾਰਧਾਰਾ ਨਾਲ ਸਬੰਧਿਤ ਗੁਰੂ ਘਰਾਂ ਦੇ ਜਥਿਆਂ, ਪ੍ਰਬੰਧਕਾਂ, ਪਤਵੰਤੇ ਸੱਜਣਾਂ, ਮੀਡੀਆ ਵਲੋਂ ਇਕੋ ਜਗ੍ਹਾ ਬੈਠ ਕੇ ਪੂਰੇ ਸਿੱਖਾਂ ਦੇ ਏਕੇ ਲਈ ਅਰਦਾਸ ਬੇਨਤੀ ਕਰਨੀ ਆਪਣੇ ਆਪ 'ਚ ਇੱਕ ਇਤਿਹਾਸਿਕ ਘਟਨਾ ਹੈ। ਇੱਥੇ ਇਹ ਗੱਲ ਵਰਨਣਯੋਗ ਹੈ ਕਿ ਭਾਈ ਹਰਜਿੰਦਰ ਸਿੰਘ ਜੀ ਸ਼੍ਰੀਨਗਰ ਵਾਲਿਆਂ ਵਲੋਂ 'ਇੱਕ ਪੰਥ ਇੱਕ ਸੋਚ' ਬਾਰੇ ਪਿਛਲੇ ਦਿਨੀਂ ਭਰੇ ਦਰਬਾਰ ਵਿੱਚ ਸੰਗਤਾਂ ਨੂੰ ਅਪੀਲ ਕੀਤੀ ਗਈ ਸੀ। ਇਸੇ ਸਦਕਾ ਸੰਗਤਾਂ ਵੱਲੋਂ ਏਕੇ ਲਈ ਚੁੱਕੇ ਜਾ ਰਹੇ ਕਦਮਾਂ ਨੂੰ ਭਾਰੀ ਉਤਸ਼ਾਹ ਮਿਲਿਆ। ਇਸ ਏਕੇ ਦੇ ਮਿਸ਼ਨ ਸੰਬੰਧੀ ਅਗਰ ਸਾਡੇ ਆਗੂ ਵੀ ਧਿਆਨ ਦੇਣ ਤਾਂ ਆਉਣ ਵਾਲੇ ਸਮੇਂ 'ਚ ਇੱਕ ਨਵਾਂ ਇਤਿਹਾਸ ਰਚਿਆ ਜਾ ਸਕਦਾ ਹੈ। ਇਲਾਕੇ ਦੀਆਂ ਸੰਗਤਾਂ ਦੀ ਬੇਨਤੀ ਮਨਜ਼ੂਰ ਕਰਦੇ ਹੋਏ ਹੁਣ ਸਿੱਖ ਏਕਤਾ ਦੀ ਇਹ ਜ਼ਿੰਮੇਵਾਰੀ ਪੰਥ ਦੇ ਵੱਡੇ ਪਰਚਾਰਕਾਂ, ਆਗੂਆਂ ਅਤੇ ਵਿਸ਼ੇਸ਼ ਕਰਕੇ ਪੰਥ ਦੇ ਜਥੇਦਾਰਾਂ ਨੂੰ ਬਿਨਾਂ ਦੇਰ ਲਗਾਏ ਚੁੱਕਣੀ ਚਾਹੀਦੀ ਹੈ। ਇਸ ਪ੍ਰੋਗਰਾਮ ਦਾ ਅੰਤ ਸਰਬੱਤ ਦੇ ਭਲੇ ਦੀ ਅਰਦਾਸ ਨਾਲ ਹੋਇਆ। ਪ੍ਰੋਗਰਾਮ ਦੇ ਮੁੱਖ ਪ੍ਰਬੰਧਕਾਂ ਵਿੱਚੋਂ ਭਾਈ ਪਰਮਪਾਲ ਸਿੰਘ ਨੇ ਬੋਲਦੇ ਹੋਏ ਇਸ ਸਹਿਯੋਗ ਲਈ ਸੰਗਤਾਂ ਦਾ ਧੰਨਵਾਦ ਕੀਤਾ। ਗੁਰੂ ਦਾ ਲੰਗਰ ਅਤੁੱਟ ਵਰਤਿਆ।

# ਗਿ.ਕੇਵਲ ਸਿੰਘ ਨਿਰਦੋਸ਼ ਦੀ ਪੁਸਤਕ 'ਬਾਣੀ ਬਿਰਲਉ ਬੀਚਾਰਸੀ' ਗੁ. ਸ੍ਰੀ ਗੁਰੂ ਸਭਾ ਸਰੀ ਵਿਖੇ ਲੋਕ ਅਰਪਣ









ਸਰੀ/ਏ.ਟੀ.ਨਿਊਜ਼ : ਪੰਜਾਬੀ ਸਾਹਿਤ ਦੀ ਝੋਲੀ ਵਿੱਚ 38 ਕਿਤਾਬਾਂ ਪਾਉਣ ਵਾਲੇ ਪੰਥਕ ਕਵੀ ਅਤੇ ਗੁਰਮਤਿ ਦੇ ਵਿਦਵਾਨ ਗਿਆਨੀ ਕੇਵਲ ਸਿੰਘ ਨਿਰਦੋਸ਼ ਦੀ ਨਵ-ਪ੍ਰਕਾਸ਼ਿਤ ਕਿਤਾਬ 'ਬਾਣੀ ਬਿਰਲਉ ਬੀਚਾਰਸੀ' ਪ੍ਰਭਾਵਸ਼ਾਲੀ ਸਮਾਗਮ ਦੌਰਾਨ ਰਿਲੀਜ਼ ਕੀਤੀ ਗਈ। ਪੁਸਤਕ ਰਿਲੀਜ਼ ਸਮਾਗਮ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਰੀ ਵਿਖੇ ਹੋਇਆ, ਜਿੱਥੇ ਕਿ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਦੇ ਸਾਬਕਾ ਮੁੱਖ ਸੇਵਾਦਾਰ ਭਾਈ ਕੁੰਦਨ ਸਿੰਘ ਸੱਜਣ, ਮੌਜੂਦਾ ਮੁੱਖ ਸੇਵਾਦਾਰ ਭਾਈ ਗੁਰਮੀਤ ਸਿੰਘ ਧਾਲੀਵਾਲ ਅਤੇ ਗੁਰਦੁਆਰਾ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਜਗਦੀਸ਼ ਸਿੰਘ ਸਮੇਤ, ਸਮੂਹ ਸੇਵਾਦਾਰਾਂ ਨੇ ਕਿਤਾਬ ਰਿਲੀਜ਼ ਕੀਤੀ। ਸ੍ਰੀ ਗੁਰੂ ਸਿੰਘ ਸਭਾ ਸਰੀ ਦੀ ਸੰਗਤ ਤੇ ਪ੍ਰਬੰਧਕ ਸਾਹਿਬਾਨ ਵੱਲੋਂ ਗਿਆਨੀ ਕੇਵਲ ਸਿੰਘ ਨਿਰਦੋਸ਼ ਨੂੰ ਸਨਮਾਨ ਪੱਤਰ ਦੇ ਨਾਲ, 500 ਡਾਲਰ ਦੇ ਕੇ ਭਰੀ ਸੰਗਤ ਵਿੱਚ, ਸਨਮਾਨਿਆ ਗਿਆ।

ਇਸ ਮੌਕੇ 'ਤੇ ਕਿਤਾਬ ਅਤੇ ਲੇਖਕ ਬਾਰੇ ਵਿਚਾਰ ਸਾਂਝੇ ਕਰਦੇ ਹੋਏ ਪੰਜਾਬੀ ਸਾਹਿਤ ਸਭਾ ਮੁਢਲੀ ਐਬਸਫੋਰਡ ਦੇ ਕੋਆਰਡੀਨੇਟਰ ਡਾ. ਗੁਰਵਿੰਦਰ ਸਿੰਘ ਨੇ ਕਿਹਾ ਕਿ ਗਿਆਨੀ ਨਿਰਦੋਸ਼ ਵੱਲੋਂ ਸਮੁੱਚੀ ਲਿਖਤ ਗੁਰੂ ਗ੍ਰੰਥ ਸਾਹਿਬ ਤੋਂ ਸੇਧ ਲੈ ਕੇ ਰਚੀ ਗਈ ਹੈ।

ਕਿਤਾਬ ਲੋਕ ਅਰਪਣ ਦੇ ਵਿਸ਼ੇਸ਼ ਦਿਹਾੜੇ ਦੀ ਅਹਿਮੀਅਤ ਬਾਰੇ ਉਹਨਾਂ ਕਿਹਾ ਕਿ ਇਹ ਸਮਾਗਮ ਜਿੱਥੇ ਸਿੰਘ ਸਭਾ ਲਹਿਰ ਦੇ ਆਗੂ ਪ੍ਰੋਫੈਸਰ ਗੁਰਮੁਖ ਸਿੰਘ, 'ਸੱਚ ਅਤੇ ਸੁਲਾਹ' ਮੂਲ ਨਿਵਾਸੀਆਂ ਦੇ ਦਿਹਾੜੇ ਅਤੇ ਗੁਰੂ ਨਾਨਕ ਜਹਾਜ਼ ਦੇ 29 ਸਤੰਬਰ 1914 ਦੇ ਸ਼ਹੀਦੀ ਸਾਕੇ ਦੇ ਮਹੱਤਵ ਨੂੰ ਦਰਸਾਉਂਦਾ ਹੈ, ਉਥੇ ਨਿਰਦੋਸ਼ ਜੀ ਦੀਆਂ ਲਿਖਤਾਂ ਵੀ ਸਿੱਖ ਵਿਰਸੇ, ਇਤਿਹਾਸ ਅਤੇ ਗੁਰਬਾਣੀ ਉਪਦੇਸ਼ ਅਤੇ ਚਾਨਣ 'ਤੇ ਕੇਂਦਰਿਤ ਹਨ।

ਉਪਰੰਤ ਕਵੀ ਅਤੇ ਵਿਦਵਾਨ ਗਿ. ਕੇਵਲ ਸਿੰਘ ਨਿਰਦੋਸ਼ ਨੇ ਸਿਹਤ ਚੁਣੌਤੀਆਂ ਦੇ ਬਾਵਜੂਦ, ਲਿਖਣ ਸੰਘਰਸ਼ ਬਾਰੇ ਰੋਸ਼ਨੀ ਪਾਈ ਅਤੇ ਆਪਣੀ ਪੁਸਤਕ 'ਬਾਣੀ ਬਿਰਲਉ ਬੀਚਾਰਸੀ' (ਭਾਵ ਅਰਥੀ ਕਾਵਿ ਵਿਆਖਿਆ) ਬਾਰੇ ਵਿਚਾਰ ਚਰਚਾ ਕੀਤੀ। ਉਨ੍ਹਾਂ ਸਿੱਖ ਵਿਦਵਾਨ ਪ੍ਰੋਫੈਸਰ ਸਾਹਿਬ ਸਿੰਘ ਦੀ ਅਗਵਾਈ ਵਿੱਚ ਸਿੱਖ ਮਿਸ਼ਨਰੀ ਕਾਲਜ ਤੋਂ ਵਿਦਿਆ ਲੈਣ ਤੋਂ ਲੈ ਕੇ ਸਮੁੱਚੇ ਜੀਵਨ ਤੇ ਸਫਰ ਦੌਰਾਨ ਗੁਰੂ ਗ੍ਰੰਥ ਸਾਹਿਬ ਅਤੇ ਪ੍ਰਚਾਰ ਅਤੇ ਪ੍ਰਸਾਰ ਦੇ ਬਾਰੇ ਸਾਹਿਤਕ ਅਨੁਭਵ ਸਾਂਝੇ ਕੀਤੇ। ਇਸ ਕਿਤਾਬ ਵਿੱਚ ਗਿਆਨੀ ਜੀ ਨੇ ਸੋ ਦਰੁ ਤੇਰਾ ਕੇਹਾ ਤੋਂ ਲੈ ਕੇ ਸਰਣਿ ਪਰੇ ਕੀ ਰਾਖਹੁ ਸਰਮਾ, ਅਲਾਹਣੀਆ, ਸਤੇ ਬਲਵੰਡ ਦੀ ਵਾਰ, ਰਾਮਕਲੀ ਸਦੁ ਤੇ ਤੁਖਾਰੀ ਬਾਰਹਮਾਹ ਦੀ ਭਾਵ-ਅਰਥੀ ਵਿਆਖਿਆ ਕੀਤੀ ਹੈ। ਪਿਛਲੇ ਕੁਝ ਅਰਸੇ ਤੋਂ ਗਿਆਨੀ ਨਿਰਦੋਸ਼ ਜੀ ਦੀ ਸਿਹਤ ਨਾਸਾਜ਼ ਚੱਲ ਰਹੀ ਹੈ, ਪਰ ਮਾਨਸਿਕ ਤੌਰ 'ਤੇ ਪੂਰੀ ਚੜ੍ਹਦੀ ਕਲਾ ਵਿੱਚ ਹਨ ਅਤੇ ਲਗਾਤਾਰ ਗੁਰਬਾਣੀ ਦੇ ਭਾਵ ਅਰਥੀ ਟੀਕੇ ਲਿਖ ਰਹੇ ਹਨ।

ਇਸ ਮੌਕੇ 'ਤੇ ਹਾਜ਼ਰ ਸ਼ਖਸੀਅਤਾਂ ਵਿੱਚ ਡਾ. ਪੂਰਨ ਸਿੰਘ ਗਿੱਲ, ਮੋਹਨ ਸਿੰਘ ਗਿੱਲ, ਜਰਨੈਲ ਸਿੰਘ ਸੇਖਾ, ਚਮਕੌਰ ਸਿੰਘ ਸੇਖੋਂ, ਹਰਮਨ ਸਿੰਘ ਕੰਗ, ਵਕੀਲ ਅਮਰਜੀਤ ਸਿੰਘ ਚੀਮਾ ਤੇ ਉਹਨਾਂ ਦੇ ਸੁਪਤਨੀ ਅਤੇ ਸੰਗਤ ਰੂਪ ਵਿੱਚ ਹੋਰ ਬਹੁਤ ਸਾਰੇ ਸਾਹਿਤ ਪ੍ਰੇਮੀ ਪਰਿਵਾਰਾਂ ਸਮੇਤ ਆਏ। ਇੱਥੇ ਜ਼ਿਕਰਯੋਗ ਹੈ ਕਿ 'ਬਾਣੀ ਬਿਰਲਉ ਬੀਚਾਰਸੀ' ਦਾ ਸਾਰਾ ਖਰਚ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਰੀ ਨੇ ਕੀਤਾ। ਸਮਾਗਮ ਦੇ ਪ੍ਰਚਾਰ ਦਾ ਪ੍ਰਬੰਧ ਲਖਜੀਤ ਸਿੰਘ ਸਾਰੰਗ ਨੇ ਕੀਤਾ ਤੇ ਸੰਚਾਲਨ ਜਸਵਿੰਦਰ ਸਿੰਘ ਖਹਿਰਾ ਅਤੇ ਰੁਪਿੰਦਰਜੀਤ ਸਿੰਘ ਕਾਹਲੋਂ ਨੇ ਬਾਖ਼ੂਬੀ ਨਿਭਾਇਆ।

# ਈਰਾਨ-ਇਜ਼ਰਾਇਲ ਜੰਗ ਕਾਰਨ ਆਲਮੀ ਵਪਾਰ ਹੋ ਸਕਦੈ ਠੱਪ

## ਭਾਰਤ ਨੂੰ ਹੋ ਸਕਦੈ ਇਸ ਦਾ ਨੁਕਸਾਨ

ਪੱਛਮੀ ਏਸ਼ੀਆ ਵਿੱਚ ਸੰਘਰਸ਼ ਇੱਕ ਨਵੀਂ ਅਤੇ ਖ਼ਤਰਨਾਕ ਸਥਿਤੀ ਵਿੱਚ ਪਹੁੰਚ ਗਿਆ ਹੈ ਅਤੇ ਈਰਾਨ ਨੇ ਬੀਤੇ ਹਫ਼ਤੇ ਇਜ਼ਰਾਈਲ ਉੱਤੇ 181 ਬੈਲਿਸਟਿਕ ਮਿਜ਼ਾਈਲਾਂ ਦਾਗੀਆਂ ਸਨ, ਜਿਸ ਨਾਲ ਇੱਕ ਵਾਰ ਫ਼ਿਰ ਵਿਸ਼ਵ ਵਪਾਰ ਉੱਤੇ ਗੰਭੀਰ ਪ੍ਰਭਾਵ ਪੈਣ ਦੀ ਸੰਭਾਵਨਾ ਪੈਦਾ ਹੋ ਗਈ ਹੈ।

ਹਾਲਾਂਕਿ, ਗਲੋਬਲ ਅਤੇ ਭਾਰਤੀ ਦੋਵੇਂ ਵਪਾਰੀ ਵਪਾਰ ਵਿੱਚ ਲੰਬੇ ਸਮੇਂ ਇਸ ਤਣਾਅ ਤੋਂ ਪਰੇਸ਼ਾਨ ਰਹੇ ਹਨ ਕਿਉਂਕਿ ਮਹੱਤਵਪੂਰਨ ਲਾਲ ਸਾਗਰ ਸ਼ਿਪਿੰਗ ਮਾਰਗ, ਗਲੋਬਲ ਸ਼ਿਪਿੰਗ ਲਾਈਨ, ਗਾਜ਼ਾ ਯੁੱਧ ਦੀ ਸ਼ੁਰੂਆਤ ਤੋਂ ਹੀ ਖ਼ਤਰੇ ਵਿੱਚ ਹੈ ਅਤੇ ਕਈ ਜਹਾਜ਼ਾਂ ’ਤੇ ਹਮਲੇ ਕੀਤੇ ਗਏ ਹਨ, ਪਰ ਹੁਣ ਇਸ ਜੰਗ ਨੇ ਮਾਲ -ਭਾੜੇ ਦੀਆਂ ਦਰਾਂ ਨੂੰ ਵਧਾਉਣ ਦਾ ਰਾਹ ਖੋਲ੍ਹ ਦਿੱਤਾ ਹੈ।

ਪੱਛਮੀ ਏਸ਼ੀਆ ਵਿੱਚ ਸਾਲ-ਲੰਬੇ ਤਣਾਅ ਤੇ ਜੰਗੀ ਝੜਪਾਂ ਕਾਰਨ ਇੱਕ ਵੱਡਾ ਉਭਾਰ ਆਇਆ ਹੈ, ਕਿਉਂਕਿ ਇਜ਼ਰਾਇਲ ਨੇ ਗਾਜ਼ਾ ਵਿੱਚ ਹਮਾਸ ਦੇ ਵਿਰੁੱਧ ਆਪਣੀ ਫ਼ੌਜੀ ਮੁਹਿੰਮ ਨੂੰ ਪਿੱਛੇ ਛੱਡ ਦਿੱਤਾ ਹੈ ਅਤੇ ਲੇਬਨਾਨ ਵਿੱਚ ਇੱਕ ਵੱਡੀ ਫ਼ੌਜੀ ਮੁਹਿੰਮ ਸ਼ੁਰੂ ਕੀਤੀ ਹੈ ਅਤੇ ਪੂਰੀ ਤਰ੍ਹਾਂ ਹਿਜ਼ਬੁੱਲਾ ’ਤੇ ਕੇਂਦਰਿਤ ਹੈ। ਇਜ਼ਰਾਇਲੀ ਹਮਲੇ ਵਿੱਚ ਹਿਜ਼ਬੁੱਲਾ ਚੀਫ਼ ਹਸਨ ਨਸਰੱਲਾ ਸਮੇਤ ਕਈ ਲੜਾਕੂ ਕਮਾਂਡਰਾਂ ਨੂੰ ਮਾਰਿਆ ਹੈ।

ਇਸ ਕਾਰਨ ਹੀ, ਹੁਣ ਅੰਤਰਰਾਸ਼ਟਰੀ ਵਪਾਰ ’ਤੇ ਇੱਕ ਵੱਡਾ ਖ਼ਤਰਾ ਮੰਡਰਾ ਰਿਹਾ ਹੈ ਅਤੇ ਖਾਸ ਤੌਰ ’ਤੇ ਇਸ ਕਾਰਨ ਭਾਰਤ ਦੇ ਪ੍ਰਭਾਵਿਤ ਹੋਣ ਦੀ ਸੰਭਾਵਨਾ ਹੈ।

## ਸਾਊਦੀ ਅਰਬ, ਯੂ.ਏ.ਈ., ਕੁਵੈਤ ਤੇ ਕਤਰ ਨਾਲ ਭਾਰਤੀ ਵਪਾਰ ’ਚ ਹੋ ਸਕਦੈ ਫ਼ਾਇਦਾ



ਭਾਰਤੀ ਕਾਰੋਬਾਰ ਕਿਵੇਂ ਪ੍ਰਭਾਵਿਤ ਹੋ ਸਕਦਾ ਹੈ?

ਮੱਧ ਪੂਰਬ ਵਿੱਚ ਅਸ਼ਾਂਤੀ ਮਹੱਤਵਪੂਰਨ ਲਾਲ ਸਾਗਰ ਸ਼ਿਪਿੰਗ ਲੇਨ ਦੀ ਸੁਰੱਖਿਆ ਨੂੰ ਖਤਰੇ ਵਿੱਚ ਪਾਉਂਦੀ ਹੈ, ਜੋ ਕਿ ਭਾਰਤ ਦੇ ਵਪਾਰਕ ਮਾਰਗਾਂ ਨੂੰ ਯੂਰਪ, ਅਮਰੀਕਾ, ਅਫ਼ਰੀਕਾ ਅਤੇ ਪੱਛਮੀ ਏਸ਼ੀਆ ਨਾਲ ਜੋੜਨ ਲਈ ਇੱਕ ਮਹੱਤਵਪੂਰਨ ਕੜੀ ਹੈ। ਇਹ ਸਬੰਧ ਮਹੱਤਵਪੂਰਨ ਹੈ, ਕਿਉਂਕਿ ਭਾਰਤ ਨੇ ਵਿੱਤੀ ਸਾਲ 23 ਵਿੱਚ ਇਸ ਮਾਰਗ ਰਾਹੀਂ 400 ਡਾਲਰ ਬਿਲੀਅਨ ਤੋਂ ਵੱਧ ਦਾ ਵਪਾਰ ਕੀਤਾ ਹੈ।

ਭਾਰਤ ਲਈ, ਫ਼ੌਰੀ ਚਿੰਤਾ ਲਾਲ ਸਾਗਰ ਰੂਟ ਉੱਪਰ ਇਸ ਜੰਗ ਕਾਰਨ ਪੈਦਾ ਹੋਣ ਵਾਲਾ ਖਤਰਾ ਹੈ, ਜੋ ਕਿ ਇਸਦੇ ਨਿਰਯਾਤ ਲਈ ਇੱਕ ਮਹੱਤਵਪੂਰਨ ਰਸਤਾ ਹੈ, ਖਾਸ ਤੌਰ ’ਤੇ ਪੈਟਰੋਲੀਅਮ ਉਤਪਾਦਾਂ, ਜੋ ਕਿ ਚੱਲ ਰਹੇ ਸੰਘਰਸ਼ ਕਾਰਨ ਪਹਿਲਾਂ ਹੀ ਮੰਦੀ ਦਾ ਅਨੁਭਵ ਕਰ ਚੁੱਕੇ ਹਨ। ਹਾਲਾਂਕਿ, ਵਧਦੇ ਤਣਾਅ ਦੇ ਬਾਵਜੂਦ, ਖਾੜੀ ਸਹਿਯੋਗ ਪਰਿਸ਼ਦ (ਜੀ.ਸੀ.ਸੀ.) ਦੇਸ਼ਾਂ ਦੇ ਨਾਲ ਭਾਰਤ ਦੇ ਵਪਾਰ ਵਿੱਚ ਵਾਧਾ ਹੋਇਆ ਹੈ, ਜਿਸ ਨਾਲ ਇਸ ਤਣਾਅ ਦੇ ਵਿਚਾਲੇ ਉਮੀਦ ਦੀ ਕਿਰਨ ਦਿਖਾਈ ਦਿੰਦੀ ਸੀ।

ਪਰ ਇਸ ਟਕਰਾਅ ਨੇ ਜਹਾਜ਼ ਦੇ ਰੂਟਾਂ ਨੂੰ ਬਦਲ ਦਿੱਤਾ ਹੈ, ਸ਼ਿਪਿੰਗ ਦੇ ਖਰਚੇ ਵਧ ਰਹੇ ਹਨ। ਇਸ ਵਾਧੇ ਨੇ ਮਸ਼ੀਨਰੀ, ਸਟੀਲ, ਰਤਨ, ਗਹਿਣੇ ਅਤੇ ਜੁੱਤੀਆਂ ਸਮੇਤ ਵੱਖ-ਵੱਖ ਖੇਤਰਾਂ ਵਿੱਚ ਭਾਰਤੀ ਨਿਰਯਾਤ ਨੂੰ ਨਕਾਰਾਤਮਕ ਤੌਰ ’ਤੇ ਪ੍ਰਭਾਵਿਤ ਕੀਤਾ ਹੈ, ਜਿਸ ਨਾਲ ਭਾਰਤੀ ਵਪਾਰੀਆਂ ਲਈ ਸਥਿਤੀ ਨਾਜ਼ੁਕ ਬਣ ਗਈ ਹੈ।

ਇਨ੍ਹਾਂ ਚੁਣੌਤੀਆਂ ਦੇ ਮੱਦੇਨਜ਼ਰ, ਭਾਰਤੀ ਨਿਰਯਾਤਕਾਂ ਨੇ ਭਾਰਤੀ ਮਲਕੀਅਤ ਵਾਲੀ ਗਲੋਬਲ ਸ਼ਿਪਿੰਗ ਲਾਈਨ ਬਣਾਉਣ ਦੀ ਵਕਾਲਤ ਕੀਤੀ ਹੈ। ਇਸ ਕਦਮ ਦਾ ਉਦੇਸ਼ ਅੰਤਰਰਾਸ਼ਟਰੀ ਸ਼ਿਪਿੰਗ ਸੇਵਾਵਾਂ ’ਤੇ ਭਾਰਤ ਦੀ ਨਿਰਭਰਤਾ ਨੂੰ ਘਟਾਉਣਾ ਅਤੇ ਵਧਦੀ ਆਵਾਜਾਈ ਲਾਗਤਾਂ ਨਾਲ ਨਜਿੱਠਣਾ ਹੈ। ਪ੍ਰਤੀਕੂਲ ਸਥਿਤੀਆਂ ਦੇ ਬਾਵਜੂਦ, ਮੇਰਸਕ ਵਰਗੀਆਂ ਗਲੋਬਲ ਸ਼ਿਪਿੰਗ ਕੰਪਨੀਆਂ ਨੇ ਇਸ ਸੰਕਟ ਕਾਰਣ ਮਾਲ ਭਾੜੇ ਵਿੱਚ ਵਾਧਾ ਕਰਕੇ ਮੁਨਾਫ਼ਾ ਹਾਸਿਲ ਕੀਤਾ ਹੈ।

ਇਹ ਜੰਗੀ ਟਕਰਾਅ ਭਾਰਤ-ਮੱਧ ਪੂਰਬ-ਯੂਰਪ ਆਰਥਿਕ ਗਲਿਆਰੇ ਦੇ ਵਿਕਾਸ ਨੂੰ ਖਤਰਾ ਵਿੱਚ ਪਾਉਂਦਾ ਹੈ, ਜੋ ਕਿ ਭਾਰਤ ਨੂੰ ਮੱਧ ਪੂਰਬ ਅਤੇ ਯੂਰਪ ਨਾਲ ਜੋੜਨ ਵਾਲਾ ਇੱਕ ਤੇਜ਼ ਵਪਾਰ ਮਾਰਗ ਬਣਾਉਣ ਲਈ ਇੱਕ ਮਹੱਤਵਪੂਰਨ ਪ੍ਰੋਜੈਕਟ ਹੈ।

ਇਹ ਪਹਿਲਕਦਮੀ, ਜਿਸਦਾ ਉਦੇਸ਼ ਸੁਏਜ਼ ਨਹਿਰ ਦਾ ਬਦਲ ਪ੍ਰਦਾਨ ਕਰਨਾ ਹੈ ਅਤੇ ਚੀਨ ਦੀ ਬੈਲਟ ਐਂਡ ਰੋਡ ਇਨੀਸ਼ੀਏਟਿਵ ਦੇ ਵਿਰੋਧੀ ਸੰਤੁਲਨ ਵਜੋਂ ਕੰਮ ਕਰਨਾ ਸੀ, ਹੁਣ ਪੱਛਮੀ ਏਸ਼ੀਆ ਵਿੱਚ ਚੱਲ ਰਹੀ ਇਜ਼ਰਾਇਲੀ ਈਰਾਨ ਤੇ ਜਿਹਾਦੀ ਲੜਾਕੂਆਂ ਵਿਚਾਲੇ ਜੰਗ ਕਾਰਨ ਮੁਸ਼ਕਿਲਾਂ ਦਾ ਸਾਹਮਣਾ ਕਰ ਰਿਹਾ ਹੈ। ਇਹ ਜੰਗ ਨਾ ਸਿਰਫ਼ ਗਲਿਆਰੇ ਦੇ ਵਿਕਾਸ ਵਿੱਚ ਰੁਕਾਵਟ ਪਾ ਰਹੀ ਹੈ, ਸਗੋਂ ਵਪਾਰਕ ਰੂਟਾਂ ਵਿੱਚ ਵਿਭਿੰਨਤਾ ਲਿਆਉਣ ਅਤੇ ਸੁਏਜ਼ ਨਹਿਰ ਵਰਗੇ ਰਵਾਇਤੀ ਰੂਟਾਂ ’ਤੇ ਨਿਰਭਰਤਾ ਘਟਾਉਣ ਲਈ ਭਾਰਤ ਦੇ ਰਣਨੀਤਕ ਯਤਨਾਂ ਨੂੰ ਵੀ ਕਮਜ਼ੋਰ ਕਰ ਰਹੀ ਹੈ।

ਇਸ ਤੋਂ ਇਲਾਵਾ, ਨਿਰਯਾਤਕਾਂ ਨੂੰ ਲੰਬੇ ਸਮੇਂ ਤੋਂ ਇਜ਼ਰਾਈਲ ਅਤੇ ਈਰਾਨ ਵਿਚਕਾਰ ਸਿੱਧੇ ਟਕਰਾਅ ਦਾ ਡਰ ਹੈ, ਕਿਉਂਕਿ ਇਸਦਾ ਅਰਥ ਹੈ ਮਹੱਤਵਪੂਰਨ ਲਾਲ ਸਾਗਰ ਸ਼ਿਪਿੰਗ ਰੂਟ ਦੀ ਲੰਮੀ ਰੁਕਾਵਟ ਰਹੇਗੀ। ਟਕਰਾਅ ਦਾ ਫ਼ੌਰੀ ਅਸਰ ਇਹ ਹੋਇਆ ਕਿ ਅਗਸਤ ਵਿੱਚ ਭਾਰਤੀ ਨਿਰਯਾਤ ਵਿੱਚ 9 ਫ਼ੀਸਦੀ ਦੀ ਗਿਰਾਵਟ ਆਈ।

ਇਸ ਦਾ ਮੁਖ ਕਾਰਨ ਇਹ ਸੀ ਕਿ ਅਗਸਤ ਵਿੱਚ ਭਾਰਤ ਦੇ ਪੈਟਰੋਲੀਅਮ ਨਿਰਯਾਤ ਵਿੱਚ ਲਾਲ ਸਾਗਰ ਸੰਕਟ ਕਾਰਨ 38 ਪ੍ਰਤੀਸ਼ਤ ਦੀ ਭਾਰੀ ਗਿਰਾਵਟ ਆਈ ਸੀ, ਜਦੋਂ ਕਿ ਮਾਰਜਿਨ ਵਿੱਚ ਗਿਰਾਵਟ ਅਤੇ ਵਧਦੀ ਸ਼ਿਪਿੰਗ ਲਾਗਤਾਂ ਨੇ ਦਰਾਮਦਕਾਰਾਂ ਨੂੰ ਵਿਕਲਪਕ ਸਰੋਤਾਂ ਦੀ ਭਾਲ ਕਰਨ ਲਈ ਮਜਬੂਰ ਕੀਤਾ ਸੀ। ਅਧਿਕਾਰਤ ਅੰਕੜਿਆਂ ਮੁਤਾਬਕ ਪੈਟਰੋਲੀਅਮ ਉਤਪਾਦਾਂ ਦੀ ਬਰਾਮਦ ਪਿਛਲੇ ਸਾਲ ਅਗਸਤ ਦੇ 9.54 ਅਰਬ ਡਾਲਰ ਦੇ ਮੁਕਾਬਲੇ ਪਿਛਲੇ ਮਹੀਨੇ ਘਟ ਕੇ 5.95 ਅਰਬ ਡਾਲਰ ਰਹਿ ਗਈ ਹੈ।

ਇਸ ਸਾਲ ਫ਼ਰਵਰੀ ਵਿੱਚ ਕਿਰਸਿਲ ਦੀ ਇੱਕ ਰਿਪੋਰਟ ਵਿੱਚ ਚਿਤਾਵਨੀ ਦਿੱਤੀ ਗਈ ਸੀ ਕਿ ਇਹ ਜੰਗ ਤੇ ਤਣਾਅ ਸ਼ਿਪਿੰਗ ਮਾਰਕੀਟ ਵਿੱਚ ਨਿਰਯਾਤ ਨੂੰ ਹੋਰ ਪ੍ਰਭਾਵਤ ਕਰੇਗਾ, ਕਿਉਂਕਿ ਵਿੱਤੀ ਸਾਲ 2023 ਵਿੱਚ ਭਾਰਤ ਦੇ ਕੁੱਲ ਪੈਟਰੋਲੀਅਮ ਉਤਪਾਦ ਨਿਰਯਾਤ ਵਿੱਚ ਯੂਰਪ ਦਾ 21 ਪ੍ਰਤੀਸ਼ਤ ਹਿੱਸਾ ਹੋਵੇਗਾ ਅਤੇ ਵਧਦੀ ਸ਼ਿਪਿੰਗ ਲਾਗਤ ਪੈਟਰੋਲੀਅਮ ਉਤਪਾਦਾਂ ਦੀ ਬਰਾਮਦ ਵਿੱਚ ਕਮੀ ਆਉਣ ਦੀ ਸੰਭਾਵਨਾ ਹੈ, ਜਿਸ ਨਾਲ ਸਟੈਂਡਅਲੋਨ ਰਿਫ਼ਾਇਨਰਾਂ ਦੇ ਮੁਨਾਫ਼ੇ ਨੂੰ ਉਪਰ ਗੰਭੀਰ ਅਸਰ ਪਵੇਗਾ।

### ਸਿਰਫ਼ ਨੁਕਸਾਨ ਹੀ ਨਹੀਂ, ਕਈ ਫ਼ਾਇਦੇ ਵੀ ਹਨ

ਹਾਲਾਂਕਿ, ਇਸ ਜੰਗ ਤੋਂ ਨਿਰਪੱਖ ਰਹਿਣ ਵਾਲੇ ਸਾਊਦੀ ਅਰਬ, ਯੂ.ਏ.ਈ., ਕੁਵੈਤ ਅਤੇ ਕਤਰ ਕਾਰਨ ਪੱਛਮੀ ਏਸ਼ੀਆ ਨਾਲ ਭਾਰਤ ਦੇ ਵਪਾਰ ਵਿੱਚ ਉਮੀਦ ਦੀ ਕਿਰਨ ਹੈ। ਗਲੋਬਲ ਟਰੇਡ ਰਿਸਰਚ ਇਨੀਸ਼ੀਏਟਿਵ (ਜੀ.ਟੀ.ਆਰ.ਆਈ.) ਦੀ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ (**ਬਾਕੀ ਸਫ਼ਾ 31 ’ਤੇ**)

## ਸਿੱਖਾਂ ਦੀ ਰਾਜਸੀ, ਸਮਾਜਿਕ ਤੇ ਆਰਥਿਕ ਹੋਣੀ ਬਾਰੇ ਵਿਚਾਰ ਚਰਚਾ

ਪਿਛਲੇ ਕੁੱਝ ਸਮੇਂ ਤੋਂ ਕੌਮੀ ਹਲਕਿਆਂ ਵਿੱਚ ਪੱਛਮ, ਆਧੁਨਿਕਤਾ, ਰਾਸ਼ਟਰਵਾਦ ਅਤੇ ਨੇਸ਼ਨ- ਸਟੇਟ ਦੇ ਸਿੱਖ ਪਰੰਪਰਾਵਾਂ ਦੇ ਵਿਰੋਧ ਬਾਰੇ ਵਿਵਾਦ ਚੱਲ ਰਿਹਾ ਹੈ। ਇਸ ਵਿਵਾਦ ਦਾ ਸਿਧਾਂਤਕ ਆਧਾਰ ਖਾਸ ਕਰਕੇ ਉੱਤਰ- ਬਸਤੀਵਾਦੀ ਵਿਚਾਰਾਂ ਤੋਂ ਪੈਦਾ ਹੋਈ ਯੂਰਪ ਕੇਂਦ੍ਰਿਤ ਵਿਰੋਧਤਾ ਹੈ ਪਰ ਇੰਨਾਂ ਸਾਰੇ ਵਰਤਾਰਿਆਂ ਦੇ ਸਿੱਖਾਂ ਦੀ ਰਾਜਸੀ, ਸਮਾਜਿਕ ਤੇ ਆਰਥਿਕ ਹੋਣੀ ’ਤੇ ਡੂੰਘੇ ਅਸਰ ਪਏ ਹਨ। ਇਸ ਕਰਕੇ ਇੰਨਾਂ ਵਰਤਾਰਿਆਂ ਸਬੰਧੀ ਵੱਡੀ ਸਿਧਾਂਤਕ ਚਰਚਾ ਦੀ ਜ਼ਰੂਰਤ ਹੈ। ਆਸ ਹੈ ਕਿ ਕੌਮੀ ਤੌਰ ’ਤੇ ਚੇਤੰਨ ਸਿੱਖ ਇਸ ਚਰਚਾ ਵਿੱਚ ਆਪਣਾ ਵਿਚਾਰਕ ਹਿੱਸਾ ਪਾਉਣਗੇ। ਇਸ ਸਬੰਧੀ ਵਿਦਵਾਨ ਲੇਖਕ ਆਪਣੇ ਵਿਚਾਰ 500 ਸ਼ਬਦਾਂ ਵਿੱਚ ਯੂਨੀਕੋਡ ਜਾਂ ਸਤਲੁਜ ਫੌਂਟ ਵਿੱਚ ਲਿਖ ਕੇ ਈਮੇਲ ਰਾਹੀਂ ਭੇਜ ਸਕਦੇ ਹਨ

**ਈ ਮੇਲ : asrtimes@gmail.com**

CAPITAL SERVICES
INSURANCE | VEHICLE REG. | IMMIGRATION | NOTARY PUBLIC | LIVE SCAN
ਸੈਕਰਾਮੈਂਟੋ, ਕੈਲੀਫੋਰਨੀਆ
AUTO · HOME · TRUCK · BUSINESS · LIFE · MEDICAL
ਪਾਸਪੋਰਟ / ਵੀਜ਼ਾ
* ਓ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜ਼ਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents
The Attorney has 25 years of experience in your favor for all legal services.
Vehicle Registration (Approved by CA DMV)
* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification
Other Services
* Live Scan / Fingerprints
* Covered California.
* Drug Testing * Alcohol Test
* Notary Services
* International Driver Lic.
Office Ph.(916) 427-4321
6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us

ALL STATE INSURANCE
Allstate You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS
Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544



CAPITAL DRUG TESTING
Capital DRUG TESTING
Drug and Alcohol Test
DOT / NON DOT
PRE EMPLOYMENT - RANDOM
POST ACCIDENT - REASONABLE SUSPICION
Services: DOT Random Prog., FMCSA Clearinghouse,
DOT Supervisor Training, SAP Classes Etc.
Lab. Ph:(916) 680-9293
6624 Florin Road
Sacramento CA, 95828
Email: capitaldrugtest@gmail.com
Website: www.capitaldrugtest.com

# ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਤੇ ਹੋਰ ਅਹੁਦੇਦਾਰਾਂ ਦੀ ਚੋਣ 28 ਅਕਤੂਬਰ ਨੂੰ

## ਇਸ ਵਾਰ ਸੁਖਬੀਰ ਬਾਦਲ ਦੀਆਂ ਹਦਾਇਤਾਂ ਉੱਪਰ ਭੂੰਦੜ ਕੱਢਣਗੇ ਪ੍ਰਧਾਨ ਦੀ ਪਰਚੀ ?

## ਬੀਬੀ ਜਗੀਰ ਕੌਰ ਵੱਲੋਂ ਬਾਦਲ ਦਲ ਖ਼ਿਲਾਫ਼ ਪ੍ਰਧਾਨਗੀ ਦੀ ਚੋਣ ਲਈ ਸਰਗਰਮੀਆਂ ਤੇਜ਼

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਦੀ ਚੋਣ ਤਰੀਕ ਦਾ ਐਲਾਨ ਹੋ ਗਿਆ ਹੈ ।28 ਅਕਤੂਬਰ ਨੂੰ ਦਿਵਾਲੀ ਤੋਂ ਪਹਿਲਾਂ ਜਨਰਲ ਹਾਊਸ ਸੱਦਿਆ ਗਿਆ ਜਿਸ ਵਿੱਚ ਨਵੇਂ ਪ੍ਰਧਾਨ ਅਤੇ ਅੰਤਰਿੰਗ ਕਮੇਟੀ ਦੀ ਚੋਣ ਹੋਵੇਗੀ।ਨਵਾਂ ਪ੍ਰਧਾਨ ਚੁਣਨ ਦੇ ਲਈ ਇਜਲਾਸ ਤੇਜਾ ਸਿੰਘ ਸਮੁੰਦਰੀ ਹਾਲ ਵਿੱਚ ਦੁਪਹਿਰ 12 ਵਜੇ ਸੱਦਿਆ ਗਿਆ ਹੈ। ਜਿਸ ਵਿੱਚ ਨਵੇਂ ਪ੍ਰਧਾਨ ਦੀ ਚੋਣ ਹੋਵੇਗੀ।ਇਸ ਮੌਕੇ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਸਾਹਿਬ ਵੀ ਮੌਜੂਦ ਹੋਣਗੇ। ਹਰਜਿੰਦਰ ਸਿੰਘ ਧਾਮੀ ਹੁਣ ਤੱਕ ਪ੍ਰਧਾਨਗੀ ਅਹੁਦੇ ਲਈ ਹੈਟ੍ਰਿਕ ਲੱਗਾ ਚੁੱਕੇ ਹਨ। ਚੌਥੀ ਵਾਰ ਵੀ ਅਕਾਲੀ ਦਲ ਵਲੋਂ ਉਨ੍ਹਾਂ ਨੂੰ ਮੌਕਾ ਦੇਣ ਦੀ ਸੰਭਾਵਨਾ ਹੈ।ਅਕਾਲੀ ਸੂਤਰਾਂ ਤੋਂ ਪਤਾ ਲਗਾ ਹੈ ਕਿ ਸੁਖਬੀਰ ਬਾਦਲ ਨੇ ਅਕਾਲੀ ਦਲ ਦੇ ਨਵੇਂ ਕਾਰਜਕਾਰੀ ਪ੍ਰਧਾਨ ਬਲਵਿੰਦਰ ਸਿੰਘ ਭੂੰਦੜ ਰਾਹੀਂ ਹਰੀ ਝੰਡੀ ਦੇ ਦਿੱਤੀ ਹੈ।ਇਹ ਐਲਾਨ ਹੁਣ ਸੁਖਬੀਰ ਬਾਦਲ ਦੇ ਤਨਖਾਹੀਆ ਹੋਣ ਕਾਰਨ ਬਲਵਿੰਦਰ ਸਿੰਘ ਭੂੰਦੜ ਹੀ ਕਰਨਗੇ।ਇਸ ਦਾ ਕਾਰਨ ਇਹ ਹੈ ਕਿ ਸੁਖਬੀਰ ਸਿੰਘ ਬਾਦਲ 'ਤੇ ਜਥੇਦਾਰ ਅਕਾਲ ਤਖ਼ਤ ਸਾਹਿਬ ਨੇ ਹੁਣ ਤੱਕ ਕੋਈ ਫ਼ੈਸਲਾ ਨਹੀਂ ਕੀਤਾ ਹੈ।



ਉਧਰ ਵਿਰੋਧੀ ਧਿਰ ਅਕਾਲੀ ਸੁਧਾਰ ਲਹਿਰ ਇਸ ਵਾਰ ਬਾਦਲ ਦਲ ਨੂੰ ਕਰੜੀ ਚੁਣੌਤੀ ਦੇਵੇਗਾ।ਪ੍ਰਧਾਨਗੀ ਅਤੇ ਹੋਰ ਅਹੁਦਿਆਂ ਦੇ ਲਈ ਉਮੀਦਵਾਰ ਖੜੇ ਕਰੇਗਾ। ਬੀਬੀ ਜਾਗੀਰ ਕੌਰ ਬਾਦਲ ਵਿਰੋਧੀ ਧੜੇ ਵਲੋਂ ਪ੍ਰਧਾਨਗੀ ਦੀ ਉਮੀਦਵਾਰ ਸਮਝੀ ਜਾ ਰਹੀ ਹੈ।2022 ਦੀਆਂ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਵਿੱਚ ਬੀਬੀ ਜਗੀਰ ਕੌਰ ਨੇ ਪ੍ਰਧਾਨਗੀ ਅਹੁਦੇ ਲਈ ਹਰਜਿੰਦਰ ਸਿੰਘ ਧਾਮੀ ਨੂੰ ਚੁਣੌਤੀ ਦਿੱਤੀ ਸੀ ਪਰ ਉਹ 44 ਵੋਟਾਂ ਦਾ ਮੁਕਾਬਲੇ 103 ਵੋਟਾਂ ਨਾਲ ਹਾਰ ਗਏ ਸਨ।ਹੁਣੇ ਜਿਹੇ ਬੀਬੀ ਜਗੀਰ ਕੌਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਤੇ ਸਾਬਕਾ ਸੰਸਦੀ ਸਕੱਤਰ ਪੰਜਾਬ ਸਰਕਾਰ ਰਹੇ ਸੰਤ ਬਲਵੀਰ ਸਿੰਘ ਘੁੰਨਸ ਦੀ ਕੋਠੀ ਲੰਮਾ ਸਮਾਂ ਬੰਦ ਕਮਰਾ ਮੀਟਿੰਗ ਕਰ ਕੇ ਗਏ ਹਨ।ਇਸ ਗੁਪਤ ਬੈਠਕ ਨੂੰ ਭਾਵੇਂ ਸਭ ਤੋਂ ਗੁੱਝਾ ਰੱਖਿਆ ਗਿਆ ਸੀ, ਪਰ ਫ਼ਿਰ ਵੀ ਇਸ ਦੀ ਭਿਣਕ ਪੈਂਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਤੇ ਅਹੁਦੇਦਾਰਾਂ ਦੀ ਚੋਣ ਦੇ ਮੱਦੇਨਜ਼ਰ ਸਿੱਖ ਸੰਗਤਾਂ ਤੇ ਜ਼ਿਲ੍ਹੇ ਦੇ ਹੋਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਨੇ ਅਕਾਲੀ ਦਲ ਬਾਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਤੱਕ ਇਸ ਬੰਦ ਕਮਰਾ ਮੀਟਿੰਗ ਦੀ ਵੀ ਸੂਹ ਦਿੱਤੀ ਹੈ।

ਸ਼੍ਰੋਮਣੀ ਕਮੇਟੀ ਦੀਆਂ ਜਨਰਲ ਚੋਣਾਂ ਵਿੱਚ ਵੋਟਾਂ ਨੂੰ ਬਣਾਉਣ ਦਾ ਕੰਮ ਪਿਛਲੇ ਸਾਲ ਅਕਤੂਬਰ ਤੋਂ ਚੱਲ ਰਿਹਾ ਹੈ ਪਰ ਸਿੱਖ ਸੰਗਤਾਂ ਵਿੱਚ ਵੋਟਾਂ ਬਣਾਉਣ ਨੂੰ ਲੈ ਕੇ ਹੁਣ ਤੱਕ ਕੋਈ ਰੁਝਾਨ ਨਾ ਹੋਣ ਦੀ ਵਜ੍ਹਾ ਕਰਕੇ ਤਰੀਕਾਂ ਵਿੱਚ ਵਾਧਾ ਕੀਤਾ ਜਾ ਰਿਹਾ ਹੈ ।

ਬਾਦਲਕੇ ਸੁਖਬੀਰ ਬਾਦਲ ਦਾ ਫ਼ੈਸਲਾ ਅਕਾਲ ਤਖ਼ਤ ਉੱਪਰ ਜਲਦ ਕਰਵਾਉਣ ਦੇ ਹੱਕ ਵਿੱਚ

ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਲਈ ਸੁਖਬੀਰ ਬਾਦਲ ਦੀਆਂ ਸਰਗਰਮੀਆਂ ਨਾ ਹੋਣ ਕਾਰਨ ਅਕਾਲੀ ਵਰਕਰਾਂ ਦੇ ਹੌਂਸਲੇ ਬੁਲੰਦ ਨਹੀਂ ਹਨ। ਇਸੇ ਕਰਕੇ ਬਾਦਲ ਦਲ ਦੇ ਸੀਨੀਅਰ ਨੇਤਾ ਚਾਹੁੰਦੇ ਹਨ ਕਿ ਸੁਖਬੀਰ ਬਾਦਲ ਦਾ ਜਲਦ ਫ਼ੈਸਲਾ ਹੋਵੇ ਤੇ ਉਹ ਸ੍ਰੋਮਣੀ ਅਕਾਲੀ ਦਲ ਦੀ ਅਗਵਾਈ ਕਰਨ।ਅਕਾਲੀ ਦਲ ਦੇ ਆਗੂ ਵਿਰਸਾ ਸਿੰਘ ਵਲਟੋਹਾ ਨੇ ਸੁਖਬੀਰ ਸਿੰਘ ਬਾਦਲ 'ਤੇ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਵੱਲੋਂ ਫ਼ੈਸਲੇ ਨੂੰ ਲੈ ਕੇ ਹੋ ਰਹੀ ਦੇਰੀ 'ਤੇ ਸਵਾਲ ਚੁੱਕੇ ਹਨ ।ਉਨ੍ਹਾਂ ਨੇ ਆਪਣੇ ਸੋਸ਼ਲ ਮੀਡੀਆ ਅਕਾਊਂਟ 'ਤੇ ਲਿਖਿਆ ਹੈ 'ਜਥੇਦਾਰ ਸਾਹਿਬਾਨ ਵੱਲੋਂ ਸੁਖਬੀਰ ਸਿੰਘ ਬਾਦਲ ਨੂੰ ਤਨਖਾਹੀਆ ਕਰਾਰ ਦਿੱਤੇ ਜਾਣ ਤੋਂ ਬਾਅਦ ਸਜ਼ਾ ਲਾਉਣ ਵਿੱਚ ਐਨੀਂ ਦੇਰੀ ਕਿਉਂ ਹੋ ਰਹੀ ਹੈ ?' ਇਹ ਜਥੇਦਾਰ ਸਾਹਿਬਾਨ ਦਾ ਅਧਿਕਾਰ ਖੇਤਰ ਹੈ ਤੇ ਇਸ ਸੰਬੰਧੀ ਫ਼ੈਸਲਾ ਜਥੇਦਾਰ ਸਾਹਿਬਾਨ ਨੇ ਹੀ ਲੈਣਾ ਹੈ।ਪਰ ਪਤਾ ਨਹੀਂ ਇਸ ਮਾਮਲੇ ਨੂੰ ਜਥੇਦਾਰ ਸਾਹਿਬਾਨ ਵੱਲੋਂ ਬਿਨਾਂ ਕਿਸੇ ਕਾਰਨ ਕਿਉਂ ਲਮਕਾਇਆ ਜਾ ਰਿਹਾ ਹੈ ? ਮੈਂ ਅੱਗੋਂ ਸਾਰਿਆਂ ਨੂੰ ਏਹੀ ਜਵਾਬ ਦਿੰਦਾ ਹਾਂ। ਇਹ ਵੀ ਸੱਚ ਹੈ ਕਿ ਇਸ ਸਮੇਂ ਸਾਰੇ ਸਿੱਖ ਜਗਤ ਦੀ ਨਜ਼ਰ ਇਸ ਮਸਲੇ ਵੱਲ ਲੱਗੀ ਹੋਈ ਹੈ।

ਵਿਰਸਾ ਸਿੰਘ ਵਰਟੋਹਾ ਨੇ ਕਿਹਾ ਕਿ ਪੰਜ ਸਿੰਘ ਸਾਹਿਬਾਨਾਂ ਨੇ ਜਦੋਂ ਸੁਖਬੀਰ ਸਿੰਘ ਬਾਅਦ ਨੂੰ ਤਨਖ਼ਾਹੀਆਂ ਕਰਾਰ ਦਿੱਤਾ ਸੀ ਤਾਂ ਉਹ 15 ਘੰਟੇ ਦੇ ਅੰਦਰ ਆਪਣਾ ਗੁਨਾਹ ਕਬੂਲ ਦੇ ਹੋਏ ਸ੍ਰੀ ਅਕਾਲ ਤਖ਼ਤ ਸਾਹਿਬ ਪਹੁੰਚ ਗਏ ਪਰ ਡੇਢ ਮਹੀਨਾ ਬੀਤ ਜਾਣ ਦੇ ਬਾਵਜੂਦ ਸਜ਼ਾ ਦਾ ਐਲਾਨ ਨਾ ਹੋਣਾ ਕਿਧਰੇ ਨਾ ਕਿਧਰੇ ਪਰਿਵਾਰ ਲਈ ਮੁਸ਼ਕਿਲ ਦੀ ਗੱਲ ਹੈ। ਸਿਰਫ਼ ਇੰਨਾਂ ਹੀ ਨਹੀਂ ਇੱਕ ਟੀ.ਵੀ. ਚੈੱਨਲ ਨਾਲ ਗੱਲ ਕਰਦੇ ਹੋਏ ਵਿਰਸਾ ਸਿੰਘ ਵਲਟੋਹਾ ਨੇ ਕਿਹਾ ਕਿ ਸੁਖਬੀਰ ਸਿੰਘ ਬਾਦਲ ਦੀ ਧੀ ਦਾ ਵਿਆਹ ਹੈ ਅਜਿਹੇ ਵਿੱਚ ਫ਼ੈਸਲਾ ਜਲਦ ਨਾ ਹੋਣ 'ਤੇ ਸਮਾਜਿਕ ਕੰਮਾਂ ਵਿੱਚ ਵੀ ਦੇਰੀ ਹੋ ਰਹੀ ਹੈ।

ਉਨ੍ਹਾਂ ਕਿਹਾ ਕਿ ਸੁਖਬੀਰ ਸਿੰਘ ਬਾਦਲ ਦੀ ਸਜ਼ਾ ਵਿੱਚ ਹੋ ਰਹੀ ਦੇਰੀ ਦੀ ਚਰਚਾ ਹੁਣ ਮੀਡੀਆ ਵਿੱਚ ਵੀ ਰਿਪੋਰਟਿੰਗ ਸ਼ੁਰੂ ਹੋ ਗਈ ਹੈ। ਸਿੰਘ ਸਾਹਿਬਾਨ ਦਾ ਇਹ ਪੂਰਨ ਅਧਿਕਾਰ ਹੈ ਕਿ ਉਨਾਂ ਨੇ ਮਰਯਾਦਾ ਅਨੁਸਾਰ ਕਦੋਂ ਤੇ ਕੀ ਫ਼ੈਸਲਾ ਲੈਣਾ ਹੈ। ਸਿੰਘ ਸਾਹਿਬਾਨ ਨੂੰ ਬੇਨਤੀ ਹੈ ਕਿ ਸੁਖਬੀਰ ਸਿੰਘ ਬਾਦਲ ਦੇ ਮਸਲੇ ਸੰਬੰਧੀ ਕਿਰਪਾ ਕਰਕੇ ਹੁਣ ਹੋਰ ਦੇਰੀ ਨਹੀਂ ਕਰਨੀ ਚਾਹੀਦੀ ਸਗੋਂ ਪੰਥਕ ਮਰਯਾਦਾ ਤੇ ਪਰੰਪਰਾਵਾਂ ਮੁਤਾਬਕ ਅੰਤਿਮ ਫ਼ੈਸਲੇ ਦੀ ਸੁਣਵਾਈ ਜਲਦੀ ਹੋ ਜਾਣੀ ਚਾਹੀਦੀ ਹੈ ਕਿਉਂਕਿ ਦੇਰੀ ਹੋਣ ਕਾਰਨ ਪਹਿਲਾਂ ਹੀ ਕਈ ਤਰ੍ਹਾਂ ਦੀਆਂ ਚਰਚਾਵਾਂ ਨੂੰ ਬਲ ਮਿਲ ਰਿਹਾ ਹੈ।

## ਸ਼੍ਰੋਮਣੀ ਕਮੇਟੀ ਦੇ ਪ੍ਰਬੰਧਾਂ 'ਚ ਪ੍ਰਾਈਵੇਟ ਵਿਅਕਤੀਆਂ ਦੀ ਵੱਧ ਰਹੀ ਦਖ਼ਲਅੰਦਾਜ਼ੀ

ਅੰਮ੍ਰਿਤਸਰ/ਏ.ਟੀ.ਨਿਊਜ਼ :-- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧਾਂ 'ਚ ਅੱਜ ਕੱਲ ਕੁਝ ਪ੍ਰਾਈਵੇਟ ਵਿਅਕਤੀਆਂ ਦੀਆਂ ਲੋੜ ਤੋਂ ਵੱਧ ਹੋ ਰਹੀ ਦਖਲਅੰਦਾਜ਼ੀ ਨੂੰ ਲੈ ਕੇ ਖੂਬ ਚਰਚਾ ਹੈ, ਜਿਨ੍ਹਾਂ 'ਚੋਂ ਇਕ ਵਿਅਕਤੀ ਨੂੰ ਤਾਂ ਹਰ ਵੇਲੇ ਗੁ. ਸ਼ਹੀਦਗੰਜ ਸਾਹਿਬ ਦੇ ਮੈਨੇਜਰ ਅਤੇ ਸ਼੍ਰੋਮਣੀ ਕਮੇਟੀ ਅਧਿਕਾਰੀਆਂ ਦੇ ਦਫਤਰਾਂ 'ਚ ਹੀ ਘੁੰਮਦੇ ਹੋਏ ਦੇਖਿਆ ਜਾਂਦਾ ਹੈ। ਇਹ ਪ੍ਰਾਈਵੇਟ ਵਿਅਕਤੀ ਇੰਨੇ ਤੇਜਤਰਾਰ ਹਨ ਕਿ ਸ਼੍ਰੋਮਣੀ ਕਮੇਟੀ ਵਲੋਂ ਕਿਸੇ ਵੀ ਸਮਾਗਮ ਲਈ ਲਗਾਈ ਹੋਈ ਸਟੇਜ 'ਤੇ ਚੌਧਰੀ ਬਣੇ ਦਿਖਾਈ ਦਿੰਦੇ ਹਨ ਤਾਂ ਜੋ ਲੋਕਾਂ 'ਚ ਭਰਮ ਬਣਿਆ ਰਹੇ ਕਿ ਇਨ੍ਹਾਂ ਦਾ ਸ਼੍ਰੋਮਣੀ ਕਮੇਟੀ ਵਿਚ ਚੰਗਾ ਆਧਾਰ ਹੈ।

# ਸੀ.ਬੀ.ਆਈ. ਨੇ ਵਿਦੇਸ਼ੀ ਨਾਗਰਿਕਾਂ ਨਾਲ ਸਾਈਬਰ ਠੱਗੀ ਕਰਨ ਵਾਲਿਆਂ ਦਾ ਕੀਤਾ ਪਰਦਾਫ਼ਾਸ਼

## 26 ਲੋਕ ਗ੍ਰਿਫ਼ਤਾਰ, 32 ਸ਼ਹਿਰਾਂ ਵਿੱਚ ਕੀਤੀ ਛਾਪੇਮਾਰੀ

## ਪੂਨੇ, ਹੈਦਰਾਬਾਦ, ਅਹਿਮਦਾਬਾਦ ਤੇ ਵਿਸ਼ਾਖਾਪਟਨਮ 'ਚ ਚਾਰ ਨਾਜਾਇਜ਼ ਕਾਲ ਸੈਂਟਰ ਚਲਾ ਰਹੇ ਸਨ ਠੱਗ

ਸੀ.ਬੀ.ਆਈ. ਨੇ ਵਿਦੇਸ਼ੀ ਨਾਗਰਿਕਾਂ ਤੇ ਖ਼ਾਸ ਤੌਰ 'ਤੇ ਅਮਰੀਕੀ ਨਾਗਰਿਕਾਂ ਨਾਲ ਸਾਈਬਰ ਠੱਗੀ ਕਰਨ ਵਾਲਿਆਂ ਦਾ ਪਰਦਾਫ਼ਾਸ਼ ਕਰ ਕੇ 26 ਲੋਕਾਂ ਦੀ ਜਿਹੜੀ ਗ੍ਰਿਫ਼ਤਾਰੀ ਕੀਤੀ, ਉਹ ਇਹੀ ਦੱਸਦੀ ਹੈ ਕਿ ਭਾਰਤ ਵਿੱਚ ਸਾਈਬਰ ਠੱਗ ਕਿੰਨੇ ਵੱਡੇ ਪੱਧਰ 'ਤੇ ਸਰਗਰਮ ਹਨ। ਆਪ੍ਰੇਸ਼ਨ ਚੱਕਰ ਤਹਿਤ ਸੀ.ਬੀ.ਆਈ. ਨੇ ਸਾਈਬਰ ਠੱਗਾਂ ਖ਼ਿਲਾਫ਼ 32 ਸ਼ਹਿਰਾਂ ਵਿੱਚ ਛਾਪੇਮਾਰੀ ਕੀਤੀ। ਇਨ੍ਹਾਂ ਵਿੱਚੋਂ ਚਾਰ ਸ਼ਹਿਰਾਂ, ਪੂਣੇ, ਹੈਦਰਾਬਾਦ, ਅਹਿਮਦਾਬਾਦ ਤੇ ਵਿਸ਼ਾਖਾਪਟਨਮ ਵਿੱਚ ਸਾਈਬਰ ਠੱਗ ਲੋਕਾਂ ਨੂੰ ਠੱਗਣ ਲਈ ਚਾਰ ਨਾਜਾਇਜ਼ ਕਾਲ ਸੈਂਟਰ ਚਲਾ ਰਹੇ ਸਨ। ਅਜਿਹੇ ਕਾਲ ਸੈਂਟਰ ਪਹਿਲੀ ਵਾਰ ਉਜਾਗਰ ਨਹੀਂ ਹੋਏ। ਇਸ ਤੋਂ ਪਹਿਲਾਂ ਵੀ ਕਈ ਸ਼ਹਿਰਾਂ, ਖ਼ਾਸ ਤੌਰ 'ਤੇ ਦਿੱਲੀ-ਐੱਨ.ਸੀ.ਆਰ. ਵਿੱਚ ਵੀ ਅਜਿਹੇ ਕਾਲ ਸੈਂਟਰ ਚੱਲਦੇ ਪਾਏ ਗਏ ਹਨ। ਇਨ੍ਹਾਂ ਵਿੱਚੋਂ ਕੁਝ ਵਿਦੇਸ਼ੀ ਨਾਗਰਿਕਾਂ ਨੂੰ ਠੱਗਦੇ ਸਨ ਤੇ ਕੁਝ ਭਾਰਤੀ ਨਾਗਰਿਕਾਂ ਨੂੰ। ਆਪਣੇ ਦੇਸ਼ ਵਿੱਚ ਮੋਬਾਈਲ ਫ਼ੋਨ ਰਾਹੀਂ ਲੋਕਾਂ ਨੂੰ ਠੱਗਣ ਵਾਲੇ ਪਤਾ ਨਹੀਂ ਕਿੰਨੇ ਗਿਰੋਹ ਜਗ੍ਹਾ-ਜਗ੍ਹਾ ਸਰਗਰਮ ਹਨ। ਪਿਛਲੇ ਕੁਝ ਸਮੇਂ ਤੋਂ ਉਹ ਨਕਲੀ ਬੈਂਕ, ਪੁਲਿਸ, ਸੀ.ਬੀ.ਆਈ. ਅਤੇ ਕਸਟਮ ਅਧਿਕਾਰੀ ਬਣ ਕੇ ਵੀ ਲੋਕਾਂ ਨੂੰ ਠੱਗਣ ਦਾ ਕੰਮ ਕਰ ਰਹੇ ਹਨ। ਇਹ ਕਿਸੇ ਤੋਂ ਲੁਕਿਆ ਨਹੀਂ ਕਿ ਲੋਕਾਂ ਨੂੰ ਡਿਜੀਟਲ ਅਰੈਸਟ ਕਰ ਕੇ ਠੱਗਣ ਦੇ ਮਾਮਲੇ ਰੁਕਣ ਦਾ ਨਾਂ ਨਹੀਂ ਲੈ ਰਹੇ ਹਨ।

ਅੱਜ ਕੱਲ੍ਹ ਸਾਈਬਰ ਠੱਗਾਂ ਨੇ ਗੂਗਲ ਸਰਚ 'ਤੇ ਆਪਣਾ ਜਾਲ ਵਿਛਾਇਆ ਹੋਇਆ ਹੈ। ਉਹ ਉਸ ਜਾਲ 'ਚ ਸ਼ਿਕਾਰ ਫ਼ਸਣ ਦਾ ਇੰਤਜ਼ਾਰ ਕਰਦੇ ਹਨ- ਜਿਵੇਂ ਹੀ ਸ਼ਿਕਾਰ ਉਨ੍ਹਾਂ ਦੇ ਜਾਲ 'ਚ ਫਸਦਾ ਹੈ, ਉਹ ਉਸ ਨੂੰ ਆਪਣਾ ਨਿਸ਼ਾਨਾ ਬਣਾ ਲੈਂਦੇ ਹਨ, ਕਿਉਂਕਿ ਲੋਕ ਗੂਗਲ 'ਤੇ ਜਾ ਕੇ ਕਿਸੇ ਸੰਸਥਾ ਜਾਂ ਕੰਪਨੀ ਦਾ ਨਾਂ ਸਰਚ ਕਰਦੇ ਹਨ ਅਤੇ ਉਥੇ ਜ਼ਿਆਦਾਤਰ ਸਭ ਤੋਂ ਉੱਪਰ ਵਾਲਾ ਲਿੰਕ ਕਲਿੱਕ ਕਰਦੇ ਹਨ ਤਾਂ ਉਸ ਵਿੱਚ ਕੰਪਨੀ ਦੇ ਮੋਬਾਈਲ ਨੰਬਰ ਆਉਂਦੇ ਹਨ।ਜ਼ਰੂਰੀ ਨਹੀਂ ਉਹ ਨੰਬਰ ਉਸੇ ਕੰਪਨੀ ਦਾ ਹੋਵੇ। ਉਹ ਕਿਸੇ ਸਾਈਬਰ ਠੱਗ ਦਾ ਵਿਛਾਇਆ ਹੋਇਆ ਜਾਲ ਵੀ ਹੋ ਸਕਦਾ ਹੈ।

ਜਦੋਂ ਤੁਸੀਂ ਉਸ ਨੰਬਰ 'ਤੇ ਗੱਲ ਕਰਦੇ ਹੋ ਤਾਂ ਸਾਈਬਰ ਠੱਗ ਤੁਹਾਨੂੰ ਗੱਲਾਂ 'ਚ ਉਲਝਾ ਲੈਣਗੇ ਅਤੇ ਤੁਹਾਡੀ ਮਦਦ ਕਰਨ ਦਾ ਤੁਹਾਨੂੰ ਭਰੋਸਾ ਵੀ ਦਿਵਾਉਣਗੇ।ਫਿਰ ਝਾਂਸਾ ਦੇ ਕੇ ਤੁਹਾਨੂੰ ਇੱਕ ਲਿੰਕ ਭੇਜਣਗੇ ਜਾਂ ਫਿਰ ਕਿਸੇ ਹੋਰ ਢੰਗ ਨਾਲ ਤੁਹਾਨੂੰ ਉਲਝਾ ਕੇ ਤੁਹਾਡਾ ਬੈਂਕ ਅਕਾਊਂਟ ਖਾਲੀ ਕਰ ਦੇਣਗੇ।



**ਗੈਸ ਸਿਲੰਡਰ ਦੇਰ ਨਾਲ ਆਉਣ 'ਤੇ ਕੰਪਨੀ ਦਾ ਹੈਲਪਲਾਈਨ ਨੰਬਰ ਕੀਤਾ ਸਰਚ, 11 ਲੱਖ ਠੱਗੇ ਗਏ**

ਪਹਿਲੇ ਮਾਮਲੇ ਵਿੱਚ ਰਾਕੇਸ਼ ਖੰਨਾ ਨੇ ਗੈਸ ਸਿਲੰਡਰ ਦੇਰੀ ਨਾਲ ਡਲਿਵਰੀ ਹੋਣ ਦੀ ਸ਼ਿਕਾਇਤ ਕੰਪਨੀ ਵਿੱਚ ਦਰਜ ਕਰਵਾਉਣੀ ਸੀ। ਇਸ ਲਈ 17 ਸਤੰਬਰ ਨੂੰ ਗੂਗਲ 'ਤੇ ਕੰਪਨੀ ਦਾ ਕਸਟਮਰ ਕੇਅਰ ਦਾ ਨੰਬਰ ਲੱਭਿਆ ਸੀ ਪਰ ਨੰਬਰ ਲੱਭਦੇ ਹੋਏ ਉਹ ਸਾਈਬਰ ਠੱਗਾਂ ਦੇ ਜਾਲ 'ਚ ਫਸ ਗਏ, ਜੋ ਨੰਬਰ ਮਿਲਾ ਕੇ ਉਸ 'ਤੇ ਕਾਲ ਕੀਤੀ ਤਾਂ ਸਾਹਮਣਿਓਂ ਗੱਲ ਕਰਨ ਵਾਲੇ ਨੇ ਖੁਦ ਨੂੰ ਇੰਡੇਨ ਦਾ ਕਸਟਮਰ ਕੇਅਰ ਕਾਰਜਕਾਰੀ ਮੁਲਾਜ਼ਮ ਦੱਸਿਆ।

ਉਸ ਨੇ ਗੱਲਾਂ ਵਿੱਚ ਉਲਝਾ ਕੇ ਉਨ੍ਹਾਂ ਨੂੰ ਝਾਂਸੇ ਵਿੱਚ ਲੈ ਲਿਆ ਅਤੇ ਕਿਹਾ ਕਿ ਉਸ ਦੀ ਕੇ. ਵਾਈ. ਸੀ. ਨਹੀਂ ਹੋਈ। ਇਸ ਲਈ ਉਹ ਕੇ. ਵਾਈ. ਸੀ. ਫ਼ੀਸ ਲਈ 10 ਰੁਪਏ ਦੇਣ ਲਈ ਕਿਹਾ। ਸਾਈਬਰ ਠੱਗ ਨੇ ਉਸ ਨੂੰ ਇੱਕ ਵ੍ਹਟਸਐਪ 'ਤੇ ਲਿੰਕ ਭੇਜ ਦਿੱਤਾ। ਉਸ ਨੇ ਲਿੰਕ ਕਲਿੱਕ ਕਰ ਕੇ ਜਿਉਂ ਹੀ 10 ਰੁਪਏ ਆਨਲਾਈਨ ਕੀਤੇ ਤਾਂ ਉਸ ਦੇ ਖਾਤੇ ਵਿਚੋਂ ਵੱਖ-ਵੱਖ ਐਂਟਰੀਆਂ ਜ਼ਰੀਏ 11 ਲੱਖ ਰੁਪਏ ਟ੍ਰਾਂਸਫ਼ਰ ਕਰਵਾ ਲਏ।

ਇਹ ਪੈਸੇ ਬੰਧਨ ਬੈਂਕ, ਐੱਨ. ਐੱਸ. ਡੀ. ਐੱਲ. ਪੇਮੈਂਟ ਬੈਂਕ, ਇੰਡੀਅਨ ਓਵਰਸੀਜ਼ ਬੈਂਕ, ਕੋਟਿਕ ਮਹਿੰਦਰਾ, ਸੈਂਟਰਲ ਬੈਂਕ ਆਫ਼ ਇੰਡੀਆ, ਯੂਨੀਅਨ ਬੈਂਕ, ਇੰਡੀਅਨ ਬੈਂਕ ਅਤੇ ਐੱਚ. ਡੀ. ਐੱਫ਼. ਸੀ. ਬੈਂਕ ਸਮੇਤ 22 ਵੱਖ-ਵੱਖ ਬੈਂਕ ਖਾਤਿਆਂ 'ਚ ਟ੍ਰਾਂਸਫ਼ਰ ਕੀਤੇ ਗਏ, ਜੋ ਕਿ ਅਸਾਮ, ਮੁੰਬਈ, ਦਿੱਲੀ, ਗੁਜਰਾਤ ਅਤੇ ਰਾਜਸਥਾਨ 'ਚ ਮੌਜੂਦ ਸਨ, ਜਿਨ੍ਹਾਂ ਤੋਂ ਪੈਸੇ ਵੀ ਕਢਵਾ ਲਏ ਗਏ।

**ਮਾਤਾ ਵੈਸ਼ਣੋ ਦੇਵੀ ਜਾਣ ਲਈ ਕਰਵਾਈ ਹਵਾਈ ਟਿਕਟ, 50 ਹਜ਼ਾਰ ਠੱਗੇ ਗਏ**

ਇਸੇ ਤਰ੍ਹਾਂ ਦੂਜੇ ਕੇਸ ਵਿੱਚ ਹੈਬੋਵਾਲ ਦੇ ਰਹਿਣ ਵਾਲੇ ਅਮਿਤ ਨੇ ਦੱਸਿਆ ਕਿ ਉਸ ਨੇ ਆਪਣੇ ਪਰਿਵਾਰ ਨਾਲ ਮਾਤਾ ਵੈਸ਼ਣੋ ਦੇਵੀ ਜਾਣਾ ਸੀ। ਇਸ ਲਈ ਉਸ ਨੇ ਗੂਗਲ 'ਤੇ ਸਰਚ ਕਰ ਕੇ ਹਿਮਾਲੀਅਨ ਹੈਲੀ ਸਰਚ ਕੰਪਨੀ ਨੂੰ ਸਰਚ ਕੀਤਾ ਸੀ। ਉਸ 'ਤੇ ਆਏ ਨੰਬਰਾਂ 'ਤੇ ਸੰਪਰਕ ਕਰ ਕੇ ਉਸ ਨੇ ਟਿਕਟ ਬੁਕ ਕਰਵਾ ਲਈ ਅਤੇ ਕਰੀਬ 50,000 ਰੁਪਏ ਵੀ ਦੇ ਦਿੱਤੇ ਸਨ ਪਰ ਉਸ ਨੂੰ ਇਕ ਹਫ਼ਤੇ ਬਾਅਦ ਜਾ ਕੇ ਪਤਾ ਲੱਗਾ ਕਿ ਉਸ ਦੇ ਨਾਲ ਠੱਗੀ ਹੋ ਚੁੱਕੀ ਹੈ।ਉਸ ਦੀ ਹਵਾਈ ਟਿਕਟ ਫ਼ਰਜ਼ੀ ਸੀ, ਜਿਸ ਵੈੱਬਸਾਈਟ 'ਤੇ ਉਸ ਨੇ ਟਿਕਟ ਬੁਕ ਕਰਵਾਈ ਸੀ, ਉਹ ਠੱਗਾਂ ਦੀ ਸੀ।

**ਲਿੰਕ ਕਲਿੱਕ ਕਰਦੇ ਹੀ ਕ੍ਰੈਡਿਟ ਕਾਰਡ ਤੋਂ 40 ਹਜ਼ਾਰ ਦੀ ਹੋਈ ਸ਼ਾਪਿੰਗ**

ਇਸਲਾਮਗੰਜ ਦੇ ਰਹਿਣ ਵਾਲੇ ਬਿੰਨੀ ਨਿਰਵਾਨ ਨੇ ਦੱਸਿਆ ਕਿ ਉਸ ਕੋਲ ਇੱਕ ਬੈਂਕ ਦਾ ਕ੍ਰੈਡਿਟ ਕਾਰਡ ਹੈ। ਕੁਝ ਦਿਨ ਪਹਿਲਾਂ ਉਸ ਨੂੰ ਇੱਕ ਕਾਲ ਆਈ ਸੀ। ਕਾਲ ਕਰਨ ਵਾਲਾ ਖੁਦ ਨੂੰ ਬੈਂਕ ਦਾ ਮੁਲਾਜ਼ਮ ਦੱਸ ਰਿਹਾ ਸੀ ਅਤੇ ਕਹਿ ਰਿਹਾ ਸੀ ਕਿ ਉਸ ਦਾ ਬਿੱਲ ਅਜੇ ਬਾਕੀ ਹੈ। ਜਦੋਂ ਉਸ ਨੇ ਮਨ੍ਹਾ ਕੀਤਾ ਤਾਂ ਨੌਜਵਾਨ ਨੇ ਉਸ ਨੂੰ ਇਕ ਲਿੰਕ ਭੇਜ ਕੇ ਸਟੇਟਮੈਂਟ ਦੇਖਣ ਲਈ ਕਿਹਾ।

ਜਿਉਂ ਹੀ ਉਸ ਨੇ ਲਿੰਕ ਕਲਿੱਕ ਕੀਤਾ ਤਾਂ ਉਸ ਦੇ ਕ੍ਰੈਡਿਟ ਕਾਰਡ ਤੋਂ ਵੱਖ-ਵੱਖ ਐਂਟਰੀਆਂ ਜ਼ਰੀਏ ਗੁੜਗਾਓਂ ਅਤੇ ਨੋਇਡਾ 'ਚ ਆਨਲਾਈਨ ਸ਼ਾਪਿੰਗ ਹੋ ਗਈ। ਕਰੀਬ 50,000 ਰੁਪਏ ਦੀ ਸ਼ਾਪਿੰਗ ਕੀਤੀ ਗਈ (ਬਾਕੀ ਸਫ਼ਾ 30 'ਤੇ)

**ਦਰਪਣ ਝੂਠ ਨਹੀਂ ਬੋਲਦਾ**

# ਕੀ ਨਾਨਕਸ਼ਾਹੀ ਕੈਲੰਡਰ ਅਨੁਸਾਰ ਗੁਰਪੁਰਬ ਮਨਾਉਣ ਲਈ ਗਏ ਸਿੱਖ ਪਾਕਿਸਤਾਨ ਦੇ ਏਜੰਟ ਹਨ ?

## ਦਿੱਲੀ ਗੁਰਦੁਆਰਾ ਕਮੇਟੀ ਦੇ ਪ੍ਰਬੰਧਕ ਸਿੱਖਾਂ ਵਿਰੁੱਧ ਕਿਉਂ .ਫੈਲਾ ਰਹੇ ਹਨ ਨ.ਫਰਤ ?

ਬੀਤੇ ਦਿਨੀਂ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ੍ਰ. ਹਰਮੀਤ ਸਿੰਘ ਕਾਲਕਾ ਤੇ ਜਨਰਲ ਸਕੱਤਰ ਸ੍ਰ. ਜਗਦੀਪ ਸਿੰਘ ਕਾਹਲੋਂ ਨੇ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਾਹਿਬ ਨੂੰ ਅਪੀਲ ਕੀਤੀ ਸੀ ਕਿ ਅਕਾਲੀ ਦਲ ਦੇ ਆਗੂ ਪਰਮਜੀਤ ਸਿੰਘ ਸਰਨਾ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮਾਂ ਦੀ ਉਲੰਘਣਾ ਕਰਦਿਆਂ ਪਾਕਿਸਤਾਨ ਦੀ ਖੁਫ਼ੀਆ ਏਜੰਸੀ ਆਈ. ਐਸ. ਆਈ. ਤੇ ਹੋਰ ਅਧਿਕਾਰੀਆਂ ਨਾਲ ਰਲ ਕੇ ਸ੍ਰੀ ਗੁਰੂ ਰਾਮਦਾਸ ਜੀ ਦਾ ਪ੍ਰਕਾਸ਼ ਪੁਰਬ ਵੱਖਰੀ ਤਾਰੀਕ ਨੂੰ ਮਨਾਉਣ ਦੇ ਯਤਨ ਕਰ ਕੇ ਸੰਗਤਾਂ ਵਿੱਚ ਦੁਬਿਧਾ ਪੈਦਾ ਕਰਨ ਲਈ ਉਨ੍ਹਾਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਤਲਬ ਕਰ ਕੇ ਸਜ਼ਾ ਲਗਾਈ ਜਾਵੇ। ਸ੍ਰ. ਕਾਲਕਾ ਤੇ ਸ੍ਰ. ਕਾਹਲੋਂ ਨੇ ਕਿਹਾ ਸੀ ਕਿ ਸਾਲ 2002 ਤੋਂ 2012-13 ਤੱਕ ਜਦੋਂ ਤੱਕ ਸਰਨਾ ਦਿੱਲੀ ਕਮੇਟੀ ਦੇ ਪ੍ਰਧਾਨ ਰਹੇ, ਉਹ ਦਿੱਲੀ ਦੀ ਸੰਗਤ ਨੂੰ ਗੁੰਮਰਾਹ ਕਰਦੇ ਰਹੇ ਅਤੇ ਦੋ ਦੋ ਸੰਗਰਾਂਦਾ ਤੇ ਦੋ ਦੋ ਗੁਰਪੁਰਬ ਮਨਾਉਂਦੇ ਰਹੇ ਹਨ। ਉਨ੍ਹਾਂ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮਾਂ ਮੁਤਾਬਕ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦਾ ਪ੍ਰਕਾਸ਼ ਪੁਰਬ 19 ਅਕਤੂਬਰ ਨੂੰ ਮਨਾਇਆ ਜਾਣਾ ਹੈ ਪਰ ਇਸਦੇ ਉਲਟ ਸਰਨਾ ਨੇ ਪਾਕਿਸਤਾਨ ਬੈਠੇ ਆਪਣੇ ਆਕਾਵਾਂ ਪਾਕਿਸਤਾਨ ਦੇ ਏਜੰਟ ਤੇ ਆਈ. ਐਸ. ਆਈ. ਨੂੰ ਖੁਸ਼ ਕਰਨ ਵਾਸਤੇ 9 ਅਕਤੂਬਰ ਦਾ ਦਿਨ ਪਾਕਿਸਤਾਨ ਕਮੇਟੀ ਵੱਲੋਂ ਗੁਰਪੁਰਬ ਮਨਾਉਣ ਲਈ ਤੈਅ ਕਰਵਾ ਦਿੱਤਾ। ਉਨ੍ਹਾਂ ਕਿਹਾ ਕਿ ਅਸੀਂ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਚਿੱਠੀ ਵੀ ਲਿਖੀ ਹੈ ਤੇ ਬੇਨਤੀ ਕਰਦੇ ਹਾਂ ਕਿ ਅਜਿਹੇ ਬੰਦੇ ਜੋ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਉਲਟ ਚਲ ਰਹੇ ਹਨ, ਉਨ੍ਹਾਂ ਖ਼ਿਲਾਫ਼ ਸਖ਼ਤ ਤੋਂ ਸਖ਼ਤ ਕਾਰਵਾਈ ਕਰਨੀ ਚਾਹੀਦੀ ਹੈ।



ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧਕਾਂ ਤੋਂ ਸੁਆਲ ਪੁਛਣਾ ਇਹ ਬਣਦਾ ਹੈ ਕਿ ਨਾਨਕਸ਼ਾਹੀ ਕੈਲੰਡਰ ਮੁਤਾਬਕ ਗੁਰਪੁਰਬ ਮਨਾਉਣ ਵਾਲੇ ਸਿੱਖ ਕਿਵੇਂ ਪਾਕਿਸਤਾਨ ਦੇ ਏਜੰਟ ਹਨ ? ਕੀ ਜਦੋਂ ਜਥੇਦਾਰ ਜੋਗਿੰਦਰ ਸਿੰਘ ਵੇਦਾਂਤੀ ਸਮੇਂ ਮੂਲ ਨਾਨਕਸ਼ਾਹੀ ਕੈਲੰਡਰ ਨੂੰ ਮਾਨਤਾ ਦਿੱਤੀ ਗਈ ਸੀ ਕਿ ਉਹ ਪਾਕਿਸਤਾਨ ਦੀ ਪ੍ਰੇਰਣਾ ਸੀ ? ਕੀ ਉਸ ਸਮੇਂ ਅਕਾਲ ਤਖ਼ਤ ਸਾਹਿਬ ਉੱਪਰ ਪਾਕਿਸਤਾਨ ਦਾ ਪ੍ਰਭਾਵ ਸੀ ? ਕੀ ਉਸ ਸਮੇਂ ਸਾਰਾ ਸਿੱਖ ਪੰਥ ਪਾਕਿਸਤਾਨ ਦਾ ਏਜੰਟ ਸੀ ? ਕੀ ਸਿੱਖਾਂ ਦਾ ਵੱਖਰਾ ਕੈਲੰਡਰ ਹੋਣਾ ਪਾਕਿਸਤਾਨ ਦਾ ਏਜੰਟ ਹੋਣਾ ਹੈ ?

# ਸੁਨੀਲ ਜਾਖੜ ਨੇ ਮੋਦੀ ਸਰਕਾਰ ਤੋਂ ਦੁਖੀ ਹੋ ਕੇ ਦਿੱਤਾ ਅਸਤੀ.ਫਾ

## ਜਾਖੜ ਨੂੰ ਨਹੀਂ ਪਸੰਦ ਹਨ ਮੋਦੀ ਸਰਕਾਰ ਦੀਆਂ ਪੰਜਾਬ ਤੇ ਸਿੱਖ ਵਿਰੋਧੀ ਨੀਤੀਆਂ

## ਹਾਈਕਮਾਂਡ ਨਵੇਂ ਪ੍ਰਧਾਨ ਦੀ ਤਲਾਸ਼ ਵਿੱਚ, ਪੰਜਾਬ ਵਿੱਚ ਨਹੀਂ ਲੱਗ ਰਹੀਆਂ ਜੜ੍ਹਾਂ

ਸੁਨੀਲ ਜਾਖੜ ਪੰਜਾਬ ਵਿੱਚ ਕਾਂਗਰਸ ਅਤੇ ਭਾਜਪਾ ਦੀਆਂ ਸੂਬਾ ਇਕਾਈਆਂ ਦੀ ਅਗਵਾਈ ਕਰਨ ਵਾਲੇ ਇਕਲੌਤੇ ਸਿਆਸਤਦਾਨ ਹਨ। ਹਾਲ ਹੀ ਵਿੱਚ ਭਾਜਪਾ ਵਿੱਚ, ਉਹ ਪ੍ਰਧਾਨਗੀ ਅਹੁਦੇ ਤੋਂ ਅਸਤੀਫ਼ਾ ਦੇਣ ਦੀ ਚਰਚਾ ਕਰਕੇ ਇੱਕ ਬੁਝਾਰਤ ਬਣ ਗਏ ਹਨ।

ਪਿਛਲੇ ਕੁਝ ਮਹੀਨਿਆਂ ਤੋਂ ਕੇਂਦਰੀ ਨੁਮਾਇੰਦਿਆਂ ਦੀ ਮੌਜੂਦਗੀ ਵਿੱਚ ਕੁਝ ਸੂਬਾਈ ਭਾਜਪਾ ਮੀਟਿੰਗਾਂ ਵਿੱਚ ਸਪੱਸ਼ਟ ਤੌਰ 'ਤੇ ਬੋਲਣ ਤੋਂ ਬਾਅਦ, ਜਾਖੜ ਪਾਰਟੀ ਮੀਟਿੰਗਾਂ ਤੋਂ ਦੂਰ ਰਹੇ ਹਨ ਤੇ ਅਸਤੀਫ਼ਾ ਦੇਣ ਦਾ ਐਲਾਨ ਕੀਤਾ ਸੀ । ਜਦਕਿ ਭਾਜਪਾ ਆਗੂ ਅਸਤੀਫ਼ੇ ਦੀਆਂ ਖਬਰਾਂ ਦਾ ਖੰਡਨ ਕਰ ਰਹੇ ਹਨ ਪਰ ਜਾਖੜ ਆਪਣੇ ਸਟੈਂਡ ਉੱਪਰ ਕਾਇਮ ਹਨ ।

ਚਰਚੇ ਇਹ ਵੀ ਹਨ ਕਿ ਜਾਖੜ ਭਾਜਪਾ ਦੀ ਕੌਮੀ ਸਰਕਾਰ ਦੀ ਪੰਜਾਬ ਪ੍ਰਤੀ ਸੋਚ ਤੇ ਨੀਤੀਆਂ ਕਾਰਨ ਵੀ ਨਿਰਾਸ਼ ਹਨ। ਸੁਨੀਲ ਜਾਖੜ, ਜਿਨ੍ਹਾਂ ਦਾ ਪਰਿਵਾਰ ਉੱਤਰੀ ਭਾਰਤ ਵਿਚ ਕਿਸਾਨ ਹਿੱਤਾਂ ਦੇ ਰਖਵਾਲਿਆਂ ਵਜੋਂ ਜਾਣਿਆ ਜਾਂਦਾ ਰਿਹਾ ਹੈ ਤੇ ਜਾਖੜ ਦੀ ਧਰਮ ਨਿਰਪੱਖ ਸੋਚ ਕਾਰਨ ਉਨ੍ਹਾਂ ਨੂੰ ਸਿੱਖਾਂ ਤੇ ਦੂਜੇ ਧਰਮਾਂ ਤੋਂ ਵੀ ਪੂਰਾ ਸਤਿਕਾਰ ਮਿਲਦਾ ਰਿਹਾ ਪਰ ਸਮਝਿਆ ਜਾਂਦਾ ਹੈ ਕਿ ਭਾਜਪਾ ਵਿੱਚ ਸ਼ਾਮਿਲ ਹੋ ਅਤੇ ਸੂਬਾ ਪ੍ਰਧਾਨ ਬਣਨ ਤੋਂ ਬਾਅਦ ਭਾਜਪਾ ਦੀ ਕਿਸਾਨਾਂ ਨਾਲ ਟਕਰਾਅ ਵਾਲੀ ਨੀਤੀ ਅਤੇ ਸਿੱਖ ਮਸਲਿਆਂ ਨੂੰ ਹੱਲ ਕਰਨ ਸੰਬੰਧੀ ਨਾਂਹਪੱਖੀ ਰਵੱਈਏ ਕਾਰਨ ਉਹ ਲਗਾਤਾਰ ਘੁੱਟਣ ਮਹਿਸੂਸ ਕਰ ਰਹੇ ਸਨ।

ਨਵੇਂ ਪ੍ਰਧਾਨ ਨੂੰ ਲੈ ਕੇ ਪਾਰਟੀ ਹਾਈਕਮਾਂਡ ਸਾਹਮਣੇ ਦੋ ਵੱਡੇ ਸਵਾਲ ਹਨ। ਪਹਿਲਾ, ਨਵਾਂ ਪ੍ਰਧਾਨ ਪਾਰਟੀ ਕੇਡਰ ਵਿਚੋਂ ਬਣਾਇਆ ਜਾਣਾ ਚਾਹੀਦਾ ਹੈ ਜਾਂ ਕਿਸੇ ਹੋਰ ਪਾਰਟੀ ਦੇ ਵੱਡੇ ਚਿਹਰੇ ਨੂੰ ਅੱਗੇ ਰੱਖਿਆ ਜਾਣਾ ਚਾਹੀਦਾ ਹੈ ? ਭਾਜਪਾ ਦੇ ਜਿਹੜੇ ਵੱਡੇ ਚਿਹਰੇ ਸਨ, ਉਹ ਜਾਂ ਤਾਂ ਹੁਣ ਬਜ਼ੁਰਗ ਹੋ ਗਏ ਹਨ ਜਾਂ ਪਾਰਟੀ ਕੇਡਰ ਵੱਲੋਂ ਨਜ਼ਰਅੰਦਾਜ਼ ਕੀਤੇ ਜਾਣ ਕਾਰਨ ਸਰਗਰਮ ਰਾਜਨੀਤੀ ਤੋਂ ਦੂਰੀ ਬਣਾ ਚੁੱਕੇ ਗਏ ਹਨ। ਦੂਸਰਾ ਸਵਾਲ ਇਹ ਹੈ ਕਿ ਹਿੰਦੂ ਚਿਹਰਾ ਅੱਗੇ ਰੱਖ ਕੇ ਬਾਜ਼ੀ ਖੇਡੀ ਜਾਵੇ ਜਾਂ ਸਿੱਖ ਚਿਹਰਾ ਅੱਗੇ ਰੱਖਿਆ ਜਾਵੇ।



ਜਦੋਂ ਸੁਨੀਲ ਜਾਖੜ ਨੂੰ ਪ੍ਰਧਾਨਗੀ ਦੀ ਕਮਾਨ ਸੌਂਪੀ ਗਈ ਸੀ, ਉਦੋਂ ਵੀ ਇਹ ਦੋਵੇਂ ਗੱਲਾਂ ਧਿਆਨ ਵਿਚ ਸਨ। ਜਾਖੜ ਵੱਡੇ ਕੱਦ ਦੇ ਨੇਤਾ ਹਨ ਤੇ ਉਹ ਹਿੰਦੂ ਅਤੇ ਕਿਸਾਨੀ ਵਰਗ ਨਾਲ ਸੰਬੰਧਿਤ ਚਿਹਰਾ ਵੀ ਰਹੇ ਹਨ ਤੇ ਸਿੱਖ ਭਾਈਚਾਰੇ ਦੇ ਵੀ ਨੇੜੇ ਹਨ। ਪਰ ਹੁਣ ਭਾਜਪਾ ਕੋਲ ਆਪਣਾ ਕੋਈ ਵੱਡਾ ਸਿੱਖ ਚਿਹਰਾ ਨਹੀਂ ਹੈ ਜਿਸ ਦਾ ਪੂਰੇ ਪੰਜਾਬ ਵਿੱਚ ਆਧਾਰ ਹੋਵੇ। ਅਜਿਹੇ ਵਿੱਚ ਉਹ ਦੂਸਰੀ ਪਾਰਟੀਆਂ ਤੋਂ ਆਏ ਹੋਏ ਨੇਤਾ ਜ਼ਰੀਏ ਇਹ ਘਾਟ ਪੂਰੀ ਕਰਨੀ ਚਾਹੁੰਦੇ ਹਨ। ਇਸ ਲੜੀ ਵਿਚ ਬਰਨਾਲਾ ਦੇ ਸਾਬਕਾ ਵਿਧਾਇਕ ਕੇਵਲ ਸਿੰਘ ਢਿੱਲੋਂ, ਗੁਰੂਹਰਸਹਾਏ ਦੇ ਸਾਬਕਾ ਵਿਧਾਇਕ ਰਾਣਾ ਗੁਰਮੀਤ ਸਿੰਘ ਸੋਢੀ ਤੇ ਮਨਪ੍ਰੀਤ ਸਿੰਘ ਬਾਦਲ ਹਨ। ਪਰ ਸਿੱਖ ਭਾਈਚਾਰੇ ਵਿੱਚ ਉਨ੍ਹਾਂ ਪ੍ਰਤੀ ਕੋਈ ਵਿਸ਼ਵਾਸ ਨਹੀਂ ਹੈ। ਨਾ ਹੀ ਉਨ੍ਹਾਂ ਦਾ ਸਿਆਸੀ ਕਦ ਕਾਠ ਜਾਖੜ ਵਰਗਾ ਹੈ।

ਪਾਰਟੀ ਵਿੱਚ ਦੂਸਰਾ ਵਿਚਾਰ ਕਾਡਰ ਤੋਂ ਹੀ ਕਿਸੇ ਆਗੂ ਨੂੰ ਲੈਣ 'ਤੇ ਵੀ ਚੱਲ ਰਿਹਾ ਹੈ। ਇਸ ਪਾਰਟੀ ਦੇ ਕੌਮੀ ਜਨਰਲ ਸਕੱਤਰ ਤਰੁਣ ਚੁਘ ਤੇ ਸੂਬਾ ਮੀਤ ਪ੍ਰਧਾਨ ਡਾ. ਸੁਭਾਸ਼ ਸ਼ਰਮਾ ਸਰਗਰਮ ਹਨ। ਦੋਵੇਂ ਹੀ ਨੇਤਾ ਪਾਰਟੀ ਦੇ ਸੰਗਠਨ ਤੋਂ ਆਉਂਦੇ ਹਨ ਤੇ ਦੋਵਾਂ ਦਾ ਹੀ ਆਰ.ਐੱਸ.ਐੱਸ. ਵਿੱਚ ਵੀ ਚੰਗਾ ਆਧਾਰ ਰਿਹਾ ਹੈ ਪਰ ਪਾਰਟੀ ਦੀ ਅੰਦਰੂਨੀ ਧੜੇਬੰਦੀ ਨੂੰ ਖਤਮ ਕਰਨਾ ਵੀ ਪਾਰਟੀ ਲਈ ਵੱਡੀ ਸਮੱਸਿਆ ਹੈ।

# ਮੋਦੀ ਸਰਕਾਰ ਦਲਿਤਾਂ ਨਾਲ ਕਰ ਰਹੀ ਹੈ ਧੋਖਾ, ਰਿਜ਼ਰਵੇਸ਼ਨ ਨਿਯਮਾਂ ਦੀ ਹੋ ਰਹੀ ਹੈ ਉਲੰਘਣਾ

## ਰਿਜ਼ਰਵੇਸ਼ਨ ਵਾਲੀਆਂ ਖਾਲੀ ਅਸਾਮੀਆਂ ਵਿੱਚ ਠੇਕੇ 'ਤੇ ਕੀਤੀ ਜਾ ਰਹੀ ਹੈ ਜਨਰਲ ਦੀ ਭਰਤੀ

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਆਪਣੇ ਜਿਉਂਦੇ ਜੀ ਰਿਜ਼ਰਵੇਸ਼ਨ ਖਤਮ ਨਾ ਹੋਣ ਦੇਣ ਦੇ ਲੱਖ ਦਾਅਵੇ ਕਰਨ, ਕੇਂਦਰ ਸਰਕਾਰ ਜਿੱਥੇ ਦਾਅ ਲੱਗਦਾ ਹੈ, ਰਿਜ਼ਰਵੇਸ਼ਨ ਨੂੰ ਬਾਈਪਾਸ ਕਰਨ ਤੋਂ ਬਾਜ਼ ਨਹੀਂ ਆਉਂਦੀ। ਕੇਂਦਰੀ ਵਿਗਿਆਨ ਤੇ ਤਕਨਾਲੋਜੀ ਵਿਭਾਗ ਨੇ ਲੰਘੇ ਦਿਨੀਂ ਰਿਜ਼ਰਵੇਸ਼ਨ ਨੇਮਾਂ ਤੋਂ ਬਿਨਾਂ ਯੰਗ ਪ੍ਰੋਫ਼ੈਸ਼ਨਲ (ਵਾਈ. ਪੀ.) ਸਕੀਮ ਤਹਿਤ ਠੇਕੇ 'ਤੇ ਅਧਿਕਾਰੀ ਰੱਖਣ ਲਈ ਅਗਸਤ ਵਿੱਚ ਲਈ ਇੰਟਰਵਿਊ ਦੇ ਨਤੀਜੇ ਦਾ ਐਲਾਨ ਕੀਤਾ। ਇਸ ਨੇ ਕਿਹਾ ਕਿ ਛੇ ਅਧਿਕਾਰੀ ਰੱਖਣੇ ਸਨ, ਪਰ ਚਾਰ ਨਿਯੁਕਤੀ ਲਈ ਯੋਗ ਪਾਏ ਗਏ। ਇਸ ਤੋਂ ਪਹਿਲਾਂ ਕੇਂਦਰੀ ਮੰਤਰਾਲੇ ਰਿਜ਼ਰਵੇਸ਼ਨ ਨੇਮਾਂ ਨੂੰ ਬਾਈਪਾਸ ਕਰਕੇ ਲੇਟਰਲ ਐਂਟਰੀ ਤਹਿਤ ਅਧਿਕਾਰੀਆਂ ਦੀ ਨਿਯੁਕਤੀ ਕਰਦੇ ਆ ਰਹੇ ਸਨ, ਪਰ ਜ਼ੋਰਦਾਰ ਵਿਰੋਧ ਕਾਰਨ ਇਹ ਢੰਗ ਬੰਦ ਕਰ ਦਿੱਤਾ ਸੀ। ਹੁਣ ਨੀਤੀ ਆਯੋਗ ਵੱਲੋਂ ਪੰਜ ਸਾਲ ਪਹਿਲਾਂ ਬਣਾਈ ਗਈ ਵਾਈ. ਪੀ. ਸਕੀਮ ਦਾ ਸਹਾਰਾ ਲਿਆ ਜਾ ਰਿਹਾ ਹੈ । ਇਸ



ਸਕੀਮ ਵਿੱਚ ਐੱਸ ਸੀ, ਐੱਸ ਟੀ, ਓ ਬੀ ਸੀ ਤੇ ਈ ਡਬਲਿਊ ਐੱਸ (ਆਰਥਕ ਤੌਰ 'ਤੇ ਕਮਜ਼ੋਰ) ਉਮੀਦਵਾਰਾਂ ਦੀਆਂ ਕ੍ਰਮਵਾਰ 15 ਫ਼ੀਸਦੀ, 7.5 ਫ਼ੀਸਦੀ, 27 ਫ਼ੀਸਦੀ ਤੇ 10 ਫ਼ੀਸਦੀ ਕੋਟੇ ਤਹਿਤ ਪੱਕੀਆਂ ਤੇ ਆਰਜ਼ੀ ਨਿਯੁਕਤੀਆਂ ਦੀ ਸ਼ਰਤ ਨਹੀਂ ਹੈ। ਸਿੱਧੀ ਠੇਕੇ 'ਤੇ ਭਰਤੀ ਕੀਤੀ ਜਾਂਦੀ ਹੈ । ਵਿਗਿਆਨ ਤੇ ਤਕਨਾਲੋਜੀ ਵਿਭਾਗ ਦਾ ਕਹਿਣਾ ਹੈ ਕਿ 70-70 ਹਜ਼ਾਰ ਰੁਪਏ ਮਹੀਨੇ ਵਾਲੀਆਂ ਇਹ ਨਿਯੁਕਤੀਆਂ ਇੱਕ ਸਾਲ ਦੇ ਠੇਕੇ 'ਤੇ ਹਨ ਤੇ ਆਰਜ਼ੀ ਨਿਯੁਕਤੀਆਂ ਨਾਲੋਂ ਵੱਖਰੀਆਂ ਹਨ।

# ਈਰਾਨ ਦੀ ਕੁਦਸ .ਫੋਰਸ ਦਾ ਮੁਖੀ ਲਾਪਤਾ, ਮੋਸਾਦ 'ਤੇ ਸ਼ੱਕ

## ਇਜ਼ਰਾਇਲੀ ਖ਼ੁਫ਼ੀਆ ਏਜੰਸੀ ਦੇ ਹੈਰਾਨੀਜਨਕ ਕਾਰਨਾਮਿਆਂ ਨੇ ਜਿਹਾਦੀ ਖਾੜਕੂਆਂ ਨੂੰ ਕੀਤਾ ਪ੍ਰੇਸ਼ਾਨ

ਈਰਾਨ ਵੱਲੋਂ ਇਜ਼ਰਾਇਲ 'ਤੇ 180 ਤੋਂ ਜ਼ਿਆਦਾ ਬੈਲਿਸਟਿਕ ਮਿਜ਼ਾਈਲਾਂ ਨਾਲ ਹਮਲੇ ਦੇ ਦੋ ਦਿਨਾਂ ਬਾਅਦ ਈਰਾਨ ਦੀ ਤਾਕਤਵਰ ਕੁਦਸ ਫ਼ੋਰਸ ਦਾ ਮੁਖੀ ਇਸਮਾਈਲ ਕਾਨੀ ਲਾਪਤਾ ਹੈ। ਈਰਾਨ ਉਸ ਨਾਲ ਸੰਪਰਕ ਕਾਇਮ ਕਰਨ ਦੇ ਸਮਰੱਥ ਨਹੀਂ ਹੈ। ਈਰਾਨੀ ਅਧਿਕਾਰੀ ਮੁਤਾਬਕ ਉਹ ਬੇਰੂਤ ਦੇ ਦਹੀਆ ਇਲਾਕੇ ਵਿੱਚ ਸੀ। ਬੀਤੇ ਦਿਨੀਂ ਇਜ਼ਰਾਇਲ ਨੇ ਹਿਜ਼ਬੁੱਲਾ ਦੇ ਸੰਭਾਵੀ ਉੱਤਰਾਧਿਕਾਰੀ ਹਾਸ਼ਿਮ ਸਫ਼ੀਉਦੀਨ ਨੂੰ ਇੱਕ ਸਟ੍ਰਾਈਕ ਵਿੱਚ ਨਿਸ਼ਾਨਾ ਬਣਾਇਆ ਗਿਆ ਸੀ।

ਹਾਲਾਂਕਿ ਈਰਾਨੀ ਅਧਿਕਾਰੀ ਦਾ ਕਹਿਣਾ ਹੈ ਕਿ ਇਸਮਾਈਲ ਸਫ਼ੀਉਦੀਨ ਨੂੰ ਨਹੀਂ ਮਿਲਿਆ ਸੀ। ਦੂਜੇ ਪਾਸੇ ਇਸਮਾਈਲ ਕਾਨੀ ਦੇ ਬੇਰੂਤ ਹਮਲੇ ਵਿੱਚ ਮਾਰੇ ਜਾਣ ਦੀ ਖ਼ਬਰ 'ਤੇ ਇਜ਼ਰਾਇਲ ਨੇ ਕੋਈ ਸਪੱਸ਼ਟ ਟਿੱਪਣੀ ਨਹੀਂ ਕੀਤੀ। ਕਿਹਾ ਇਹ ਵੀ ਜਾ ਰਿਹਾ ਕਿ ਮੋਸਾਦ ਨੇ ਉਸ ਨੂੰ ਫੜ ਲਿਆ ਹੈ ਜਾਂ ਮਾਰ ਦਿਤਾ ਹੈ।

ਯਾਦ ਰਹੇ ਕਿ ਇਜ਼ਰਾਇਲ ਦੀ ਖੁਫ਼ੀਆ ਏਜੰਸੀ ਮੋਸਾਦ ਵੱਲੋਂ ਪੇਜ਼ਰ ਬੰਬ ਦੀ ਨਵੀਂ ਸਰਗਰਮੀ, ਐਕਸ਼ਨ, ਹਿਜ਼ਬੁੱਲਾ ਲੜਾਕਿਆਂ ਦਾ ਸਫ਼ਾਇਆ ਦੁਨੀਆਂ ਵਿੱਚ ਚਰਚਾ ਦਾ ਵਿਸ਼ਾ ਬਣ ਚੁਕਾ ਹੈ। ਇਸ ਐਕਸ਼ਨ ਨੇ ਸੁਰੱਖਿਆ ਨੂੰ ਲੈ ਕੇ ਨਵੀਂ ਚੁਣੌਤੀ ਖੜ੍ਹੀ ਕਰ ਦਿੱਤੀ ਹੈ। ਪੇਜ਼ਰ ਬੰਬ ਕਾਂਡ ਤੋਂ ਬਾਅਦ ਇਹ ਚਰਚਾ ਵੀ ਚਲ ਰਹੀ ਹੈ ਕਿ ਇਜ਼ਰਾਇਲ ਅਜਿਹੇ ਧਮਾਕੇ ਮੋਬਾਈਲ ਫ਼ੋਨਾਂ ਰਾਹੀਂ ਵੀ ਕਰ ਸਕਦਾ ਹੈ ? ਖ਼ੈਰ, ਪੇਜ਼ਰ ਬੰਬ ਧਮਾਕਿਆਂ ਨੇ ਇੱਕ ਵਾਰ ਫ਼ਿਰ ਮੋਸਾਦ ਦੇ ਕੰਮ ਕਰਨ ਦੇ ਤਰੀਕਿਆਂ ਵਿੱਚ ਲੋਕਾਂ ਦੀ ਦਿਲਚਸਪੀ ਵਧਾ ਦਿੱਤੀ ਹੈ।

ਰੋਨਨ ਬਰਗਮੈਨ ਦੀ ਕਿਤਾਬ ਰਾਈਜ਼ ਐਂਡ ਕਿਲ ਫ਼ਸਟ: ਦਿ ਸੀਕਰੇਟ ਹਿਸਟਰੀ ਆਫ਼ ਇਜ਼ਰਾਈਲਜ਼ ਟਾਰਗੇਟਡ ਅਸਾਸੀਨੇਸ਼ਨਜ਼ ਇਜ਼ਰਾਈਲੀ ਖ਼ੁਫ਼ੀਆ ਏਜੰਸੀ ਨੂੰ ਸਮਝਣ ਵਿੱਚ ਬਹੁਤ ਮਦਦਗਾਰ ਹੋ ਸਕਦੀ ਹੈ। ਇਸ ਪੁਸਤਕ ਨੂੰ ਪ੍ਰਮਾਣਿਕ ਮੰਨਿਆ ਜਾਂਦਾ ਹੈ। ਇਸ ਨੂੰ ਵੀ ਖ਼ੂਬਸੂਰਤ ਅੰਦਾਜ਼ ਵਿੱਚ ਲਿਖਿਆ ਗਿਆ ਹੈ। ਨਾਲ ਹੀ, ਇਹ ਕਿਤਾਬ 1949 ਵਿੱਚ ਇਸਦੀ ਸਥਾਪਨਾ ਤੋਂ ਬਾਅਦ ਰਾਜ ਅਤੇ ਗੈਰ-ਰਾਜੀ ਅਦਾਕਾਰਾਂ ਵਿਰੁੱਧ ਖੁਫ਼ੀਆ ਏਜੰਸੀ ਦੀਆਂ ਕਾਰਵਾਈਆਂ ਬਾਰੇ ਦਿਲਚਸਪ ਜਾਣਕਾਰੀ ਪ੍ਰਦਾਨ ਕਰਦੀ ਹੈ।



# ਸਿਆਸਤ ਦੀ ਨਰਸਰੀ ਹੁੰਦੀ ਹੈ ਸਰਪੰਚੀ


## ਕਈ ਮੁੱਖ ਮੰਤਰੀ ਤੇ ਵਜ਼ੀਰ ਵੀ ਸਰਪੰਚੀ ਦੇ ਡੰਡੇ ਤੋਂ ਚੜ੍ਹੇ ਹਨ ਸਿਆਸਤ ਦੀ ਪੌੜੀ

## ਕਈ ਮੌਜੂਦਾ ਆਗੂ ਮਾਣ ਚੁੱਕੇ ਨੇ ਸਰਪੰਚੀ ਦਾ ਆਨੰਦ

## ਜ਼ਮੀਨੀ ਹਕੀਕਤ ਜਾਣਨ 'ਚ ਜ਼ਰੂਰ ਸਹਾਈ ਹੁੰਦੀ ਹੈ ਸਰਪੰਚੀ

ਕੋਈ ਜ਼ਮਾਨਾ ਸੀ, ਜਦੋਂ ਸਿਖਰਲੀ ਸਿਆਸਤ ਦਾ ਰਾਹ 'ਵਾਇਆ ਸਰਪੰਚੀ' ਖੁੱਲ੍ਹਦਾ ਸੀ। ਸਿਆਸਤ ਦੀ ਇਸ ਪਹਿਲੀ ਪੌੜੀ 'ਤੇ ਪੈਰ ਧਰ ਕੇ ਹੀ ਪੰਜਾਬ 'ਚ ਕਈ ਆਗੂ ਮੁੱਖ ਮੰਤਰੀ ਬਣੇ ਅਤੇ ਸਰਪੰਚੀ ਦੇ ਸਫ਼ਰ ਮਗਰੋਂ ਬਹੁਤੇ ਵਜ਼ੀਰ ਵੀ ਬਣੇ। ਸਿਆਸਤ ਦਾ ਹੁਣ ਮੁਹਾਂਦਰਾ ਬਦਲਿਆ ਹੈ, ਜਿਸ 'ਚ ਜ਼ਮੀਨ ਤੋਂ ਉੱਠੇ ਆਗੂ ਰਾਹਾਂ 'ਚ ਹੀ ਗੁਆਚ ਜਾਂਦੇ ਹਨ। ਪੰਚਾਇਤ ਚੋਣਾਂ ਦਾ ਹੁਣ ਘੜਮੱਸ ਪੈ ਰਿਹਾ ਹੈ, ਜਦਕਿ ਇਨ੍ਹਾਂ ਚੋਣਾਂ ਨੇ ਭਲੇ ਵੇਲਿਆਂ ਵਿੱਚ ਪੰਜਾਬ ਨੂੰ ਸਿਰਕੱਢ ਨੇਤਾ ਦਿੱਤੇ ਸਨ।


ਪ੍ਰਕਾਸ਼ ਸਿੰਘ ਬਾਦਲ


ਬੇਅੰਤ ਸਿੰਘ


ਸੁਖਦੇਵ ਸਿੰਘ ਢੀਂਡਸਾ


ਕੁਲਤਾਰ ਸੰਧਵਾਂ

ਉਤਾਂਹ ਤੋਂ ਨਜ਼ਰ ਮਾਰੀਏ ਤਾਂ ਮਰਹੂਮ ਪ੍ਰਕਾਸ਼ ਸਿੰਘ ਬਾਦਲ ਨੇ ਆਪਣਾ ਸਿਆਸੀ ਸਫ਼ਰ ਪਿੰਡ ਬਾਦਲ ਦੀ ਸਰਪੰਚੀ ਤੋਂ ਸ਼ੁਰੂ ਕੀਤਾ ਸੀ। ਉਹ ਸਰਬਸੰਮਤੀ ਨਾਲ ਸਰਪੰਚ ਬਣੇ ਸਨ ਅਤੇ ਮੁੜ ਕਦੇ ਪਿਛਾਂਹ ਨਹੀਂ ਦੇਖਿਆ। ਉਨ੍ਹਾਂ ਦੀ ਕਾਮਯਾਬੀ 'ਚ ਕਿਤੇ ਨਾ ਕਿਤੇ ਸਰਪੰਚੀ ਦਾ ਯੋਗਦਾਨ ਵੀ ਰਿਹਾ। ਸਾਬਕਾ ਮੁੱਖ ਮੰਤਰੀ ਮਰਹੂਮ ਬੇਅੰਤ ਸਿੰਘ ਨੇ ਵੀ ਪਿੰਡ ਦੀ ਸਰਪੰਚੀ ਚੋਂ ਸਿਆਸਤ ਵਿੱਚ ਪੈਰ ਰੱਖਿਆ ਸੀ। ਬਾਅਦ ਵਿੱਚ ਉਨ੍ਹਾਂ ਦਾ ਲੜਕਾ ਅਤੇ ਪੋਤਰਾ ਵੀ ਸਰਪੰਚ ਬਣੇ। ਕੇਂਦਰੀ ਵਜ਼ਾਰਤ ਤੱਕ ਪੁੱਜੇ ਸੁਖਦੇਵ ਸਿੰਘ ਢੀਂਡਸਾ ਨੇ ਜਿਵੇਂ ਹੀ ਕਾਲਜ ਦੀ ਪੜ੍ਹਾਈ ਪੂਰੀ ਕੀਤੀ ਤਾਂ ਉਨ੍ਹਾਂ ਨੂੰ ਜੱਦੀ ਪਿੰਡ ਉਭਾਵਾਲ ਦੇ ਲੋਕਾਂ ਨੇ ਸਰਪੰਚ ਬਣਾ ਦਿੱਤਾ ਸੀ ਅਤੇ ਮਗਰੋਂ ਉਹ ਬਲਾਕ ਸਮਿਤੀ ਮੈਂਬਰ ਵੀ ਰਹੇ। ਰਾਜ ਸਭਾ ਮੈਂਬਰ ਅਤੇ ਕੈਬਨਿਟ ਵਜ਼ੀਰ ਰਹੇ ਬਲਵਿੰਦਰ ਸਿੰਘ ਭੂੰਦੜ, ਜੋ ਹੁਣ ਸ਼੍ਰੋਮਣੀ ਅਕਾਲੀ ਦਲ ਦੇ ਕਾਰਜਕਾਰੀ ਪ੍ਰਧਾਨ ਵੀ ਹਨ, ਆਪਣੇ ਪਿੰਡ ਭੂੰਦੜ ਦੇ 1964 ਤੋਂ 1972 ਤੱਕ ਸਰਪੰਚ ਰਹੇ।

ਸੰਸਦ ਮੈਂਬਰ ਸੁਖਜਿੰਦਰ ਸਿੰਘ ਰੰਧਾਵਾ ਦੇ ਪਿਤਾ ਸੰਤੋਖ ਸਿੰਘ ਰੰਧਾਵਾ, ਜੋ ਪੰਚਾਇਤ ਮੰਤਰੀ ਵੀ ਰਹੇ ਸਨ, ਨੇ ਵੀ ਆਪਣਾ ਸਿਆਸੀ ਸਫ਼ਰ ਪਿੰਡ ਧਾਰੋਵਾਲੀ ਦੀ ਸਰਪੰਚੀ ਤੋਂ ਸ਼ੁਰੂ ਕੀਤਾ ਸੀ। ਸੰਤੋਖ ਸਿੰਘ ਰੰਧਾਵਾ ਪੰਜਾਬ ਦੇ ਸਭ ਤੋਂ ਛੋਟੀ ਉਮਰ ਦੇ ਸਰਪੰਚ ਬਣੇ ਸਨ ਅਤੇ ਉਨ੍ਹਾਂ ਨੇ ਪੰਚਾਇਤ ਮੰਤਰੀ ਰਹਿੰਦਿਆਂ ਪੰਚਾਇਤੀ ਰਾਜ ਐਕਟ ਬਣਾਉਣ ਵਿੱਚ ਯੋਗਦਾਨ ਪਾਇਆ ਸੀ।

ਮੌਜੂਦਾ 'ਆਪ' ਸਰਕਾਰ ਦੀ ਗੱਲ ਕਰੀਏ ਤਾਂ ਵਿਧਾਨ ਸਭਾ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਵੀ ਸਿਆਸੀ ਸਫ਼ਰ ਪਿੰਡ ਸੰਧਵਾਂ ਦੀ ਸਰਪੰਚੀ ਤੋਂ ਸ਼ੁਰੂ ਕੀਤਾ। ਉਹ 2003-08 ਦੌਰਾਨ ਪਿੰਡ ਦੇ ਸਰਪੰਚ ਰਹੇ। ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਆਪਣੇ ਜੱਦੀ ਪਿੰਡ ਜਗਦੇਵ ਕਲਾਂ ਦੇ ਸਰਪੰਚ ਰਹੇ ਹਨ। ਧਾਲੀਵਾਲ ਨੇ ਕਿਹਾ ਕਿ ਅਸਲ ਵਿੱਚ ਸਰਪੰਚੀ ਸਿਆਸਤ ਦੀ ਨਰਸਰੀ ਹੈ। ਕੈਬਨਿਟ ਮੰਤਰੀ ਲਾਲ ਚੰਦ ਕਟਾਰੂਚੱਕ ਵੀ ਆਪਣੇ ਜੱਦੀ ਪਿੰਡ ਕਟਾਰੂਚੱਕ ਦੇ ਸਰਪੰਚ ਰਹੇ ਹਨ। ਸ਼੍ਰੋਮਣੀ ਅਕਾਲੀ ਦਲ ਸੁਧਾਰ ਲਹਿਰ ਦੇ ਕਨਵੀਨਰ ਗੁਰਪ੍ਰਤਾਪ ਸਿੰਘ ਵਡਾਲਾ ਵੀ ਸਿਆਸਤ ਦੀ ਪੌੜੀ ਸਰਪੰਚੀ ਦੇ ਡੰਡੇ ਤੋਂ ਚੜ੍ਹੇ ਹਨ। ਪਹਿਲਾਂ ਉਨ੍ਹਾਂ ਦੇ ਪਿਤਾ ਕੁਲਦੀਪ ਸਿੰਘ ਵਡਾਲਾ ਵੀ ਪਿੰਡ ਦੇ ਸਰਪੰਚ ਰਹੇ। ਵਿਧਾਇਕ ਰਹੇ ਇਕਬਾਲ ਸਿੰਘ ਝੂੰਦਾਂ ਆਪਣੇ ਪਿੰਡ ਦੇ ਤਿੰਨ ਵਾਰ ਸਰਪੰਚ ਰਹੇ ਜਦੋਂ ਕਿ ਦੋ ਵਾਰ ਅਕਾਲੀ ਵਿਧਾਇਕ ਰਹੇ ਲਖਵੀਰ ਸਿੰਘ ਲੋਧੀਨੰਗਲ ਛੇ ਵਾਰ ਸਰਪੰਚ ਰਹੇ ਹਨ।

ਸਾਬਕਾ ਮੰਤਰੀ ਸਿਕੰਦਰ ਸਿੰਘ ਮਲੂਕਾ ਪਿੰਡ ਮਲੂਕਾ ਦੇ ਸਰਪੰਚ ਰਹੇ ਸਨ। ਜਗਦੇਵ ਸਿੰਘ ਤਲਵੰਡੀ ਵੀ ਆਪਣੇ ਪਿੰਡ ਦੇ ਦਸ ਸਾਲ ਸਰਪੰਚ ਰਹੇ ਸਨ। ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਰਹੇ ਹਰਚਰਨ ਸਿੰਘ ਹੀਰੋ, ਜੋ ਪੰਜਾਬ ਕਾਂਗਰਸ ਦੇ ਪ੍ਰਧਾਨ ਵੀ ਰਹੇ ਸਨ, ਨੇ ਵੀ ਆਪਣਾ ਸਫ਼ਰ ਸਰਪੰਚੀ ਤੋਂ ਸ਼ੁਰੂ ਕੀਤਾ ਸੀ।

ਪੰਚਾਇਤ ਮੰਤਰੀ ਰਹੇ ਬਲਦੇਵ ਸਿੰਘ ਖਿਆਲਾ ਵੀ ਆਪਣੇ ਪਿੰਡ ਖਿਆਲਾ (ਜ਼ਿਲ੍ਹਾ ਮਾਨਸਾ) ਦੇ ਸਰਪੰਚ ਰਹੇ ਸਨ ਅਤੇ ਮਾਨਸਾ ਜ਼ਿਲ੍ਹੇ ਦੇ ਹੀ ਕਾਂਗਰਸ ਸਰਕਾਰ 'ਚ ਵਜ਼ੀਰ ਰਹੇ ਸ਼ੇਰ ਸਿੰਘ ਗਾਗੋਵਾਲ ਨੇ ਵੀ ਸਰਪੰਚੀ ਤੋਂ ਹੀ ਆਪਣਾ ਸਿਆਸੀ ਸਬਕ ਸ਼ੁਰੂ ਕੀਤਾ ਸੀ। ਇਸ ਜ਼ਿਲ੍ਹੇ ਦੇ ਹੀ ਸੰਸਦ ਮੈਂਬਰ ਰਹੇ ਮਰਹੂਮ ਚਤਿੰਨ ਸਿੰਘ ਸਮਾਓ ਵੀ ਪਿੰਡ ਦੇ ਸਰਪੰਚ ਰਹੇ ਸਨ। ਬਠਿੰਡਾ ਜ਼ਿਲ੍ਹੇ 'ਚੋਂ ਸਾਬਕਾ ਮੰਤਰੀ ਹਰਮਿੰਦਰ ਸਿੰਘ ਜੱਸੀ ਨੇ ਵੀ ਆਪਣੇ ਪਿੰਡ ਜੱਸੀ ਬਾਗ ਵਾਲੀ ਦੀ ਸਰਪੰਚੀ ਤੋਂ ਸ਼ੁਰੂਆਤ ਕੀਤੀ ਸੀ। ਸ਼੍ਰੋਮਣੀ ਅਕਾਲੀ ਦਲ ਦੇ ਖ਼ਜ਼ਾਨਚੀ ਅਤੇ ਮੁੱਖ ਸੰਸਦੀ ਸਕੱਤਰ ਰਹੇ ਐੱਨ. ਕੇ. ਸ਼ਰਮਾ ਵੀ ਪਿੰਡ ਲੋਹਗੜ੍ਹ ਦੇ ਸਰਪੰਚ ਰਹਿ ਚੁੱਕੇ ਹਨ। ਮਰਹੂਮ ਜਥੇਦਾਰ ਤੋਤਾ ਸਿੰਘ, ਜੋ ਸਿੱਖਿਆ ਮੰਤਰੀ ਰਹੇ, ਵੀ ਆਪਣੇ ਜੱਦੀ ਪਿੰਡ ਦੀਦਾਰ ਸਿੰਘ ਵਾਲਾ ਦੇ ਸਰਪੰਚ ਚੁਣੇ ਗਏ ਸਨ। ਭਾਜਪਾ ਦੇ ਸੀਨੀਅਰ ਆਗੂ ਨਿਧੜਕ ਸਿੰਘ ਬਰਾੜ ਮੁਤਾਬਕ ਜ਼ਰੂਰੀ ਨਹੀਂ ਕਿ ਸਰਪੰਚੀ ਹੀ ਸਿਆਸਤਦਾਨਾਂ ਦੀ ਕਾਮਯਾਬੀ ਦਾ ਆਧਾਰ ਹੋਵੇ। ਸਰਪੰਚੀ ਜ਼ਮੀਨੀ ਹਕੀਕਤ ਜਾਣਨ 'ਚ ਜ਼ਰੂਰ ਸਹਾਈ ਹੁੰਦੀ ਹੈ।

ਅਕਾਲੀ ਦਲ ਦੇ ਐਕਟਿੰਗ ਪ੍ਰਧਾਨ ਰਹੇ ਉਜਾਗਰ ਸਿੰਘ ਸੇਖਵਾਂ, ਸਾਬਕਾ ਮੰਤਰੀ ਮਰਹੂਮ ਅਜੀਤ ਸਿੰਘ ਕੋਹਾੜ, ਸੀਨੀਅਰ ਅਕਾਲੀ ਆਗੂ ਮਰਹੂਮ ਰਣਜੀਤ ਸਿੰਘ ਬ੍ਰਹਮਪੁਰਾ, ਦੋ ਵਾਰ ਵਿਧਾਇਕ ਰਹੇ ਮੋਹਨ ਲਾਲ ਬਹਿਰਾਮ, ਸਾਬਕਾ ਵਿਧਾਇਕ ਅਜੀਤਇੰਦਰ ਸਿੰਘ ਮੋਫਰ ਤੋਂ ਇਲਾਵਾ ਮਲਕੀਤ ਸਿੰਘ ਕੀਤੂ ਵੀ ਆਪੋ ਆਪਣੇ ਪਿੰਡਾਂ ਦੇ ਸਰਪੰਚ ਰਹੇ ਸਨ। ਮੌਜੂਦਾ 'ਆਪ' ਵਿਧਾਇਕ ਗੁਰਪ੍ਰੀਤ ਸਿੰਘ ਵਣਾਂਵਾਲੀ ਦੇ ਪਿਤਾ ਵੀ ਪਿੰਡ ਦੇ ਸਰਬਸੰਮਤੀ ਨਾਲ ਸਰਪੰਚ ਰਹੇ ਹਨ।

# ਸੁਨੀਲ ਜਾਖੜ ਦੇ ਸਿਆਸੀ ਭਵਿੱਖ ਸਬੰਧੀ ਕਿਆਸ ਅਰਾਈਆਂ ਦਾ ਦੌਰ ਜਾਰੀ

ਚੰਡੀਗੜ੍ਹ/ਏ.ਟੀ.ਨਿਊਜ਼: ਸਿਆਸਤ 'ਚ ਕੁਝ ਵੀ ਸੰਭਵ ਹੈ। ਇੱਥੇ ਕਦੋਂ ਕੀ ਹੋ ਜਾਵੇ, ਕੁਝ ਨਹੀਂ ਕਿਹਾ ਜਾ ਸਕਦਾ। ਗੁਆਂਢੀ ਸੂਬੇ ਹਰਿਆਣਾ 'ਚ ਜਿਸ ਸਾਬਕਾ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਦੀ ਖ਼ਿਲਾਫ਼ਤ ਕਰਕੇ ਅਸ਼ੋਕ ਤੰਵਰ ਨੇ ਕਾਂਗਰਸ ਛੱਡੀ ਸੀ, ਉਸੇ ਹੁੱਡਾ ਨੇ ਉਨ੍ਹਾਂ ਨੂੰ ਪਾਰਟੀ ਦਾ ਪਟਕਾ ਪਹਿਨਾ ਕੇ ਮੁੜ ਕਾਂਗਰਸ 'ਚ ਸ਼ਾਮਲ ਕੀਤਾ। ਇਸੇ ਤਰ੍ਹਾਂ ਦਾ ਵਾਕਿਆ ਹੁਣ ਪੰਜਾਬ 'ਚ ਵੀ ਵਾਪਰ ਸਕਦਾ ਹੈ। ਚਰਨਜੀਤ ਸਿੰਘ ਚੰਨੀ ਨੂੰ ਮੁੱਖ ਮੰਤਰੀ ਬਣਨ ਤੋਂ ਨਾਰਾਜ਼ ਹੋ ਕੇ ਕਾਂਗਰਸ ਨੂੰ ਅਲਵਿਦਾ ਕਹਿਣ ਵਾਲੇ ਸੁਨੀਲ ਜਾਖੜ ਹੁਣ ਉਸੇ ਚੰਨੀ ਨਾਲ ਮੁਲਾਕਾਤ ਕਰ ਕੇ ਪਾਰਟੀ 'ਚ ਵਾਪਸੀ ਦੀ ਤਿਆਰੀ ਕਰ ਰਹੇ ਹਨ। ਹੁਣ ਉਹ ਰਵਨੀਤ ਸਿੰਘ ਬਿੱਟੂ ਦੇ ਭਾਜਪਾ 'ਚ ਵਧਦੇ ਕੱਦ ਤੋਂ ਨਾਰਾਜ਼ ਹੋ ਕੇ ਪਾਰਟੀ ਛੱਡਣ ਲਈ ਤਿਆਰ ਦੱਸੇ ਜਾ ਰਹੇ ਹਨ।



ਸੂਬਾ ਪ੍ਰਧਾਨ ਸੁਨੀਲ ਜਾਖੜ ਦੀ 'ਗ਼ੈਰ ਹਾਜ਼ਰੀ' 'ਚ ਪੰਜਾਬ ਭਾਜਪਾ ਚਾਰ ਵਿਧਾਨ ਸਭਾ ਹਲਕਿਆਂ ਦੀਆਂ ਜ਼ਿਮਨੀ ਚੋਣਾਂ ਤੇ ਪੰਚਾਇਤੀ ਚੋਣਾਂ ਦੀ ਤਿਆਰੀ ਕਰ ਰਹੀ ਹੈ। ਪਿਛਲੇ ਕਈ ਮਹੀਨਿਆਂ ਤੋਂ ਉਨ੍ਹਾਂ ਨੇ ਪਾਰਟੀ ਗਤੀਵਿਧੀਆਂ ਤੋਂ ਦੂਰੀ ਬਣਾ ਕੇ ਰੱਖੀ ਹੋਈ ਹੈ ਤੇ ਉਹ ਸੀਨੀਅਰ ਲੀਡਰਸ਼ਿਪ ਤੋਂ ਨਾਰਾਜ਼ ਚੱਲ ਰਹੇ ਹਨ। ਕੁਝ ਦਿਨਾਂ ਤੋਂ ਉਨ੍ਹਾਂ ਦੇ ਅਸਤੀਫ਼ੇ ਦੀ ਚਰਚਾ ਵੀ ਗਾਹੇ-ਬਗਾਹੇ ਸੁਣਨ ਨੂੰ ਮਿਲ ਰਹੀ ਹੈ ਪਰ ਹਾਲੇ ਤੱਕ ਖ਼ੁਦ ਉਨ੍ਹਾਂ ਨੇ ਇਸ ਸਬੰਧੀ ਕੋਈ ਟਿੱਪਣੀ ਨਹੀਂ ਕੀਤੀ। ਇਸ ਚੁੱਪੀ ਦੇ ਕਈ ਅਰਥ ਕੱਢੇ ਜਾ ਰਹੇ ਹਨ।

ਸੂਤਰਾਂ ਦੀ ਮੰਨੀਏ ਤਾਂ ਜਾਖੜ ਆਪਣੀ ਪੁਰਾਣੀ ਪਾਰਟੀ ਕਾਂਗਰਸ 'ਚ ਵਾਪਸ ਜਾਣ ਦੇ ਚਾਹਵਾਨ ਹਨ। ਪਤਾ ਲੱਗਾ ਹੈ ਕਿ ਉਹ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੇ ਸੰਪਰਕ 'ਚ ਹਨ। ਚੰਨੀ ਨੇ ਕੁਝ ਦਿਨ ਪਹਿਲਾਂ ਉਨ੍ਹਾਂ ਨਾਲ ਮੁਲਾਕਾਤ ਕੀਤੀ ਸੀ। ਉਨ੍ਹਾਂ ਦੀ ਕਾਂਗਰਸ 'ਚ ਵਾਪਸੀ ਪਿੱਛੇ ਇਹ ਤਰਕ ਦਿੱਤਾ ਜਾ ਰਿਹਾ ਹੈ ਕਿ ਕੇਂਦਰੀ ਲੀਡਰਸ਼ਿਪ ਦੀ ਪੰਜਾਬ 'ਚ ਦਿਲਚਸਪੀ ਘੱਟ ਹੈ। ਦੂਜਾ ਇਹ ਕਿ ਕਾਂਗਰਸ ਤੋਂ ਭਾਜਪਾ 'ਚ ਆਏ ਸਾਰੇ ਨੇਤਾ ਵਾਪਸ ਆ ਗਏ ਹਨ। ਹਰਿਆਣਾ 'ਚ ਅਸ਼ੋਕ ਤੰਵਰ ਦੀ ਪਾਰਟੀ 'ਚ ਵਾਪਸੀ ਨਾਲ ਕਾਂਗਰਸ ਕਾਫ਼ੀ ਉਤਸ਼ਾਹਿਤ ਹੈ। ਤੰਵਰ ਦੀ ਵਾਪਸੀ ਤੋਂ ਬਾਅਦ ਹੁਣ ਇਹ ਚਰਚਾ ਹੋ ਰਹੀ ਹੈ ਕਿ ਭਾਜਪਾ ਨੂੰ ਪੰਜਾਬ 'ਚ ਵੀ ਝਟਕਾ ਲੱਗ ਸਕਦਾ ਹੈ।

**ਨਵੇਂ ਪ੍ਰਧਾਨ ਬਣਨ ਲਈ ਲਾਬਿੰਗ ਸ਼ੁਰੂ :** ਦੂਜੇ ਪਾਸੇ ਭਾਜਪਾ ਦੇ ਨਵੇਂ ਪ੍ਰਧਾਨ ਬਣਨ ਦੀਆਂ ਚਰਚਾਵਾਂ ਸ਼ੁਰੂ ਹੋ ਗਈਆਂ ਹਨ, ਜਿਨ੍ਹਾਂ 'ਚੋਂ ਸਭ ਦੇ ਅੱਗੇ ਸੀਨੀਅਰ ਨੇਤਾ ਤਰੁਣ ਚੁੱਘ ਦਾ ਨਾਂ ਚੱਲ ਰਿਹਾ ਹੈ। ਇਸ ਤੋਂ ਇਲਾਵਾ ਭਾਜਪਾ ਦੇ ਮੀਤ ਪ੍ਰਧਾਨ ਸੁਭਾਸ਼ ਸ਼ਰਮਾ ਦਾ ਵੀ ਨਾਂ ਸਾਹਮਣੇ ਆ ਰਿਹਾ ਹੈ। ਇਸ ਤੋਂ ਇਲਾਵਾ ਭਾਜਪਾ 'ਚ ਆਏ ਸਾਬਕਾ ਕਾਂਗਰਸੀਆਂ ਨੇ ਵੀ ਲਾਬਿੰਗ ਕਰਨੀ ਸ਼ੁਰੂ ਕਰ ਦਿਤੀ ਹੈ। ਇਨ੍ਹਾਂ 'ਚੋਂ ਬਰਨਾਲਾ ਤੋਂ ਸਾਬਕਾ ਵਿਧਾਇਕ ਕੇਵਲ ਸਿੰਘ ਢਿੱਲੋਂ, ਗੁਰੂਹਰਸਹਾਏ ਤੋਂ ਸਾਬਕਾ ਵਿਧਾਇਕ ਰਾਣਾ ਗੁਰਮੀਤ ਸਿੰਘ ਸੋਢੀ ਤੇ ਸਾਬਕਾ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਸਰਗਰਮ ਹੋ ਗਏ ਹਨ ਪਰ ਪਾਰਟੀ ਦੀ ਅੰਦਰੂਨੀ ਧੜੇਬੰਦੀ ਹੋਣ ਕਰਕੇ ਪਾਰਟੀ ਲਈ ਵੱਡੀ ਸਮੱਸਿਆ ਹੋ ਸਕਦੀ ਹੈ। ਬੇਸ਼ੱਕ ਪੰਜਾਬ ਭਾਜਪਾ ਨੇ ਗਿੱਦੜਬਾਹਾ, ਬਰਨਾਲਾ, ਚੱਬੇਵਾਲ ਤੇ ਡੇਰਾ ਬਾਬਾ ਨਾਨਕ ਦੀਆਂ ਜ਼ਿਮਨੀ ਵਿਧਾਨ ਸਭਾ ਚੋਣਾਂ ਲਈ ਆਪਣੀ ਤਿਆਰੀ ਦਾ ਦਾਅਵਾ ਠੋਕਿਆ ਹੈ ਪਰ ਕੀ ਅੰਦਰੂਨੀ ਕਾਟੋ ਕਲੇਸ਼ ਕਾਰਨ ਭਾਜਪਾ ਇੱਥੇ ਜਿੱਤ ਹਾਸਲ ਕਰ ਸਕੇਗੀ, ਇਹ ਵੱਡਾ ਸਵਾਲ ਬਣਾਇਆ ਹੋਇਆ ਹੈ।

**ਪੁਰਾਣੇ ਆਗੂ ਨਹੀਂ ਸਨ ਖ਼ੁਸ਼**

ਜਾਣਕਾਰੀ ਮੁਤਾਬਕ ਪੁਰਾਣੇ ਭਾਜਪਾਈ ਨੇਤਾ ਸੁਨੀਲ ਜਾਖੜ ਦੇ ਸੂਬਾ ਪ੍ਰਧਾਨ ਬਣਨ 'ਤੇ ਜ਼ਿਆਦਾ ਖ਼ੁਸ਼ ਨਹੀਂ ਸਨ ਕਿਉਂਕਿ ਉਨ੍ਹਾਂ ਨੇਤਾਵਾਂ ਦਾ ਮੰਨਣਾ ਸੀ ਕਿ ਜਿਨਾਂ ਨੇ ਭਾਜਪਾ ਲਈ ਦਿਨ-ਰਾਤ ਕਰ ਦਿੱਤੀ, (ਬਾਕੀ ਸਫ਼ਾ 31 'ਤੇ)

# ਪੰਜਾਬ ਦਾ ਮਾਣਮੱਤਾ ਪਿੰਡ, ਜਿੱਥੇ 65 ਸਾਲ ਤੋਂ ਸਰਬਸੰਮਤੀ ਨਾਲ ਹੁੰਦੀ ਹੈ ਸਰਪੰਚ ਦੀ ਚੋਣ

ਪਟਿਆਲਾ/ਏ.ਟੀ.ਨਿਊਜ਼: ਪੰਜਾਬ ਵਿੱਚ ਇੱਕ ਅਜਿਹਾ ਪਿੰਡ ਵੀ ਹੈ ਜਿੱਥੇ ਕਦੇ ਵੀ ਸਰਪੰਚ ਦੀ ਚੋਣ ਲਈ ਵੋਟਿੰਗ ਨਹੀਂ ਹੋਈ ਹੈ, ਹਮੇਸ਼ਾ ਸਰਬਸੰਮਤੀ ਦੇ ਨਾਲ ਸਰਪੰਚ ਚੁਣਿਆ ਗਿਆ ਹੈ। ਇਸ ਵਾਰ ਵੀ ਇੱਥੇ ਲੋਕਾਂ ਨੇ ਸਰਬਸੰਮਤੀ ਦੇ ਨਾਲ ਸਰਪੰਚ ਦੀ ਚੋਣ ਕੀਤੀ ਹੈ। ਪਟਿਆਲਾ ਦੇ ਬਲਾਕ ਭੁਨਰਹੇੜਾ ਦੇ ਤਹਿਤ ਪਿੰਡ ਜਵਾਲਾਪੁਰ ਉਰਫ਼ ਉਲਟਪੁਰ ਦੇ ਵਸਨੀਕ ਸਿਮਰ ਸਿੰਘ ਨੂੰ ਪਿੰਡ ਨੇ ਸਰਬਸੰਮਤੀ ਨਾਲ ਸਰਪੰਚ ਚੁਣਿਆ ਹੈ।



ਪੰਜਾਬ ਸੂਬਾ ਚੋਣ ਕਮਿਸ਼ਨ ਵੱਲੋਂ ਪਟਿਆਲਾ ਜ਼ਿਲ੍ਹੇ ਦੇ ਨਿਯਕੁਤ ਕੀਤੇ ਗਏ ਚੋਣ ਆਬਜ਼ਰਵਰ ਸੀਨੀਅਰ ਆਈ.ਏ.ਐਸ. ਅਧਿਕਾਰੀ ਅਤੇ ਨਗਰ ਨਿਗਮ ਬਠਿੰਡਾ ਦੇ ਕਮਿਸ਼ਨਰ ਨਵਜੋਤ ਪਾਲ ਸਿੰਘ ਰੰਧਾਵਾ ਨੇ ਕਿਹਾ ਪਿੰਡ ਉਲਟਪੁਰ ਸੂਬੇ ਦੇ ਹੋਰ ਪਿੰਡਾਂ ਲਈ ਇੱਕ ਮਿਸਾਲ ਹੈ। ਇੱਥੇ 2 ਅਕਤੂਬਰ 1959 ਨੂੰ ਪੰਚਾਇਤੀ ਰਾਜ ਸ਼ੁਰੂ ਹੋਣ ਤੋਂ ਅੱਜ ਤੱਕ ਸਰਪੰਚੀ ਦੀ ਚੋਣ ਨਹੀਂ ਹੋਈ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਹੋਰ ਪਿੰਡਾਂ ਨੂੰ ਇਨ੍ਹਾਂ ਤੋਂ ਸਿੱਖਣਾ ਚਾਹੀਦਾ ਹੈ। ਖਾਸ ਕਰ ਅਜਿਹੇ ਪਿੰਡਾਂ ਨੂੰ, ਜਿੱਥੇ ਸਰਪੰਚੀ ਦੇ ਲਈ ਹਿੰਸਾ ਹੁੰਦੀ ਹੈ ਅਤੇ ਲੱਖਾਂ ਕਰੋੜਾਂ ਦੀਆਂ ਬੋਲੀਆਂ ਲੱਗਦੀਆਂ ਹਨ।

# ਸ੍ਰੀ ਹੇਮਕੁੰਟ ਸਾਹਿਬ ਮੈਨੇਜਮੈਂਟ ਟਰੱਸਟ ਵੱਲੋਂ ਪ੍ਰਕਾਸ਼ਨ ਵਿਭਾਗ ਸ਼ੁਰੂ

ਅੰਮ੍ਰਿਤਸਰ/ਏ.ਟੀ.ਨਿਊਜ਼:ਸ੍ਰੀ ਹੇਮਕੁੰਟ ਸਾਹਿਬ ਮੈਨੇਜਮੈਂਟ ਟਰੱਸਟ ਨੇ ਆਪਣਾ ਪ੍ਰਕਾਸ਼ਨ ਵਿਭਾਗ ਸ਼ੁਰੂ ਕਰ ਦਿੱਤਾ ਹੈ ਜਿਸ ਰਾਹੀਂ ਵੱਖ ਵੱਖ ਭਾਸ਼ਾਵਾਂ ਵਿੱਚ ਧਰਮ ਸਾਹਿਤ ਪ੍ਰਕਾਸ਼ਿਤ ਕਰਕੇ ਸਿੱਖ ਧਰਮ ਬਾਰੇ ਪ੍ਰਚਾਰ ਕੀਤਾ ਜਾਵੇਗਾ।



ਟਰੱਸਟ ਦੇ ਚੇਅਰਮੈਨ ਨਰਿੰਦਰਜੀਤ ਸਿੰਘ ਬਿੰਦਰਾ ਨੇ ਦੱਸਿਆ ਕਿ ਇਹ ਪ੍ਰਕਾਸ਼ਨ ਵਿਭਾਗ ਦੇਹਰਾਦੂਨ ਵਿੱਚ ਪੰਜਾਬੀ ਯੂਨੀਵਰਸਿਟੀ ਦੇ ਕੇਂਦਰ ਵਿੱਚ ਸਥਾਪਿਤ ਡਾ. ਬਲਬੀਰ ਸਿੰਘ ਸਾਹਿਤ ਕੇਂਦਰ ਵਿੱਚ ਸਥਾਪਿਤ ਕੀਤਾ ਗਿਆ ਹੈ। ਇਸ ਮੌਕੇ ਨਿਰਮਲ ਆਸ਼ਰਮ ਦੇ ਮੁਖੀ ਜੋਧ ਸਿੰਘ ਮਹਾਰਾਜ ਮੌਜੂਦ ਸਨ। ਇਸ ਮੌਕੇ ਪਹਿਲੀ ਪੁਸਤਕ ਲੋਕ ਅਰਪਣ ਕੀਤੀ ਗਈ ਜਿਹੜੀ ਸਿੱਖ ਵਿਰਾਸਤ ਨੂੰ ਸੰਭਾਲਣ ਅਤੇ ਧਰਮ ਪ੍ਰਚਾਰ ਵਿੱਚ ਸਹਾਈ ਸਾਬਤ ਹੋਵੇਗੀ। ਉਨ੍ਹਾਂ ਦੱਸਿਆ ਕਿ ਇਸ ਵੇਲੇ ਟਰੱਸਟ ਵੱਲੋਂ ਸ੍ਰੀ ਹੇਮਕੁੰਟ ਸਾਹਿਬ ਦੀ ਸਾਲਾਨਾ ਯਾਤਰਾ ਤੋਂ ਇਲਾਵਾ ਉੱਤਰਾਖੰਡ ਵਿੱਚ ਸੱਤ ਧਰਮਸ਼ਾਲਾਵਾਂ ਦਾ ਵੀ ਪ੍ਰਬੰਧ ਕੀਤਾ ਜਾ ਰਿਹਾ ਹੈ।

# ਸੁਪਰੀਮ ਕੋਰਟ ਵੱਲੋਂ ਖ਼ਾਲਸਾ ਯੂਨੀਵਰਸਿਟੀ ਦਾ ਦਰਜਾ ਬਹਾਲ

## ਖ਼ਾਲਸਾ ਯੂਨੀਵਰਸਿਟੀ ਐਕਟ-2016 ਕੀਤਾ ਲਾਗੂ

## ਕੈਪਟਨ ਸਰਕਾਰ ਵੱਲੋਂ ਪਾਸ ਖ਼ਾਲਸਾ ਯੂਨੀਵਰਸਿਟੀ (ਮਨਸੂਖ) ਐਕਟ-2017 .ਗੈਰ-ਸੰਵਿਧਾਨਕ ਕਰਾਰ

ਅੰਮ੍ਰਿਤਸਰ/ਏ.ਟੀ.ਨਿਊਜ਼: ਸੁਪਰੀਮ ਕੋਰਟ ਨੇ ਖ਼ਾਲਸਾ ਯੂਨੀਵਰਸਿਟੀ (ਮਨਸੂਖ) ਐਕਟ-2017 ਨੂੰ ਗ਼ੈਰ-ਸੰਵਿਧਾਨਕ ਕਰਾਰ ਦਿੰਦਿਆਂ ਖ਼ਾਲਸਾ ਯੂਨੀਵਰਸਿਟੀ ਐਕਟ-2016 ਨੂੰ ਲਾਗੂ ਕਰਦਿਆਂ ਉਸ ਦਾ ਦਰਜਾ ਬਹਾਲ ਕਰ ਦਿੱਤਾ ਹੈ। ਜਸਟਿਸ ਬੀ.ਆਰ. ਗਵਈ ਅਤੇ ਜਸਟਿਸ ਕੇ.ਵੀ. ਵਿਸ਼ਵਨਾਥਣ 'ਤੇ ਆਧਾਰਿਤ ਬੈਂਚ ਨੇ 65 ਪੰਨਿਆਂ ਦੇ ਫ਼ੈਸਲੇ 'ਚ 'ਵਰਸਿਟੀ ਨੂੰ ਸੁਰਜੀਤ ਕਰਦਿਆਂ ਖ਼ਾਲਸਾ ਕਾਲਜ ਗਵਰਨਿੰਗ ਕੌਂਸਲ ਵੱਲੋਂ ਯੂਨੀਵਰਸਿਟੀ ਦੀ ਬਹਾਲੀ ਦੇ ਲਏ ਪੱਖ ਨੂੰ ਸਹੀ ਕਰਾਰ ਦਿੱਤਾ। ਕੌਂਸਲ ਨੇ ਪੰਜਾਬ ਹਰਿਆਣਾ ਹਾਈ ਕੋਰਟ ਦੇ ਪਹਿਲੀ ਨਵੰਬਰ, 2017 ਦੇ ਫ਼ੈਸਲੇ ਨੂੰ ਸੁਪਰੀਮ ਕੋਰਟ 'ਚ ਚੁਣੌਤੀ ਦਿੱਤੀ ਸੀ। ਸੁਪਰੀਮ ਕੋਰਟ ਨੇ ਹਾਈ ਕੋਰਟ ਦੇ ਹੁਕਮਾਂ ਨੂੰ ਰੱਦ ਕਰਦਿਆਂ ਵਿਧਾਨ ਸਭਾ ਵੱਲੋਂ 2016 'ਚ ਬਣਾਏ ਗਏ ਐਕਟ ਨੂੰ ਸਹੀ ਠਹਿਰਾਇਆ। ਖ਼ਾਲਸਾ ਯੂਨੀਵਰਸਿਟੀ ਦੀ ਸਥਾਪਨਾ ਤਤਕਾਲੀ ਅਕਾਲੀ-ਭਾਜਪਾ ਸਰਕਾਰ ਨੇ 2016 'ਚ ਕੀਤੀ ਸੀ ਪਰ ਜਦੋਂ 2017 'ਚ ਸਰਕਾਰ ਬਦਲੀ ਤਾਂ ਕੈਪਟਨ ਅਮਰਿੰਦਰ ਸਿੰਘ ਨੇ ਸਹੁੰ ਚੁੱਕਦਿਆਂ ਹੀ ਆਰਡੀਨੈਂਸ ਜਾਰੀ ਕਰਕੇ ਖ਼ਾਲਸਾ ਯੂਨੀਵਰਸਿਟੀ ਨੂੰ ਖ਼ਤਮ ਕਰ ਦਿੱਤਾ ਸੀ। ਸੁਪਰੀਮ ਕੋਰਟ ਨੇ 10 ਸਤੰਬਰ ਨੂੰ ਹੋਈ



ਸੁਣਵਾਈ ਦੌਰਾਨ ਕਿਹਾ ਸੀ ਕਿ ਜੇ ਕੋਈ ਪਾਰਟੀ ਸੱਤਾ 'ਚ ਆਉਂਦੀ ਹੈ ਅਤੇ ਯੂਨੀਵਰਸਿਟੀ ਲਈ ਕਾਨੂੰਨ ਲਿਆਉਂਦੀ ਹੈ ਅਤੇ ਬਾਅਦ 'ਚ ਕਿਸੇ ਹੋਰ ਪਾਰਟੀ ਦੇ ਸੱਤਾ 'ਚ ਆਉਣ 'ਤੇ ਉਹ ਉਸ ਕਾਨੂੰਨ ਨੂੰ ਰੱਦ ਕਰ ਦਿੰਦੀ ਹੈ ਤਾਂ ਇਸ ਨਾਲ ਸਮਾਜ 'ਚ ਬੇਯਕੀਨੀ ਦਾ ਮਾਹੌਲ ਪੈਦਾ ਹੋ ਸਕਦਾ ਹੈ। ਖ਼ਾਲਸਾ ਯੂਨੀਵਰਸਿਟੀ ਮੈਨੇਜਮੈਂਟ ਵੱਲੋਂ ਪੇਸ਼ ਹੋਏ ਸੀਨੀਅਰ ਵਕੀਲਾਂ ਨੇ ਪੱਖ ਪੇਸ਼ ਕਰਦਿਆਂ ਕਿਹਾ ਕਿ 'ਰੀਪੀਲ ਐਕਟ' ਸਰਕਾਰ ਦਾ ਇੱਕ ਤਰ੍ਹਾਂ ਨਾਲ 'ਮਨਮਾਨੀ' ਵਾਲਾ ਫ਼ੈਸਲਾ ਸੀ ਅਤੇ ਇਸ ਨਾਲ ਸੰਵਿਧਾਨ ਦੀ ਧਾਰਾ 14 ਦੀ ਘੋਰ ਉਲੰਘਣਾ ਹੋਈ ਹੈ। ਉਨ੍ਹਾਂ ਕਿਹਾ ਕਿ ਖ਼ਾਲਸਾ ਯੂਨੀਵਰਸਿਟੀ ਕਿਸੇ ਵੀ ਤਰ੍ਹਾਂ ਨਾਲ 1892 ਦੀ ਬਣੀ ਖ਼ਾਲਸਾ ਕਾਲਜ ਦੀ ਵਿਰਾਸਤੀ ਇਮਾਰਤ ਨੂੰ ਪ੍ਰਭਾਵਿਤ ਨਹੀਂ ਕਰੇਗੀ ਕਿਉਂਕਿ ਯੂਨੀਵਰਸਿਟੀ ਦੀ ਹੋਂਦ ਖ਼ਾਲਸਾ ਕਾਲਜ ਤੋਂ ਵੱਖਰੀ ਹੈ। ਗਵਰਨਿੰਗ ਕੌਂਸਲ ਦੇ ਆਨਰੇਰੀ ਸਕੱਤਰ ਰਜਿੰਦਰ ਮੋਹਨ ਸਿੰਘ ਛੀਨਾ ਨੇ ਕਿਹਾ ਕਿ 7 ਸਾਲ ਤੋਂ ਵੱਧ ਦੀ ਲੰਬੀ ਲੜਾਈ ਤੋਂ ਬਾਅਦ ਮੈਨੇਜਮੈਂਟ ਨੂੰ ਵੱਡੀ ਰਾਹਤ ਮਿਲੀ ਹੈ। ਸ੍ਰੀ ਛੀਨਾ ਨੇ ਕਿਹਾ ਕਿ ਤਤਕਾਲੀ ਰਾਜ ਸਰਕਾਰ ਦੇ ਫੈਸਲੇ ਕਾਰਨ ਸੁਸਾਇਟੀ ਅਤੇ ਸਮਾਜ ਨੂੰ ਬਹੁਤ ਵੱਡਾ ਨੁਕਸਾਨ ਹੋਇਆ ਸੀ ਕਿਉਂਕਿ ਯੂਨੀਵਰਸਿਟੀ 'ਚ ਕਈ ਕੋਰਸ ਸ਼ੁਰੂ ਕੀਤੇ ਗਏ ਸਨ ਅਤੇ ਵਿਦਿਆਰਥੀ ਦਾਖ਼ਲ ਵੀ ਹੋਏ ਸਨ। ਸੁਪਰੀਮ ਕੋਰਟ ਵੱਲੋਂ ਸੁਣਾਏ ਗਏ ਫ਼ੈਸਲੇ ਉਪਰੰਤ ਛੀਨਾ ਨੇ ਗਵਰਨਿੰਗ ਕੌਂਸਲ ਦੇ ਜੁਆਇੰਟ ਸਕੱਤਰ ਗੁਨਬੀਰ ਸਿੰਘ, ਅਜਮੇਰ ਸਿੰਘ ਹੇਰ, ਖ਼ਾਲਸਾ ਕਾਲਜ ਦੇ ਪ੍ਰਿੰਸੀਪਲ ਡਾ. ਮਹਿਲ ਸਿੰਘ, ਖ਼ਾਲਸਾ ਕਾਲਜ ਆਫ਼ ਫਿਜ਼ੀਕਲ ਐਜੂਕੇਸ਼ਨ ਦੇ ਪ੍ਰਿੰਸੀਪਲ ਡਾ. ਕੰਵਲਜੀਤ ਸਿੰਘ ਅਤੇ ਹੋਰਾਂ ਨਾਲ ਮਿਲ ਕੇ ਕੈਂਪਸ ਸਥਿਤ ਗੁਰਦੁਆਰੇ 'ਚ ਜਪੁਜੀ ਸਾਹਿਬ ਦੇ ਪਾਠ ਮਗਰੋਂ ਅਰਦਾਸ ਕਰਕੇ ਪਰਮਾਤਮਾ ਦਾ ਸ਼ੁਕਰਾਨਾ ਕੀਤਾ। ਇਸ ਮੌਕੇ ਖਾਲਸਾ ਕਾਲਜ ਮੈਨੇਜਮੈਂਟ ਵੱਲੋਂ 2025-26 ਅਕਾਦਮਿਕ ਸੈਸ਼ਨ ਲਈ ਕਲਾਸਾਂ ਸ਼ੁਰੂ ਕਰਨ ਦਾ ਐਲਾਨ ਵੀ ਕਰ ਦਿੱਤਾ ਗਿਆ ਹੈ।

## ਤ੍ਰਿਪੁਰਾ ਦੇ ਰਾਜਪਾਲ ਦਰਬਾਰ ਸਾਹਿਬ ਨਤਮਸਤਕ



ਅੰਮ੍ਰਿਤਸਰ/ਏ.ਟੀ.ਨਿਊਜ਼: ਤ੍ਰਿਪੁਰਾ ਦੇ ਰਾਜਪਾਲ ਇੰਦਰ ਸੈਨਾ ਰੈਡੀ ਨੱਲੂ ਪਿਛਲੇ ਦਿਨੀਂ ਪਰਿਵਾਰ ਸਣੇ ਸੱਚਖੰਡ ਦਰਬਾਰ ਸਾਹਿਬ 'ਚ ਨਤਮਸਤਕ ਹੋਏ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਸਕੱਤਰ ਪ੍ਰਤਾਪ ਸਿੰਘ, ਮੀਤ ਸਕੱਤਰ ਜਸਵਿੰਦਰ ਸਿੰਘ ਜੱਸੀ ਅਤੇ ਹੋਰ ਅਧਿਕਾਰੀਆਂ ਨੇ ਸੂਚਨਾ ਕੇਂਦਰ ਵਿੱਚ ਉਨ੍ਹਾਂ ਅਤੇ ਉਨ੍ਹਾਂ ਦੀ ਪਤਨੀ ਰੇਣੁਕਾ ਨੱਲੂ ਨੂੰ ਦਰਬਾਰ ਸਾਹਿਬ ਦਾ ਸੁਨਹਿਰੀ ਮਾਡਲ, ਲੋਈ ਅਤੇ ਧਾਰਮਿਕ ਪੁਸਤਕਾਂ ਦੇ ਕੇ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ। ਰਾਜਪਾਲ ਆਪਣੇ ਪਰਿਵਾਰ ਨਾਲ ਲੰਗਰ ਛਕਿਆ ਅਤੇ ਸੇਵਾ ਕੀਤੀ।

ਇਸ ਮੌਕੇ ਰਾਜਪਾਲ ਨੇ ਆਪਣੀਆਂ ਭਾਵਨਾਵਾਂ ਪ੍ਰਗਟ ਕਰਦਿਆਂ ਕਿਹਾ ਕਿ ਸੱਚਖੰਡ ਦਰਬਾਰ ਸਾਹਿਬ ਸਮੁੱਚੀ ਮਨੁੱਖਤਾ ਲਈ ਅਧਿਆਤਮਕ ਕੇਂਦਰ ਹੈ। ਇਸ ਪਾਵਨ ਅਸਥਾਨ ਦੇ ਦਰਸ਼ਨਾਂ ਦਾ ਸੁਭਾਗ ਮਿਲਣ 'ਤੇ ਉਹ ਪਰਮਾਤਮਾ ਦਾ ਸ਼ੁਕਰਾਨਾ ਕਰਦੇ ਹਨ ਅਤੇ ਗੁਰੂ ਕੇ ਲੰਗਰ ਵਿੱਚ ਸੇਵਾ ਕਰਨਾ ਉਨ੍ਹਾਂ ਲਈ ਯਾਦਗਾਰੀ ਰਹੇਗਾ। ਉਨ੍ਹਾਂ ਸ਼੍ਰੋਮਣੀ ਕਮੇਟੀ ਵੱਲੋਂ ਮਿਲੇ ਸਨਮਾਨ ਲਈ ਪ੍ਰਬੰਧਕਾਂ ਦਾ ਧੰਨਵਾਦ ਵੀ ਕੀਤਾ। ਇਸ ਮੌਕੇ ਰਾਜਪਾਲ ਦੇ ਨਾਲ ਆਏ ਮੇਜਰ ਅਰਜੁਨ ਮਲਿਕ ਤੋਂ ਇਲਾਵਾ ਅੰਮ੍ਰਿਤਸਰ ਦੇ ਵਧੀਕ ਡਿਪਟੀ ਕਮਿਸ਼ਨਰ ਜੋਤੀ ਬਾਲਾ, ਸ਼੍ਰੋਮਣੀ ਕਮੇਟੀ ਦੇ ਸੁਪਰਡੈਂਟ ਨਿਸ਼ਾਨ ਸਿੰਘ, ਮੈਨੇਜਰ ਨਰਿੰਦਰ ਸਿੰਘ, ਸਤਨਾਮ ਸਿੰਘ ਰਿਆੜ, ਵਧੀਕ ਮੈਨੇਜਰ ਇਕਬਾਲ ਸਿੰਘ, ਸੂਚਨਾ ਅਧਿਕਾਰੀ ਅੰਮ੍ਰਿਤਪਾਲ ਸਿੰਘ, ਮੀਤ ਮੈਨੇਜਰ ਗੁਰਤਿੰਦਰਪਾਲ ਸਿੰਘ ਵੀ ਮੌਜੂਦ ਸਨ।

## ਫ਼ਿਲਮ 'ਪੰਜਾਬ 95' ਨੂੰ ਅਸਲੀ ਰੂਪ 'ਚ ਹੀ ਰਿਲੀਜ਼ ਕੀਤਾ ਜਾਵੇ: ਖਾਲੜਾ ਪਰਿਵਾਰ

ਚੰਡੀਗੜ੍ਹ/ਏ.ਟੀ.ਨਿਊਜ਼: ਦਿਲਜੀਤ ਦੋਸਾਂਝ ਦੀ ਆਉਣ ਵਾਲੀ ਫ਼ਿਲਮ ਪੰਜਾਬ-95 ਲੰਬੇ ਸਮੇਂ ਤੋਂ ਵਿਵਾਦਾਂ 'ਚ ਘਿਰੀ ਹੋਈ ਹੈ। ਫ਼ਿਲਮ 'ਚ ਦਿਲਜੀਤ ਨੇ ਮਨੁੱਖੀ ਅਧਿਕਾਰ ਕਾਰਕੁਨ ਜਸਵੰਤ ਸਿੰਘ ਖਾਲੜਾ ਦਾ ਕਿਰਦਾਰ ਨਿਭਾਇਆ ਹੈ। ਸੰਵੇਦਨਸ਼ੀਲ ਮੁੱਦਿਆਂ ਦੇ ਕਾਰਨ, ਸੈਂਸਰ ਬੋਰਡ ਨੇ ਫ਼ਿਲਮ ਵਿੱਚ 85 ਕੱਟਾਂ ਦੀ ਮੰਗ ਕੀਤੀ ਸੀ, ਹਾਲਾਂਕਿ, ਹੁਣ ਰਿਵਾਈਜ਼ਡ ਕਮੇਟੀ ਨੇ 85 ਨਹੀਂ, ਸਗੋਂ 120 ਕੱਟਾਂ ਦਾ ਆਦੇਸ਼ ਦਿੱਤਾ ਹੈ। ਹੁਣ ਜਸਵੰਤ ਸਿੰਘ ਖਾਲੜਾ ਦੀ ਪਤਨੀ ਨੇ ਫ਼ਿਲਮ ਵਿੱਚ ਕੀਤੇ ਜਾ ਰਹੇ ਕੱਟਾਂ ਦਾ ਵਿਰੋਧ ਕੀਤਾ ਹੈ।





ਜਸਵੰਤ ਸਿੰਘ ਖਾਲੜਾ ਦੀ ਪਤਨੀ ਪਰਮਜੀਤ ਕੌਰ ਖਾਲੜਾ ਵੱਲੋਂ ਜਾਰੀ ਬਿਆਨ ਵਿੱਚ ਸੀ.ਬੀ.ਐਫ.ਸੀ. ਨੂੰ ਅਪੀਲ ਕੀਤੀ ਗਈ ਹੈ ਕਿ ਸੈਂਸਰਸ਼ਿਪ ਦੇ ਨਾਂ 'ਤੇ ਫ਼ਿਲਮ ਵਿੱਚ ਦਿਖਾਏ ਗਏ ਇਤਿਹਾਸਕ ਤੱਥਾਂ ਨੂੰ ਨਾ ਬਦਲਿਆ ਜਾਵੇ। ਅਸੀਂ ਨਿਰਮਾਤਾਵਾਂ ਨੂੰ ਵੀ ਸ਼ਹੀਦ ਜਸਵੰਤ ਸਿੰਘ ਖਾਲੜਾ ਦੀ ਸੱਚਾਈ ਅਤੇ ਫ਼ਿਲਮ ਦੀ ਕਹਾਣੀ ਦੇ ਨਾਲ ਖੜ੍ਹੇ ਹੋਣ ਦੀ ਅਪੀਲ ਕਰਦੇ ਹਾਂ।

ਖਾਲੜਾ ਪਰਿਵਾਰ ਆਪਣੇ ਵਾਅਦੇ 'ਤੇ ਕਾਇਮ ਹੈ ਕਿ ਸਾਨੂੰ ਫ਼ਿਲਮ ਨੂੰ ਸਕ੍ਰੀਨ ਜਾਂ ਔਨਲਾਈਨ ਰਿਲੀਜ਼ ਹੋਣ ਵਾਲੀ ਫ਼ਿਲਮ ਨੂੰ ਵੇਖਣ ਅਤੇ ਆਪਣੀ ਸਹਿਮਤੀ ਦੇਣ ਦਾ ਕਾਨੂੰਨੀ ਅਧਿਕਾਰ ਹੈ। ਜਿਵੇਂ ਕਿ 'ਪੰਜਾਬ 95' ਪੰਜਾਬ ਦੇ ਸੰਵੇਦਨਸ਼ੀਲ ਇਤਿਹਾਸ ਨਾਲ ਸਬੰਧਤ ਤੱਥਾਂ ਨੂੰ ਦਰਸਾਉਂਦੀ ਹੈ। ਇਸ ਲਈ ਅਸੀਂ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਬੇਨਤੀ ਕਰਦੇ ਹਾਂ ਕਿ ਉਹ ਫ਼ਿਲਮ ਦੇਖ ਕੇ ਆਪਣਾ ਸੰਦੇਸ਼ ਦੇਣ। ਫ਼ਿਲਮ ਨਿਰਦੇਸ਼ਕ ਦੁਆਰਾ ਕਾਨੂੰਨੀ ਤੱਥਾਂ ਦੇ ਆਧਾਰ 'ਤੇ ਅਤੇ ਦਿਲਜੀਤ ਦੁਸਾਂਝ ਦੁਆਰਾ ਨਿਭਾਈ ਗਈ ਖਾਲੜਾ ਦੀ ਭੂਮਿਕਾ ਨਾਲ ਇਹ ਫ਼ਿਲਮ ਬਣਾਈ ਗਈ ਹੈ। ਸਾਨੂੰ ਉਮੀਦ ਹੈ ਕਿ ਫ਼ਿਲਮ ਆਪਣੇ ਅਸਲੀ ਰੂਪ ਵਿੱਚ ਰਿਲੀਜ਼ ਹੋਵੇਗੀ।

**ਫ਼ਿਲਮ 'ਚ ਇਹ ਵੱਡੇ ਬਦਲਾਅ ਹੋਣਗੇ**

ਮਿਡ-ਡੇਅ ਦੀ ਤਾਜ਼ਾ ਰਿਪੋਰਟ ਮੁਤਾਬਕ ਸੈਂਸਰ ਬੋਰਡ ਦੀ ਨਵੀਂ ਕਮੇਟੀ ਨੇ ਫ਼ਿਲਮ ਨਿਰਮਾਤਾਵਾਂ ਨੂੰ ਫ਼ਿਲਮ ਦੇ ਉਨ੍ਹਾਂ ਸਾਰੇ ਦ੍ਰਿਸ਼ਾਂ 'ਚ ਬਦਲਾਅ ਕਰਨ ਦੇ ਹੁਕਮ ਦਿੱਤੇ ਹਨ, ਜਿੱਥੇ ਪੰਜਾਬ ਅਤੇ ਇਸ ਦੇ ਜ਼ਿਲ੍ਹਾ ਤਰਨਤਾਰਨ ਦਾ ਜ਼ਿਕਰ ਕੀਤਾ ਗਿਆ ਹੈ। ਫ਼ਿਲਮ ਵਿੱਚ ਦਿਖਾਏ ਗਏ ਕੈਨੇਡਾ ਅਤੇ ਯੂ. ਕੇ. ਦੇ ਹਵਾਲੇ ਹਟਾਉਣ ਦੀ ਵੀ ਮੰਗ ਕੀਤੀ ਗਈ ਹੈ।

ਫ਼ਿਲਮ ਦਾ ਟਾਈਟਲ 'ਪੰਜਾਬ 95' ਰੱਖਿਆ ਗਿਆ ਹੈ। ਜਸਵੰਤ ਸਿੰਘ ਖਾਲੜਾ ਸਾਲ 1995 ਵਿੱਚ ਲਾਪਤਾ ਹੋ ਗਿਆ ਸੀ, ਇਸ ਲਈ ਸੈਂਸਰ ਬੋਰਡ ਕਮੇਟੀ ਨੇ ਸਿਰਲੇਖ ਬਦਲਣ ਦੀ ਮੰਗ ਕੀਤੀ ਸੀ। ਇਸ ਨਾਲ ਲੋਕਾਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚ ਸਕਦੀ ਹੈ। ਕਮੇਟੀ ਮੰਗ ਕਰਦੀ ਹੈ ਕਿ ਫ਼ਿਲਮ ਦੇ ਮੁੱਖ ਕਿਰਦਾਰ ਜਸਵੰਤ ਸਿੰਘ ਖਾਲੜਾ ਦਾ ਨਾਂ ਵੀ ਬਦਲਿਆ ਜਾਵੇ। ਫ਼ਿਲਮ ਵਿੱਚੋਂ ਗੁਰਬਾਣੀ ਦੇ ਦ੍ਰਿਸ਼ ਵੀ ਹਟਾ ਦਿੱਤੇ ਜਾਣੇ ਚਾਹੀਦੇ ਹਨ।

## ਗੁਰਬਾਣੀ ਦੇ ਗੁਟਕਾ ਸਾਹਿਬ ਤੇ ਪੋਥੀਆਂ ਦੀ ਵੈੱਬਸਾਈਟਾਂ ਨਹੀਂ ਕਰ ਸਕਣਗੀਆਂ ਆਨਲਾਈਨ ਵਿਕਰੀ: ਐਡਵੋਕੇਟ ਧਾਮੀ

ਜੈਤੋ/ਏ.ਟੀ.ਨਿਊਜ਼: ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ, ਸਿੱਖ ਇਤਿਹਾਸ ਰੀਸਰਚ ਬੋਰਡ ਅਤੇ ਐਜੂਕੇਸ਼ਨ ਕਮੇਟੀ ਦੀਆਂ ਵੱਖ-ਵੱਖ ਤਿੰਨ ਅਹਿਮ ਇਕੱਤਰਤਾਵਾਂ ਪਿਛਲੇ ਦਿਨੀਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਹੇਠ ਸ੍ਰੀ ਗੁਰੂ ਰਾਮਦਾਸ ਯੂਨੀਵਰਸਿਟੀ ਆਫ਼ ਹੈਲਥ ਸਾਇੰਸਿਜ਼ ਵੱਲ੍ਹਾ ਸ੍ਰੀ ਅੰਮ੍ਰਿਤਸਰ ਵਿਖੇ ਹੋਈਆਂ। ਇਸ ਦੌਰਾਨ ਸਿੱਖੀ ਦੇ ਪ੍ਰਚਾਰ ਪ੍ਰਸਾਰ ਲਈ ਰੂਪ ਰੇਖਾ ਦੇ ਨਾਲ-ਨਾਲ ਸਿੱਖ ਸਾਹਿਤ ਦੀਆਂ ਨਵੀਆਂ ਪ੍ਰਕਾਸ਼ਨਾਵਾਂ ਅਤੇ ਵਿਦਿਅਕ ਅਦਾਰਿਆਂ ਦੇ ਮਾਮਲੇ ਵਿਚਾਰੇ ਗਏ। ਇਕੱਤਰਤਾਵਾਂ ਮਗਰੋਂ ਜਾਣਕਾਰੀ ਦਿੰਦਿਆਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਦੱਸਿਆ ਕਿ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸਮੇਤ ਹੋਰ ਇਤਿਹਾਸਕ ਗੁਰਦੁਆਰਾ ਸਾਹਿਬਾਨ ਅੰਦਰ ਸੰਗਤ ਵੱਲੋਂ ਸ਼ਰਧਾ ਤੇ ਸਤਿਕਾਰ ਵਜੋਂ ਵੱਡੀ ਗਿਣਤੀ ਵਿੱਚ ਰੁਮਾਲਾ ਸਾਹਿਬ ਭੇਟ ਕੀਤੇ ਜਾਂਦੇ ਹਨ, ਪਰੰਤੂ ਅਕਸਰ ਹੀ ਰੁਮਾਲਿਆਂ ਦੀ ਗੁਣਵਤਾ ਤੇ ਮਿਆਰ ਠੀਕ ਨਹੀਂ ਹੁੰਦਾ। ਇਸ ਦੇ ਨਾਲ ਹੀ ਰੁਮਾਲਿਆਂ ਦੀ ਬਹੁਤਾਤ ਕਾਰਨ



ਸਾਂਭ-ਸੰਭਾਲ ਵਿੱਚ ਵੱਡੀ ਸਮੱਸਿਆ ਬਣਦੀ ਹੈ। ਇਸ ਦੇ ਮੱਦੇਨਜ਼ਰ ਵਿਚਾਰ-ਵਟਾਂਦਰੇ ਉਪਰੰਤ ਇਹ ਫ਼ੈਸਲਾ ਕੀਤਾ ਗਿਆ ਹੈ ਕਿ ਗੁਰਦੁਆਰਾ ਸਾਹਿਬਾਨ ਅੰਦਰ ਵਿਸ਼ੇਸ਼ ਕਾਊਂਟਰ ਸਥਾਪਤ ਕੀਤੇ ਜਾਣਗੇ, ਜਿਥੇ ਸੰਗਤ ਰੁਮਾਲਾ ਸਾਹਿਬ ਲਈ ਯਥਾਸ਼ਕਤ ਭੇਟਾ ਜਮ੍ਹਾਂ ਕਰਵਾ ਸਕੇਗੀ। ਉਨ੍ਹਾਂ ਸੰਗਤ ਨੂੰ ਅਪੀਲ ਕੀਤੀ ਕਿ ਸਥਾਪਤ ਕੀਤੇ ਜਾਣ ਵਾਲੇ ਕਾਊਂਟਰਾਂ 'ਤੇ ਸ਼ਰਧਾ ਅਨੁਸਾਰ ਰੁਮਾਲਿਆਂ ਲਈ ਭੇਟਾ ਜਮ੍ਹਾਂ ਕਰਵਾ ਕੇ ਰਸੀਦ ਪ੍ਰਾਪਤ ਕਰਨ ਤੇ ਗੁਰੂ ਦਰਬਾਰ ਅੰਦਰ ਰਸੀਦ ਦਿਖਾ ਕੇ ਅਰਦਾਸ ਕਰਵਾਉਣ। ਉਨ੍ਹਾਂ ਕਿਹਾ ਕਿ ਰੁਮਾਲਾ ਸਾਹਿਬ ਲਈ ਪੁੱਜਣ ਵਾਲੀ ਭੇਟਾ ਕੌਮ ਦੇ ਉਜਲੇ ਭਵਿੱਖ ਲਈ ਵਰਤੀ ਜਾਵੇਗੀ।

ਉਨ੍ਹਾਂ ਇਹ ਵੀ ਦੱਸਿਆ ਕਿ ਸਿਰੋਪਾਓ ਦੀ ਵਰਤੋਂ ਇਸ ਦੀ ਭਾਵਨਾ ਅਤੇ ਧਾਰਮਿਕ ਮਹੱਤਵ ਅਨੁਸਾਰ ਯਕੀਨੀ ਬਣਾਉਣ ਲਈ ਬੀਤੇ ਵਿੱਚ ਸ਼ੁਰੂ ਕੀਤੇ ਗਏ ਯਤਨਾਂ ਨੂੰ ਹੋਰ ਪੁਖ਼ਤਗੀ ਨਾਲ ਲਾਗੂ ਕੀਤਾ ਜਾਵੇਗਾ। ਇਸ ਨੂੰ ਸੰਕੋਚ ਕੇ ਕੇਵਲ ਧਾਰਮਿਕ ਤੇ ਪੰਥਕ ਸ਼ਖ਼ਸੀਅਤਾਂ ਤੱਕ ਹੀ ਸੀਮਤ ਕੀਤਾ ਜਾਵੇਗਾ। ਐਡਵੋਕੇਟ ਧਾਮੀ ਨੇ ਹੋਰ ਫ਼ੈਸਲਿਆਂ ਬਾਰੇ ਦੱਸਿਆ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਮਾਤਾ ਗੁਜਰ ਕੌਰ ਜੀ ਦੀ 400 ਸਾਲਾ ਜਨਮ ਸ਼ਤਾਬਦੀ ਇਸੇ ਸਾਲ 22 ਨਵੰਬਰ ਨੂੰ ਗੁਰਦੁਆਰਾ ਗੰਗਸਰ ਸਾਹਿਬ ਕਰਤਾਰਪੁਰ ਜਲੰਧਰ ਵਿਖੇ ਪੰਥਕ ਜਾਹੋ-ਜਲਾਲ ਨਾਲ ਮਨਾਈ ਜਾਵੇਗੀ। ਧਰਮ ਪ੍ਰਚਾਰ ਕਮੇਟੀ ਦੀ ਇਕੱਤਰਤਾ ਵਿੱਚ ਵੱਖ-ਵੱਖ ਈ-ਕੌਮਰਸ ਵੈੱਬਸਾਈਟਾਂ ਤੇ ਐਪਸ 'ਤੇ ਪਾਵਨ ਗੁਰਬਾਣੀ ਦੇ ਗੁਟਕਾ ਸਾਹਿਬ, ਸੈਂਚੀਆਂ ਦੀ ਕੀਤੀ ਜਾ ਰਹੀ ਆਨਲਾਈਨ ਵਿਕਰੀ ਦਾ ਵੀ ਸਖ਼ਤ ਨੋਟਿਸ ਲੈ ਕੇ ਇਸ 'ਤੇ ਮੁਕੰਮਲ ਪਾਬੰਦੀ ਲਗਾਉਣ ਦਾ ਮਤਾ ਪਾਸ ਕੀਤਾ ਗਿਆ।

## ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਜਨਰਲ ਇਜਲਾਸ 28 ਨੂੰ

ਅੰਮ੍ਰਿਤਸਰ/ਏ.ਟੀ.ਨਿਊਜ਼: ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਤੇ ਹੋਰ ਅਹੁਦੇਦਾਰਾਂ ਦੀ ਸਾਲਾਨਾ ਚੋਣ ਲਈ ਜਨਰਲ ਇਜਲਾਸ 28 ਅਕਤੂਬਰ ਨੂੰ ਸੱਦ ਲਿਆ ਹੈ।



ਇਹ ਸਾਲਾਨਾ ਜਨਰਲ ਇਜਲਾਸ ਹਰ ਸਾਲ ਵਧੇਰੇ ਕਰਕੇ ਨਵੰਬਰ ਮਹੀਨੇ ਸੱਦਿਆ ਜਾਂਦਾ ਹੈ ਪਰ ਇਸ ਵਾਰ ਪਹਿਲਾਂ ਸੱਦ ਲਿਆ ਗਿਆ ਹੈ। ਐਡਵੋਕੇਟ ਧਾਮੀ ਨੇ ਦੱਸਿਆ ਕਿ ਇਸ ਵਾਰ ਅਹੁਦੇਦਾਰਾਂ ਦੀ ਚੋਣ ਵਾਸਤੇ ਸਾਲਾਨਾ ਇਜਲਾਸ 28 ਅਕਤੂਬਰ ਨੂੰ ਦੁਪਹਿਰ 12 ਵਜੇ ਸ਼੍ਰੋਮਣੀ ਕਮੇਟੀ ਦਫ਼ਤਰ ਸਥਿਤ ਤੇਜਾ ਸਿੰਘ ਸਮੁੰਦਰੀ ਹਾਲ 'ਚ ਹੋਵੇਗਾ ਜਿਸ ਵਿੱਚ ਪ੍ਰਧਾਨ, ਸੀਨੀਅਰ ਮੀਤ ਪ੍ਰਧਾਨ, ਜੂਨੀਅਰ ਮੀਤ ਪ੍ਰਧਾਨ, ਜਨਰਲ ਸਕੱਤਰ ਅਤੇ ਅੰਤ੍ਰਿੰਗ ਕਮੇਟੀ ਦੇ ਮੈਂਬਰਾਂ ਦੀ ਚੋਣ ਕੀਤੀ ਜਾਵੇਗੀ। ਇਸ ਵੇਲੇ ਸ਼੍ਰੋਮਣੀ ਕਮੇਟੀ ਦੇ ਲਗਪਗ 150 ਤੋਂ ਵੱਧ ਮੈਂਬਰ ਹਨ, ਜੋ ਇਸ ਚੋਣ ਇਜਲਾਸ ਵਿੱਚ ਹਿੱਸਾ ਲੈਣਗੇ। ਸ਼੍ਰੋਮਣੀ ਕਮੇਟੀ ਦੇ ਜਨਰਲ ਹਾਊਸ ਦੇ ਕੁੱਲ 185 ਮੈਂਬਰ ਹਨ, ਜਿਨ੍ਹਾਂ 'ਚੋਂ 170 ਆਮ ਗੁਰਦੁਆਰਾ ਚੋਣਾਂ ਰਾਹੀਂ ਚੁਣੇ ਹੋਏ ਹਨ ਅਤੇ 15 ਮੈਂਬਰ ਦੇਸ਼ ਭਰ ਵਿੱਚੋਂ ਵੱਖ-ਵੱਖ ਥਾਵਾਂ ਤੋਂ ਨਾਮਜ਼ਦ ਕੀਤੇ ਹਨ। ਪੰਜ ਤਖ਼ਤਾਂ ਦੇ ਜਥੇਦਾਰ ਵੀ ਇਸ ਹਾਊਸ ਦੇ ਮੈਂਬਰ ਹਨ ਪਰ ਉਨ੍ਹਾਂ ਨੂੰ ਵੋਟ ਪਾਉਣ ਦਾ ਅਧਿਕਾਰ ਨਹੀਂ ਹੁੰਦਾ ਹੈ। ਮਿਲੀ ਜਾਣਕਾਰੀ ਅਨੁਸਾਰ ਲਗਪਗ 25 ਤੋਂ ਵੱਧ ਮੈਂਬਰਾਂ ਦੀ ਮੌਤ ਹੋ ਚੁੱਕੀ ਹੈ। ਮੌਜੂਦਾ ਹਾਊਸ 'ਚ ਸ਼੍ਰੋਮਣੀ ਅਕਾਲੀ ਦਲ ਨਾਲ ਸਬੰਧਤ ਮੈਂਬਰਾਂ ਦਾ ਬਹੁਮਤ ਹੈ ਪਰ ਸ਼੍ਰੋਮਣੀ ਅਕਾਲੀ ਦਲ ਅੰਦਰ ਚੱਲ ਰਹੀ ਕਸ਼ਮਕਸ਼ ਕਾਰਨ ਇਸ ਵਾਰ ਜਨਰਲ ਇਲਜਾਸ ਵੀ ਚਰਚਾ ਦਾ ਵਿਸ਼ਾ ਬਣ ਸਕਦਾ ਹੈ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

## ਸੰਪਾਦਕੀ

# ਪੰਚਾਇਤ ਚੋਣਾਂ ਦੌਰਾਨ ਕਾਇਮ ਰੱਖੀ ਜਾਵੇ ਭਾਈਚਾਰਕ ਸਾਂਝ

ਪੰਜਾਬ ਵਿੱਚ ਇਸ ਸਮੇਂ ਪਿੰਡਾਂ ਦੀ ਪਾਰਲੀਮੈਂਟ ਭਾਵ ਪੰਚਾਇਤ ਚੋਣਾਂ ਦਾ ਅਮਲ ਚੱਲ ਰਿਹਾ ਹੈ। ਚੋਣਾਂ ਲੜ ਰਹੇ ਉਮੀਦਵਾਰਾਂ ਨੂੰ ਚੋਣ ਨਿਸ਼ਾਨ ਅਲਾਟ ਕਰਨ ਤੋਂ ਬਾਅਦ ਚੋਣ ਪ੍ਰਚਾਰ ਵਿੱਚ ਤੇਜ਼ੀ ਆ ਗਈ ਹੈ। ਇਸ ਸਮੇਂ ਪੰਜਾਬ ਦੇ ਹਜ਼ਾਰਾਂ ਪਿੰਡ ਪੰਚਾਇਤ ਚੋਣਾਂ ਕਾਰਨ ਸਰਗਰਮੀਆਂ ਦਾ ਕੇਂਦਰ ਬਣੇ ਹੋਏ ਹਨ ਅਤੇ ਵੱਡੀ ਗਿਣਤੀ ਪਿੰਡਾਂ ਵਿੱਚ ਵਿਆਹਾਂ ਵਰਗਾ ਮਾਹੌਲ ਬਣਿਆ ਹੋਇਆ ਹੈ। ਇਸ ਦੇ ਨਾਲ ਹੀ ਕੁਝ ਪਿੰਡਾਂ ਵਿੱਚ ਪੰਚਾਇਤ ਚੋਣਾਂ ਦੌਰਾਨ ਹਿੰਸਾ ਹੋਣ ਦੀਆਂ ਖ਼ਬਰਾਂ ਵੀ ਆ ਰਹੀਆਂ ਹਨ, ਅਜਿਹੀਆਂ ਘਟਨਾਵਾਂ ਪਿੰਡਾਂ ਦੀ ਭਾਈਚਾਰਕ ਸਾਂਝ ਨੂੰ ਖੋਰਾ ਲਗਾਉਂਦੀਆਂ ਹਨ।

ਪੰਜਾਬ ਦੇ ਜਿਨ੍ਹਾਂ ਪਿੰਡਾਂ ਵਿੱਚ ਚੋਣਾਂ ਹੋਣੀਆਂ ਹਨ, ਇਨ੍ਹਾਂ ਦੀ ਗਿਣਤੀ 13,268 ਦੇ ਕਰੀਬ ਹੈ। ਭਾਵੇਂ ਕਿ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੇ ਪਿੰਡ ਸਤੌਜ ਸਮੇਤ ਅਨੇਕਾਂ ਪਿੰਡਾਂ ਵਿੱਚ ਸਰਬਸੰਮਤੀ ਨਾਲ ਪੰਚਾਇਤਾਂ ਦੀ ਚੋਣ ਕੀਤੀ ਜਾ ਚੁੱਕੀ ਹੈ ਪਰ ਇਸ ਦੇ ਬਾਵਜੂਦ ਵੱਡੀ ਗਿਣਤੀ ਪਿੰਡਾਂ ਵਿੱਚ ਪੰਚਾਇਤ ਚੋਣਾਂ ਲਈ ਅਜੇ ਵੋਟਾਂ ਪੈਣੀਆਂ ਹਨ। ਪਿਛਲੀ ਵਾਰ ਗ੍ਰਾਮ ਪੰਚਾਇਤ ਦੀਆਂ ਚੋਣਾਂ ਜਨਵਰੀ 2019 ਵਿੱਚ ਹੋਈਆਂ ਸਨ ਅਤੇ ਇਸ ਤੋਂ ਬਾਅਦ ਚੁਣੇ ਹੋਏ ਸਰਪੰਚਾਂ ਨੇ ਅਹੁਦਾ ਸੰਭਾਲਿਆ ਸੀ।

ਇਸ ਤੋਂ ਪਹਿਲਾਂ ਪੰਜਾਬ ਸਰਕਾਰ ਨੇ ਅਗਸਤ 2023 ਵਿੱਚ ਗ੍ਰਾਮ ਪੰਚਾਇਤਾਂ ਨੂੰ ਭੰਗ ਕਰ ਦਿੱਤਾ ਸੀ ਜਿਸ ਨੂੰ ਲੈ ਕੇ ਵਿਵਾਦ ਖੜ੍ਹਾ ਹੋ ਗਿਆ ਸੀ। ਜਦਕਿ ਉਨ੍ਹਾਂ ਦਾ ਕਾਰਜਕਾਲ ਜਨਵਰੀ 2024 ਤੱਕ ਸੀ। ਜਿਸ ਤੋਂ ਬਾਅਦ ਕੁਝ ਗ੍ਰਾਮ ਪੰਚਾਇਤ ਅਧਿਕਾਰੀ ਹਾਈ ਕੋਰਟ ਪਹੁੰਚ ਗਏ ਸਨ। ਉਨ੍ਹਾਂ ਦੀ ਦਲੀਲ ਦਿੱਤੀ ਸੀ ਚੁਣੇ ਹੋਏ ਨੁਮਾਇੰਦਿਆਂ ਨੂੰ ਕਾਰਜਕਾਲ ਪੂਰਾ ਹੋਣ ਤੋਂ ਪਹਿਲਾਂ ਹੀ ਰੱਦ ਕਰਨ ਗਲਤ ਅਤੇ ਗੈਰ-ਕਾਨੂੰਨੀ ਹੈ।

ਪੰਜਾਬ ਵਿੱਚ ਇਸ ਵਾਰੀ ਪੰਚਾਇਤ ਚੋਣਾਂ ਸਿਆਸੀ ਪਾਰਟੀਆਂ ਦੇ ਚੋਣ ਨਿਸ਼ਾਨ 'ਤੇ ਨਹੀਂ ਲੜੀਆਂ ਜਾ ਰਹੀਆਂ, ਜਿਸ ਕਰਕੇ ਵੱਖ- ਵੱਖ ਉਮੀਦਵਾਰਾਂ ਨੂੰ ਵੱਖ -ਵੱਖ ਚੋਣ ਨਿਸ਼ਾਨ ਅਲਾਟ ਕੀਤੇ ਗਏ ਹਨ। ਜ਼ਿਆਦਾਤਰ ਉਮੀਦਵਾਰਾਂ ਨੇ ਖੇਤੀ ਅਤੇ ਪੇਂਡੂ ਖੇਤਰ ਨਾਲ ਸਬੰਧਿਤ ਚੋਣ ਨਿਸ਼ਾਨ ਹੀ ਲੈਣ ਵਿੱਚ ਦਿਲਚਸਪੀ ਦਿਖਾਈ ਹੈ। ਵੱਡੀ ਗਿਣਤੀ ਉਮੀਦਵਾਰਾਂ ਨੇ ਚੋਣ ਨਿਸ਼ਾਨ ਟ੍ਰੈਕਟਰ, ਜੀਪ, ਹਲ਼, ਬਾਲਟੀ ਆਦਿ ਪਸੰਦ ਕਰਕੇ ਇਹ ਚੋਣ ਨਿਸ਼ਾਨ ਲੈਣ ਲਈ ਯਤਨ ਕੀਤੇ। ਆਪਣੀ ਮਨਪਸੰਦ ਦਾ ਚੋਣ ਨਿਸ਼ਾਨ ਲੈਣ ਲਈ ਵੱਖ ਵੱਖ ਉਮੀਦਵਾਰਾਂ ਵਿੱਚ ਮੁਕਾਬਲੇਬਾਜ਼ੀ ਵੀ ਹੁੰਦੀ ਰਹੀ।

ਪੰਚਾਇਤ ਚੋਣਾਂ ਦੌਰਾਨ ਵੱਡੀ ਗਿਣਤੀ ਪਿੰਡਾਂ ਵਿੱਚ ਅੰਦਰੂਨੀ ਧੜੇਬੰਦੀ ਉਭਰ ਕੇ ਸਾਹਮਣੇ ਆ ਗਈ ਹੈ। ਪੰਚਾਇਤ ਚੋਣਾਂ ਦੌਰਾਨ ਜਿਥੇ ਵੱਖ -ਵੱਖ ਸਿਆਸੀ ਪਾਰਟੀਆਂ ਦੇ ਕਈ- ਕਈ ਗਰੁੱਪ ਸਰਗਰਮ ਹੋ ਗਏ ਹਨ, ਉਥੇ ਵੱਡੀ ਗਿਣਤੀ ਪਿੰਡਾਂ ਦੇ ਵਿੱਚ ਲੋਕਾਂ ਦੇ ਕਈ- ਕਈ ਧੜੇ ਵੀ ਬਣੇ ਹਨ, ਜਿਨ੍ਹਾਂ ਵਿੱਚ ਅਕਸਰ ਇੱਟ ਖੜੱਕਾ ਚਲਦਾ ਰਹਿੰਦਾ ਹੈ। ਜੇ ਇੱਕ ਧੜਾ ਕਿਸੇ ਇੱਕ ਉਮੀਦਵਾਰ ਦੀ ਹਮਾਇਤ ਕਰਦਾ ਹੈ ਤਾਂ ਪਿੰਡ ਦਾ ਦੂਜਾ ਧੜਾ ਕਿਸੇ ਦੂਜੇ ਉਮੀਦਵਾਰ ਦੀ ਹਮਾਇਤ ਦਾ ਐਲਾਨ ਕਰ ਦਿੰਦਾ ਹੈ। ਜਿਥੇ ਸਿਆਸੀ ਪਾਰਟੀਆਂ ਅੰਦਰੂਨੀ ਫੁੱਟ ਦਾ ਬੁਰੀ ਤਰ੍ਹਾਂ ਸ਼ਿਕਾਰ ਹਨ, ਉਥੇ ਵੱਡੀ ਗਿਣਤੀ ਪਿੰਡ ਵੀ ਧੜੇਬੰਦੀ ਵਿੱਚ ਵੰਡੇ ਹੋਏ ਹਨ। ਹਰ ਧੜੇ ਦੇ ਆਗੂ ਚਾਹੁੰਦੇ ਹਨ ਕਿ ਪਿੰਡ ਦਾ ਸਰਪੰਚ ਉਹਨਾਂ ਦੀ ਸਹਿਮਤੀ ਵਾਲਾ ਇਨਸਾਨ ਹੀ ਚੁਣਿਆ ਜਾਵੇ। ਇਸ ਲਈ ਇਹਨਾਂ ਧੜਿਆਂ ਵਿੱਚ ਆਪਸੀ ਖਹਿਬਾਜ਼ੀ ਇਹਨਾਂ ਪੰਚਾਇਤ ਚੋਣਾਂ ਦੌਰਾਨ ਬਹੁਤ ਵੱਧ ਗਈ ਹੈ। ਕਈ ਪਿੰਡਾਂ ਵਿੱਚ ਵੱਖ- ਵੱਖ ਧੜਿਆਂ ਵਿਚਾਲੇ ਲੜਾਈ ਝਗੜਾ ਹੋਣ ਦੀਆਂ ਖ਼ਬਰਾਂ ਮੀਡੀਆ ਵਿੱਚ ਆ ਰਹੀਆਂ ਹਨ।

ਸਿਆਸੀ ਪਾਰਟੀਆਂ ਆਪਣੀ ਪਾਰਟੀ ਅਤੇ ਪਿੰਡਾਂ ਦੇ ਸਾਰੇ ਧੜਿਆਂ ਨੂੰ ਇੱਕਜੁਟ ਰੱਖਣ ਅਤੇ ਸਾਰੇ ਧੜਿਆਂ ਦੀ ਹਮਾਇਤ ਲੈਣ ਦੇ ਯਤਨ ਕਰ ਰਹੀਆਂ ਹਨ ਪਰ ਪਿੰਡਾਂ ਵਿੱਚ ਸਰਗਰਮ ਵੱਖ- ਵੱਖ ਧੜਿਆਂ ਵਿੱਚ ਈਰਖਾਬਾਜੀ ਅਤੇ ਮੁਕਾਬਲੇਬਾਜ਼ੀ ਏਨੀ ਜਿਆਦਾ ਹੈ, ਕਿ ਉਥੇ ਇਹਨਾਂ ਵਿਚਾਲੇ ਏਕਤਾ ਹੋਣਾ ਮੁਸ਼ਕਿਲ ਹੈ।

ਸਿਆਸੀ ਪਾਰਟੀਆਂ ਦਾ ਹਾਲ ਇਹ ਹੋ ਗਿਆ ਹੈ ਕਿ ਕਾਂਗਰਸ ਤੇ ਅਕਾਲੀ ਦਲ ਬਾਦਲ ਦੇ ਆਗੂਆਂ ਵੱਲੋਂ ਪੰਚਾਇਤ ਚੋਣਾਂ ਦੌਰਾਨ ਆਮ ਆਦਮੀ ਪਾਰਟੀ 'ਤੇ ਧੱਕੇਸ਼ਾਹੀ ਕਰਨ ਦੇ ਦੋਸ਼ ਲਗਾਏ ਜਾ ਰਹੇ ਹਨ। ਦੂਜੇ ਪਾਸੇ ਆਮ ਆਦਮੀ ਪਾਰਟੀ ਦੇ ਕੁਝ ਆਗੂ ਉਲਟਾ ਵਿਰੋਧੀ ਪਾਰਟੀਆਂ 'ਤੇ ਹੀ ਦੋਸ਼ ਲਗਾ ਰਹੇ ਹਨ ਕਿ ਪੰਜਾਬ ਵਿੱਚ ਸੱਤਾਧਾਰੀ ਪਾਰਟੀ ਹੋਣ ਦੇ ਬਾਵਜੂਦ ਆਮ ਆਦਮੀ ਪਾਰਟੀ ਦੇ ਵਰਕਰਾਂ ਨਾਲ ਹੀ ਦੂਜੀਆਂ ਪਾਰਟੀਆਂ ਦੇ ਆਗੂਆਂ ਵੱਲੋਂ ਧੱਕਾ ਕੀਤਾ ਜਾ ਰਿਹਾ ਹੈ।

ਪੰਚਾਇਤ ਚੋਣਾਂ ਦੀ ਆੜ ਵਿੱਚ ਕੁਝ ਲੋਕਾਂ ਵੱਲੋਂ ਆਪਣੀਆਂ ਪੁਰਾਣੀਆਂ ਅਤੇ ਨਿੱਜੀ ਦੁਸ਼ਮਣੀਆਂ ਵੀ ਕੱਢੀਆਂ ਜਾ ਰਹੀਆਂ ਹਨ। ਕਈ- ਕਈ ਧੜਿਆਂ ਵਿੱਚ ਵੰਡੇ ਪਿੰਡਾਂ ਵਿੱਚ ਇਸ ਤਰ੍ਹਾਂ ਜਾਪ ਰਿਹਾ ਹੈ, ਕਿ ਜਿਵੇਂ ਆਪਸੀ ਭਾਈਚਾਰਕ ਸਾਂਝ ਬਿਲਕੁਲ ਖਤਮ ਹੋ ਗਈ ਹੋਵੇ। ਵੱਖ- ਵੱਖ ਪਿੰਡਾਂ ਤੋਂ ਪੰਚਾਇਤ ਚੋਣਾਂ ਦੌਰਾਨ ਆਪਸੀ ਝੜਪਾਂ ਹੋਣ ਅਤੇ ਇੱਕ ਦੂਜੇ 'ਤੇ ਹਮਲੇ ਹੋਣ ਦੀਆਂ ਖ਼ਬਰਾਂ ਵੀ ਆ ਰਹੀਆਂ ਹਨ, ਜੋ ਕਿ ਚਿੰਤਾ ਦਾ ਵਿਸ਼ਾ ਹੈ। ਅਸਲ ਵਿੱਚ ਵੱਡੀ ਗਿਣਤੀ ਉਮੀਦਵਾਰਾਂ ਅਤੇ ਉਹਨਾਂ ਦੇ ਸਮਰਥਕਾਂ ਨੇ ਪੰਚਾਇਤ ਚੋਣਾਂ ਨੂੰ ਆਪਣੇ ਵਕਾਰ ਦਾ ਸਵਾਲ ਬਣਾ ਲਿਆ ਹੈ ਅਤੇ ਸਾਰੇ ਹੀ ਉਮੀਦਵਾਰ ਹਰ ਹੀਲੇ ਇਹ ਪੰਚਾਇਤ ਚੋਣਾਂ ਜਿੱਤਣਾ ਚਾਹੁੰਦੇ ਹਨ। ਹਰ ਪਿੰਡ ਵਿੱਚ ਹੀ ਪੰਚਾਇਤ ਚੋਣਾਂ ਦੌਰਾਨ ਕਈ ਕਈ ਉਮੀਦਵਾਰ ਖੜ੍ਹੇ ਹਨ ਪਰ ਜਿੱਤ ਤਾਂ ਇੱਕੋ ਹੀ ਉਮੀਦਵਾਰ ਦੀ ਹੋਣੀ ਹੈ। ਇਸ ਲਈ ਸਾਰੇ ਹੀ ਉਮੀਦਵਾਰ ਜਿੱਤ ਲਈ ਆਪਣਾ ਪੂਰਾ ਜੋਰ ਲਗਾ ਰਹੇ ਹਨ ਅਤੇ ਹਰ ਤਰ੍ਹਾਂ ਦੇ ਦਾਅ ਪੇਚ ਆਪਣੀ ਜਿੱਤ ਪੱਕੀ ਕਰਨ ਲਈ ਵਰਤ ਰਹੇ ਹਨ, ਜਿਸ ਕਾਰਨ ਪਿੰਡਾਂ ਵਿੱਚ ਕਈ ਵਾਰ ਲੜਾਈ ਝਗੜੇ ਦੀ ਨੌਬਤ ਆ ਜਾਂਦੀ ਹੈ।

ਪੰਜਾਬ ਇੱਕ ਅਜਿਹਾ ਸੂਬਾ ਹੈ, ਜਿਥੇ ਕਿ ਹਮੇਸ਼ਾ ਭਾਈਚਾਰਕ ਸਾਂਝ ਰਹੀ ਹੈ ਅਤੇ ਪੰਜਾਬ ਦੇ ਲੋਕਾਂ ਨੇ ਹਮੇਸ਼ਾ ਹੀ ਆਪਸੀ ਭਾਈਚਾਰਕ ਸਾਂਝ ਨੂੰ ਕਾਇਮ ਨੂੰ ਰੱਖਿਆ ਹੈ। ਪੰਜਾਬ ਵਿੱਚ ਅਣਸੁਖਾਂਵੇ ਦੌਰ ਦੌਰਾਨ ਵੀ ਪੰਜਾਬੀਆਂ ਨੇ ਆਪਸੀ ਭਾਈਚਾਰਕ ਸਾਂਝ ਨੂੰ ਖੋਰਾ ਨਹੀਂ ਸੀ ਲੱਗਣ ਦਿੱਤਾ। ਹੁਣ ਪੰਚਾਇਤ ਚੋਣਾਂ ਵੇਲੇ ਵੀ ਸਮੂਹ ਪੰਜਾਬੀਆਂ ਖਾਸ ਕਰਕੇ ਪੇਂਡੂ ਭਾਈਚਾਰੇ ਨੂੰ ਆਪਸੀ ਸਾਂਝ ਕਾਇਮ ਰੱਖਣ ਲਈ ਯਤਨ ਕਰਨੇ ਚਾਹੀਦੇ ਹਨ। ਨੇਤਾ ਤਾਂ ਆਉਂਦੇ ਜਾਂਦੇ ਰਹਿੰਦੇ ਹਨ ਪਰ ਆਮ ਲੋਕਾਂ ਨੇ ਹੀ ਇੱਕ ਦੂਜੇ ਨਾਲ ਸਦਾ ਰਹਿਣਾ ਹੁੰਦਾ ਹੈ। ਇਸ ਲਈ ਨੇਤਾਵਾਂ ਦੇ ਪਿੱਛੇ ਲੱਗਕੇ ਆਪਸੀ ਸਾਂਝ ਨਾ ਤੋੜੀ ਜਾਵੇ ਸਗੋਂ ਸਿਆਸੀ ਵਿਚਾਰਾਂ ਦੇ ਵਖਰੇਵੇਂ ਦੇ ਬਾਵਜੂਦ ਆਪਸੀ ਭਾਈਚਾਰਕ ਸਾਂਝ ਨੂੰ ਕਾਇਮ ਰੱਖਿਆ ਜਾਵੇ।

# ਪੰਜਾਬ 'ਚ ਪੰਚਾਇਤੀ ਚੋਣਾਂ, ਪੰਚਾਇਤੀ ਢਾਂਚਾ-ਉੱਠਦੇ ਸਵਾਲ



ਗੁਰਮੀਤ ਸਿੰਘ ਪਲਾਹੀ
9815802070




ਪੰਜਾਬ 'ਚ ਪੰਚਾਇਤੀ ਚੋਣਾਂ ਨੂੰ ਲੈ ਕੇ ਪੂਰੀ ਗਰਮੋ-ਗਰਮੀ ਅਤੇ ਸਰਗਰਮੀ ਹੈ। ਕਿਹਾ ਜਾ ਰਿਹਾ ਹੈ ਕਿ ਇਹ ਚੋਣਾਂ ਅਸਲ ਅਰਥਾਂ 'ਚ ਲੋਕਤੰਤਰ ਦੀ ਨੁਮਾਇਸ਼ ਹਨ। ਉਪਰੋਂ-ਉਪਰੋਂ ਇਹ ਇੰਝ ਹੀ ਜਾਪਦਾ ਹੈ, ਪਰ ਜਿਸ ਕਿਸਮ ਦਾ ਜਲੂਸ ਇਹਨਾਂ ਚੋਣਾਂ 'ਚ ਲੋਕਤੰਤਰ ਦਾ ਕੱਢਿਆ ਜਾਂਦਾ ਹੈ, ਉਹ ਵੀ ਆਪਣੇ ਆਪ ਵਿੱਚ ਇੱਕ ਉਦਾਹਰਣ ਹੈ। ਕੀ ਪੰਚਾਇਤਾਂ ਨੂੰ ਸਰਕਾਰਾਂ ਸੰਜੀਦਗੀ ਨਾਲ ਲੈਂਦੀਆਂ ਹਨ? ਕੀ ਚੁਣੀਆਂ ਹੋਈਆਂ ਪੰਚਾਇਤਾਂ ਦੇ ਅਧਿਕਾਰ ਉਹਨਾਂ ਪੱਲੇ ਸਿਆਸਤਦਾਨਾਂ, ਅਫ਼ਸਰਸ਼ਾਹੀ ਨੇ ਰਹਿਣ ਦਿੱਤੇ ਹਨ? ਕੀ ਪੰਚਾਇਤਾਂ ਨੂੰ ਪੰਗੂ ਨਹੀਂ ਬਣਾ ਦਿੱਤਾ ਗਿਆ? ਕੀ ਪਿੰਡਾਂ ਦੇ ਮੋਹਤਬਰਾਂ ਨੇ ਪੰਚਾਇਤਾਂ ਹਥਿਆ ਨਹੀਂ ਲਈਆਂ ਹੋਈਆਂ? ਸਵਾਲ ਇਹ ਵੀ ਉੱਠਦਾ ਹੈ ਕਿ ਪੰਚੀ, ਸਰਪੰਚੀ ਧੜੇਬੰਦੀ ਅਤੇ ਧੌਂਸ ਤੋਂ ਬਿਨਾਂ ਕਿਸ ਕੰਮ ਆਉਂਦੀ ਹੈ ? ਕੀ ਸਰਕਾਰਾਂ ਪੰਚਾਇਤਾਂ ਨੂੰ ਸਥਾਨਕ ਸਰਕਾਰਾਂ ਦਾ ਦਰਜਾ ਦਿੰਦੀਆਂ ਹਨ, ਜਿਸ ਦੇ ਅਧਿਕਾਰ ਉਹਨਾਂ ਨੂੰ ਸੰਵਿਧਾਨ ਦੀ 73ਵੀਂ ਸੋਧ ਅਧੀਨ 1992 'ਚ ਪਾਰਲੀਮੈਂਟ 'ਚ ਇੱਕ ਕਾਨੂੰਨ ਪਾਸ ਕਰਕੇ ਮਿਲੇ ਸਨ?

ਬਾਵਜੂਦ ਇਹਨਾਂ ਉੱਠਦੇ ਸਵਾਲਾਂ ਦੇ ਵਿਚਕਾਰ ਪਿੰਡਾਂ ਦੇ ਲੋਕਾਂ ਦੀ ਉਡੀਕ ਮੁੱਕੀ ਹੈ। ਪੰਜਾਬ 'ਚ ਪੰਚਾਇਤੀ ਚੋਣਾਂ 15 ਅਕਤੂਬਰ ਨੂੰ ਹੋਣ ਜਾ ਰਹੀਆਂ ਹਨ। ਪੰਜਾਬ ਦੀਆਂ 13241 ਪੰਚਾਇਤਾਂ ਦੀ ਚੋਣ ਪਿੰਡਾਂ ਦੇ ਲੋਕ ਕਰਨਗੇ। ਸਰਪੰਚਾਂ, ਪੰਚਾਂ ਨੂੰ ਚੋਣ ਨਿਸ਼ਾਨ ਅਲਾਟ ਹੋ ਗਏ ਹਨ। ਧੜਿਆਂ, ਗਰੁੱਪਾਂ 'ਚ ਵੰਡੇ ਸਰਪੰਚਾਂ ਪੰਚਾਂ 'ਚ ਖਲਬਲੀ ਮਚੀ ਹੋਈ ਹੈ। ਆਪਸੀ ਸ਼ੰਕਾ, ਨਫ਼ਰਤੀ ਵਰਤਾਰਾ ਇਸ ਵੇਲੇ ਸਿਖਰਾਂ 'ਤੇ ਪਿੰਡਾਂ 'ਚ ਵੇਖਣ ਨੂੰ ਮਿਲ ਰਿਹਾ ਹੈ। ਲੋਕ ਸਭਾ, ਵਿਧਾਨ ਸਭਾ ਦੀਆਂ ਚੋਣਾਂ ਵਾਂਗਰ ਸਿਆਸੀ ਧੜਿਆਂ, ਗਰੁੱਪਾਂ ਵੱਲੋਂ ਲੋਕਾਂ ਨੂੰ ਲੁਭਾਉਣ, ਡਰਾਉਣ, ਧਮਕਾਉਣ ਦੇ ਯਤਨ ਆਰੰਭ ਹੋ ਗਏ ਹਨ। ਕੁਝ ਥਾਵਾਂ ਉੱਤੇ ਪੈਸਿਆਂ ਦੇ ਜ਼ੋਰ ਨਾਲ਼ ਸਰਪੰਚੀ ਬੋਲੀ ਲਾ ਕੇ ਖਰੀਦਣ ਦੀਆਂ ਖਬਰਾਂ ਹਨ। ਪਰ ਕੁਝ ਥਾਵਾਂ ਉੱਤੇ ਸਰਬ-ਸੰਮਤੀ ਨਾਲ਼ ਚੰਗੇ ਪਿਛੋਕੜ ਵਾਲੇ ਪਿੰਡ ਹਿਤੈਸ਼ੀ ਲੋਕ ਅੱਗੇ ਆ ਰਹੇ ਹਨ।

ਇਹ ਮੰਨਦਿਆਂ ਕਿ ਉਹਨਾਂ ਦਾ ਅਧਾਰ ਪਿੰਡਾਂ 'ਚ ਹੈ, ਸਿਆਸੀ ਪਾਰਟੀਆਂ ਦੇ ਆਗੂ ਸਿੱਧੇ, ਅਸਿੱਧੇ ਤੌਰ 'ਤੇ ਸਰਗਰਮ ਹਨ ਅਤੇ ਆਪਣੇ ਹਮਾਇਤੀਆਂ ਨੂੰ ਸਰਪੰਚੀ, ਪੰਚੀ ਦੀਆਂ ਚੋਣਾਂ ਲੜਾ ਰਹੇ ਹਨ। ਭਾਵੇਂ ਕਿ ਇੱਕ ਕਾਨੂੰਨ ਪਾਸ ਕਰਕੇ ਮੌਜੂਦਾ ਸਰਕਾਰਨੇ ਪੰਚਾਇਤੀ ਚੋਣਾਂ ਸਿਆਸੀ ਚੋਣ ਨਿਸ਼ਾਨ 'ਤੇ ਨਾ ਲੜਨ ਦਾ ਕਾਨੂੰਨ ਪਾਸ ਕੀਤਾ ਹੈ, ਪਰ ਇਹ ਖੁੱਲ੍ਹ ਦਿੱਤੀ ਹੈ ਕਿ ਉਮੀਦਵਾਰ ਆਪੋ-ਆਪਣੀ ਸਿਆਸੀ ਪਾਰਟੀ ਦੇ ਨੇਤਾ ਦੀ ਫੋਟੋ ਆਪਣੀ ਚੋਣ ਸਮੱਗਰੀ ਵਿੱਚ ਪ੍ਰਕਾਸ਼ਤ ਕਰ ਸਕਦਾ ਹੈ। ਅਸਲ ਵਿੱਚ ਵਿੰਗੇ ਢੰਗ ਨਾਲ਼ ਇਹ ਪਿੰਡ ਪੰਚਾਇਤਾਂ 'ਚ ਆਪਣਾ ਸਿਆਸੀ ਅਧਾਰ ਵਿਖਾਉਣ ਜਾਂ ਵਧਾਉਣ ਦਾ ਯਤਨ ਹੈ।

ਸੰਵਿਧਾਨ ਦੀ 73ਵੀਂ ਤੇ 74ਵੀਂ ਸੋਧ ਅਨੁਸਾਰ ਪੰਚਾਇਤਾਂ ਨੂੰ ਸਥਾਨਕ ਸਰਕਾਰ ਦਾ ਦਰਜਾ ਮਿਲਿਆ। ਇਸ ਦਾ ਮੰਤਵ ਭਾਰਤ ਵਿੱਚ ਲੋਕਤੰਤਰ ਦੀ ਸਫ਼ਲਤਾ ਲਈ ਲੋਕਾਂ ਵਿੱਚ ਜਾਗ੍ਰਿਤੀ ਲਿਆਉਣਾ ਸੀ। ਸਥਾਨਕ ਸ਼ਾਸਨ ਨੂੰ ਇਸੇ ਕਰਕੇ ਸੰਵਿਧਾਨਿਕ ਮਾਨਤਾ ਦਿੱਤੀ ਗਈ ਅਤੇ ਉਨ੍ਹਾਂ ਨੂੰ ਹੋਰ ਜ਼ਿਆਦਾ ਪ੍ਰਸ਼ਾਸਨਿਕ ਅਤੇ ਵਿੱਤੀ ਜ਼ਿੰਮੇਵਾਰੀ ਸੌਂਪੀ ਗਈ। ਇਸ ਪਿੱਛੇ ਸੋਚ ਇਹ ਸੀ ਕਿ ਭਾਰਤ ਦਾ ਲੋਕਤੰਤਰੀ ਢਾਂਚਾ ਸਥਾਈ ਬਣਿਆ ਰਹੇ। ਲੋਕਾਂ ਨੂੰ ਸਥਾਨਕ ਸਮੱਸਿਆਵਾਂ ਦੇ ਹੱਲ ਕਰਨ ਅਤੇ ਦੇਸ਼ ਦੇ ਸਮਾਜਿਕ ਤੇ ਆਰਥਿਕ ਵਿਕਾਸ ਅਤੇ ਕਲਿਆਣਕਾਰੀ ਰਾਜ ਦੀ ਸਥਾਪਨਾ ਕਰਨ ਦਾ ਸਥਾਨਕ ਸ਼ਾਸਨ ਰਾਹੀਂ ਮੌਕਾ ਮਿਲੇ। ਇਹ ਸਮਝਦਿਆਂ ਕਿ ਇਹ ਪੰਚਾਇਤੀ ਜਾਂ ਸ਼ਹਿਰੀ ਸੰਸਥਾਵਾਂ ਲੋਕਾਂ ਦੇ ਬਹੁਤ ਨੇੜੇ ਹੁੰਦੀਆਂ ਹਨ, ਇਹਨਾਂ ਨੂੰ ਸਥਾਨਕ ਲੋੜਾਂ ਨਾਲ਼ ਅਤੇ ਵਿਕਾਸ ਕਾਰਜਾਂ ਨਾਲ ਜੋੜਿਆ ਜਾਵੇ। ਭਾਵੇਂ ਕਿ ਇਹ ਮੰਨਿਆ ਗਿਆ ਕਿ ਇਹ ਸੰਸਥਾਵਾਂ ਕਾਨੂੰਨ ਘਾੜਨੀ ਸੰਸਥਾਵਾਂ ਨਹੀਂ ਹਨ।

ਪੰਚਾਇਤੀ ਰਾਜ ਸੰਸਥਾਵਾਂ ਕਿਉਂਕਿ ਭਾਰਤ ਵਿੱਚ ਲੰਮੇ ਸਮੇਂ ਤੋਂ ਕੰਮ ਕਰ ਰਹੀਆਂ ਸਨ। ਕਿਸੇ ਸਮੇਂ ਸਥਾਨਕ ਪੰਚਾਇਤਾਂ ਕੋਲ਼ ਕਾਨੂੰਨੀ ਅਧਿਕਾਰ ਵੀ ਸਨ। ਪਰ ਸੰਵਿਧਾਨਕ ਸੋਧ ਅਨੁਸਾਰ ਪੰਚਾਇਤੀ ਸੰਸਥਾਵਾਂ ਨੂੰ ਚਾਰ ਹਿੱਸਿਆਂ 'ਚ ਵੰਡਿਆ ਗਿਆ। ਮੁੱਢਲੀ ਇਕਾਈ ਗ੍ਰਾਮ ਸਭਾ ਮਿੱਥੀ ਗਈ। ਜਿਸ ਵਿੱਚ ਪਿੰਡ ਦੇ ਸਾਰੇ ਵੋਟਰ ਮੈਂਬਰ ਮਿੱਥੇ ਗਏ। ਇਸੇ ਗ੍ਰਾਮ ਸਭਾ ਨੇ ਗ੍ਰਾਮ ਪੰਚਾਇਤ ਦੀ ਚੋਣ ਕਰਨੀ ਹੈ। ਇਸੇ ਗ੍ਰਾਮ ਸਭਾ ਨੇ ਪੰਚਾਇਤ ਸੰਮਤੀ ਅਤੇ ਜ਼ਿਲ੍ਹਾ ਪਰਿਸ਼ਦਾਂ ਦੀ ਚੋਣ ਕਰਨੀ ਹੈ। ਗ੍ਰਾਮ ਸਭਾ ਨੂੰ ਪੰਚਾਇਤ ਖੇਤਰ ਦੇ ਵਿਕਾਸ ਲਈ ਸਲਾਨਾ ਯੋਜਨਾਵਾਂ ਬਣਾਉਣ, ਬਜਟ ਤਿਆਰ ਕਰਨ, ਜਨਤਕ ਜਾਇਦਾਦਾਂ ਤੋਂ ਨਜਾਇਜ਼ ਕਬਜ਼ੇ ਹਟਾਉਣ ਅਤੇ ਸਮਾਜ ਦੇ ਸਾਰੇ ਤਬਕਿਆਂ ਵਿੱਚ ਏਕਤਾ ਅਤੇ ਸਦਭਾਵਨਾ ਨੂੰ ਬੜਾਵਾ ਦੇਣਾ ਮਿਥਿਆ ਗਿਆ। ਗ੍ਰਾਮ ਸਭਾ ਦੀਆਂ ਹਾੜੀ ਤੇ ਸਾਉਣੀ ਦੋ ਸਭਾਵਾਂ ਮਿੱਥੀਆਂ ਗਈਆਂ। ਪੰਚਾਇਤਾਂ ਨੂੰ ਪਿੰਡਾਂ ਦੇ ਵਿਕਾਸ ਦੇ ਮੁੱਖ ਕੰਮ ਤੋਂ ਬਿਨਾਂ ਕੁਝ ਦੀਵਾਨੀ, ਮਾਲੀਆ ਅਤੇ ਨਿਆਂਇਕ ਅਧਿਕਾਰ ਵੀ ਮਿਲੇ। ਬਲਾਕ ਸੰਮਤੀਆਂ ਬਲਾਕ ਲਈ ਅਤੇ ਜ਼ਿਲ੍ਹਾ ਪਰਿਸ਼ਦਾਂ ਜ਼ਿਲ੍ਹੇ ਦੇ ਵਿਕਾਸ ਲਈ ਜ਼ਿੰਮੇਵਾਰ ਮਿੱਥੀਆਂ ਗਈਆਂ। ਪਰ ਅਫ਼ਸੋਸ ਦੀ ਗੱਲ ਹੈ ਕਿ ਪੰਚਾਇਤਾਂ ਨੂੰ ਮਿਲੇ ਹੱਕ, ਸਿਆਸਤਦਾਨਾਂ, ਹਾਕਮਾਂ ਨੇ ਤਹਿਸ-ਨਹਿਸ ਕਰ ਦਿੱਤੇ। 73ਵੀਂ ਸੰਵਿਧਾਨਿਕ ਸੋਧ ਦੀਆਂ ਧੱਜੀਆਂ ਉਡਾਉਂਦਿਆਂ ਮੌਜੂਦਾ ਸਰਕਾਰ ਨੇ ਪਹਿਲਾ ਪੰਜ ਸਾਲ ਦੀ ਮਿਆਦ ਤੋਂ ਪਹਿਲਾਂ ਹੀ ਪੰਚਾਇਤਾਂ ਭੰਗ ਕਰ ਦਿੱਤੀਆਂ ਅਤੇ ਬਾਅਦ 'ਚ ਜਦ ਦਸੰਬਰ 23 ਜਾਂ ਜਨਵਰੀ 2024 'ਚ ਪੰਜ ਸਾਲਾਂ ਮਿਆਦ ਖਤਮ ਹੋਣ ਤੋਂ ਲਗਭਗ 10 ਮਹੀਨੇ ਬਾਅਦ ਮਸਾਂ ਚੋਣਾਂ ਕਰਵਾਈਆਂ। ਕੀ ਇਹ ਪੰਚਾਇਤਾਂ ਅਤੇ ਪਿੰਡ ਦੇ ਲੋਕਾਂ ਨਾਲ਼ ਮਜ਼ਾਕ ਨਹੀਂ ਸੀ? ਇਹੋ-ਜਿਹੀ ਕਾਰਵਾਈ ਸਿਰਫ਼ ਮੌਜੂਦਾ ਸਰਕਾਰ ਨੇ ਹੀ ਨਹੀਂ ਕੀਤੀ, ਸਗੋਂ ਅਕਾਲੀ, ਕਾਂਗਰਸ ਸਰਕਾਰਾਂ ਵੱਲੋਂ ਵੀ ਪੰਚਾਇਤੀ ਚੋਣਾਂ ਨੂੰ ਲੈ ਕੇ ਲਾਪਰਵਾਹੀ, ਬੇਪਰਵਾਹੀ ਵਰਤੀ ਜਾਂਦੀ ਰਹੀ ਅਤੇ ਪੰਚਾਇਤਾਂ ਦੇ ਅਧਿਕਾਰ ਅਫ਼ਸਰਸ਼ਾਹੀ, ਬਾਬੂਸ਼ਾਹੀ ਰਾਹੀਂ ਹਥਿਆਏ ਜਾਂਦੇ ਰਹੇ। ਇਹ ਰੁਝਾਨ ਹੁਣ ਵੀ ਲਗਾਤਾਰ ਵਧਿਆ ਹੈ। ਪਿਛਲੇ 10 ਮਹੀਨੇ ਪੰਚਾਇਤਾਂ ਦੇ ਪ੍ਰਬੰਧਕ ਲਗਾ ਕੇ ਸਥਾਨਕ ਸਰਕਾਰਾਂ ਦਾ ਸਾਰਾ ਕੰਮ-ਕਾਜ ਠੱਪ ਕਰ ਦਿੱਤਾ ਗਿਆ। ਵਿਕਾਸ ਕਾਰਜ ਰੁਕ ਗਏ, ਲੋਕ ਆਪਣੇ ਲਈ ਮਿਲੇ ਛੋਟੇ-ਮੋਟੇ ਹੱਕਾਂ ਤੋਂ ਵੀ ਵਿਰਵੇ ਹੋ ਗਏ, ਕਿਉਂਕਿ ਪੰਚਾਇਤ ਪ੍ਰਬੰਧਕਾਂ ਵੱਲੋਂ ਉਹਨਾਂ ਦੀਆਂ ਸਮੱਸਿਆਵਾਂ ਦਾ ਕੋਈ ਹੱਲ ਨਾ ਲੱਭਿਆ ਗਿਆ। ਇਹਨਾਂ ਦਸ ਮਹੀਨਿਆਂ 'ਚ ਪਿੰਡਾਂ 'ਚ ਸਫ਼ਾਈ ਦਾ ਕੰਮ ਠੱਪ ਹੋਇਆ, ਪਿੰਡਾਂ 'ਚ ਕੰਮ ਕਰਦੇ ਪਾਰਟ ਟਾਈਮ ਸਫ਼ਾਈ ਕਾਮਿਆਂ ਨੂੰ ਤਨਖਾਹਾਂ ਨਾ ਮਿਲੀਆਂ, ਮਗਨਰੇਗਾ ਦੇ ਕਾਮੇ, ਕੰਮ ਤੋਂ ਵਾਂਝੇ ਹੋ ਗਏ।

ਉਪਰੋਂ ਹੁਣ ਜਦੋਂ ਪੰਚਾਇਤੀ ਚੋਣਾਂ ਕਦੋਂ ਹੋਣਗੀਆਂ, ਬਾਰੇ ਅਨਿਸ਼ਚਿਤਤਾ ਬਣੀ ਹੋਈ ਸੀ, ਇੱਕ ਸਸਪੈਂਸ ਬਣਿਆ ਹੋਇਆ ਸੀ, ਅਚਾਨਕ ਚੋਣਾਂ ਦਾ ਐਲਾਨ 'ਝੋਨੇ ਦੇ ਸੀਜਨ' 'ਚ ਕਰ ਦਿੱਤਾ ਗਿਆ। ਪਿੰਡਾਂ 'ਚ ਜਿਵੇਂ ਤਹਿਲਕਾ ਮਚ ਗਿਆ। ਕਾਗਜ਼ ਭਰਨ ਲਈ ਪੰਚੀ, ਸਰਪੰਚੀ ਉਮੀਦਵਾਰ ਸ਼ਹਿਰਾਂ ਵੱਲ ਦੌੜੇ। ਕੋਈ ਇਤਰਾਜ਼ ਨਹੀਂ ਸਰਟੀਫ਼ਿਕੇਟ, ਚੁੱਲ੍ਹਾ ਟੈਕਸ, ਬੈਂਕਾਂ ਦੇ ਬੈਲੈਂਸ, ਹਲਫੀਆ ਬਿਆਨ ਦੇਣ-ਲੈਣ ਦੀ ਹੋੜ ਲੱਗ ਗਈ। ਇੰਨੇ ਗੁੰਝਲਦਾਰ ਢੰਗ-ਤਰੀਕੇ ਨੇ ਪੇਂਡੂਆਂ ਨੂੰ ਪਰੇਸ਼ਾਨ ਕਰ ਦਿੱਤਾ। ਕਚਹਿਰੀਆਂ 'ਚ ਭੀੜਾਂ ਲੱਗੀਆਂ। ਲੋੜੋਂ ਵੱਧ ਐਫੀਡੈਵਿਟ ਬਣਾਉਣ, ਅਟੈਸਟ ਕਰਾਉਣ 'ਤੇ ਮੂੰਹੋਂ ਮੰਗੀਆਂ ਫੀਸਾਂ ਲੱਗੀਆਂ। ਉਮੀਦਵਾਰਾਂ ਦੇ ਪੂਰੇ ਪੰਜਾਬ ਵਿੱਚ ਕਰੋੜਾਂ ਰੁਪਏ ਇਹਨਾਂ ਕਾਗਜ਼ਾਂ ਨੂੰ ਤਿਆਰ ਕਰਨ ਅਤੇ ਭਰਨ ਉੱਤੇ ਲੱਗੇ। ਭਲਾ ਦੱਸੋ, ਕੋਈ ਸਧਾਰਨ ਬੰਦਾ, ਜਿਹੜਾ ਪੰਚੀ ਦੀ ਲੋੜ ਦੀ ਚੋਣ ਲੜਨ ਦਾ ਚਾਹਵਾਨ ਸੀ, ਇਸ ਖਰਚ ਦੀ ਝਾਲ ਝੱਲ ਸਕਿਆ ਹੋਏਗਾ? ਵੋਟਰ ਲਿਸਟਾਂ ਦੇ ਪੈਸੇ, ਟਾਈਪਿੰਗ ਦੇ ਪੈਸੇ ਅਤੇ ਆਉਣ-ਜਾਣ ਦੇ ਖਰਚੇ।

ਕਦੇ ਸਮਾਂ ਸੀ ਪੰਚਾਇਤਾਂ ਦੀਆਂ ਵੋਟਾਂ ਲਈ ਪੋਲਿੰਗ ਪਾਰਟੀਆਂ ਇੱਕ ਦਿਨ ਪਹਿਲਾਂ ਆਉਂਦੀਆਂ, ਕਾਗਜ਼ ਭਰੇ ਜਾਂਦੇ, ਕਾਗਜ਼ਾਂ ਦੀ ਪੜਤਾਲ ਹੁੰਦੀ, ਚੋਣ ਨਿਸ਼ਾਨ ਅਲਾਟ ਹੁੰਦੇ ਤੇ ਫਿਰ ਦੂਜੇ ਦਿਨ ਚੋਣ ਹੁੰਦੀ। ਜਿਸ ਵੀ ਬੰਦੇ ਨੇ ਕਾਗਜ਼ ਭਰਨੇ ਹੁੰਦੇ, ਤਜ਼ਵੀਜ਼ ਅਤੇ ਤਾਈਦ ਕਰਨ ਵਾਲੇ ਦੀ ਉਸਨੂੰ ਲੋੜ ਹੁੰਦੀ ਤੇ ਚੋਣ ਲੜੀ ਜਾਂਦੀ। ਪਰ ਇਹ ਖਰਚੀਲਾ ਢਾਂਚਾ ਕਿਸ ਲੋਕਤੰਤਰ ਦੀ ਗੱਲ ਕਰਦਾ ਹੈ? ਚੋਣਾਂ ਦੀ ਨਾਮਜ਼ਦਗੀ ਦੇ ਅੰਤਿਮ ਦਿਨ 4 ਅਕਤੂਬਰ 2024 ਨੂੰ ਚੋਣ ਲੜਨ ਵਾਲਿਆਂ ਦੀ ਭੀੜ ਆਪਣੇ ਸਮਰਥਨਾਂ ਸਮੇਤ ਸ਼ਹਿਰਾਂ 'ਚ ਅਫ਼ਸਰਾਂ ਦੇ ਦਫ਼ਤਰੀ ਢੁਕੀ ਵੇਖੀ।

ਬਿਨਾਂ ਸ਼ੱਕ ਪੰਚੀ ਸਰਪੰਚੀ ਦੀਆਂ ਇਹਨਾਂ ਚੋਣਾਂ 'ਚ ਪੋਲਿੰਗ ਵੱਧ ਤੋਂ ਵੱਧ ਹੋਏਗੀ। ਵੋਟਰ ਸਪੋਰਟਰ ਇਕੱਠੇ ਹੋਣਗੇ। ਧੜੇਬੰਦੀ ਵਧੇਗੀ। ਵੈਰ ਵਧੇਗਾ। ਇੱਕ ਦੂਜੇ ਪ੍ਰਤੀ ਮਨ-ਮੁਟਾਅ ਹੋਏਗਾ। ਚੋਣਾਂ 'ਚ ਝਗੜੇ ਵੀ ਹੋਣਗੇ, ਜਿਵੇਂ ਨਾਮਜ਼ਦਗੀ ਭਰਨ ਵੇਲੇ ਹੋਏ ਸਨ। ਪਰ ਕੀ ਇਹ ਚੋਣਾਂ ਲੋਕਾਂ ਨੂੰ ਆਪਣੇ ਹੱਕਾਂ ਪ੍ਰਤੀ ਜਾਗਰੂਕ ਕਰਨਗੀਆਂ? ਕੀ ਲੋਕ ਇਹ ਜਾਣ ਸਕਣਗੇ ਕਿ ਉਹਨਾਂ ਵੱਲੋਂ ਚੁਣੀ ਪੰਚਾਇਤ ਆਖਰ ਕਰਦੀ ਕੀ ਹੈ? ਕਿ ਉਹਨਾਂ ਵੱਲੋਂ ਚੁਣੀ ਪੰਚਾਇਤ ਨੂੰ ਨੇਤਾ ਲੋਕ ਕਿਸੇ ਬਾਗ਼ ਦੀ ਮੂਲੀ ਸਮਝਦੇ ਵੀ ਹਨ?

ਪਿੰਡ ਦੀ ਤਾਮੀਰ ਤੇ ਤਾਸੀਰ ਸਦਾ ਮਿੱਠੀ ਰਹੀ ਹੈ। ਆਪਸੀ ਭਾਈਚਾਰਾ ਡੂੰਘਾ ਰਿਹਾ ਹੈ। ਸੱਥਾਂ 'ਚ ਪੰਚਾਇਤਾਂ ਉਹ ਫ਼ੈਸਲੇ ਨਿਬੇੜਦੀਆਂ ਰਹੀਆਂ ਹਨ, ਜਿਹੜੇ ਅਦਾਲਤਾਂ 'ਚ ਹੱਲ ਨਹੀਂ ਸਨ ਹੁੰਦੇ। ਪੰਚਾਇਤਾਂ ਆਮ ਲੋਕਾਂ ਦੇ ਭਲੇ ਲਈ ਪਾਬੰਦ ਸਨ। ਉਹ ਵਿਰਵੇ ਜਾਂ ਥੋੜ੍ਹੇ ਸਾਧਨਾਂ ਵਾਲੇ ਲੋਕਾਂ ਦੇ ਹੱਕ 'ਚ ਖੜਨ ਵਾਲੀਆਂ ਰਹਿੰਦੀਆਂ ਸਨ। ਪਰ ਕੀ ਹੁਣ ਇਹ ਪੰਚਾਇਤਾਂ ਉਹ ਪੰਚਾਇਤਾਂ ਰਹੀਆਂ ਹਨ ਜਾਂ ਨੇਤਾਵਾਂ ਦੀ ਭੇਟ ਚੜ੍ਹ ਗਈਆਂ ਹਨ?

ਪਿੰਡਾਂ ਨੂੰ ਦਿੱਤੀਆਂ ਜਾਣ ਵਾਲੀਆਂ ਸਰਕਾਰੀ ਗ੍ਰਾਂਟਾਂ ਦੀ ਕਾਣੀ ਵੰਡ ਅਤੇ ਹਲਕਾ ਇੰਚਾਰਜਾਂ ਜਾਂ ਵਿਧਾਇਕਾਂ ਵੱਲੋਂ ਆਪਣੇ ਖ਼ਾਸ ਕਾਰਕੁੰਨਾਂ ਰਾਹੀਂ ਚੁਣੀਆਂ ਪੰਚਾਇਤਾਂ ਦੇ ਕੰਮਾਂ 'ਚ ਦਖਲ ਨੇ, ਚੰਗੇ ਪੰਚਾਇਤੀ ਪ੍ਰਬੰਧਨ ਦਾ ਲੱਕ ਤੋੜ ਦਿੱਤਾ। ਪਿੰਡ ਦੇ ਲੋਕਾਂ ਨੂੰ ਥਾਣੇ-ਕਚਹਿਰੀਆਂ ਦੇ ਚੱਕਰ 'ਚ ਪਾ ਕੇ ਪਿੰਡਾਂ ਦਾ ਭਾਈਚਾਰਾ ਨਸ਼ਟ ਕਰਨ ਦਾ ਯਤਨ ਵੀ ਸਿਆਸੀ ਲੋਕਾਂ ਦਾ ਆਪਣੇ ਹਿੱਤ ਪੂਰਨ ਲਈ ਵੱਡਾ ਕਾਰਾ ਹੈ। (ਬਾਕੀ ਸਫ਼ਾ 30 'ਤੇ)

# ਭਗਵੰਤ ਮਾਨ ਨੂੰ ਲਾਂਭੇ ਕਰਨਾ ਸੌਖਾ ਨਹੀਂ



ਬਲਵਿੰਦਰ ਸਿੰਘ ਭੁੱਲਰ

ਪਿਛਲੇ ਕਈ ਹਫ਼ਤਿਆਂ ਤੋਂ ਪੰਜਾਬ ਦੇ ਮੁੱਖ ਮੰਤਰੀ ਕਾਫ਼ੀ ਚਰਚਾ ਵਿੱਚ ਹਨ। ਟੀ.ਵੀ. ਚੈਨਲਾਂ ਅਤੇ ਅਖ਼ਬਾਰਾਂ ਵਿੱਚ ਤਰ੍ਹਾਂ ਤਰ੍ਹਾਂ ਦੀਆਂ ਖ਼ਬਰਾਂ ਨੇ ਤਰਥੱਲੀ ਮਚਾਈ ਹੋਈ ਹੈ। ਖ਼ਬਰਾਂ ਹਨ ਕਿ ਮੁੱਖ ਮੰਤਰੀ ਨੂੰ ਜਲਦੀ ਹਟਾਇਆ ਜਾ ਰਿਹਾ ਹੈ, ਭਗਵੰਤ ਮਾਨ ਤੋਂ ਅਸਤੀਫ਼ਾ ਮੰਗ ਲਿਆ ਹੈ, ਹਟਾਉਣ ਦੀਆਂ ਖ਼ਬਰਾਂ ਬੇਬੁਨਿਆਦ ਹਨ, ਭਗਵੰਤ ਮਾਨ ਨੇ ਅਸਤੀਫ਼ਾ ਦੇਣ ਤੋਂ ਜਵਾਬ ਦੇ ਦਿੱਤਾ ਹੈ, ਆਦਿ। ਇਹਨਾਂ ਖ਼ਬਰਾਂ ਵਿੱਚ ਕਿੰਨੀ ਕੁ ਸੱਚਾਈ ਹੈ? ਕੀ ਇਹ ਲੋਕਾਂ ਨੂੰ ਗੁੰਮਰਾਹ ਕਰਨ ਲਈ ਝੂਠ ਫੈਲਾਇਆ ਜਾ ਰਿਹਾ ਹੈ? ਇਹਨਾਂ ਸਵਾਲਾਂ ਦਾ ਸਹੀ ਜਵਾਬ ਤਾਂ ਆਮ ਆਦਮੀ ਪਾਰਟੀ ਦੇ ਸੁਪਰੀਮੋ ਸ੍ਰੀ ਅਰਵਿੰਦ ਕੇਜਰੀਵਾਲ ਦੇ ਸਕਦੇ ਹਨ ਜਾਂ ਭਗਵੰਤ ਮਾਨ, ਲੋਕਾਂ ਦੀਆਂ ਤਾਂ ਕਿਆਸ ਅਰਾਈਆਂ ਹੀ ਹੋ ਸਕਦੀਆਂ ਹਨ। ਇੱਕ ਸੱਚਾਈ ਜ਼ਰੂਰ ਹੈ ਕਿ ਜੇਕਰ ਕਿਧਰੇ ਚੰਗਿਆੜੀ ਡਿਗਦੀ ਹੈ ਤਾਂ ਹੀ ਧੂੰਆਂ ਨਿਕਲਦਾ ਹੈ।

ਜਿੱਥੋਂ ਤਕ ਆਮ ਆਦਮੀ ਪਾਰਟੀ ਵਿੱਚ ਭਗਵੰਤ ਮਾਨ ਦੇ ਸਥਾਨ ਦਾ ਸਵਾਲ ਹੈ, ਉਹ ਉੱਚ ਦਰਜੇ ਦਾ ਹੈ, ਇਸ ਨੂੰ ਕੋਈ ਅੱਖੋਂ ਪਰੋਖੇ ਨਹੀਂ ਕਰ ਸਕਦਾ। ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਦਾ ਐਲਾਨ ਹੋਣ ਤੋਂ ਬਾਅਦ ਇਹ ਚਰਚਾ ਬਹੁਤ ਜ਼ੋਰਾਂ 'ਤੇ ਰਹੀ ਸੀ ਕਿ ਭਗਵੰਤ ਮਾਨ ਨੂੰ ਮੁੱਖ ਮੰਤਰੀ ਦਾ ਚਿਹਰਾ ਬਣਾ ਕੇ ਚੋਣਾਂ ਲੜੀਆਂ ਜਾਣ ਜਾਂ ਇਸ ਅਹੁਦੇ ਦਾ ਫੈਸਲਾ ਚੋਣਾਂ ਤੋਂ ਬਾਅਦ ਕੀਤਾ ਜਾਵੇ। ਅਕਾਲੀ ਦਲ ਤੇ ਕਾਂਗਰਸ ਪਾਰਟੀ ਤੋਂ ਅੱਕ ਚੁੱਕੇ ਲੋਕਾਂ ਨੇ ਭਾਵੇਂ ਤੀਜੇ ਬਦਲ ਵਜੋਂ ਆਮ ਆਦਮੀ ਪਾਰਟੀ ਵੱਲ ਰੁਖ਼ ਕੀਤਾ ਹੋਇਆ ਸੀ, ਪਰ ਲੋਕ ਇਸ ਪਾਰਟੀ ਦਾ ਹਰਮਨ ਪਿਆਰਾ ਆਗੂ ਭਗਵੰਤ ਮਾਨ ਨੂੰ ਹੀ ਮੰਨਣ ਲੱਗ ਪਏ ਸਨ। ਲੋਕਾਂ ਦੀ ਆਵਾਜ਼ ਸੀ ਕਿ ਜੇ ਇਸ ਆਗੂ ਨੂੰ ਮੁੱਖ ਮੰਤਰੀ ਦਾ ਚਿਹਰਾ ਬਣਾਇਆ ਜਾਵੇ ਤਾਂ ਅਵੱਸ਼ ਇਸ ਪਾਰਟੀ ਦੀ ਸਰਕਾਰ ਬਣ ਜਾਵੇਗੀ। ਉਸ ਸਮੇਂ ਇਹ ਚਰਚਾ ਚਲਦੀ ਰਹੀ ਕਿ ਪਾਰਟੀ ਸੁਪਰੀਮੋ ਸ੍ਰੀ ਅਰਵਿੰਦ ਕੇਜਰੀਵਾਲ ਇਸ ਆਗੂ ਨੂੰ ਮੁੱਖ ਮੰਤਰੀ ਦਾ ਚਿਹਰਾ ਬਣਾਉਣ ਤੋਂ ਕੰਨੀ ਕਤਰਾ ਰਹੇ ਹਨ। ਲੋਕਾਂ ਤੋਂ ਮਿਲਦੇ ਸਮਰਥਨ ਸਦਕਾ ਇਸ ਮਾਮਲੇ ਨੂੰ ਵੇਖ ਕੇ ਭਗਵੰਤ ਮਾਨ ਵੀ ਚੋਣ ਮੈਦਾਨ ਵਿੱਚ ਕੁੱਦਣ ਤੋਂ ਟਾਲਾ ਵੱਟ ਰਹੇ ਸਨ ਕਿ ਜੇਕਰ ਮੁੱਖ ਮੰਤਰੀ ਬਣਾਉਣ ਦਾ ਭਰੋਸਾ ਦਿੱਤਾ ਜਾਵੇਗਾ ਤਾਂ ਹੀ ਮੈਦਾਨ ਵਿੱਚ ਨਿੱਤਰਣਗੇ। ਆਖ਼ਰ ਲੋਕਾਂ ਦੀ ਆਵਾਜ਼ ਅਤੇ ਭਗਵੰਤ ਮਾਨ ਦੀ ਜ਼ਿਦ ਮੋਹਰੇ ਸ੍ਰੀ ਕੇਜਰੀਵਾਲ ਨੂੰ ਝੁਕਣਾ ਪਿਆ ਸੀ ਤੇ ਉਹਨਾਂ ਨੂੰ ਮੁੱਖ ਮੰਤਰੀ ਦਾ ਚਿਹਰਾ ਘੋਸ਼ਿਤ ਕਰਨਾ ਪਿਆ ਸੀ। ਲੋਕਾਂ ਨੇ ਵੱਡੀ ਬਹੁਗਿਣਤੀ ਨਾਲ ਵੋਟਾਂ ਪਾ ਕੇ ਆਮ ਆਦਮੀ ਪਾਰਟੀ ਦੀ ਸਰਕਾਰ ਬਣਾ ਦਿੱਤੀ ਸੀ।



ਹੱਟੀ, ਭੱਠੀ, ਬਜ਼ਾਰਾਂ, ਬੱਸਾਂ, ਸੱਥਾਂ ਵਿੱਚ ਲੋਕ ਇਹ ਚਰਚਾ ਕਰਦੇ ਸਨ ਕਿ ਸ੍ਰੀ ਕੇਜਰੀਵਾਲ ਕਿਸੇ ਹੋਰ ਆਗੂ ਦੀ ਹਰਮਨ ਪਿਆਰਤਾ ਨੂੰ ਬਰਦਾਸ਼ਤ ਨਹੀਂ ਕਰ ਸਕਦੇ, ਇਹੋ ਕਾਰਨ ਹੈ ਕਿ ਉਹ ਭਗਵੰਤ ਮਾਨ ਨੂੰ ਝਟਕੇ ਦਿੰਦੇ ਰਹਿੰਦੇ ਹਨ। ਪਰ ਭਗਵੰਤ ਨੇ ਆਪਣੇ ਪੈਰ ਪੂਰੀ ਤਰ੍ਹਾਂ ਜਮਾ ਲਏ ਸਨ, ਜਿਨ੍ਹਾਂ ਨੂੰ ਪੁੱਟਣਾ ਸੌਖਾ ਕੰਮ ਨਹੀਂ ਸੀ। ਸਰਕਾਰ ਦਾ ਅੱਧਾ ਸਮਾਂ ਲੰਘ ਜਾਣ 'ਤੇ ਪੰਜਾਬ ਸਰਕਾਰ ਦੀਆਂ ਕਮੀਆਂ ਘਾਟਾਂ ਵੀ ਸਾਹਮਣੇ ਆਉਂਦੀਆਂ ਰਹੀਆਂ ਹਨ, ਲੋਕਾਂ ਨਾਲ ਕੀਤੇ ਵਾਅਦਿਆਂ 'ਤੇ ਵੀ ਪੂਰਾ ਨਹੀਂ ਉੱਤਰਿਆ ਜਾ ਸਕਿਆ। ਫਿਰ ਵੀ ਲੋਕ ਅਕਸਰ ਇਹ ਕਹਿੰਦੇ ਸੁਣੇ ਜਾਂਦੇ ਹਨ ਕਿ ਭਗਵੰਤ ਮਾਨ ਨਿੱਜੀ ਤੌਰ 'ਤੇ ਇਮਾਨਦਾਰ ਹੈ ਅਤੇ ਸੂਬੇ ਲਈ ਕੁਝ ਕਰਨਾ ਵੀ ਚਾਹੁੰਦਾ ਹੈ, ਪ੍ਰੰਤੂ ਹਾਈ ਕਮਾਂਡ ਭਾਵ ਸ੍ਰੀ ਅਰਵਿੰਦ ਕੇਜਰੀਵਾਲ ਉਸ ਨੂੰ ਆਜ਼ਾਦਾਨਾ ਤੌਰ 'ਤੇ ਕੰਮ ਨਹੀਂ ਕਰਨ ਦੇ ਰਹੇ, ਸਗੋਂ ਰੁਕਾਵਟਾਂ ਖੜ੍ਹੀਆਂ ਕਰਦੇ ਹਨ। ਮਿਸਾਲ ਵਜੋਂ ਰਾਜ ਸਭਾ ਦੀਆਂ ਸੀਟਾਂ ਖਾਲੀ ਹੋਈਆਂ ਤਾਂ ਸ੍ਰੀ ਕੇਜਰੀਵਾਲ ਨੇ ਭਗਵੰਤ ਮਾਨ ਦੀ ਰਾਇ ਤੋਂ ਬਗੈਰ ਉਮੀਦਵਾਰ ਬਣਾਏ। ਇਸ ਤੋਂ ਬਾਅਦ ਦਿੱਲੀ ਦੇ ਆਪਣੇ ਨਜ਼ਦੀਕੀਆਂ ਨੂੰ ਪੰਜਾਬ ਵਿੱਚ ਤਾਇਨਾਤ ਕਰਕੇ ਭਗਵੰਤ ਮਾਨ ਦੇ ਖੰਭ ਕੁਤਰਨ ਦੀਆਂ ਕਾਰਵਾਈਆਂ ਕੀਤੀਆਂ। ਭਗਵੰਤ ਮਾਨ ਵੱਲੋਂ ਲੋਕ ਹਿਤਾਂ ਲਈ ਕੀਤੇ ਜਾਣ ਵਾਲੇ ਕੰਮਾਂ ਵਿੱਚ ਇਹ ਬਾਹਰੋਂ ਤਾਇਨਾਤ ਕੀਤੇ ਵਿਅਕਤੀ ਕਥਿਤ ਤੌਰ 'ਤੇ ਦਖ਼ਲ ਅੰਦਾਜ਼ੀ ਕਰਦੇ ਤੇ ਰੁਕਾਵਟਾਂ ਪਾਉਂਦੇ ਰਹੇ। ਭਗਵੰਤ ਮਾਨ ਦੁਖੀ ਤਾਂ ਹੁੰਦੇ ਪਰ ਹਾਈਕਮਾਂਡ ਦੇ ਦਬਾਅ ਸਦਕਾ ਚੁੱਪ ਵੱਟ ਕੇ ਰਹਿ ਜਾਂਦੇ। ਹੋਰ ਸੂਬਿਆਂ ਦੀਆਂ ਚੋਣਾਂ ਹੁੰਦੀਆਂ ਤਾਂ ਭਗਵੰਤ ਮਾਨ ਨੂੰ ਪਾਰਟੀ ਵੱਲੋਂ ਇੱਕ ਪੰਜਾਬੀ ਸਿੱਖ ਮੁੱਖ ਮੰਤਰੀ ਵਜੋਂ ਵਰਤਿਆ ਜਾਂਦਾ, ਪਰ ਜਦੋਂ ਪੰਜਾਬ ਦੀ ਗੱਲ ਆਉਂਦੀ ਤਾਂ ਪਾਬੰਦੀਆਂ ਆਇਦ ਕਰ ਦਿੰਦੇ। ਇੱਥੇ ਹੀ ਬੱਸ ਨਹੀਂ, ਜਦੋਂ ਲੋੜ ਪੈਂਦੀ ਪੰਜਾਬ ਸਰਕਾਰ ਦਾ ਹੈਲੀਕਾਪਟਰ ਵੀ ਵਰਤਦੇ ਅਤੇ ਪੈਸਾ ਵੀ ਵਰਤਦੇ, ਪਰ ਭਗਵੰਤ ਮਾਨ ਨੂੰ ਘੂਰੀਆਂ ਵੀ ਵੱਟਦੇ ਰਹੇ।

ਭਗਵੰਤ ਮਾਨ ਆਪਣੀ ਸਮਰੱਥਾ ਅਨੁਸਾਰ ਕੰਮ ਕਰਕੇ ਸਰਕਾਰ ਚਲਾਉਂਦਾ ਰਿਹਾ। ਆਖ਼ਰ ਲੋਕ ਕਹਿਣ ਲੱਗ ਪਏ ਕਿ ਮੁੱਖ ਮੰਤਰੀ ਚੋਣਾਂ ਸਮੇਂ ਕੀਤੇ ਵਾਅਦੇ ਪੂਰੇ ਕਰਨ ਤੋਂ ਮੁਨਕਰ ਹੋ ਗਿਆ ਹੈ, ਸਰਕਾਰ ਫ਼ੇਲ੍ਹ ਹੋ ਗਈ ਹੈ, ਲੋਕਾਂ ਦੇ ਕੰਮ ਨਹੀਂ ਹੋ ਰਹੇ, ਸਰਕਾਰ ਨਾਂ ਦੀ ਚੀਜ਼ ਕਿਸੇ ਪਾਸੇ ਵਿਖਾਈ ਨਹੀਂ ਦਿੰਦੀ, ਆਦਿ। ਇਹ ਸੁਣ ਕੇ ਭਗਵੰਤ ਮਾਨ ਦਾ ਚਿਹਰਾ ਮੁਰਝਾ ਜਾਂਦਾ, ਉਹ ਗੱਲੀਂ ਬਾਤੀਂ ਸਮਝਾਉਣ ਦਾ ਯਤਨ ਵੀ ਕਰਦਾ ਪਰ ਫਿਰ ਵੀ ਲੋਕਾਂ ਦੇ ਨੱਕੋਂ ਬੁੱਲ੍ਹੋਂ ਲਹਿੰਦਾ ਗਿਆ। ਪਾਰਟੀ ਸੁਪਰੀਮੋ ਸ੍ਰੀ ਕੇਜਰੀਵਾਲ ਦਿੱਲੀ ਦੇ ਇੱਕ ਸ਼ਰਾਬ ਘੁਟਾਲੇ ਵਿੱਚ ਗ੍ਰਿਫ਼ਤਾਰ ਕਰ ਲਿਆ ਗਿਆ, ਜਿਸ ਸਦਕਾ ਉਹ ਕਰੀਬ ਛੇ ਮਹੀਨੇ ਜੇਲ੍ਹ ਵਿੱਚ ਰਿਹਾ। ਮਾਨਯੋਗ ਸੁਪ੍ਰੀਮ ਕੋਰਟ ਨੇ ਉਸ ਨੂੰ ਸ਼ਰਤਾਂ ਅਧੀਨ ਜ਼ਮਾਨਤ 'ਤੇ ਰਿਹਾਈ ਦੇ ਦਿੱਤੀ। ਸ਼ਰਤਾਂ ਸਨ ਕਿ ਉਹ ਸਕੱਤਰੇਤ ਵਿੱਚ ਨਹੀਂ ਜਾਵੇਗਾ, ਕਿਸੇ ਫਾਈਲ 'ਤੇ ਦਸਖ਼ਤ ਨਹੀਂ ਕਰੇਗਾ। ਇਸ ਤੋਂ ਸਪਸ਼ਟ ਹੈ ਕਿ ਉਸ ਤੋਂ ਮੁੱਖ ਮੰਤਰੀ ਦੀਆਂ ਸ਼ਕਤੀਆਂ ਖੋਹੀਆਂ ਗਈਆਂ ਹਨ, ਉਹ ਇੱਕ ਆਮ ਆਦਮੀ ਵਜੋਂ ਵਿਚਰੇਗਾ।

ਅਜਿਹੀ ਸਥਿਤੀ ਵਿੱਚ ਉਸਨੇ ਆਪਣੀ ਅਤੀ ਭਰੋਸੇਯੋਗ ਬੀਬੀ ਆਤਿਸ਼ੀ ਨੂੰ ਮੁੱਖ ਮੰਤਰੀ ਬਣਾਉਣ ਲਈ ਖ਼ੁਦ ਅਸਤੀਫ਼ਾ ਦੇਣ ਦਾ ਫੈਸਲਾ ਕਰ ਲਿਆ। ਕੇਜਰੀਵਾਲ ਦੀ ਰਿਹਾਇਸ਼ 'ਤੇ ਵੱਡੀ ਗਿਣਤੀ ਵਿੱਚ ਪਾਰਟੀ ਆਗੂ ਤੇ ਵਰਕਰ ਸ਼ਾਮਲ ਸਨ, ਅਸਤੀਫ਼ਾ ਦੇਣ ਸਮੇਂ ਉਨ੍ਹਾਂ ਭਗਵੰਤ ਮਾਨ ਨੂੰ ਇੱਕ ਮਜ਼ਾਕੀਆ ਲਹਿਜ਼ੇ ਵਿੱਚ ਕਿਹਾ ਕਿ ਤੂੰ ਵੀ ਅਸਤੀਫ਼ਾ ਦੇ ਦੇ। ਭਾਵੇਂ ਇਹ ਇੱਕ ਮਖੌਲ ਹੀ ਕੀਤਾ ਗਿਆ, ਪਰ ਲੋਕਾਂ ਦਾ ਕਹਿਣਾ ਕਿ ਇਸ ਵਿੱਚੋਂ ਮਨ ਦੀ ਅੰਦਰੂਨੀ ਕਿੜ ਅਤੇ ਗੁੱਸੇ ਦਾ ਮੁਸ਼ਕ ਆਉਂਦਾ ਹੈ।

ਕੁਝ ਦਿਨ ਪਹਿਲਾਂ ਭਗਵੰਤ ਮਾਨ ਅਚਾਨਕ ਬਿਮਾਰ ਹੋ ਗਏ ਅਤੇ ਉਹਨਾਂ ਨੂੰ ਹਸਪਤਾਲ ਵਿੱਚ ਦਾਖ਼ਲ ਹੋਣਾ ਪਿਆ। ਉਹਨਾਂ ਦੀ ਬਿਮਾਰੀ ਤੋਂ ਸਮੁੱਚਾ ਪੰਜਾਬ ਚਿੰਤਤ ਸੀ, ਭਾਵੇਂ ਉਹ ਵਿਰੋਧੀ ਹੀ ਹੋਣ ਪਰ ਗੱਲ ਰਾਜ ਦੇ ਮੁੱਖ ਮੰਤਰੀ ਦੇ ਬਿਮਾਰ ਹੋਣ ਦੀ ਸੀ। ਅਜਿਹੇ ਹਾਲਾਤ ਵਿੱਚ ਪਾਰਟੀ ਹਾਈਕਮਾਂਡ ਦੀ ਜ਼ਿੰਮੇਵਾਰੀ ਬਣਦੀ ਸੀ ਕਿ ਉੱਚ ਆਗੂ ਹਸਪਤਾਲ ਉਸਦਾ ਪਤਾ ਲੈਣ ਜਾਂਦੇ ਅਤੇ ਹੋ ਰਹੇ ਇਲਾਜ ਬਾਰੇ ਜਾਣਕਾਰੀ ਹਾਸਲ ਕਰਦੇ। ਪਰ ਪਾਰਟੀ ਸੁਪ੍ਰੀਮੋ ਕੇਜਰੀਵਾਲ ਜਾਂ ਦਿੱਲੀ ਦੇ ਕਿਸੇ ਆਗੂ ਨੇ ਤਾਂ ਪਤਾ ਲੈਣ ਕੀ ਆਉਣਾ ਸੀ, ਪੰਜਾਬ ਦੇ ਆਗੂਆਂ ਨੂੰ ਇਸ ਕਦਰ ਡਰਾ ਦਿੱਤਾ ਕਿ ਉਹ ਵੀ ਹਸਪਤਾਲ ਪਹੁੰਚਣ ਤੋਂ ਸੰਕੋਚ ਕਰਨ ਲੱਗੇ। ਪੰਜਾਬ ਦੇ ਇੱਕ ਦੋ ਮੰਤਰੀਆਂ, ਆਗੂਆਂ ਤੋਂ ਬਿਨਾਂ ਕਿਸੇ ਨੇ ਉਹਨਾਂ ਦੀ ਸਾਰ ਨਾ ਲਈ। ਹਾਈਕਮਾਂਡ ਦਾ ਇੱਕ ਉੱਚ ਆਗੂ ਪੰਜਾਬ ਦੇ ਸ਼ਹਿਰਾਂ ਵਿੱਚ ਦੌਰੇ 'ਤੇ ਆਇਆ ਪਰ ਭਗਵੰਤ ਮਾਨ ਕੋਲ ਨਾ ਪਹੁੰਚਿਆ। ਆਖ਼ਰ ਇੱਕ ਲੀਡਰ ਉਸ ਕੋਲ ਪਹੁੰਚਿਆ ਤਾਂ ਲੋਕਾਂ ਅਤੇ ਮੀਡੀਆ ਅਨੁਸਾਰ ਉਸਨੇ ਪਤਾ ਲੈਣ ਦੇ ਬਹਾਨੇ ਨਾਲ ਅਸਤੀਫ਼ਾ ਮੰਗ ਲਿਆ।

ਭਗਵੰਤ ਮਾਨ ਕੋਈ ਕਮਜ਼ੋਰ ਆਗੂ ਨਹੀਂ, ਉਸ ਦੀਆਂ ਰਗਾਂ ਵਿੱਚ ਪੰਜਾਬੀ ਖ਼ੂਨ ਹੈ। ਉਹ ਪਿਆਰ ਨਾਲ ਤਾਂ ਭਾਵੇਂ ਕੁਰਸੀ ਦਾ ਤਿਆਗ ਵੀ ਕਰ ਦਿੰਦਾ, ਪਰ ਜਿਸ ਸਥਿਤੀ ਵਿੱਚ ਉਸ ਤੋਂ ਅਸਤੀਫ਼ਾ ਮੰਗਿਆ ਗਿਆ, ਇਹ ਉਸਦੀ ਅਣਖ਼ ਦਾ ਸਵਾਲ ਬਣ ਗਿਆ। ਮੀਡੀਆ ਅਨੁਸਾਰ ਉਸਨੇ ਅਸਤੀਫ਼ਾ ਦੇਣ ਤੋਂ ਇਨਕਾਰ ਕਰ ਦਿੱਤਾ ਹੈ। ਇਹਨਾਂ ਹਾਲਾਤ ਨੂੰ ਵੇਖਦਿਆਂ ਕਈ ਵਿਰੋਧੀਆਂ ਨੇ ਵੀ ਭਗਵੰਤ ਮਾਨ ਦੇ ਸਟੈਂਡ ਦੇ ਹੱਕ ਵਿੱਚ ਹਾਅ ਦਾ ਨਾਅਰਾ ਮਾਰਿਆ ਹੈ ਕਿ ਭਾਵੇਂ ਵਿਚਾਰਧਾਰਕ ਵਖਰੇਵੇਂ ਹਨ ਅਤੇ ਰਾਜ ਸਰਕਾਰ ਦੀਆਂ ਨੀਤੀਆਂ ਨਾਲ ਸਹਿਮਤ ਨਹੀਂ ਹਨ ਪਰ ਧੱਕਾ ਵੀ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ। ਰਾਜਨੀਤੀ ਵਿੱਚ ਭਾਵੇਂ ਕੁਝ ਵੀ ਅਸੰਭਵ ਨਹੀਂ ਹੈ, ਪਰ ਭਗਵੰਤ ਮਾਨ ਨੂੰ ਕੁਰਸੀ ਤੋਂ ਲਾਂਭੇ ਕਰਨਾ ਹੁਣ ਹਾਈਕਮਾਂਡ ਲਈ ਸੌਖਾ ਨਹੀਂ ਹੈ ਅਤੇ ਉਸਦੀ ਸਥਿਤੀ ਸੱਪ ਦੇ ਮੂੰਹ ਵਿੱਚ ਕੋਹੜ ਕਿਰਲੀ ਵਾਲੀ ਬਣ ਗਈ।

# ਕਿਉਂ ਨਹੀਂ ਰੁਕ ਰਹੀਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੀਆਂ ਘਟਨਾਵਾਂ?



ਤਲਵਿੰਦਰ ਸਿੰਘ ਬੁਟਰ

ਬੁਨਿਆਦੀ ਤੌਰ 'ਤੇ ਬੇਅਦਬੀ ਦਾ ਅਰਥ ਹੈ ਅਦਬ ਨੂੰ ਠੇਸ ਪਹੁੰਚਾਉਣਾ। ਦੁਨੀਆਂ ਦੇ ਹਰ ਧਰਮ ਅਤੇ ਮਤ ਵਿੱਚ ਅਦਬ ਦੇਣ ਦੀ ਧਾਰਨਾ ਹੈ ਅਤੇ ਜਦੋਂ ਉਨ੍ਹਾਂ ਦੇ ਅਦਬ ਨੂੰ ਠੇਸ ਪੁੱਜਦੀ ਹੈ ਤਾਂ ਇਸ ਨੂੰ ਬੇਅਦਬੀ ਆਖਿਆ ਜਾਂਦਾ ਹੈ । ਸਿੱਖਾਂ ਦੀ ਆਸਥਾ ਵਿੱਚ ਬੇਅਦਬੀ ਨੂੰ ਪ੍ਰੀਭਾਸ਼ਤ ਕਰਨ ਲਈ ਇਹ ਵੇਖਣਾ ਬੇਹੱਦ ਜ਼ਰੂਰੀ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪ੍ਰਤੀ ਸਿੱਖਾਂ ਦੇ ਸਤਿਕਾਰ ਦੇਣ ਦੀ ਪਹੁੰਚ ਕਿੱਥੋਂ ਤੱਕ ਹੈ? ਦੁਨੀਆਂ ਵਿੱਚ ਬਹੁਤ ਸਾਰੇ ਪਵਿੱਤਰ ਧਾਰਮਿਕ ਗ੍ਰੰਥ ਹਨ, ਜਿਨ੍ਹਾਂ ਨੂੰ ਉਨ੍ਹਾਂ ਧਰਮਾਂ ਦੇ ਪੈਰੋਕਾਰਾਂ ਅਤੇ ਦੂਜੇ ਵਿਸ਼ਵਾਸਾਂ ਦੇ ਲੋਕਾਂ ਵਲੋਂ ਧਰਮ ਪੁਸਤਕਾਂ ਕਹਿ ਕੇ ਸਤਿਕਾਰ ਦਿੱਤਾ ਜਾਂਦਾ ਹੈ। ਜਦੋਂਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਜਾਗਤ-ਜੋਤਿ ਆਖਿਆ ਜਾਂਦਾ ਹੈ ਅਤੇ ਭਾਰਤ ਦੀ ਸੁਪ੍ਰੀਮ ਕੋਰਟ ਨੇ ਵੀ ਸ਼੍ਰੋਮਣੀ ਕਮੇਟੀ ਬਨਾਮ ਸੋਮਨਾਥ ਦਾਸ ਕੇਸ (2000) ਮਿਤੀ 29-03-2000 ਛ33- 186 ਵਿੱਚ ਮੰਨਿਆ ਸੀ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਜਾਗਤ-ਜੋਤਿ ਗੁਰੂ ਹਨ।

ਮਹੱਤਵਪੂਰਨ ਸਵਾਲ ਇਹ ਨਹੀਂ ਹੈ ਕਿ ਬੇਅਦਬੀ ਦੀਆਂ ਘਟਨਾਵਾਂ ਕਦੋਂ ਤੋਂ ਸ਼ੁਰੂ ਹੋਈਆਂ, ਬਲਕਿ ਮਹੱਤਵਪੂਰਨ ਇਹ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਕਿਉਂ ਕੀਤੀ ਜਾਂਦੀ ਹੈ? ਇਸ ਦੇ ਦੋ ਪਹਿਲੂ ਹਨ, ਪਹਿਲਾ ਇਹ ਕਿ, ਤੁਹਾਡੇ ਵਿਸ਼ਵਾਸ ਅੰਦਰ ਕਿਸੇ ਚੀਜ਼ ਦੀ ਜਿੰਨੀ ਵੱਡੀ ਅਹਿਮੀਅਤ ਹੋਵੇਗੀ, ਉਸ ਉੱਤੇ ਓਨਾ ਹੀ ਵੱਡਾ ਹਮਲਾ ਹੋਵੇਗਾ। ਦੂਜਾ, ਹਮਲਾ ਉਹੀ ਕਰੇਗਾ, ਜਿਸ ਨੂੰ ਉਸ ਚੀਜ਼ ਤੋਂ ਸਭ ਤੋਂ ਵੱਧ ਖ਼ਤਰਾ ਹੋਵੇਗਾ। ਇਸੇ ਕਾਰਨ ਮੁਗ਼ਲ ਕਾਲ ਤੋਂ ਹੀ ਸਿੱਖ ਧਰਮ ਨੂੰ ਆਪਣੇ ਲਈ ਖ਼ਤਰਾ ਸਮਝਣ ਵਾਲੀ ਸੋਚ ਬੇਅਦਬੀ ਕਰਦੀ ਰਹੀ ਹੈ। ਇਸ ਦਾ ਮਤਲਬ ਹੈ ਕਿ ਬੇਅਦਬੀ ਪਿੱਛੇ ਉਹ ਸ਼ਕਤੀਆਂ ਹਨ, ਜੋ ਸਰਬੱਤ ਦੇ ਭਲੇ, ਮਨੁੱਖੀ ਭਾਈਚਾਰੇ ਅਤੇ ਰੱਬੀ ਏਕਤਾ ਦਾ ਸੰਦੇਸ਼ ਦੇਣ ਵਾਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਆਪਣੇ ਲਈ ਖ਼ਤਰਾ ਸਮਝਦੀਆਂ ਹਨ। ਇੱਕ ਅੰਗਰੇਜ਼ੀ ਦੇ ਰਸਾਲੇ ਵਿਚ ਛਪੀ ਰਿਪੋਰਟ ਮੁਤਾਬਿਕ ਸਾਲ 2015 ਤੋਂ ਫਰਵਰੀ 2022 ਤੱਕ ਪੰਜਾਬ ਵਿੱਚ 371 ਬੇਅਦਬੀ ਦੇ ਮਾਮਲੇ ਪੁਲਿਸ ਵਲੋਂ ਦਰਜ ਕੀਤੇ ਗਏ । ਪਿਛਲੇ ਸਾਲਾਂ ਦੌਰਾਨ ਸੈਂਕੜੇ ਬੇਅਦਬੀ ਦੇ ਮਾਮਲਿਆਂ ਵਿੱਚ ਦੋਸ਼ੀ ਪੁਲਿਸ ਨੂੰ ਫੜਾਏ ਗਏ ਪਰ ਕਿਸੇ ਇਕ ਵੀ ਮਾਮਲੇ ਵਿੱਚ ਪੁਲਿਸ ਨੇ ਬੇਅਦਬੀ ਪਿਛਲੀ ਸਾਜ਼ਿਸ਼ ਨੂੰ ਨੰਗਿਆਂ ਕਰਨ ਵਿੱਚ ਸਫ਼ਲਤਾ ਹਾਸਿਲ ਨਹੀਂ ਕੀਤੀ। ਕਿਸੇ ਇੱਕ ਵੀ ਮਾਮਲੇ ਵਿੱਚ ਕਿਸੇ ਦੋਸ਼ੀ ਨੂੰ ਮਿਸਾਲੀ ਸਜ਼ਾ ਨਹੀਂ ਮਿਲੀ, ਜਿਸ ਨਾਲ ਕਿ ਸਿੱਖਾਂ ਦੇ ਅਸ਼ਾਂਤ ਹਿਰਦਿਆਂ ਨੂੰ ਠੰਢ ਪਈ ਹੋਵੇ ਤੇ ਕਾਨੂੰਨ ਪ੍ਰਤੀ ਭਰੋਸਾ ਪੈਦਾ ਹੁੰਦਾ ਹੋਵੇ । ਸਗੋਂ ਫਿਦਾਈਨ ਹਮਲਿਆਂ ਦੀ ਤਰਜ਼ 'ਤੇ ਹੀ ਹੁਣ ਬੇਅਦਬੀਆਂ ਕਰਵਾਉਣ ਲਈ ਨੀਮ-ਪਾਗ਼ਲਾਂ, ਮਾਨਸਿਕ ਰੋਗੀਆਂ, ਬੱਚਿਆਂ ਅਤੇ ਔਰਤਾਂ ਨੂੰ ਵਰਤਿਆ ਜਾਣ ਲੱਗਾ ਹੈ। ਦੱਸੋ ਕੋਈ ਨੀਮ-ਪਾਗ਼ਲ ਹੋਰ ਕਿਤੇ ਜਾ ਕੇ ਕਿਉਂ ਨਹੀਂ ਤੋੜ-ਫੋੜ ਕਰਦਾ? ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਅੰਗ ਖੰਡਿਤ ਕਰਨ ਲਈ ਗੁਰਦੁਆਰਾ ਸਾਹਿਬ ਅੰਦਰ ਹੀ ਕਿਉਂ ਜਾਂਦਾ ਹੈ? ਕਿਉਂਕਿ ਉਨ੍ਹਾਂ ਨੂੰ ਭੇਜਿਆ ਜਾਂਦਾ ਹੈ। ਕਈ ਮਾਮਲਿਆਂ ਵਿਚ ਮਾਨਸਿਕ ਰੋਗੀ ਹੋਣ ਦਾ ਡਰਾਮਾ ਕੀਤਾ ਜਾਂਦਾ ਹੈ, ਜਿਸ ਦੀ ਤਿਆਰੀ ਵਿੱਚ ਬਹੁਤ ਦੇਰ ਪਹਿਲਾਂ ਤੋਂ ਹੀ ਫ਼ਰਜ਼ੀ ਸਬੂਤ ਬਣਾਏ ਜਾਣ ਲੱਗਦੇ ਹਨ।



ਸਤੰਬਰ 2021 ਵਿੱਚ ਸ੍ਰੀ ਅਨੰਦਪੁਰ ਸਾਹਿਬ ਵਿਖੇ ਖ਼ਾਲਸਾ ਪੰਥ ਦੇ ਜਨਮ ਅਸਥਾਨ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਅੰਦਰ ਅੰਮ੍ਰਿਤ ਵੇਲੇ (ਸਵੇਰ ਪੌਣੇ ਚਾਰ ਵਜੇ) ਇੱਕ ਵਿਅਕਤੀ ਨੇ ਸਿਗਰਟ ਬਾਲ ਕੇ, ਉਸ ਦਾ ਧੂੰਆਂ ਫੈਲਾ ਕੇ ਘੋਰ ਬੇਅਦਬੀ ਕੀਤੀ । ਸੰਗਤ ਨੇ ਦੋਸ਼ੀ ਨੂੰ ਫੜ ਕੇ ਪੁਲਿਸ ਹਵਾਲੇ ਕਰ ਦਿੱਤਾ। ਮਗਰੋਂ ਦੋਸ਼ੀ ਦਾ ਪਰਿਵਾਰ ਦਾਅਵਾ ਕਰਨ ਲੱਗਾ ਕਿ ਉਹ ਮਾਨਸਿਕ ਰੋਗੀ ਹੈ। ਪਰਿਵਾਰ ਨੇ ਉਸ ਦੇ ਇਲਾਜ ਸੰਬੰਧੀ ਕਈ ਡਾਕਟਰੀ ਰਿਪੋਰਟਾਂ ਵੀ ਦਿਖਾ ਕੇ ਉਸ ਦੇ ਬੇਗੁਨਾਹ ਹੋਣ ਦਾ ਦਾਅਵਾ ਕੀਤਾ। ਸਵਾਲ ਪੈਦਾ ਹੁੰਦਾ ਹੈ ਕਿ ਉਸ ਮਾਨਸਿਕ ਰੋਗੀ ਨੇ ਲੁਧਿਆਣਾ ਤੋਂ ਸ੍ਰੀ ਅਨੰਦਪੁਰ ਸਾਹਿਬ ਤੱਕ ਆਉਂਦਿਆਂ ਰਸਤੇ ਵਿਚ ਕਿਸੇ ਨਹਿਰ ਵਿਚ ਕਾਰ ਕਿਉਂ ਨਾ ਸੁੱਟ ਲਈ? ਉਸ ਨੇ ਕਿਸੇ ਟਰੱਕ ਵਿੱਚ ਕਾਰ ਕਿਉਂ ਨਾ ਮਾਰ ਲਈ? ਕੀ ਇਹ ਮੰਨਿਆ ਜਾ ਸਕਦਾ ਹੈ ਕਿ ਇੱਕ ਮਾਨਸਿਕ ਰੋਗੀ 100 ਕਿੱਲੋਮੀਟਰ ਦੇ ਲਗਭਗ ਸਫ਼ਰ ਇਕੱਲਿਆਂ, ਉਹ ਵੀ ਰਾਤ ਦੇ ਬਾਰਾਂ ਵਜੇ, ਸਹੀ-ਸਲਾਮਤ ਕਾਰ ਚਲਾ ਕੇ ਕਰ ਚੁੱਕਾ ਹੋਵੇ ਤੇ ਉਹ ਇੱਕ ਅਜਿਹੇ ਪਵਿੱਤਰ ਅਸਥਾਨ, ਜਿਹੜਾ ਸਿੱਖਾਂ ਲਈ ਸਭ ਤੋਂ ਸ੍ਰੇਸ਼ਟ ਤੇ ਸਤਿਕਾਰਤ ਹੋਵੇ, ਉਥੇ ਆ ਕੇ ਬੇਸਮਝੀ ਵਿੱਚ ਬੇਅਦਬੀ ਕਰੇਗਾ? ਕੀ ਇਹ ਇੱਕ ਬਹੁਤ ਵੱਡੀ ਸਾਜ਼ਿਸ਼ ਦਾ ਰੂਪ ਨਹੀਂ ਹੈ?

ਦਸੰਬਰ 2021 ਵਿੱਚ ਸਿੱਖਾਂ ਦੀ ਰੂਹਾਨੀਅਤ ਦੇ ਕੇਂਦਰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਬੇਅਦਬੀ ਦੀ ਬੇਹੱਦ ਮੰਦਭਾਗੀ ਘਟਨਾ ਵਾਪਰੀ। ਹਾਲਾਂਕਿ ਇਸ ਤੋਂ ਚਾਰ ਦਿਨ ਪਹਿਲਾਂ ਸ੍ਰੀ ਦਰਬਾਰ ਸਾਹਿਬ ਦੇ ਪਵਿੱਤਰ ਸਰੋਵਰ ਵਿੱਚ ਇਕ ਵਿਅਕਤੀ ਨੇ ਗੁਟਕਾ ਸਾਹਿਬ ਦੇ ਅੰਗ ਪਾੜ ਕੇ ਸੁੱਟ ਦਿੱਤੇ, ਸ਼੍ਰੋਮਣੀ ਕਮੇਟੀ ਦੇ ਸੇਵਾਦਾਰਾਂ ਨੇ ਦੋਸ਼ੀ ਨੂੰ ਮੌਕੇ 'ਤੇ ਫੜ ਕੇ ਪੁਲਿਸ ਹਵਾਲੇ ਕਰ ਦਿੱਤਾ। ਸ਼੍ਰੋਮਣੀ ਕਮੇਟੀ ਦੇ ਅਧਿਕਾਰੀ ਲਗਾਤਾਰ ਪੁਲਿਸ ਨਾਲ ਤਾਲਮੇਲ ਕਰਦੇ ਰਹੇ ਕਿ ਉਸ ਦੋਸ਼ੀ ਕੋਲੋਂ ਇਸ ਪਿਛਲੀ ਸਾਜ਼ਿਸ਼ ਦਾ ਅਤੇ ਉਸ ਨੂੰ ਕਿਸ ਨੇ ਭੇਜਿਆ, ਇਸ ਗੱਲ ਦਾ ਪਤਾ ਲਗਾਇਆ ਜਾਵੇਗਾ, ਪਰ ਪੁਲਿਸ ਨੇ ਕੁਝ ਵੀ ਨਹੀਂ ਦੱਸਿਆ। ਚਾਰ ਦਿਨ ਬਾਅਦ ਹਰਿਮੰਦਰ ਸਾਹਿਬ ਦੇ ਅੰਦਰ ਬੇਅਦਬੀ ਦੀ ਘਟਨਾ ਵਾਪਰ ਗਈ । ਦੋਸ਼ੀ ਦੀ ਭਾਵੇਂ ਸੰਗਤ ਦੀ ਕੁੱਟਮਾਰ ਕਾਰਨ ਮੌਤ ਹੋ ਗਈ, ਪਰ ਅਜੇ ਤੱਕ ਵੀ ਪੁਲਿਸ ਉਸ ਵਿਅਕਤੀ ਬਾਰੇ ਕੁਝ ਵੀ ਪਤਾ ਨਹੀਂ ਲਗਾ ਸਕੀ।

ਅਗਲਾ ਸਵਾਲ ਇਹ ਹੈ ਕਿ ਬੇਅਦਬੀਆਂ ਰੁਕਦੀਆਂ ਕਿਉਂ ਨਹੀਂ? ਭਾਰਤੀ ਕਾਨੂੰਨ ਵਿੱਚ ਬੇਅਦਬੀ ਦੇ ਦੋਸ਼ੀ ਉੱਪਰ ਆਈ.ਪੀ.ਸੀ. ਦੀ ਧਾਰਾ 295-ਏ ਤਹਿਤ, ਤਿੰਨ ਸਾਲ ਦੀ ਸਜ਼ਾ ਦੀ ਵਿਵਸਥਾ ਹੈ, ਜੋ ਕਿ ਮੌਕੇ 'ਤੇ ਹੀ ਜ਼ਮਾਨਤਯੋਗ ਹੈ। ਇਹ ਗੱਲ ਵੱਖਰੀ ਹੈ ਕਿ ਬੇਅਦਬੀ ਦੇ ਮਾਮਲਿਆਂ ਵਿੱਚ ਕੁਝ ਹੋਰ ਧਾਰਾਵਾਂ, ਜਿਵੇਂ ਕਿ ਜਬਰੀ ਦਾਖ਼ਲ ਹੋਣਾ, ਤੋੜ-ਫੋੜ ਕਰਨੀ ਅਤੇ ਅੱਗ ਲਾ ਕੇ ਨੁਕਸਾਨ ਕਰਨ ਦੀ ਕੋਸ਼ਿਸ਼ ਕਰਨੀ ਆਦਿ, ਲਗਾਉਣ ਕਾਰਨ ਕੁੱਲ ਮਿਲਾ ਕੇ 5 ਤੋਂ 7 ਸਾਲ ਦੀ ਸਜ਼ਾ ਹੁੰਦੀ ਹੈ, ਜਦੋਂਕਿ ਸਿੱਖਾਂ ਦੇ ਜਾਗਤ-ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੇ ਦੋਸ਼ੀ ਨੂੰ ਫ਼ਾਂਸੀ ਜਾਂ ਘੱਟੋ-ਘੱਟ ਉਮਰ ਕੈਦ ਦੀ ਸਜ਼ਾ ਹੋਣੀ ਚਾਹੀਦੀ ਹੈ।

**(ਬਾਕੀ ਸਫ਼ਾ 31 'ਤੇ)**

# ਕੈਨੇਡਾ ਦੀ ਸਿਆਸਤ 'ਚ ਕੀ ਹੋਵੇਗਾ ਐਨ.ਡੀ.ਪੀ. ਆਗੂ ਜਗਮੀਤ ਸਿੰਘ ਦਾ ਭਵਿੱਖ ?



ਦਰਬਾਰਾ ਸਿੰਘ ਕਾਹਲੋਂ
ਸਾਬਕਾ ਰਾਜ ਕਮਿਸ਼ਨਰ, ਪੰਜਾਬ)



ਕੈਨੇਡਾ ਦਸ ਰਾਜਾਂ ਅਤੇ ਤਿੰਨ ਇਲਾਕਾਈ ਖੇਤਰਾਂ 'ਤੇ ਆਧਾਰਿਤ ਹੈ ਤੇ ਰੂਸ ਤੋਂ ਬਾਅਦ ਸਭ ਤੋਂ ਵੱਡੇ ਖੇਤਰਫਲ ਵਾਲਾ ਦੇਸ਼ ਹੈ ਲੇਕਿਨ ਇਸ ਦੀ ਆਬਾਦੀ ਚਾਰ ਕਰੋੜ ਦੇ ਲਗਭਗ ਹੈ। ਭਾਵੇਂ 17 ਮਾਨਤਾ ਪ੍ਰਾਪਤ ਪਾਰਟੀਆਂ ਹਨ ਪਰ ਮੁੱਖ ਤੌਰ 'ਤੇ 4 ਪਾਰਟੀਆਂ ਹਨ ਰਾਸ਼ਟਰੀ ਕੰਜ਼ਰਵੇਟਿਵ, ਲਿਬਰਲ, ਐੱਨ.ਡੀ.ਪੀ. ਅਤੇ ਗਰੀਨ ਪਾਰਟੀਆਂ ਅਤੇ ਪੰਜਵੀਂ ਤਾਕਤਵਰ ਇਲਾਕਾਈ ਪਾਰਟੀ ਕਿਊਬੈਕ ਬਲਾਕ ਹੈ।

ਨਿਊ ਡੈਮੋਕ੍ਰੈਟਿਕ ਪਾਰਟੀ, ਜੋ ਸੰਨ 1961 ਵਿੱਚ ਸਥਾਪਤ ਕੀਤੀ ਗਈ ਸੀ, ਉਸ ਦੇ ਅਜੋਕੇ ਸੁਪਰੀਮੋ ਜਗਮੀਤ ਸਿੰਘ ਹਨ। ਬ੍ਰਿਟਿਸ਼ ਕੋਲੰਬੀਆ ਅਤੇ ਮੈਨੀਟੋਬਾ ਰਾਜਾਂ ਵਿੱਚ ਇਸ ਪਾਰਟੀ ਦੀਆਂ ਸਰਕਾਰਾਂ ਹਨ। ਅਲਬਰਟਾ, ਸਸਕੈਚਵਿਨ ਅਤੇ ਓਂਟਾਰੀਓ ਵਿੱਚ ਇਹ ਮੁੱਖ ਵਿਰੋਧੀ ਧਿਰ ਵਾਲੀ ਪਾਰਟੀ ਹੈ। ਲਿਬਰਲ ਪਾਰਟੀ ਦੀਆਂ ਜਸਟਿਨ ਟਰੂਡੋ ਦੀ ਅਗਵਾਈ ਵਿੱਚ ਚੱਲੀ ਪਿਛਲੀ ਅਤੇ ਅਜੋਕੀ ਘੱਟ ਗਿਣਤੀ ਫੈਡਰਲ ਸਰਕਾਰ ਐੱਨ.ਡੀ.ਪੀ. ਦੀ ਮੁੱਦਿਆਂ ਆਧਾਰਿਤ ਬਾਹਰੀ ਹਮਾਇਤ ਕਰ ਕੇ ਚੱਲ ਸਕੀਆਂ ਹਨ।

ਦੁਮਾਲਾ ਸਜਾਉਣ ਵਾਲੇ ਐੱਨ.ਡੀ.ਪੀ. ਸੁਪਰੀਮੋ ਜਗਮੀਤ ਸਿੰਘ ਦਾ ਜਨਮ ਪੰਜਾਬ ਨਾਲ ਸਬੰਧਿਤ ਪਰਵਾਸੀ ਪਰਿਵਾਰ ਵਿੱਚ ਮਾਤਾ ਹਰਮੀਤ ਕੌਰ ਦੀ ਕੁੱਖੋਂ ਸ: ਜਗਤਾਰਨ ਸਿੰਘ ਧਾਲੀਵਾਲ ਦੇ ਗ੍ਰਹਿ ਵਿਖੇ ਸਕਾਰਬੋਰੋ (ਓਂਟਾਰੀਓ) ਅੰਦਰ 2 ਜਨਵਰੀ 1979 ਨੂੰ ਹੋਇਆ ਸੀ। ਕਰੀਬ ਇੱਕ ਸਾਲ ਪੰਜਾਬ ਦਾਦਕਿਆਂ ਕੋਲ ਰਹਿਣ ਤੋਂ ਬਾਅਦ ਬਚਪਨ ਸੇਂਟ ਜਾਹਨ ਅਤੇ ਗਰਾਂਡ ਫਾਲਜ਼-ਵਿੰਡਸਰ, ਨਿਊਫਾਊਂਡਲੈਂਡ ਰਾਜ ਵਿੱਚ ਬੀਤਿਆ। ਫਿਰ ਮਾਪੇ ਵਿੰਡਸਰ, ਓਂਟਾਰੀਓ ਵਿਖੇ ਵਸ ਗਏ। ਛੇ ਸਾਲ ਡੀਟਰਾਇਟ ਕਾਊਂਟੀ ਡੇਅ ਸਕੂਲ ਬੀਵਰਲੀ ਹਿਲਜ਼, ਮਿਸ਼ੀਗਨ (ਅਮਰੀਕਾ), ਬੀ.ਐੱਸ.ਸੀ. ਬਾਇਓ ਸੰਨ 2001 ਵਿੱਚ ਵੈਸਟਰਨ ਓਂਟਾਰੀਓ ਯੂਨੀਵਰਸਿਟੀ, ਲਾਅ ਸੰਨ 2005 ਵਿੱਚ ਯਾਰਕ ਯੂਨੀਵਰਸਿਟੀ ਤੋਂ ਕਰ ਕੇ ਸੰਨ 2006 ਵਿੱਚ ਪ੍ਰੈਕਟਿਸ ਸ਼ੁਰੂ ਕਰ ਦਿੱਤੀ। ਸੰਨ 2018 'ਚ ਗੁਰਕਿਰਨ ਕੌਰ ਨਾਲ ਸ਼ਾਦੀ ਕੀਤੀ। ਉਨ੍ਹਾਂ ਦੀਆਂ ਦੋ ਧੀਆਂ ਹਨ।

ਸੰਨ 2011 ਦੀਆਂ ਫੈਡਰਲ ਚੋਣਾਂ ਵਿੱਚ ਉਸ ਨੇ ਐੱਨ.ਡੀ.ਪੀ. ਉਮੀਦਵਾਰ ਵਜੋਂ ਬਰੈਂਪਟਨ ਦੀ ਬਰਾਮਾਲੀਆ-ਗੋਰ-ਮਾਲਟਨ ਸੀਟ ਤੋਂ ਚੋਣ ਲੜੀ ਪਰ ਕੰਜ਼ਰਵੇਟਿਵ ਉਮੀਦਵਾਰ ਬਲ ਗੋਸਲ ਤੋਂ 539 ਵੋਟਾਂ ਨਾਲ ਹਾਰ ਗਿਆ। ਓਂਟਾਰੀਓ ਸੂਬਾਈ ਵਿਧਾਨ ਸਭਾ ਚੋਣਾਂ ਵਿੱਚ ਇਸੇ ਸਾਲ 2011 ਵਿੱਚ ਲਿਬਰਲ ਉਮੀਦਵਾਰ ਕੁਲਦੀਪ ਕੁਲਾਰ ਨੂੰ 2277 ਵੋਟਾਂ ਨਾਲ ਹਰਾ ਕੇ ਜਿੱਤ ਪ੍ਰਾਪਤ ਕੀਤੀ। ਇਹੋ ਸੀਟ ਸੰਨ 2014 ਵਿੱਚ ਮੁੜ ਵੱਡੇ ਫ਼ਰਕ ਨਾਲ ਜਿੱਤ ਲਈ। ਓਂਟਾਰੀਓ ਵਿਧਾਨ ਸਭਾ ਵਿੱਚ ਉਨ੍ਹਾਂ ਦੀ ਲੋਕ ਪੱਖੀ ਕਾਰਗੁਜ਼ਾਰੀ, ਪ੍ਰਾਈਵੇਟ ਮੈਂਬਰ ਬਿੱਲਾਂ, ਵਿੱਦਿਅਕ ਸੁਧਾਰਾਂ ਸਬੰਧੀ ਸੁਝਾਵਾਂ ਕਰ ਕੇ ਪਾਰਟੀ ਅਤੇ ਰਾਸ਼ਟਰੀ ਪੱਧਰ 'ਤੇ ਵੱਡੀ ਵਾਹਵਾ ਹੀ ਪ੍ਰਾਪਤ ਕੀਤੀ। ਪਾਰਟੀ ਉਮੀਦਵਾਰਾਂ ਲਈ ਅਲਬਰਟਾ, ਨੋਵਾ ਸਕੋਸ਼ੀਆ ਅਤੇ ਬ੍ਰਿਟਿਸ਼ ਕੋਲੰਬੀਆ ਵਿੱਚ ਚੋਣ ਮੁਹਿੰਮ ਭਖਾਈ। ਐੱਨ.ਡੀ.ਪੀ. ਦੇ ਚਮਤਕਾਰੀ ਅਤੇ ਦੂਰਅੰਦੇਸ਼ ਆਗੂ ਜੈਕ ਲੇਟਨ ਜਿਨ੍ਹਾਂ ਪਾਰਟੀ ਦੀ ਅਗਵਾਈ ਸੰਨ 2003-2011 ਤੱਕ ਕੀਤੀ, ਕੈਨੇਡੀਅਨ ਰਾਜਨੀਤੀ ਵਿੱਚ ਇਸ ਨੂੰ ਸਿਖ਼ਰਾਂ ਵੱਲ ਲੈ ਗਿਆ। ਪਾਰਲੀਮੈਂਟ ਵਿੱਚ 13 ਸਾਂਸਦਾਂ ਤੋਂ ਸੰਨ 2011 ਦੀਆਂ ਚੋਣਾਂ ਵਿੱਚ 103 'ਤੇ ਲੈ ਗਿਆ। ਪਰ ਉਨ੍ਹਾਂ ਦੀ ਕੈਂਸਰ ਕਰਕੇ ਮੌਤ ਤੋਂ ਬਾਅਦ ਪਾਰਟੀ ਮੁਖੀ ਥਾਮਸ ਮੁਕਲੇਅਰ ਚੁਣੇ ਗਏ। ਸੰਨ 2015 ਵਿੱਚ ਪਾਰਲੀਮਾਨੀ ਚੋਣਾਂ ਵਿੱਚ ਉਨ੍ਹਾਂ ਦੀ ਅਗਵਾਈ ਵਿੱਚ ਪਾਰਟੀ ਧੜਾਮ ਥੱਲੇ 44 ਸੀਟਾਂ 'ਤੇ ਡਿੱਗ ਪਈ। ਨਤੀਜੇ ਵਜੋਂ ਉਸ ਨੂੰ ਹਟਾ ਦਿੱਤਾ ਗਿਆ। ਵੀਹ ਅਕਤੂਬਰ 2017 ਵਿੱਚ ਜਗਮੀਤ ਸਿੰਘ ਨੂੰ ਪਾਰਟੀ ਆਗੂ ਚੁਣ ਲਿਆ ਗਿਆ।

ਸੰਨ 2019 ਵਿੱਚ ਬਰਨ ਬੇਅ (ਬ੍ਰਿਟਿਸ਼ ਕੋਲੰਬੀਆ) ਤੋਂ ਉੱਪ ਚੋਣ ਜਿੱਤ ਕੇ ਪਾਰਲੀਮੈਂਟ ਵਿੱਚ ਦਾਖ਼ਲ ਹੋਏ। ਸੰਨ 2019 ਦੀਆਂ ਫੈਡਰਲ ਚੋਣਾਂ ਵਿੱਚ ਐੱਨ.ਡੀ.ਪੀ. ਸਿਰਫ਼ 24 ਸੀਟਾਂ ਜਿੱਤ ਸਕੀ। ਜਸਟਿਨ ਟਰੂਡੋ ਦੀ ਘੱਟ ਗਿਣਤੀ ਸਰਕਾਰ ਨੂੰ ਘੱਟੋ-ਘੱਟ ਪ੍ਰੋਗਰਾਮ ਦੇ ਆਧਾਰ 'ਤੇ ਉਨ੍ਹਾਂ ਬਾਹਰੋਂ ਹਮਾਇਤ ਦੇ ਕੇ ਦੇਸ਼ ਨੂੰ ਮੁੜ ਚੋਣਾਂ ਤੋਂ ਬਚਾਅ ਲਿਆ। ਸੰਨ 2021 ਨੂੰ ਬਹੁਮਤ ਪ੍ਰਾਪਤ ਕਰਨ ਦੀ ਇੱਛਾ ਨਾਲ ਟਰੂਡੋ ਸਰਕਾਰ ਨੇ ਦੇਸ਼ 'ਤੇ ਮੱਧਕਾਲੀ ਚੋਣਾਂ ਥੋਪੀਆਂ। ਇਨ੍ਹਾਂ ਚੋਣਾਂ ਵਿੱਚ ਜਗਮੀਤ ਸਿੰਘ ਨੇ ਜਿੱਥੇ ਆਪਣੀ ਬਰਨ ਬੇਅ ਸੀਟ ਬਰਕਰਾਰ ਰੱਖੀ ਉੱਥੇ ਹੀ ਪਾਰਟੀ ਨੂੰ 25 ਸੀਟਾਂ 'ਤੇ ਜਿੱਤ ਹਾਸਲ ਹੋਈ। ਜਗਮੀਤ ਨੇ ਮੁੜ ਘੱਟੋ-ਘੱਟ ਪ੍ਰੋਗਰਾਮ ਤਹਿਤ ਟਰੂਡੋ ਦੀ ਘੱਟ ਗਿਣਤੀ ਸਰਕਾਰ ਕਾਇਮ ਰੱਖਣ ਨਾਲ ਦੇਸ਼ ਨੂੰ ਮੱਧਕਾਲੀ ਚੋਣਾਂ ਤੋਂ ਬਚਾਅ ਲਿਆ। ਚੋਣਾਂ ਦੌਰਾਨ ਉਨ੍ਹਾਂ ਸਪਸ਼ਟ ਕਰ ਦਿੱਤਾ ਸੀ ਕਿ ਲਟਕਵੀਂ ਪਾਰਲੀਮੈਂਟ ਦੀ ਸੂਰਤ ਵਿੱਚ ਉਹ ਕੰਜ਼ਰਵੇਟਿਵ ਘੱਟ ਗਿਣਤੀ ਦੀ ਸਰਕਾਰ ਗਠਿਤ ਕਰਨ ਲਈ ਹਮਾਇਤ ਨਹੀਂ ਕਰਨਗੇ।

ਉਹ ਨੌਜਵਾਨਾਂ ਨੂੰ ਉਤਸ਼ਾਹਤ ਕਰਨ ਵਾਲਾ ਆਗੂ ਹੈ। ਵਾਤਾਵਰਨ ਦੀ ਸੰਭਾਲ ਪ੍ਰਤੀ ਵਚਨਬੱਧ ਹੈ ਅਤੇ ਚਾਹੁੰਦਾ ਹੈ ਕਿ ਸੰਨ 2025 ਤੱਕ ਕਾਰਬਨ ਨਿਕਾਸੀ ਮੁੜ 2005 ਦੇ ਪੱਧਰ 'ਤੇ ਲਿਆਂਦੀ ਜਾਵੇ। ਲੱਖਾਂ ਗ਼ਰੀਬ ਕੈਨੇਡੀਅਨਾਂ ਦੀ ਹਾਲਤ ਸੁਧਾਰਨ ਲਈ ਉਹ ਅਮੀਰਾਂ ਅਤੇ ਕਾਰਪੋਰੇਟਰਾਂ 'ਤੇ ਟੈਕਸ ਲਾਉਣ ਅਤੇ ਹੇਠਲੇ ਵਰਗਾਂ ਨੂੰ ਰਾਹਤ ਦਾ ਹਾਮੀ ਹੈ। ਘੱਟੋ-ਘੱਟ 25 ਡਾਲਰ ਪ੍ਰਤੀ ਘੰਟਾ ਉਜਰਤ ਦਾ ਹਾਮੀ ਹੈ। ਫਾਰਮਾ ਕੇਅਰ, ਡਰੱਗ, ਸਥਾਨਕ ਫਸਟ ਨੇ ਸ਼ਨਜ਼ ਦੀ ਹਾਲਤ ਸੁਧਾਰਨ, ਬੱਚਿਆਂ ਦਾ ਸ਼ੋਸ਼ਣ ਰੋਕਣ, ਡੈਂਟਲ ਕੇਅਰ ਅਤੇ ਚੋਣ ਸੁਧਾਰ ਪ੍ਰੋਗਰਾਮਾਂ ਖ਼ਾਤਰ ਅਕਸਰ ਉਨਾਂ ਨੂੰ ਟਰੂਡੋ ਦੀ ਲਿਬਰਲ ਸਰਕਾਰ 'ਤੇ ਹਮਲਾਵਰ ਹੁੰਦੇ ਵੇਖਿਆ ਜਾਂਦਾ ਰਿਹਾ ਹੈ। ਇਨ੍ਹਾਂ ਮੁੱਦਿਆਂ ਦੇ ਆਧਾਰ 'ਤੇ ਟਰੂਡੋ ਦੀ ਲਿਬਰਲ ਪਾਰਟੀ ਦੀ ਸਰਕਾਰ ਨੂੰ ਸੰਨ 2025 ਵਿੱਚ ਕਾਰਜਕਾਲ ਪੂਰਤੀ ਤੱਕ ਹਮਾਇਤ ਜਾਰੀ ਰੱਖਣ ਲਈ ਮਾਰਚ 2022 ਨੂੰ 'ਸਪਲਾਈ ਤੇ ਵਿਸ਼ਵਾਸ' ਸੰਧੀ ਕੀਤੀ ਸੀ। ਪਰ ਟਰੂਡੋ ਸਰਕਾਰ ਵੱਲੋਂ ਮੱਧ ਵਰਗ ਦੀ ਹਮਾਇਤ ਤੋਂ ਪੈਰ ਪਿਛਾਂਹ ਖਿੱਚਣ ਅਤੇ ਕਾਰਪੋਰੇਟ ਘਰਾਣਿਆਂ ਦੀ ਪਿੱਠ ਪੂਰਨ ਕਰਕੇ 4 ਸਤੰਬਰ 2024 ਨੂੰ ਜਗਮੀਤ ਸਿੰਘ ਨੇ ਇਹ ਸੰਧੀ ਤੋੜ ਦਿੱਤੀ। ਇਵੇਂ ਟਰੂਡੋ ਘੱਟ ਗਿਣਤੀ ਸਰਕਾਰ ਰਾਜਨੀਤਕ ਸੰਕਟ ਗ੍ਰਸਤ ਹੋ ਗਈ। (ਬਾਕੀ ਸਫ਼ਾ 31 'ਤੇ)

# ਕੈਨੇਡਾ ਦਾ ਪੂੰਜੀਵਾਦੀ ਸਿਸਟਮ, ਪਰਵਾਸ ਬਨਾਮ ਪੰਜਾਬੀ ਭਾਈਚਾਰਾ

ਮਲਵਿੰਦਰ

ਅਖ਼ਬਾਰ ਦੇ ਮੁੱਖ ਪੰਨੇ ਦੀ ਖ਼ਬਰ ਜੇਕਰ ਆਉਂਦੇ ਦਿਨਾਂ ਦੌਰਾਨ ਅੰਦਰਲੇ ਕਿਸੇ ਪੰਨੇ 'ਤੇ ਇੱਕ ਡੱਬੀ ਵਿੱਚ ਸਿਮਟ ਕੇ ਰਹਿ ਜਾਵੇ ਤਾਂ ਸਮਝ ਆ ਜਾਂਦਾ ਹੈ ਕਿ ਵੱਡੇ ਮਹੱਤਵ ਵਾਲੀ ਇਸ ਖ਼ਬਰ ਦਾ ਭੋਗ ਪਾ ਦਿੱਤਾ ਗਿਆ ਹੈ। ਕਾਰਨ ਰਾਜਨੀਤਕ ਦਬਾਅ ਵੀ ਹੋ ਸਕਦਾ ਹੈ ਤੇ ਮੀਡੀਆ ਦੀ ਖਰੀਦੋ-ਫ਼ਰੋਖ਼ਤ ਵੀ। ਨਤੀਜਾ ਇਹ ਨਿਕਲਦਾ ਹੈ ਕਿ ਆਉਂਦੇ ਦਿਨਾਂ ਦੌਰਾਨ ਅਸੀਂ ਖ਼ਬਰ ਵਾਲੀ ਉਸ ਘਟਨਾ ਨੂੰ ਭੁੱਲ ਵਿਸਰ ਜਾਂਦੇ ਹਾਂ। ਹਉ ਪਰੇ ਕਰਨ ਵਾਲੀ ਸਾਡੀ ਬਿਰਤੀ ਵਧੀਕੀਆਂ ਸਹਿਣ ਕਰਨ ਵਾਲੀ ਤੇ ਵਿਦਰੋਹਾਂ, ਸੰਘਰਸ਼ਾਂ ਤੋਂ ਦੂਰ ਲੈ ਕੇ ਜਾਣ ਵਾਲੀ ਹੁੰਦੀ ਹੈ। ਬਰੈਂਪਟਨ (ਕੈਨੇਡਾ) ਵਿੱਚ ਛਪਦੀਆਂ ਅਖ਼ਬਾਰਾਂ ਵਿੱਚ ਪਹਿਲੇ ਪੰਨੇ 'ਤੇ ਮੋਟੀ ਸੁਰਖੀ ਛਪਦੀ ਹੈ, ਜਿਸ ਅਨੁਸਾਰ ਪੁਲਿਸ ਨੇ ਤਿੰਨ ਪੰਜਾਬੀ ਮੁੰਡਿਆਂ ਨੂੰ ਸਟੋਰ ਲੁੱਟਣ ਦੇ ਮਾਮਲੇ ਵਿੱਚ ਕਾਬੂ ਕੀਤਾ ਹੈ। ਤਿੰਨਾਂ ਦੇ ਨਾਂਵਾਂ ਪਿੱਛੇ ਪ੍ਰੀਤ ਲਗਦਾ ਹੈ। ਇਹ ਖ਼ਬਰ ਪੜ੍ਹ ਕੇ ਅਸੀਂ ਅਚੰਭਿਤ ਨਹੀਂ ਹੁੰਦੇ। ਇਹ ਖ਼ਤਰਨਾਕ ਵਰਤਾਰਾ ਹੈ। ਜਦੋਂ ਅਜਿਹੀਆਂ ਘਟਨਾਵਾਂ ਸਾਨੂੰ ਹੈਰਾਨ ਨਾ ਕਰਨ ਤਾਂ ਸਮਝ ਲੈਣਾ ਚਾਹੀਦਾ ਹੈ ਕਿ ਅਸੀਂ ਜੀਵਨ ਦੀਆਂ ਬੇਤਰਤੀਬੀਆਂ ਨਾਲ ਸਮਝੌਤਾ ਕਰ ਲਿਆ ਹੈ। ਸਮਾਜ ਵਿੱਚ ਗਲਤ ਹੋ ਵਾਪਰ ਰਹੇ ਦੇ ਨਤੀਜਿਆਂ ਬਾਰੇ ਸੋਚਣਾ ਬੰਦ ਕਰ ਦਿੱਤਾ ਹੈ। ਅਸੀਂ ਕਿਸੇ ਵੱਡੇ ਹਾਦਸੇ ਦੇ ਵਾਪਰਨ ਦੀ ਉਡੀਕ ਕਰ ਰਹੇ ਹਾਂ। ਅਜਿਹਾ ਉਦੋਂ ਵੀ ਵਾਪਰਦਾ ਹੈ ਜਦੋਂ ਸਾਡੇ ਆਸ ਪਾਸ ਜਾਂ ਗੁਆਂਢ ਵਿੱਚ ਗੈਰ ਕਾਨੂੰਨੀ ਨਸ਼ਿਆਂ ਦਾ ਕਾਰੋਬਾਰ ਹੋ ਰਿਹਾ ਹੁੰਦਾ ਹੈ, ਪਰਿਵਾਰ ਬਿਖਰ ਰਹੇ ਹੁੰਦੇ ਹਨ, ਜਵਾਨ ਲੜਕੇ ਮਰ ਰਹੇ ਹੁੰਦੇ ਹਨ ਤੇ ਅਸੀਂ ਚੁੱਪ ਰਹਿੰਦੇ ਹਾਂ। ਅਜਿਹਾ ਚੋਣਾਂ ਵਿੱਚ ਹਰ ਵਾਰ ਕਿਸੇ ਕਾਤਲ, ਬਲਾਤਕਾਰੀ, ਗੁੰਡੇ, ਬਦਮਾਸ਼ ਤੇ ਭ੍ਰਿਸ਼ਟ ਦਾ ਵੱਡੇ ਫਰਕ ਨਾਲ ਚੋਣਾਂ ਜਿੱਤਣ ਤੋਂ ਬਾਅਦ ਸੰਸਦ ਵਿੱਚ ਪਹੁੰਚਣ ਵੇਲੇ ਵੀ ਵਾਪਰਦਾ ਹੈ। ਇਹ ਘਟਨਾਵਾਂ ਆਪਣੀ ਸੂਲ਼ੀ ਦਾ ਆਪਣੇ ਹੱਥੀਂ ਪ੍ਰਬੰਧ ਕਰਨਾ ਹੁੰਦਾ ਹੈ। ਪਰਵਾਸ ਕਰਕੇ ਬਿਹਤਰ ਜੀਵਨ ਹਾਲਤਾਂ ਲਈ ਦੂਜੇ ਦੇਸ਼ ਵਿੱਚ ਅਜਿਹੀਆਂ ਕਰਤੂਤਾਂ ਡੂੰਘੀ ਸੋਚ ਵਿਚਾਰ ਮੰਗਦੀਆਂ ਹਨ। ਕੈਨੇਡਾ ਵਿੱਚ ਅਜਿਹਾ ਕੀ ਹੈ ਕਿ ਅਸੀਂ ਆਪਣੀਆਂ ਚੰਗੀਆਂ ਨੌਕਰੀਆਂ ਛੱਡ ਕੇ, ਕਾਰੋਬਾਰ ਤਿਆਗ ਕੇ, ਚੰਗੀ ਭਲੀ ਵਾਹੀ ਖੇਤੀ ਕਿਰਸਾਨੀ ਛੱਡ ਕੇ, ਦੋ-ਮੰਜ਼ਲੀਆਂ ਕੋਠੀਆਂ ਨੂੰ ਜਿੰਦਰੇ ਮਾਰ ਕੇ ਇੱਧਰ ਆ ਗਏ ਹਾਂ ਜਾਂ ਆਉਣ ਲਈ ਤਰਲੋਮੱਛੀ ਹੋ ਰਹੇ ਹਾਂ। ਅਸੀਂ ਆਪਣੀਆਂ ਅਠਾਰਾਂ ਅਠਾਰਾਂ ਸਾਲਾਂ ਦੀਆਂ ਮਾਸੂਮ ਧੀਆਂ ਤੇ ਪੁੱਤਰਾਂ ਨੂੰ ਵੱਡੀ ਰਕਮ ਖ਼ਰਚ ਕਰਕੇ ਜਹਾਜ਼ੇ ਚਾੜ੍ਹ ਰਹੇ ਹਾਂ ? ਸ਼ਾਇਦ ਬਹੁਤ ਕੁਝ ਸੀ ਤੇ ਹੈ ਵੀ। ਪਰ ਸਾਡਾ ਵਿਹਾਰ ਤੇ ਚਾਲ-ਚੱਲਣ ਇਸਦੇ ਸਿਫਤੀ ਮੁਹਾਂਦਰੇ ਨੂੰ ਵਲੂੰਧਰ ਰਿਹਾ ਹੈ। ਕਾਰਾਂ ਚੋਰੀ ਕਰਨ, ਡਰੱਗਜ਼ ਦਾ ਕਾਰੋਬਾਰ ਕਰਨ, ਸਟੋਰਾਂ ਦੀਆਂ ਕੰਧਾਂ ਪਾੜ ਕੇ ਸਮਾਨ ਲੁੱਟ ਕੇ ਲੈ ਜਾਣ, ਸਟੋਰਾਂ ਦੀਆਂ ਟਰਾਲੀਆਂ ਵਿੱਚ ਗਰੌਸਰੀ ਦਾ ਸਮਾਨ ਲੱਦ ਕੇ ਆਪਣੇ ਘਰ ਤਕ ਲਿਜਾਕੇ ਟਰਾਲੀ ਕਿਸੇ ਗਲੀ ਸੜਕ ਕਿਨਾਰੇ ਲਾਵਾਰਸ ਛੱਡ ਦੇਣੀ, ਕਾਰਾਂ ਵਿੱਚ ਉੱਚੀ ਆਵਾਜ਼ ਵਿੱਚ ਗਾਣੇ ਲਾਉਣੇ ਤੇ ਪਲਾਜ਼ਿਆਂ, ਸਿਟੀ ਸੈਂਟਰਾਂ ਦੀਆਂ ਪਾਰਕਾਂ ਵਿੱਚ ਗੇੜੇ ਲਾਉਣੇ, ਕੁੜੀਆਂ ਨੂੰ ਕਾਮੀ ਨਿਗਾਹਾਂ ਨਾਲ ਘੂਰਨਾ ਆਦਿ ਕਈ ਨਿੱਕੀਆਂ ਨਿੱਕੀਆਂ ਗੱਲਾਂ ਹਨ, ਜਿਨ੍ਹਾਂ ਦੇ



ਨਤੀਜੇ ਵੱਡੇ ਨਿਕਲਣ ਵਾਲੇ ਹਨ। ਅਜਿਹੇ ਧੰਦਿਆਂ ਵਿੱਚ ਲੁਪਤ ਲੋਕ ਭਾਵੇਂ ਥੋੜ੍ਹੇ ਜਿਹੇ ਹਨ, ਪਰ ਸਮੁੱਚੇ ਭਾਈਚਾਰੇ ਦੇ ਮੱਥੇ 'ਤੇ ਕਲੰਕ ਦਾ ਦਾਗ ਲਾਉਣ ਲਈ ਬਥੇਰੇ ਹਨ।

ਇਹ ਹੁਣ ਕੋਈ ਨਵੀਂ ਗੱਲ ਨਹੀਂ ਕਿ ਕੈਨੇਡਾ ਵਿੱਚ ਪਰਵਾਸੀਆਂ ਦੀ ਗਿਣਤੀ ਲਗਾਤਾਰ ਵਧ ਰਹੀ ਹੈ। ਇੱਥੇ ਪੱਕੇ ਹੋਣ ਲਈ ਅਸਾਇਲਮ ਮੰਗਣ ਵਾਲਿਆਂ ਦੀ ਗਿਣਤੀ ਦੋ ਲੱਖ ਦੇ ਨੇੜੇ ਪੁੱਜ ਗਈ ਹੈ, ਜਿਹਨਾਂ ਵਿੱਚ 10 ਹਜ਼ਾਰ ਪੰਜਾਬੀ ਹਨ। ਅਸਾਇਲਮ (ਸ਼ਰਨ) ਕੈਨੇਡਾ ਵਿੱਚ ਪੱਕੇ ਹੋਣ ਦਾ ਇੱਕ ਰਾਹ ਹੈ। ਇਸਦੀ ਇਜਾਜ਼ਤ ਤਾਂ ਮਿਲਦੀ ਹੈ ਜੇਕਰ ਤੁਹਾਡੀ ਨਸਲ, ਧਰਮ, ਕੌਮੀਅਤ, ਜਾਂ ਰਾਜਨੀਤਕ ਵਿਚਾਰਾਂ ਕਾਰਨ ਤੁਹਾਨੂੰ ਤੁਹਾਡੇ ਆਪਣੇ ਦੇਸ਼ ਵਿੱਚ ਸਤਾਇਆ ਜਾ ਰਿਹਾ ਹੈ। ਤੁਹਾਡੇ ਉੱਪਰ ਅੱਤਿਆਚਾਰ ਹੋ ਰਿਹਾ ਹੈ ਜਾਂ ਹੋਣ ਦਾ ਡਰ ਹੈ। ਇਸ ਤੋਂ ਇਲਾਵਾ ਵਰਕ ਪਰਮਿਟ ਵੀ ਇੱਕ ਤਰੀਕਾ ਹੈ ਜਿਸ ਨਾਲ ਅਸੀਂ ਕੈਨੇਡਾ ਵਿੱਚ ਪੱਕੇ ਹੋਣ ਦੀ ਆਸ ਕਰ ਸਕਦੇ ਹਾਂ। ਵਿਦਿਆਰਥੀ ਵੀਜ਼ੇ ਉੱਪਰ ਕੈਨੇਡਾ ਆਏ ਜਾਂ ਆ ਰਹੇ ਕੌਮਾਂਤਰੀ ਵਿਦਿਆਰਥੀਆਂ ਦੀਆਂ ਮੁਸ਼ਕਿਲਾਂ ਲਗਾਤਾਰ ਵਧ ਰਹੀਆਂ ਹਨ। ਰਾਹ ਗਲੀ ਮਿਲਦੇ ਬਹੁਤ ਸਾਰੇ ਵਿਦਿਆਰਥੀਆਂ ਨੂੰ ਜਦੋਂ ਜੌਬ ਦਾ ਪੁੱਛੀਦਾ ਹੈ ਤਾਂਹ ਬਹੁਤਿਆਂ ਦਾ ਜਵਾਬ ਹੁੰਦਾ ਕਿ ਕੋਸ਼ਿਸ਼ ਕਰ ਰਹੇ ਹਾਂ ਪਰ ਅਜੇ ਮਿਲੀ ਨਹੀਂ। ਗਰੌਸਰੀ ਮਹਿੰਗੀ ਹੋ ਗਈ ਹੈ। ਰਹਿਣ ਲਈ ਬੇਸਮੈਂਟਾਂ ਦੇ ਕਿਰਾਏ ਵਧ ਗਏ ਹਨ। ਜੇਕਰ ਇਨ੍ਹਾਂ ਦੇ ਭਵਿੱਖ ਦੀ ਗੱਲ ਕਰੀਏ ਤਾਂ ਹਾਲਾਤ ਹੱਕ ਵਿੱਚ ਭੁਗਤਦੇ ਨਹੀਂ ਲੱਗਦੇ।

ਪਰੈੱਸ ਦੇ ਇੱਕ ਹਿੱਸੇ ਦੀ ਖ਼ਬਰ ਹੈ ਕਿ ਕੈਨੇਡਾ ਦੇ ਇੰਮੀਗ੍ਰੇਸ਼ਨ ਮੰਤਰੀ ਨੇ ਕੌਮਾਂਤਰੀ ਵਿਦਿਆਰਥੀਆਂ ਨੂੰ ਚਿਤਾਵਨੀ ਦਿੱਤੀ ਹੈ ਕਿ ਉਹ ਪੱਕੇ ਤੌਰ 'ਤੇ ਕੈਨੇਡਾ ਵਿੱਚ ਨਹੀਂ ਰਹਿ ਸਕਦੇ। ਉਸ ਨੇ ਵਿਦਿਆਰਥੀਆਂ ਨੂੰ ਆਪਣੀ ਪੜ੍ਹਾਈ ਮੁਕੰਮਲ ਕਰਕੇ ਆਪਣੇ ਘਰ ਪਰਤ ਜਾਣ ਦੀ ਸਲਾਹ ਦਿੱਤੀ ਹੈ। ਅਫ਼ਵਾਹਾਂ ਵਰਗੀ ਖ਼ਬਰ ਇਹ ਵੀ ਹੈ ਕਿ ਕੈਨੇਡਾ ਸਰਕਾਰ ਵਰਕ ਪਰਮਿਟ ਦੇਣੇ ਬੰਦ ਕਰ ਰਹੀ ਹੈ। ਉਂਝ ਜਦੋਂ ਇਸਦਾ ਦੂਜਾ ਪਾਸਾ ਵੇਖਦੇ ਹਾਂ ਤਾਂ ਸਥਿਤੀ ਭਿੰਨ ਲਗਦੀ ਹੈ। ਵਿਦਿਆਰਥੀ ਵੀਜ਼ੇ 'ਤੇ ਆਏ ਵਿਦਿਆਰਥੀਆਂ ਦੀ ਫੀਸ ਦੇ ਰੂਪ ਵਿੱਚ ਆਉਂਦੀ ਰਕਮ ਅਰਬਾਂ ਡਾਲਰ ਹੈ। ਇਸ ਦੇਸ਼ ਦੀ ਆਰਥਿਕਤਾ ਪਰਵਾਸੀਆਂ ਦੁਆਰਾ ਫੀਸ ਅਤੇ ਟੈਕਸ ਦੇ ਰੂਪ ਵਿੱਚ ਆਉਂਦੀ ਰਾਸ਼ੀ ਉੱਪਰ ਨਿਰਭਰ ਹੈ। ਕੁਝ ਵੀ ਹੋਵੇ, ਹੁਣ ਦੇ ਵੇਲਿਆਂ ਵਿੱਚ ਹਰ ਹੈਸੀਅਤ ਦਾ ਪਰਵਾਸੀ ਸੰਕਟ ਵਿੱਚ ਹੈ।

ਪਰਵਾਸ ਲਈ ਘਰੋਂ ਤੁਰਨਾ ਕਠਿਨ ਫੈਸਲਾ ਹੁੰਦਾ ਹੈ। ਰਿਵਰਸ ਪਰਵਾਸ ਹੋਰ ਵੀ ਕਠਿਨ ਤੇ ਨਿਰਾਸ਼ਾਜਨਕ ਹੁੰਦਾ ਹੈ। ਕੁਝ ਇਹ ਕਠਿਨ ਫੈਸਲਾ ਕਰ ਵਾਪਸ ਵੀ ਪਰਤ ਰਹੇ ਹਨ। ਇਹ ਰੁਝਾਨ ਅਜੇ ਮੁਢਲੇ ਪੜਾਅ 'ਤੇ ਹੈ। ਫਿਰ ਵੀ ਸਥਿਤੀ ਦਾ ਮੁਲਾਂਕਣ ਕਰਨ ਲਈ ਬਹੁਤ ਹੈ। ਬਾਕੀਆਂ ਨੂੰ ਵੀ ਸੋਚਣ ਦੀ ਲੋੜ ਹੈ।

ਵਿਜ਼ਟਰ ਵੀਜ਼ੇ 'ਤੇ ਆ ਰਹੇ ਪਰਵਾਸੀ ਇੱਥੇ ਪੱਕੇ ਤੌਰ 'ਤੇ ਟਿਕ ਜਾਣਾ ਚਾਹੁੰਦੇ ਹਨ। ਇਸ ਲਈ ਉਹ ਏਜੰਟਾਂ ਅਤੇ ਵਕੀਲਾਂ ਦੀ ਸ਼ਰਨ ਵਿੱਚ ਜਾਂਦੇ ਹਨ। ਇਹ ਲੋਕ ਚਾਹਵਾਨਾਂ ਕੋਲੋਂ ਮੋਟੀ ਰਕਮ ਵਸੂਲ ਕੇ ਉਨ੍ਹਾਂ ਦੀ ਫਾਈਲ ਅਸਾਇਲਮ ਲਈ ਲਾ ਦਿੰਦੇ ਹਨ। ਫਾਈਲ ਨਾਲ ਝੂਠੇ ਸੱਚੇ ਡਾਕੂਮੈਂਟਸ ਵਕੀਲ ਤਿਆਰ ਕਰ ਲੈਂਦੇ ਹਨ। ਅਸਾਇਲਮ ਮਿਲਣ 'ਤੇ ਬੰਦੇ ਨੂੰ ਰਿਫਊਜੀ ਦਾ ਸਟੇਟਸ ਮਿਲ ਜਾਂਦਾ ਹੈ, ਜਿਸਦਾ ਭਾਵ ਹੈ ਕਿ ਤੁਹਾਨੂੰ ਆਪਣੇ ਹੀ ਦੇਸ਼ ਵਿੱਚ ਖ਼ਤਰਾ ਹੈ। ਇੱਥੇ ਕੈਨੇਡਾ ਵਿੱਚ ਪੱਕੇ ਹੋਣ ਲਈ ਆਪਣੇ ਦੇਸ਼ ਵਿੱਚ ਖ਼ਤਰੇ ਦਾ ਖ਼ਤਰਾ ਵੀ ਮੁੱਲ ਲੈਣਾ ਪੈਂਦਾ ਹੈ। ਇੰਝ ਹੀ ਲੋਕ ਮੋਟੀਆਂ ਰਕਮਾਂ ਲੈ ਕੇ ਵਰਕ ਪਰਮਿਟ ਦਿੰਦੇ ਹਨ ਬੱਸ ਸਟਾਪ 'ਤੇ ਮਿਲੀ ਇੱਕ ਲੜਕੀ ਦੱਸਦੀ ਹੈ ਕਿ ਮੇਰੇ ਕੋਲ ਵਰਕ ਪਰਮਿਟ ਹੈ ਪਰ ਵਰਕ ਨਹੀਂ ਹੈ। ਕੈਨੇਡਾ ਦੇ ਚਾਹਵਾਨਾਂ ਨਾਲ ਇਹ ਧਾਂਦਲੀਆਂ ਵੀ ਹੋ ਰਹੀਆਂ ਹਨ। ਇੱਕ ਸੈਸ਼ਨ ਦੌਰਾਨ ਵਿਦਿਆਰਥੀਆਂ ਨੂੰ ਖੁੱਲ੍ਹ ਕੇ ਗੱਲ ਕਰਨ ਦਾ ਮੌਕਾ ਦਿੱਤਾ ਤਾਂ ਬਹੁਤ ਸਾਰੀਆਂ ਗੱਲਾਂ ਦਾ ਓਹਲਾ ਰੱਖਕੇ ਲੜਕੀਆਂ ਨੇ ਦੱਸਿਆ ਕਿ ਜੌਬ ਦੇਣ ਬਦਲੇ ਉਨ੍ਹਾਂ ਨੂੰ ਉਹ ਕੰਮ ਵੀ ਕਰਨ ਨੂੰ ਕਿਹਾ ਜਾਂਦਾ ਹੈ, ਜਿਸਦਾ ਜ਼ਿਕਰ ਉਹ ਇੱਥੇ ਨਹੀਂ ਕਰ ਸਕਦੀਆਂ। ਇੱਕ ਲੜਕੀ ਨੂੰ ਮਸਾਜ਼ ਕਰਨ ਦੀ ਨੌਕਰੀ ਦੀ ਪੇਸ਼ਕਸ ਕੀਤੀ ਗਈ। ਉਹ ਮਸਾਜ਼ ਦੇ ਅਰਥ ਸਮਝਦੀ ਸੀ। ਪੇਸ਼ਕਸ ਠੁਕਰਾ ਕੇ ਆ ਗਈ। ਇੱਕ ਹੋਰ ਨੂੰ ਸ਼ਰਾਬ ਵਰਤਾਉਣ ਦੀ ਜੌਬ ਦੇਣ ਵੇਲੇ ਸ਼ਰਤ ਸੀ ਕਿ ਕੱਪੜੇ ਛੋਟੇ ਪਹਿਨਣੇ ਹਨ ਅਤੇ ਖ਼ੁਦ ਸ਼ਰਾਬ ਦਾ ਸੇਵਨ ਕਰਨਾ ਹੈ ਤਾਂ ਜੋ ਗਾਹਕ ਨੂੰ ਉਸਦੇ ਸਵਾਦ ਬਾਰੇ ਦੱਸਿਆ ਜਾਵੇ। (ਬਾਕੀ ਸਫ਼ਾ 31 'ਤੇ)

# ਭਾਰਤੀ ਰਾਜਨੀਤਿਕ ਦਾਬੇ ਨੂੰ ਪ੍ਰਤੀਬਿੰਬਤ ਕਰਦੈ ਸੈਨ ਹੋਜ਼ੇ ਗੁਰਦੁਆਰਾ ਸਾਹਿਬ ਦਾ ਤਾਜ਼ਾ ਫ਼ੁਰਮਾਨ

**ਜਸਵੀਰ ਸਿੰਘ**

ਅਮਰੀਕਾ ਵਿੱਚ ਸੈਨ ਹੋਜੇ ਗੁਰਦੁਆਰਾ ਕਮੇਟੀ ਨੇ ਕੌਮੀ ਚਿੰਨ੍ਹਾਂ ਅਤੇ ਕੌਮੀ ਬਿਰਤਾਂਤ ਨੂੰ ਪ੍ਰਤੀਬਿੰਬਤ ਕਰਦੀ ਕਿਸੇ ਵੀ ਲਿਖਤ, ਪੋਸਟਰ ਜਾਂ ਫੋਟੋ ਲਾਉਣ ’ਤੇ ਇੱਕ ਤਰ੍ਹਾਂ ਨਾਲ ਪਾਬੰਦੀ ਲਗਾ ਦਿੱਤੀ ਹੈ। ਇਹ ਘਟਨਾ ਕੌਮੀ ਅਜ਼ਾਦੀ ਲਈ ਲੜ ਰਹੇ ਸਿੱਖਾਂ ਲਈ ਖ਼ਤਰੇ ਦੀ ਘੰਟੀ ਹੈ।

ਭਾਰਤੀ ਰਾਜ ਅਤੇ ਸਨਾਤਨੀ ਤਾਕਤਾਂ, ਸਿੱਖਾਂ ਦੀ ਕੌਮੀ ਚੇਤਨਾ ਪੈਦਾ ਕਰਨ ਵਾਲੇ ਹਰੇਕ ਸਰੋਤ ਉੱਤੇ ਕਬਜ਼ਾ ਕਰਨ ਜਾਂ ਇਨ੍ਹਾਂ ਨੂੰ ਤੋੜ ਭੰਨ ਦੇਣ ਦੀ ਨੀਤੀ ’ਤੇ ਚੱਲ ਰਹੀਆਂ ਹਨ। ਇਸ ਨੀਤੀ ਵਿੱਚ ਗੁਰਦੁਆਰੇ ਦੀ ਸਪੇਸ ਬਹੁਤ ਮਹੱਤਵਪੂਰਨ ਹੈ। ਇੱਥੋਂ ਹੀ ਕੌਮੀ ਸਿੱਖ ਚੇਤਨਾ ਗੁਰਮਤਿ ਅਤੇ ਸਿੱਖੀ ਨਾਲ ਜੁੜ ਕੇ, ਖ਼ਾਲਸਾਈ ਪਛਾਣ ਦਾ ਰੂਪ ਧਾਰਦੀ ਹੈ। ਭਾਰਤੀ ਰਾਜ ਅਤੇ ਸਨਾਤਨੀ ਤਾਕਤਾਂ ਦੀ ਸੂਖਮ ਨੀਤੀ, ਖ਼ਾਲਸਾ ਪਛਾਣ ਨੂੰ ਗੁਰਮਤਿ ਅਤੇ ਸਿੱਖੀ ਤੋਂ ਤੋੜ ਕੇ ਇਸ ਨੂੰ ਅੰਗਰੇਜ਼ਾਂ ਦੀ ਪੈਦਾਵਾਰ, ਸੰਪਰਦਾਇਕਤਾ ਅਤੇ ਸੌੜਾ ਕੌਮਵਾਦ ਸਾਬਤ ਕਰਨ ਵੱਲ ਸੇਧਿਤ ਹੈ। ਇਹ ਸਿੱਖ ਕੌਮ ਉੱਤੇ ਰਾਜਸੀ ਤਾਕਤ ਦੀ ਵਰਤੋਂ ਰਾਹੀਂ ਦਾਬਾ ਪਾਉਣ ਦਾ ਵਰਤਾਰਾ ਜਾਂ ਪ੍ਰਯੋਗ ਹੈ। ਇਸ ਸੂਖਮ ਵਰਤਾਰੇ ਨੂੰ ਮਨੁੱਖੀ ਭਾਈਚਾਰਿਆਂ ਵੱਲੋਂ ਇੱਕ ਦੂਜੇ ਉੱਪਰ ਦਾਬਾ ਪਾਉਣ ਲਈ ਰਾਜਸੀ ਤਾਕਤ ਦੀ ਵਰਤੋਂ ਦੇ ਸਿਧਾਂਤ ਰਾਹੀਂ ਸਮਝਿਆ ਜਾ ਸਕਦਾ ਹੈ। ਰਾਜਨੀਤਕ ਤਾਕਤ ਦੇ ਸੰਕਲਪ ਅਨੁਸਾਰ, ਤਾਕਤ ਤੋਂ ਭਾਵ ਇੱਕ ਅਜਿਹੇ ਸਬੰਧ ਤੋਂ ਹੈ ਜੋ ਇੱਕ ਭਾਈਚਾਰੇ ਵੱਲੋਂ, ਦੂਜੇ ਭਾਈਚਾਰੇ ਦੇ ਵਿਹਾਰ ਵਿੱਚ ਬਦਲਾਅ ਨਾਲ ਜੁੜਿਆ ਹੋਇਆ ਹੈ। ਇਨ੍ਹਾਂ ਵਿਹਾਰਕ ਬਦਲਾਵਾਂ ਵਿੱਚ ਮਨੁੱਖਾਂ ਦੇ ਵਿਸ਼ਵਾਸ, ਮਾਨਤਾਵਾਂ, ਵਿਚਾਰਾਂ, ਉਮੀਦਾਂ, ਭਾਵਨਾਵਾਂ ਅਤੇ ਕੋਈ ਸਰਗਰਮੀ ਕਰਨ ਦੀ ਸੋਚ ਸਭ ਕੁਝ ਸ਼ਾਮਲ ਹੈ। ਇਸ ਤੋਂ ਭਾਵ ਕਿ ਇੱਕ ਤਾਕਤਵਰ ਭਾਈਚਾਰਾ ਦੂਜੇ ਕਮਜ਼ੋਰ ਭਾਈਚਾਰੇ ਜਾਂ ਭਾਈਚਾਰਿਆਂ ਦੀਆਂ ਨੀਤੀਆਂ ਨੂੰ ਕਾਬੂ ਕਰਕੇ ਉਨ੍ਹਾਂ ਨੂੰ ਅਜਿਹਾ ਵਿਹਾਰ ਕਰਨ ਲਈ ਮਜਬੂਰ ਕਰਦਾ ਹੈ ਜਿਹੜਾ ਕਿ ਉਹ ਨਹੀਂ ਕਰਨਾ ਚਾਹੁੰਦੇ। ਤਾਕਤਵਰ ਭਾਈਚਾਰਾ, ਆਪਣੇ ਅਧੀਨ ਭਾਈਚਾਰੇ ਜਾਂ ਭਾਈਚਾਰਿਆਂ ਦੀਆਂ ਸੋਚਾਂ ਅਤੇ ਇੱਛਾਵਾਂ ਨੂੰ ਕਾਬੂ ਕਰਕੇ ਵੀ ਇਨ੍ਹਾਂ ਦੇ ਵਿਹਾਰ ਨੂੰ ਬਦਲ ਦਿੰਦਾ ਹੈ। ਤਾਕਤਵਰ ਭਾਈਚਾਰੇ ਵੱਲੋਂ ਆਪਣੇ ਅਧੀਨ ਭਾਈਚਾਰੇ ਦੀਆਂ ਸੋਚਾਂ, ਇੱਛਾਵਾਂ, ਵਿਸ਼ਵਾਸਾਂ ਅਤੇ ਜ਼ਰੂਰਤਾਂ ਨੂੰ ਇੱਕ ਖਾਸ ਦਿਸ਼ਾ ਅਤੇ ਰੂਪਾਂ ਵਿੱਚ ਢਾਲ ਕੇ ਆਪਣਾ ਦਾਬਾ ਰੱਖਣ ਦੀ ਵਿਧੀ ਨੂੰ ਤਾਕਤ ਦੀ ਮਨੋਵਿਗਿਆਨਕ ਵਿਧੀ ਕਿਹਾ ਜਾਂਦਾ ਹੈ। ਤਾਕਤ ਦੀ ਮਨੋਵਿਗਿਆਨਕ ਵਿਧੀ ਤਾਕਤ ਵਰਤਣ ਦੀ ਸਭ ਤੋਂ ਉੱਤਮ ਅਤੇ ਸੂਖਮ ਤਕਨੀਕ ਹੈ। ਇਸ ਤਾਕਤ ਦੀ ਵਰਤੋਂ ਰਾਹੀਂ ਤਾਕਤਵਰ ਭਾਈਚਾਰਾ ਆਪਣੇ ਅਧੀਨ ਭਾਈਚਾਰੇ ਦੀ ਵਿਸ਼ਵਾਸ ਪ੍ਰਣਾਲੀ ਨੂੰ ਕਾਬੂ ਕਰ ਲੈਂਦਾ ਹੈ ਅਤੇ ਅਧੀਨ ਭਾਈਚਾਰੇ ਦੇ ਲੋਕ ਤਾਕਤਵਰ ਭਾਈਚਾਰੇ ਦੀ ਇੱਛਾ ਦਾ ਪਾਲਣ ਕਰਨ ਲੱਗਦੇ ਹਨ।

ਮਨੋਸਮਾਜਕ ਦਾਬੇ ਦੀਆਂ ਵਿਧੀਆਂ ਦੀ ਵਰਤੋਂ ਕਰਨ ਵਾਲੇ ਤਾਕਤਵਰ ਭਾਈਚਾਰੇ ਵੱਲੋਂ ਅਧੀਨ ਭਾਈਚਾਰੇ ਨੂੰ ਕਾਬੂ ਹੇਠ ਰੱਖਣ ਲਈ ਫ਼ੌਜੀ ਤਾਕਤ ਵਰਤਣ ਦੀ ਲੋੜ ਘੱਟ ਹੀ ਪੈਂਦੀ ਹੈ। ਇਸ ਤਰ੍ਹਾਂ ਦੇ ਦਾਬੇ ਹੇਠ ਆਏ ਲੋਕ, ਤਾਕਤਵਰ ਭਾਈਚਾਰੇ ਦੀ ਵਿਚਾਰਧਾਰਾ ਅਤੇ ਵਿਸ਼ਵਾਸ ਪ੍ਰਣਾਲੀ ਨੂੰ ਸਹਿਜ ਰੂਪ ਵਿੱਚ ਹੀ ਪ੍ਰਵਾਨ ਕਰ ਲੈਂਦੇ ਹਨ। ਮਨੋਸਮਾਜਕ ਦਾਬਾ ਉਸ ਸਮੇਂ ਅੱਤ ਖਤਰਨਾਕ ਰੂਪ ਧਾਰਦਾ ਹੈ ਜਦੋਂ ਗੁਲਾਮ ਭਾਈਚਾਰੇ ਦੇ ਲੋਕ ਆਪਣੀ ਨਿੱਜ ਅਤੇ ਭਾਈਚਾਰਕ ਵਿਸ਼ਵਾਸ ਪ੍ਰਣਾਲੀ ਨੂੰ ਖੁਦ ਹੀ ਛੱਡਣ ਲੱਗਦੇ ਹਨ। ਇਸ ਹਾਲਤ ਵਿੱਚ ਤਾਕਤਵਰ ਭਾਈਚਾਰਾ, ਸੋਚ ਕਾਬੂ ਕਰਨ ਵਾਲੀ ਇਸ ਵਿਧੀ ਹੇਠ ਆਏ ਅਧੀਨ ਭਾਈਚਾਰੇ ਦੀ ਕੌਮੀ ਪਛਾਣ ਸਿਰਜਣ ਵਾਲੇ ਹਰੇਕ ਸਰੋਤ, ਜਿਵੇਂ ਧਾਰਮਿਕ ਸੰਸਥਾਵਾਂ, ਨਾਇਕ, ਪਵਿੱਤਰ ਥਾਂਵਾਂ, ਰੀਤੀ ਰਿਵਾਜਾਂ, ਪਰੰਪਰਾਵਾਂ, ਧਾਰਮਿਕ ਗਰੰਥਾਂ, ਸਾਹਿਤ ਅਤੇ ਕੌਮੀ ਚਿੰਨ੍ਹਾਂ ਨੂੰ ਬਰਬਾਦ ਕਰ ਦਿੰਦਾ ਹੈ।

ਸਨਾਤਨ ਹਿੰਦੂ ਪ੍ਰਬੰਧ ਅਤੇ ਭਾਰਤੀ ਰਾਜ ਵੱਲੋਂ ਸੋਚ ਕਾਬੂ ਕਰਨ ਵਾਲੀ, ਮਨੋਸਮਾਜਕ ਵਿਧੀ ਦੀ ਵਰਤੋਂ ਸਿੱਖਾਂ ਉੱਤੇ ਲਗਾਤਾਰ ਕੀਤੀ ਜਾ ਰਹੀ ਹੈ। ਖਾੜਕੂ ਲਹਿਰ ਦੇ ਖ਼ਾਤਮੇ ਤੋਂ 30 ਸਾਲਾਂ ਬਾਅਦ ਤੱਕ ਵੀ ਭਾਰਤੀ ਰਾਜ, ਕੌਮਵਾਦੀ ਸਿੱਖਾਂ ਅਤੇ ਕੌਮਵਾਦੀ ਚੇਤਨਾ ਨੂੰ ਆਪਣੇ ਸਾਰੇ ਫ਼ੌਜੀ, ਕਾਨੂੰਨੀ ਅਤੇ ਪਾਰਲੀਮੈਂਟਰੀ ਸਾਧਨਾਂ ਦੀ ਵਰਤੋਂ ਕਰਕੇ ਵੀ ਖਤਮ ਨਹੀਂ ਕਰ ਸਕਿਆ। ਭਾਰਤੀ ਰਾਜ ਆਪਣੇ ਸਾਰੇ ਢਾਂਚਾਗਤ ਸਾਧਨਾਂ ਦੀ ਵਰਤੋਂ ਕਰਕੇ, ਕੌਮਵਾਦੀ ਸਿੱਖਾਂ ਦੇ ਮਨੋਬਲ, ਖ਼ਾਲਸਾਈ ਪਛਾਣ, ਕੌਮਵਾਦੀ ਏਕੇ ਅਤੇ ਭਾਰਤੀ ਦਾਬੇ ਨੂੰ ਨਾ ਮੰਨਣ ਦੀ ਕੌਮੀ ਸਿੱਖ ਮਨੋ ਅਵਸਥਾ ਨੂੰ ਕਮਜ਼ੋਰ ਨਹੀਂ ਕਰ ਸਕਿਆ। ਭਾਰਤੀ ਰਾਜ ਸਾਰੇ ਮਨੋਵਿਗਿਆਨਕ ਸਾਧਨਾਂ ਦੀ ਵਰਤੋਂ ਕਰਕੇ ਵੀ ਕੌਮਵਾਦੀ ਸਿੱਖਾਂ ਵਿੱਚੋਂ, ਭਾਰਤੀ ਜਾਂ ਸਨਾਤਨੀ ਦਾਬੇ ਜਾਂ ਗੁਲਾਮੀ ਨੂੰ ਸਹਿਜ ਮਾਨਤਾ ਨਹੀਂ ਦਿਵਾ ਸਕਿਆ।

ਕੌਮਵਾਦੀ ਸਿੱਖਾਂ ਨੂੰ ਸਮਝਣਾ ਪਵੇਗਾ ਕਿ ਉਹ ਭਾਰਤੀ ਰਾਜ ਅਤੇ ਸਨਾਤਨੀ ਹਿੰਦੂ ਪ੍ਰਬੰਧ ਨਾਲ ਵਿਚਾਰਧਾਰਕ ਜੰਗ ਦੇ ਨਵੇਂ ਦੌਰ ਵਿੱਚ ਦਾਖਲ ਹੋ ਰਹੇ ਹਨ। ਸਿੱਖਾਂ ਦੀ ਸਨਾਤਨੀ ਤਾਕਤਾਂ ਖ਼ਿਲਾਫ਼ ਵਿਚਾਰਧਾਰਕ ਜੰਗ, ਦੂਜੇ ਭਾਈਚਾਰਿਆਂ ਵਾਂਗ, ਵੱਧ ਅਧਿਕਾਰਾਂ ਜਾਂ ਫ਼ੈਡਰਲ ਸੰਬੰਧਾਂ ਵਿੱਚ ਸੁਧਾਰਾਂ ਤੱਕ ਸੀਮਤ ਨਹੀਂ ਹੈ। ਇਸ ਦਾ ਅਸਲ ਖਾਸਾ, ਭਾਰਤੀ ਹਿੰਦੂ ਸੱਭਿਅਤਾ ਨਾਲ ਵਿਚਾਰਧਾਰਕ ਵਿਰੋਧ ਵਿੱਚ ਨਿਹਿਤ ਹੈ।

ਇਸ ਸੰਘਰਸ਼ ਵਿੱਚ ਸਾਨੂੰ ਖ਼ੂਨ ਦੇ ਰਿਸ਼ਤਿਆਂ ਅਤੇ ਜੀਨਾਂ ਦੀ ਸਮਾਨਤਾ ਤੋਂ ਉੱਪਰ ਉੱਠ ਕੇ, ਪ੍ਰਾਚੀਨ ਪੰਜਾਬ ਦੇ ਨਾਂਗੇ ਅਤੇ ਦਾਸ ਕਹਾਉਂਦੇ ਹੜੱਪਾ ਸ਼ਰਨਾਰਥੀਆਂ ਨਾਲ ਰਿਸ਼ਤਾ ਗੰਢਣਾ ਪਵੇਗਾ। ਸਾਨੂੰ ਆਪਣੀ ਗੁਰਮੁਖੀ ਲਿਪੀ ਦੀਆਂ ਜੜ੍ਹਾਂ ਸੰਸਕ੍ਰਿਤ ਨਾਲੋਂ ਤੋੜਨੀਆਂ ਪੈਣਗੀਆਂ।

ਸਨਾਤਨੀ ਤਾਕਤਾਂ ਨਾਲ ਸਾਡੇ ਸੰਘਰਸ਼ ਨੂੰ, ਭਾਰਤੀ ਸੱਭਿਅਤਾ ਦੀ ਪਛਾਣ ਨਾਲ ਕੇਂਦਰੀ ਵਿਰੋਧ ਵੱਜੋਂ ਕੌਮਾਂਤਰੀ ਮਾਨਤਾ ਦਿਵਾਉਣੀ ਪਵੇਗੀ। ਇੱਥੇ ਇਹ ਤੱਥ ਮਹੱਤਵਪੂਰਨ ਹੈ ਕਿ ਏਸ਼ੀਆ ਵਿੱਚ, ਇੱਕ ਅਸਲ ਲੋਕਤੰਤਰ ਲੱਭਣ ਦੀ ਪੱਛਮ ਦੀ ਇੱਛਾ ਹੁਣ ਮੱਧਮ ਪੈ ਰਹੀ ਹੈ।

ਸਿੱਖ ਸੰਘਰਸ਼ ਦੀਆਂ ਭਾਰਤਵਾਦੀ ਵਿਆਖਿਆਵਾਂ ਨੂੰ ਰੱਦ ਕਰਵਾਉਣ ਦਾ ਉਚਿਤ ਮੌਕਾ ਹੁਣ ਆਣ ਪਹੁੰਚਿਆ ਹੈ। ਸਾਡੇ ਲਈ ਇਹ ਸਾਬਤ

ਕਰਨ ਦਾ ਹੁਣ ਅਹਿਮ ਮੌਕਾ ਹੈ ਕਿ, ਸਿੱਖ ਸੰਘਰਸ਼ ਕੋਈ ਸੌੜਾ ਨੈਸ਼ਨਲਿਜ਼ਮ ਨਹੀਂ ਹੈ ਸਗੋਂ ਇਸ ਦਾ ਸਬੰਧ ਜੈਨੀਆਂ, ਬੋਧੀਆਂ ਅਤੇ ਮੁਸਲਮਾਨਾਂ ਦੀ ਹੋਣੀ ਨਾਲ ਸਿੱਧਾ ਜੁੜਿਆ ਹੋਇਆ ਹੈ। ਇਤਿਹਾਸਕਾਰੀ ਅਤੇ ਬਿਰਤਾਂਤ ਸਿਰਜਣ ਦੇ ਇਸ ਪੱਧਰ ਤੱਕ ਪਹੁੰਚਣਾ, ਸਿੱਖ ਕੌਮ ਲਈ ਵੱਡੀ ਚੁਣੌਤੀ ਹੈ, ਵਰਤਮਾਨ ਸਮੇਂ ਦੀ। ਸੈਨ ਹੋਜੇ ਗੁਰਦੁਆਰਾ ਕਮੇਟੀ ਦਾ ਫ਼ੁਰਮਾਨ, ਸਿੱਖ ਕੌਮੀ ਚੇਤਨਾ ਅੱਗੇ ਆਉਣ ਵਾਲੀਆਂ, ਕੁਝ ਭਵਿੱਖਮੁਖੀ ਚੁਣੌਤੀਆਂ ਦੀ ਸੂਹ ਵੀ ਦਿੰਦਾ ਹੈ।

ਇਹ ਫ਼ੁਰਮਾਨ, ਸਿੱਖ ਪਰੰਪਰਾਵਾਂ, ਸਿੱਖ ਵਿਚਾਰਧਾਰਕ ਹਿੱਤਾਂ ਅਤੇ ਸਿੱਖ ਆਦਰਸ਼ਾਂ ਵਿੱਚ ਪਾਏ ਜਾਣ ਵਾਲੇ ਭਵਿੱਖਮੁਖੀ ਵਿਗਾੜਾਂ ਦੀ ਜਾਣਕਾਰੀ ਵੀ ਦਿੰਦਾ ਹੈ। ਸ਼ਬਦਾਂ ਹੇਠ ਲੁਕੀ ਹੋਈ ਇਸ ਬੁਝਾਰਤ ਨੂੰ ਬੁਝਣਾ ਜ਼ਰੂਰੀ ਹੈ। ਕੌਮਵਾਦ ਨਾਲ ਸਬੰਧਿਤ ਕੁਝ ਸੰਕਲਪ ਇਸ ਬੁਝਾਰਤ ਦੀ ਗੁੰਝਲ ਨੂੰ ਕੁਝ ਅਸਾਨ ਬਣਾ ਦਿੰਦੇ ਹਨ। ਜਿਸ ਤਰ੍ਹਾਂ ਕੌਮਵਾਦੀ ਚੇਤਨਾ ਕਿਸੇ ਭਾਈਚਾਰੇ ਜਾਂ ਕੌਮ ਦੀ ਵੱਖਰੀ ਪਛਾਣ ਦਾ ਤਾਕਤਵਰ ਸਰੋਤ ਹੁੰਦੀ ਹੈ। ਕਿਸੇ ਭਾਈਚਾਰੇ ਅਤੇ ਕੌਮ ਦੇ ਰਾਜਸੀ, ਸਮਾਜਿਕ ਅਤੇ ਮਾਨਸਿਕ ਪ੍ਰਗਟਾਵੇ, ਕੌਮੀ ਚੇਤਨਾ ਵਿੱਚੋਂ ਹੀ ਝਲਕਦੇ ਹਨ। ਕੌਮੀ ਭਾਵਨਾਵਾਂ, ਕੌਮ ਨਾਲ ਲਗਾਅ ਦਾ ਸਮੂਹਕ ਅਹਿਸਾਸ, ਕੌਮੀ ਚੇਤਨਾ ਦੇ ਅਜਿਹੇ ਤੱਤ ਹੁੰਦੇ ਹਨ, ਜੋ ਕੌਮੀ ਭਾਈਚਾਰੇ ਦੇ ਸਮੂਹਕ ਏਕੇ ਨੂੰ ਅਜਿਹਾ ਰੂਪ ਦਿੰਦੇ ਹਨ ਜਿਸ ਵਿੱਚ ਭਾਈਚਾਰੇ ਦੇ ਲੋਕਾਂ ਅਤੇ ਇਸ ਦੇ ਉਦੇਸ਼ਾਂ ਵਿਚਕਾਰ ਡੂੰਘਾ ਸਬੰਧ ਕਾਇਮ ਹੋ ਜਾਂਦਾ ਹੈ। ਇਸ ਹਾਲਤ ਵਿੱਚ ਲੋਕਾਂ ਦੀਆਂ ਅਚੇਤਨ ਮਨੋ-ਤਾਕਤਾਂ ਤੋਂ ਲੈਕੇ ਵਿਚਾਰਧਾਰਕ ਵਖਰੇਵੇਂ ਕੌਮੀ ਉਦੇਸ਼ਾਂ ਨਾਲ ਇੱਕਮਿੱਕ ਹੋ ਜਾਂਦੇ ਹਨ। ਕੌਮੀ ਉਦੇਸ਼, ਕੌਮੀ ਪਰੰਪਰਾਵਾਂ, ਹਿੱਤਾਂ ਅਤੇ ਆਦਰਸ਼ਾਂ ਨਾਲ ਜੁੜ ਜਾਂਦੇ ਹਨ। ਪਰੰਪਰਾਵਾਂ ਭਾਈਚਾਰੇ ਨੂੰ ਸਾਂਝੀ ਬੋਲੀ ਅਤੇ ਕਦਰਾਂ-ਕੀਮਤਾਂ ਨਾਲ ਜੋੜੀ ਰੱਖਦੀਆਂ ਹਨ। ਇਨ੍ਹਾਂ ਦੇ ਅਧਾਰ ’ਤੇ ਭਾਈਚਾਰਿਆਂ ਦੇ ਲੋਕ ਖਾਸ ਤਰ੍ਹਾਂ ਦੇ ਵਿਹਾਰ ਕਰਦੇ ਹਨ। ਕੌਮੀ ਹਿੱਤ ਆਮ ਤੌਰ ’ਤੇ ਕੌਮੀ ਵਿਚਾਰਧਾਰਾਵਾਂ ਨਾਲ ਜੁੜੇ ਹੁੰਦੇ ਹਨ। ਕੌਮੀ ਆਦਰਸ਼ ਕੌਮੀ ਭਾਈਚਾਰਿਆਂ ਦੀ ਹੋਂਦ ਅਤੇ ਬਿਹਤਰ ਹਾਲਤਾਂ ਜਿਵੇਂ, ਲੋਕਾਂ ਦੀ ਰੱਖਿਆ, ਸਿਹਤ, ਧੰਨ-ਦੌਲਤ, ਆਰਥਿਕ, ਮਾਨਸਿਕ ਅਤੇ ਸਰੀਰਕ ਬਿਹਤਰੀ ਬਾਰੇ ਭਵਿੱਖਮੁਖੀ ਚੇਤਨਾ ਪੈਦਾ ਕਰਦੇ ਹਨ। ਕੌਮੀ ਪਰੰਪਰਾਵਾਂ, ਕੌਮੀ ਭਾਈਚਾਰਿਆਂ ਨੂੰ ਇਨ੍ਹਾਂ ਦੇ ਭੂਤਕਾਲ, ਕੌਮੀ ਹਿੱਤ ਇਨ੍ਹਾਂ ਦੇ ਵਰਤਮਾਨ ਅਤੇ ਕੌਮੀ ਆਦਰਸ਼ ਕੌਮੀ ਭਾਈਚਾਰਿਆਂ ਨੂੰ ਭਵਿੱਖ ਨਾਲ ਜੋੜਦੇ ਹਨ। ਇਹ ਅਮਲ ਇੱਕ ਅਜਿਹੀ ਕੌਮੀ ਮਾਨਸਿਕਤਾ ਨੂੰ ਜਨਮ ਦਿੰਦਾ ਹੈ ਜੋ ਪਰੰਪਰਾਵਾਂ ਨੂੰ ਧਰਤੀ ਦੇ ਇੱਕ ਖਾਸ ਖ਼ਿੱਤੇ, ਹੋਮਲੈਂਡ ਨੂੰ ਕੌਮੀ ਭਾਈਚਾਰੇ ਦੀ ਭੂਤਕਾਲ ਦੀ ਵਿਰਾਸਤ ਬਣਾ ਦਿੰਦਾ ਹੈ। ਇਹ ਕੌਮੀ ਮਾਨਸਿਕਤਾ, ਹੋਮਲੈਂਡ ਨੂੰ ਕੌਮੀ ਹਿੱਤਾਂ ਨਾਲ ਜੋੜਦੀ ਹੈ। ਇਹੋ ਮਾਨਸਿਕਤਾ ਕੌਮ ਦੇ ਵਰਤਮਾਨ ਸਰੋਤਾਂ ਨੂੰ ਕੌਮੀ ਆਦਰਸ਼ ਦੇ ਭਵਿੱਖਮੁਖੀ ਵਿਕਾਸ ਦਾ ਅਧਾਰ ਵੀ ਬਣਾ ਦਿੰਦੀ ਹੈ।

ਇਹ ਕੌਮੀ ਮਾਨਸਿਕਤਾ ਜਾਂ ਕੌਮੀ ਚੇਤਨਾ, ਕੌਮੀ ਭਾਈਚਾਰਿਆਂ ਦਾ ਖਾਸ ਸੁਭਾਅ ਅਤੇ ਖਾਸ ਇੱਛਾਵਾਂ ਵੀ ਸਿਰਜਦੀ ਹੈ। ਇਸ ਚੇਤਨਾ ਜਾਂ ਮਾਨਸਿਕਤਾ ਨਾਲ ਸਬੰਧਿਤ, ਦਿਸਦੇ ਜਾਂ ਅਣਦਿਸਦੇ ਤੱਤ, ਜਿਵੇਂ ਧਰਮ, ਬੋਲੀ, ਖੇਤਰ, ਇਤਿਹਾਸ, ਸਾਂਝੇ ਵੰਸ਼ ਵਿੱਚ ਵਿਸ਼ਵਾਸ, ਸਾਂਝੇ ਕੌਮੀ ਨਾਮ, ਪਵਿੱਤਰ ਕੌਮੀ ਥਾਂਵਾਂ, ਰਾਜ-ਪਰਿਵਾਰ ਅਤੇ ਮਹਾਨ ਕੌਮੀ ਹਸਤੀਆਂ ਆਦਿ ਹੋਮਲੈਂਡ ਦੇ ਚੇਤਨਾ ਨਾਲ ਜੁੜ ਕੇ, ਇਸ ਨਾਲ ਇੱਕ ਖਾਸ ਲਗਾਅ ਦੀ ਭਾਵਨਾ ਪੈਦਾ ਕਰ ਦਿੰਦੇ ਹਨ।

ਕੌਮੀ ਚੇਤਨਾ ਬਾਰੇ ਉਪਰੋਕਤ ਜਾਣਕਾਰੀ ਤੋਂ ਹੀ ਭਾਰਤੀ ਪ੍ਰਬੰਧ ਦੇ ਸਿੱਖ ਸਰੋਤਾਂ ਉੱਤੇ ਹਮਲੇ ਦੀ ਰਾਜਨੀਤੀ ਨੂੰ ਸਮਝਿਆ ਜਾ ਸਕਦਾ ਹੈ।

ਇਹ ਮਾਮਲਾ ਜਿੱਥੇ ਕੌਮੀ ਚੇਤਨਾ ਅਤੇ ਖ਼ਾਲਸਾਈ ਪਛਾਣ ਦੇ ਸਰੋਤਾਂ ਬਾਰੇ ਸਿੱਖ ਸਮਝ ਵਿੱਚ ਵਿਗਾੜ ਪੈਦਾ ਕਰਨ ਵੱਲ ਸੇਧਤ ਹੈ ਦੂਜੇ ਪਾਸੇ ਇਹ ਪੰਥ ਅਤੇ ਪੰਜਾਬ ਦੇ ਰਿਸ਼ਤੇ ਨੂੰ ਤੋੜ ਦੇਣ ਦੀ ਨੀਤੀ ਵੱਲ ਵੀ ਸੇਧਤ ਹੈ।

ਇਸੇ ਲਈ ਭਾਰਤੀ ਅਫ਼ਸਰਸ਼ਾਹੀ ਅਤੇ ਵਿਦੇਸ਼ਾਂ ਵਿੱਚ ਤਾਇਨਾਤ ਭਾਰਤੀ ਸਫ਼ੀਰ ਗਿਣ-ਮਿਥ ਕੇ ਗੁਰੂ ਘਰਾਂ ਨੂੰ ਆਪਣਾ ਨਿਸ਼ਾਨਾ ਬਣਾ ਰਹੇ ਹਨ। ਉਹ ਪੇਸ਼ ਇਸ ਤਰ੍ਹਾਂ ਕਰਦੇ ਹਨ ਕਿ ਉਹ ਗੁਰੂ ਘਰ ਸਿਰਫ਼ ਸ਼ਰਧਾਲੂਆਂ ਦੇ ਤੌਰ ’ਤੇ ਜਾ ਰਹੇ ਹਨ ਪਰ ਅਸਲ ਨਿਸ਼ਾਨਾ ਉਨ੍ਹਾਂ ਦਾ ਖ਼ਾਲਸਾ ਜੀ ਦੀ ਸ਼ੁੱਧ ਪਛਾਣ ਨੂੰ ਸਿੱਖਾਂ ਦੇ ਹੋਮਲੈਂਡ ਨਾਲੋਂ ਤੋੜ ਕੇ ਭਾਰਤੀ ਹੋਮਲੈਂਡ ਨਾਲ ਜੋੜਨ ਦਾ ਹੈ। ਜਿੱਥੇ ਹਿੰਦੂ ਜਥੇਬੰਦੀ ਆਰ.ਐਸ.ਐਸ. ਸਿੱਖ ਸੰਸਥਾਵਾਂ ਦੇ ਅੰਦਰੂਨੀ ਪ੍ਰਬੰਧ ਵਿੱਚ ਦਖਲ ਦੇ ਕੇ ਸਿੱਖਾਂ ਨੂੰ ਹਿੰਦੂਆਂ ਦਾ ਹੀ ਅੰਗ ਦਰਸਾਉਣ ਉੱਤੇ ਜ਼ੋਰ ਦੇ ਰਹੀ ਹੈ ਉੱਥੇ ਵਿਦੇਸ਼ਾਂ ਵਿੱਚ ਤਾਇਨਾਤ ਭਾਰਤੀ ਅਫ਼ਸਰਸ਼ਾਹੀ ਗੁਰੂ ਘਰਾਂ ਵਿੱਚ ਅਣਲੋੜਾ ਦਖਲ ਦੇ ਕੇ ਸਿੱਖਾਂ ਦੀ ਉਸ ਕੌਮੀ ਚੇਤਨਾ ਨੂੰ ਖਤਮ ਕਰਨ ਦੇ ਯਤਨ ਕਰ ਰਹੇ ਹਨ ਜਿਹੜੀ ਚੇਤਨਾ 1984 ਦੇ ਘੱਲੂਘਾਰੇ ਨੇ ਉਸਾਰ ਦਿੱਤੀ ਹੈ। ਭਾਰਤ ਸਰਕਾਰ ਪਿਛਲੇ 40 ਸਾਲਾਂ ਦੌਰਾਨ ਆਪਣੇ ਲੱਖਾਂ ਯਤਨਾਂ ਦੇ ਬਾਵਜੂਦ ਸਿੱਖਾਂ ਦੀ ਉਸ ਚੇਤਨਾ ਨੂੰ ਖਤਮ ਨਹੀਂ ਕਰ ਸਕੀ ਜਿਹੜੀ ਭਾਰਤ ਨੂੰ ਹੁਣ ਬੇਗਾਨੀ ਧਰਤੀ ਸਮਝਦੀ ਹੈ ਅਤੇ ਪੰਜਾਬ ਨੂੰ ਆਪਣਾ ਹੋਮਲੈਂਡ ਤਸੱਵਰ ਕਰਦੀ ਹੈ। ਇਸੇ ਲਈ ਸਰਕਾਰਾਂ ਦੇ ਅਫ਼ਸਰ ਗੁਰੂ ਘਰਾਂ ਵਿੱਚੋਂ ਉਹ ਸਾਰੀਆਂ ਨਿਸ਼ਾਨੀਆਂ, ਫੋਟੋਆਂ, ਸਾਹਿਤ ਅਤੇ ਲੈਕਚਰ ਆਦਿ ਬੰਦ ਕਰਵਾਉਣ ’ਤੇ ਉਤਾਰੂ ਹਨ ਜਿਹੜੀਆਂ ਨਿਸ਼ਾਨੀਆਂ ਸਿੱਖਾਂ ਨੂੰ ਅਜ਼ਾਦ ਖ਼ਾਲਸਾ ਰਾਜ ਨਾਲ ਜੋੜਦੀਆਂ ਹਨ।

ਵਿਦੇਸ਼ੀ ਗੁਰੂ ਘਰਾਂ ਦੇ ਪ੍ਰਬੰਧਕਾਂ ਨੂੰ ਭਾਰਤ ਸਰਕਾਰ ਦੀ ਇਸ ਕੌਮ ਵਿਰੋਧੀ ਨੀਤੀ ਨੂੰ ਪਛਾਣਨਾ ਚਾਹੀਦਾ ਹੈ ਅਤੇ ਗੁਰੂ ਸਾਹਿਬ ਦੇ ਹੁਕਮਾਂ ਅਨੁਸਾਰ ਆਪਣੀ ਕੌਮ ਨਾਲ ਖੜ੍ਹਨਾ ਚਾਹੀਦਾ ਹੈ। ਇਤਿਹਾਸ ਉਨ੍ਹਾਂ ਸਿੱਖਾਂ ਨੂੰ ਹੀ ਯਾਦ ਕਰੇਗਾ ਜਿਹੜੇ ਬਿਖੜੇ ਸਮੇਂ ਆਪਣੇ ਪੰਥ ਦੇ ਮੋਢੇ ਨਾਲ ਮੋਢਾ ਡਾਹ ਕੇ ਲੜੇ ਸਨ।

# ‘ਇੱਕ ਦੇਸ਼ ਇੱਕ ਚੋਣ’ ਦਾ ਭਰਮਜਾਲ




**ਜਗਦੀਪ ਐੱਸ. ਛੋਕਰ**

ਕੇਂਦਰੀ ਕੈਬਨਿਟ ਨੇ ‘ਇੱਕ ਦੇਸ਼ ਇੱਕ ਚੋਣ’ ਮੁਤੱਲਕ ਰਾਮ ਨਾਥ ਕੋਵਿੰਦ ਕਮੇਟੀ ਦੀ ਰਿਪੋਰਟ ਪ੍ਰਵਾਨ ਕਰ ਲਈ ਹੈ। ਇਸ ਫ਼ੈਸਲੇ ਦਾ ਐਲਾਨ ਕਰਦਿਆਂ ਕੇਂਦਰੀ ਮੰਤਰੀ ਅਸ਼ਵਨੀ ਵੈਸ਼ਨਵ ਨੇ ਕਾਰਜ ਯੋਜਨਾ ਦਾ ਖ਼ਾਕਾ ਵੀ ਪੇਸ਼ ਕੀਤਾ ਹੈ ਜਿਸ ਦੀ ਸ਼ੁਰੂਆਤ ਸੰਵਿਧਾਨਕ ਸੋਧ ਤਿਆਰ ਕਰਨ ਨਾਲ ਕੀਤੀ ਜਾਵੇਗੀ ਅਤੇ ਇਸ ਮੰਤਵ ਲਈ ਬਹੁਤ ਸਾਰੀਆਂ ਧਾਰਾਵਾਂ ਵਿੱਚ ਸੋਧ ਕਰਨੀ ਪਵੇਗੀ। ਇਹ ਕਾਫ਼ੀ ਉਤਸ਼ਾਹੀ ਅਤੇ ਜਟਿਲ ਬਿਲ ਹੋਵੇਗਾ ਜਿਸ ਨੂੰ ਪਹਿਲਾਂ ਪਾਰਲੀਮੈਂਟ ਵਿੱਚ ਪੇਸ਼ ਕੀਤਾ ਜਾਵੇਗਾ। ਉੱਥੇ ਇਸ ’ਤੇ ਬਹਿਸ ਅਤੇ ਮਤਦਾਨ ਦੌਰਾਨ ਘੱਟੋ-ਘੱਟ ਦੋ ਤਿਹਾਈ ਮੈਂਬਰਾਂ ਦੀ ਹਾਜ਼ਰੀ ਜ਼ਰੂਰੀ ਹੋਵੇਗੀ ਅਤੇ ਸੰਸਦ ਦੇ ਦੋਵੇਂ ਸਦਨਾਂ ਵਿੱਚ ਇਸ ਨੂੰ ਵਿਸ਼ੇਸ਼ ਬਹੁਮਤ (50 ਫ਼ੀਸਦੀ ਤੋਂ ਵੱਧ) ਨਾਲ ਪਾਸ ਕਰਨਾ ਜ਼ਰੂਰੀ ਹੋਵੇਗਾ।

ਜਦੋਂ ਇਸ ਬਿਲ ਨੂੰ ਪਾਰਲੀਮੈਂਟ ਵੱਲੋਂ ਪਾਸ ਕਰ ਦਿੱਤਾ ਜਾਵੇਗਾ ਤਾਂ ਰਾਜਾਂ ਦੀਆਂ ਘੱਟੋ-ਘੱਟ ਅੱਧੀਆਂ ਵਿਧਾਨ ਸਭਾਵਾਂ ਵੱਲੋਂ ਸਾਧਾਰਨ ਬਹੁਮਤ ਨਾਲ ਇਸ ਬਿਲ ਦੀ ਪ੍ਰੋੜਤਾ ਕਰਨੀ ਜ਼ਰੂਰੀ ਹੋਵੇਗੀ ਜਿਸ ਦਾ ਭਾਵ ਹੋਵੇਗਾ ਕਿ ਸਦਨ ਵਿੱਚ ਮਤਦਾਨ ਸਮੇਂ ਹਾਜ਼ਰ ਮੈਂਬਰਾਂ ’ਚੋਂ ਬਹੁਮਤ ਨਾਲ ਪਾਸ ਕਰਨਾ। ਅਜਿਹਾ ਹੋਣਾ ਜ਼ਰੂਰੀ ਹੈ ਕਿਉਂਕਿ ਇਸ ਤਹਿਤ ਸੰਵਿਧਾਨ ਦੀਆਂ ਕੁਝ ਬੁਨਿਆਦੀ ਮੱਦਾਂ ਵਿੱਚ ਸੋਧ ਕੀਤੀ ਜਾਣੀ ਹੈ। ਜਦੋਂ ਇਹ ਸਭ ਕੁਝ ਹੋ ਹਟੇਗਾ ਤਾਂ ਬਿਲ ਨੂੰ ਰਾਸ਼ਟਰਪਤੀ ਦੀ ਮਨਜ਼ੂਰੀ ਲਈ ਭੇਜਿਆ ਜਾਵੇਗਾ। ਇਸ ਸਮੁੱਚੇ ਕੰਮ ਲਈ ਕਿੰਨਾ ਕੁ ਸਮਾਂ ਲੱਗੇਗਾ, ਇਸ ਬਾਰੇ ਕੋਈ ਵੀ ਅੰਦਾਜ਼ਾ ਲਾ ਸਕਦਾ ਹੈ। ਇਸ ਮਾਮਲੇ ਤੋਂ ਔਰਤਾਂ ਦੇ ਰਾਖਵਾਂਕਰਨ ਐਕਟ ਦੀ ਯਾਦ ਆ ਗਈ ਹੈ ਜਿਸ ਨੂੰ ਨਾਰੀ ਸ਼ਕਤੀ ਵੰਦਨ ਅਧਿਨਿਯਮ ਦਾ ਨਾਂ ਦਿੱਤਾ ਗਿਆ ਸੀ। ਇਸ ਸਬੰਧ ਵਿੱਚ 128ਵੀਂ ਸੰਵਿਧਾਨਕ ਸੋਧ ਬਿਲ ਪਾਸ ਕੀਤਾ ਗਿਆ ਸੀ ਜਿਸ ਤਹਿਤ ਲੋਕ ਸਭਾ ਅਤੇ ਸੂਬਾਈ ਵਿਧਾਨ ਸਭਾਵਾਂ ਵਿਚ ਔਰਤਾਂ ਲਈ ਇੱਕ ਤਿਹਾਈ ਸੀਟਾਂ ਰਾਖਵੀਂਆਂ ਕਰਨ ਦੀ ਯੋਜਨਾ ਹੈ। ਇਸ ਬਿਲ ਨੂੰ 29 ਸਤੰਬਰ 2023 ਨੂੰ ਰਾਸ਼ਟਰਪਤੀ ਦੀ ਮਨਜ਼ੂਰੀ ਮਿਲ ਗਈ ਸੀ।

ਬਿਲ ਪਾਸ ਹੋਣ ਸਮੇਂ ਮਨਾਏ ਜਾ ਰਹੇ ਜਸ਼ਨ ਦੌਰਾਨ ਬਹੁਤ ਸਾਰੇ ਲੋਕਾਂ ਨੂੰ ਜਾਪਿਆ ਸੀ ਕਿ 2024 ਦੀਆਂ ਆਮ ਚੋਣਾਂ ’ਚ ਲੋਕ ਸਭਾ ਵਿੱਚ ਔਰਤਾਂ ਲਈ 33 ਫ਼ੀਸਦੀ ਰਾਖ਼ਵਾਂਕਰਨ ਵੀ ਮਿਲ ਜਾਵੇਗਾ। ਉਂਝ, ਜਦੋਂ ਅਜਿਹਾ ਕੁਝ ਵੀ ਨਾ ਹੋਇਆ ਤਾਂ ਬਿਲ ਦਾ ਤਫ਼ਸੀਲੀ ਰੂਪ ਵਾਚਣਾ ਪਿਆ ਜਿਸ ਤੋਂ ਪਤਾ ਲੱਗਿਆ ਕਿ ਇਹ ਕਾਨੂੰਨ ਅਗਲੀ ਹੱਦਬੰਦੀ ਕਵਾਇਦ ਮੁਕੰਮਲ ਹੋਣ ਤੋਂ ਬਾਅਦ ਹੀ ਲਾਗੂ ਹੋ ਸਕੇਗਾ ਅਤੇ ਹੱਦਬੰਦੀ ਲਈ ਪਹਿਲਾਂ ਮਰਦਮਸ਼ੁਮਾਰੀ ਕਰਾਉਣੀ ਜ਼ਰੂਰੀ ਹੋਵੇਗੀ। 2021 ਵਿੱਚ ਹੋਣ ਵਾਲੀ ਮਰਦਮਸ਼ੁਮਾਰੀ ਅਜੇ ਤੱਕ ਨਹੀਂ ਕਰਵਾਈ ਗਈ ਜਿਸ ਕਰ ਕੇ ਔਰਤਾਂ ਲਈ ਰਾਖਵਾਂਕਰਨ ਦਾ ਕਾਨੂੰਨ ਕਦੋਂ ਲਾਗੂ ਹੋਵੇਗਾ, ਇਸ ਬਾਰੇ ਫਿਲਹਾਲ ਕੋਈ ਨਹੀਂ ਜਾਣਦਾ।

ਇਸ ਲਿਹਾਜ਼ ਤੋਂ ਇੱਕੋ ਸਮੇਂ ਸਾਰੀਆਂ ਚੋਣਾਂ ਕਰਾਉਣ ਦੀ ਤਜਵੀਜ਼ ਦੀ ਹੋਣੀ ਵੀ ਬਹੁਤੀ ਵੱਖਰੀ ਨਹੀਂ ਹੋਵੇਗੀ। ਰਿਪੋਰਟਾਂ ਆਈਆਂ ਸਨ ਕਿ ਐੱਲ.ਕੇ. ਅਡਵਾਨੀ ਨੇ ਆਪਣੇ ਮਈ 2010 ਦੇ ਬਲੌਗ ਵਿੱਚ ਇਸ ਦਾ ਜ਼ਿਕਰ ਕੀਤਾ ਸੀ ਕਿ ਚੋਣਾਂ ਇੱਕੋ ਸਮੇਂ ਕਰਵਾਈਆਂ ਜਾਣੀਆਂ ਚਾਹੀਦੀਆਂ ਹਨ। 2014 ਦੀਆਂ ਲੋਕ ਸਭਾ ਚੋਣਾਂ ਵੇਲੇ ਇਹ ਮੁੱਦਾ ਭਾਜਪਾ ਦੇ ਚੋਣ ਮਨੋਰਥ ਪੱਤਰ ਵਿੱਚ ਸ਼ਾਮਿਲ ਕੀਤਾ ਗਿਆ ਸੀ। 2015 ਤੋਂ 2018 ਤੱਕ ਇਸ ਪ੍ਰਸਤਾਵ ਨੂੰ ਲੈ ਕੇ ਕਾਫ਼ੀ ਭੱਜ-ਨੱਠ ਕੀਤੀ ਗਈ ਪਰ ਫਿਰ ਇਸ ਮੁੱਦੇ ਨੂੰ ਠੰਢੇ ਬਸਤੇ ਵਿੱਚ ਪਾ ਦਿੱਤਾ ਗਿਆ। ਫਿਰ ਜਦੋਂ 2024 ਦੀਆਂ ਆਮ ਚੋਣਾਂ ਨੇੜੇ ਆ ਗਈਆਂ ਤਾਂ ਯਕਦਮ 2 ਸਤੰਬਰ 2023 ਨੂੰ ਕੋਵਿੰਦ ਕਮੇਟੀ ਬਣਾ ਦਿੱਤੀ ਗਈ। ਇਹ ਵੀ ਕਮਾਲ ਦੀ ਗੱਲ ਸੀ ਕਿ ਜ਼ਾਹਿਰਾ ਤੌਰ ’ਤੇ ਸਿਆਸੀ ਮਨੋਰਥ ਵਾਲੀ ਕਿਸੇ ਕਮੇਟੀ ਦੀ ਪ੍ਰਧਾਨਗੀ ਇੱਕ ਸਾਬਕਾ ਰਾਸ਼ਟਰਪਤੀ ਕਰ ਰਹੇ ਸਨ। ਕਮੇਟੀ ਨੇ 14 ਮਾਰਚ 2024 ਨੂੰ ਆਪਣੀ ਰਿਪੋਰਟ ਸੌਂਪ ਦਿੱਤੀ ਅਤੇ ਲੰਘੀ 18 ਸਤੰਬਰ ਨੂੰ ਕੈਬਨਿਟ ਨੇ ਇਸ ਨੂੰ ਪ੍ਰਵਾਨ ਕਰ ਲਿਆ।

ਇਕੱਠੀਆਂ ਚੋਣਾਂ ਕਰਾਉਣ ਦੇ ਤਿੰਨ ਮੁੱਖ ਕਾਰਨ ਗਿਣਾਏ ਗਏ ਹਨ: ਵਾਰ-ਵਾਰ ਚੋਣਾਂ ਕਰਾਉਣ ਨਾਲ ਹੋਣ ਵਾਲਾ ਖਰਚਾ, ਆਦਰਸ਼ ਚੋਣ ਜ਼ਾਬਤਾ ਲਾਗੂ ਹੋਣ ਕਾਰਨ ਵਿਕਾਸ ਕਾਰਜਾਂ ਦੀ ਮੁਅੱਤਲੀ ਅਤੇ ਚੋਣ ਪ੍ਰਚਾਰ ਵਿੱਚ ਮੰਤਰੀਆਂ ਦੀ ਸ਼ਮੂਲੀਅਤ ਹੋਣ ਕਾਰਨ ਸ਼ਾਸਨ ਦੀ ਅਣਦੇਖੀ। ਇਹ ਦਲੀਲ ਪੂਰੀ ਤਰ੍ਹਾਂ ਲੋਕਰਾਜ ਵਿਰੋਧੀ ਹੈ ਕਿ ਇਕੱਠੀਆਂ ਚੋਣਾਂ ਕਰਾਉਣ ਨਾਲ ਬਚਣ ਵਾਲੇ ਪੈਸੇ ਨੂੰ ਵਿਕਾਸ ਕਾਰਜਾਂ ਲਈ ਵਰਤਿਆ ਜਾ ਸਕਦਾ ਹੈ। ਇਸ ਸਬੰਧ ਵਿੱਚ ਮੇਰੇ ਤਿੰਨ ਸਵਾਲ ਹਨ: ਕੀ ਲੋਕਤੰਤਰ ਅਤੇ ਵਿਕਾਸ ਇੱਕ ਦੂਜੇ ਨਾਲ ਮੇਲ ਨਹੀਂ ਖਾਂਦੇ ? ਕੀ ਅਸੀਂ ਇਨ੍ਹਾਂ ’ਚੋਂ ਕਿਸੇ ਇੱਕ ਨੂੰ ਹੀ ਰੱਖ ਸਕਦੇ ਹਾਂ ? ਕੀ ਅਸੀਂ ਸਭ ਤੋਂ ਕਾਰਗਰ ਲੋਕਤੰਤਰ ਚਾਹੁੰਦੇ ਹਾਂ ਜਾਂ ਸਭ ਤੋਂ ਸਸਤਾ ਲੋਕਤੰਤਰ ਬਣਾਉਣਾ ਚਾਹੁੰਦੇ ਹਾਂ ?

ਲੋਕਤੰਤਰ ਦੀ ਕਾਰਜਸ਼ੀਲਤਾ ਲਈ ਚੋਣਾਂ ਅਹਿਮ ਜ਼ਰੂਰਤ ਹਨ। ਕੀ ਅਸੀਂ ਇਹ ਚਾਹੁੰਦੇ ਹਾਂ ਕਿ ਮਹਿਜ਼ ਸੰਕੇਤਕ ਚੋਣਾਂ ਦੀ ਪ੍ਰਕਿਰਿਆ ਹੋਵੇ ਅਤੇ ਇਸ ’ਤੇ ਲੋਕਾਂ ਦੀ ਪ੍ਰਵਾਨਗੀ ਦੀ ਰਸਮੀ ਮੋਹਰ ਲਵਾ ਲਈ ਜਾਵੇ ਜਿਸ ’ਚ ਉਨ੍ਹਾਂ ਦੀ ਅਸਲ ਰਾਇ ਦੀ ਭੂਮਿਕਾ ਦਾ ਕੋਈ ਬਹੁਤਾ ਮਹੱਤਵ ਹੀ ਨਾ ਹੋਵੇ ? ਜਮਹੂਰੀਅਤ ਦੀ ਕੀਮਤ ਹੈ ਤੇ ਉਹ ਦਿਨ ਨਿਰਾਸ਼ਾਜਨਕ ਹੋਵੇਗਾ ਜਿਸ ਦਿਨ ਭਾਰਤ ਇਹ ਤੈਅ ਕਰੇਗਾ ਕਿ ਇਹ ਲੋਕਤੰਤਰ ਦੀ ਕੀਮਤ ਅਦਾ ਨਹੀਂ ਕਰ ਸਕਦਾ ਅਤੇ ਇਹ ਸਭ ਤੋਂ ਸਸਤੇ ਜਾਂ ਘੱਟੋ-ਘੱਟ ਕੀਮਤ ਵਾਲੇ ਲੋਕਤੰਤਰ ਵੱਲ ਤੁਰ ਪਏਗਾ।

# ਸਭ ਨੂੰ ਚੰਗੇ ਲੱਗਦੇ ਨੇ ਮੁਸਕਰਾਉਂਦੇ ਚਿਹਰੇ



## ਰਾਸ਼ਟਰ ਨੂੰ ਸਿਹਤਮੰਦ ਬਣਾ ਸਕਦੀ ਹੈ ਰਾਸ਼ਟਰ ਮੁਖੀ ਦੀ ਮੁਸਕਰਾਹਟ



(ਅੱਜ ਕੱਲ੍ਹ ਕੈਨੇਡਾ, ਅਮਰੀਕਾ, ਆਸਟ੍ਰੇਲੀਆ ਅਤੇ ਦੁਨੀਆਂ ਦੇ ਹੋਰ ਮੁਲਕਾਂ ਵਿੱਚ ਵਸੇ ਹੋਏ ਵੱਡੀ ਗਿਣਤੀ ਪੰਜਾਬੀ ਵਿਦੇਸ਼ਾਂ ਤੋਂ ਪੰਜਾਬ ਆ ਰਹੇ ਹਨ। ਇਹ ਪੰਜਾਬੀ ਦਿੱਲੀ ਦੇ ਏਅਰਪੋਰਟ ’ਤੇ ਜਹਾਜ਼ ਵਿਚੋਂ ਉਤਰ ਕੇ ਜਦੋਂ ਟਰਮੀਨਲ ਨੰਬਰ ਤਿੰਨ ਦੇ ਗੇਟ ਤੋਂ ਬਾਹਰ ਆਉਂਦੇ ਹਨ ਤਾਂ ਇਹਨਾਂ ਦੇ ਚਿਹਰੇ ਸੰਜੀਦਾ ਅਤੇ ਗੰਭੀਰ ਹੁੰਦੇ ਹਨ ਪਰ ਜਿਵੇਂ ਹੀ ਇਹਨਾਂ ਐਨ.ਆਰ.ਆਈ.ਪੰਜਾਬੀਆਂ ਦੀ ਨਜ਼ਰ ਉਨ੍ਹਾਂ ਦੀ ਉਡੀਕ ਕਰ ਰਹੇ ਆਪਣੇ ਭੈਣ-ਭਰਾਵਾਂ, ਭਾਈ-ਭਤੀਜਿਆਂ ’ਤੇ ਪੈਂਦੀ ਹੈ ਤਾਂ ਇੱਕ ਦਮ ਹੀ ਇਹਨਾਂ ਦੇ ਸੰਜੀਦਾ ਚਿਹਰਿਆਂ ’ਤੇ ਵੱਡੀ ਮੁਸਕਰਾਹਟ ਆ ਜਾਂਦੀ ਹੈ ਅਤੇ ਇਹਨਾਂ ਦੇ ਚਿਹਰੇ ਹੰਸੂ-ਹੰਸੂ ਕਰਨ ਲੱਗਦੇ ਹਨ। ਉਸ ਵੇਲੇ ਇਹਨਾਂ ਦੇ ਦਿਲਾਂ ਦੀ ਖ਼ੁਸ਼ੀ ਇਹਨਾਂ ਦੇ ਚਿਹਰਿਆਂ ਤੋਂ ਝਲਕ ਰਹੀ ਹੁੰਦੀ ਹੈ। )








ਅੱਜ ਦੀ ਆਧੁਨਿਕ ਕਹੀ ਜਾਂਦੀ ਇਸ ਜ਼ਿੰਦਗੀ ਵਿੱਚ ਹਰ ਇਨਸਾਨ ਏਨਾ ਜ਼ਿਆਦਾ ਵਿਅਸਤ ਹੋ ਗਿਆ ਹੈ ਕਿ ਵੱਡੀ ਗਿਣਤੀ ਲੋਕਾਂ ਦੇ ਚਿਹਰਿਆਂ ਉੱਪਰ ਚਿੰਤਾ ਦਾ ਲਕੀਰਾਂ ਦਿਖਾਈ ਦਿੰਦੀਆਂ ਹਨ ਜੋ ਕਿ ਚਿੰਤਾਵਾਂ ਅਤੇ ਖਰਚੇ ਵਧਣ ਦੇ ਨਾਲ ਨਾਲ ਦਿਨੋਂ ਦਿਨ ਹੋਰ ਗੂੜ੍ਹੀਆਂ ਹੁੰਦੀਆਂ ਜਾਂਦੀਆਂ ਹਨ। ਇਸ ਤੋਂ ਇਲਾਵਾ ਅਨੇਕਾਂ ਘਰੇਲੂ ਸੁਆਣੀਆਂ ਦੇ ਚਿਹਰੇ ਵੀ ਹਰ ਸਮੇਂ ਖਿੱਚੇ ਖਿੱਚੇ ਅਤੇ ਤਨਾਓ ਭਰਪੂਰ ਰਹਿੰਦੇ ਹਨ ਕਿਉਂਕਿ ਤਿਉਹਾਰਾਂ ਦੇ ਇਸ ਸੀਜ਼ਨ ਵਿੱਚ ਜਿਥੇ ਘਰ ਦੇ ਕਮਾਊ ਮਰਦਾਂ ਅਤੇ ਮਹਿਲਾਵਾਂ ਦੀ ਆਮਦਨੀ ਘੱਟ ਗਈ ਹੈ, ਉਥੇ ਮਹਿੰਗਾਈ ਕਾਰਨ ਖਰਚੇ ਕਾਫ਼ੀ ਵੱਧ ਗਏ ਹਨ। ਅਜਿਹੇ ਮਾਹੌਲ ਵਿੱਚ ਜੇ ਸਾਨੂੰ ਕੋਈ ਮੁਸਕਰਾਉਂਦਾ ਚਿਹਰਾ ਨਜ਼ਰ ਆ ਜਾਂਦਾ ਹੈ, ਤਾਂ ਉਹ ਸਭ ਨੂੰ ਚੰਗਾ ਲੱਗਦਾ ਹੈ। ਅਸਲ ਵਿੱਚ ਇਹ ਇੱਕ ਸੱਚਾਈ ਹੈ ਕਿ ਮੁਸਕਰਾਉਂਦੇ ਚਿਹਰੇ ਹਰ ਕਿਸੇ ਨੂੰ ਚੰਗੇ ਲੱਗਦੇ ਹਨ।

ਮੁਸਕਰਾਉਂਦੇ ਚਿਹਰੇ ਵਾਲੇ ਇਨਸਾਨ ਨੂੰ ਹਰ ਥਾਂ ਆਦਰ- ਮਾਣ ਅਤੇ ਵਿਸ਼ੇਸ਼ ਸਤਿਕਾਰ ਦਿੱਤਾ ਜਾਂਦਾ ਹੈ। ਅਜਿਹੇ ਵਿਅਕਤੀਆਂ ਨਾਲ ਹਰ ਕੋਈ ਦੋਸਤੀ ਕਰਨਾ ਚਾਹੁੰਦਾ ਹੈ। ਕਈ ਦੇਸ਼ਾਂ ਦੇ ਮੁਖੀ ਵੀ ਮੁਸਕਰਾਉਂਦੇ ਚਿਹਰੇ ਨਾਲ ਦੁਨੀਆਂ ਵਿੱਚ ਹਰਮਨ ਪਿਆਰੇ ਹੋ ਜਾਂਦੇ ਹਨ। ਜਿਨ੍ਹਾਂ ਦੇਸ਼ਾਂ ਦੇ ਰਾਸ਼ਟਰਪਤੀ, ਪ੍ਰਧਾਨ ਮੰਤਰੀ ਅਤੇ ਚਾਂਸਲਰ ਆਪਣੇ ਚਿਹਰਿਆਂ ’ਤੇ ਮੁਸਕਰਾਹਟ ਰੱਖਦੇ ਹਨ, ਉਹਨਾਂ ਦੇਸ਼ਾਂ ਦੇ ਲੋਕ ਵੀ ਜ਼ਿਆਦਾਤਰ ਖੁਸ਼ ਰਹਿੰਦੇ ਹਨ, ਜਿਸ ਕਾਰਨ ਸਿਹਤਮੰਦ ਰਾਸ਼ਟਰ ਦੀ ਕਲਪਨਾ ਸਾਕਾਰ ਹੁੰਦੀ ਹੈ।



ਜੇ ਮੁਸਕਰਾਉਂਦੇ ਚਿਹਰੇ ਵਾਲੇ ਇਨਸਾਨ ਨੌਕਰੀ ਪੇਸ਼ਾ ਹੋਣ ਤਾਂ ਉਸ ਦੇ ਦਫ਼ਤਰ ਦੇ ਸਹਿਕਰਮੀਆਂ ਦੀ ਦਫ਼ਤਰ ਦਾ ਅਕਾਊ ਅਤੇ ਬੋਝਲ ਕੰਮ ਕਰਕੇ ਅਤੇ ਲੰਬੇ ਅਤੇ ਅਕਾਊ ਬੱਸ ਸਫ਼ਰ ਕਾਰਨ ਹੋਈ ਥਕਾਵਟ ਮੁਸਕਰਾਉਂਦੇ ਚਿਹਰੇ ਵਾਲੇ ਮੁਲਾਜ਼ਮ ਦਾ ਮੁਸਕਰਾਉਂਦਾ ਚਿਹਰਾ ਵੇਖ ਕੇ ਹੀ ਦੂਰ ਹੋ ਜਾਂਦੀ ਹੈ ਅਤੇ ਮੁਸਕਰਾਉਂਦੇ ਚਿਹਰੇ ਦੇ ਮਾਲਕ ਸਹਿਕਰਮੀ ਨਾਲ ਗੱਲਬਾਤ ਕਰਕੇ ਹਰ ਸਹਿਕਰਮੀ ਇੱਕ ਵਾਰ ਤਾਂ ਆਪਣੇ ਆਪ ਨੂੰ ਤਰੋਤਾਜ਼ਾ ਮਹਿਸੂਸ ਕਰਦਾ ਹੈ ਅਤੇ ਇੱਕ ਵਾਰ ਤਾਂ ਆਪਣੀਆਂ ਸਾਰੀਆਂ ਚਿੰਤਾਵਾਂ ਅਤੇ ਦਫ਼ਤਰੀ ਕੰਮ ਦੇ ਬੋਝ ਨੂੰ ਭੁੱਲ ਜਾਂਦਾ ਹੈ। ਇਸ ਤੋਂ ਇਲਾਵਾ ਜਿਹੜਾ ਦੁਕਾਨਦਾਰ ਮੁਸਕਰਾ ਕੇ ਗਾਹਕਾਂ ਦਾ ਸਵਾਗਤ ਕਰਦਾ ਹੈ, ਉਸ ਦੀ ਦੁਕਾਨ ਕਾਫ਼ੀ ਚਲਦੀ ਹੈ ਅਤੇ ਉਸ ਦੀ ਆਮਦਨੀ ਵਿੱਚ ਵਾਧਾ ਹੁੰਦਾ ਹੈ। ਦੂਜੇ ਪਾਸੇ ਗਾਹਕਾਂ ਦਾ ਬੁਝੇ ਮਨ ਨਾਲ ਸਵਾਗਤ ਕਰਨ ਵਾਲਾ ਦੁਕਾਨਦਾਰ ਅਕਸਰ ਵਿਹਲਾ ਬੈਠਾ ਰਹਿੰਦਾ ਹੈ। ਅਸਲ ਵਿੱਚ ਦੁਕਾਨ ਦਾ ਕੰਮ ਚੰਗੀ ਤਰ੍ਹਾਂ ਚਲਾਉਣ ਲਈ ਦੁਕਾਨਦਾਰਾਂ ਦਾ ਮੁਸਕਰਾਉਂਦੇ ਰਹਿਣਾ ਬਹੁਤ ਜ਼ਰੂਰੀ ਹੈ।

ਜਦੋਂ ਕੋਈ ਮਹਿਲਾ ਘਰ ਆਏ ਮਹਿਮਾਨਾਂ ਦਾ ਸਵਾਗਤ ਮੁਸਕਰਾਉਂਦੇ ਚਿਹਰੇ ਨਾਲ ਕਰਦੀ ਹੈ ਤਾਂ ਮਹਿਮਾਨਾਂ ਦੇ ਦਿਲਾਂ ਵਿੱਚ ਉਸ ਦੀ ਬਹੁਤ ਇੱਜ਼ਤ ਵੱਧ ਜਾਂਦੀ ਹੈ? ਇਸ ਤੋਂ ਇਲਾਵਾ ਵਿਆਹ-ਸ਼ਾਦੀਆਂ ਅਤੇ ਹੋਰ ਪਰਿਵਾਰਕ ਸਮਾਗਮਾਂ ਮੌਕੇ ਮੁਸਕਰਾਉਂਦੇ ਚਿਹਰੇ ਵਾਲੀਆਂ ਕੁੜੀਆਂ ਤੇ ਮਹਿਲਾਵਾਂ ਸਭ ਨੂੰ ਚੰਗੀਆਂ ਲੱਗਦੀਆਂ ਹਨ। ਹੰਸੂ ਹੰਸੂ ਕਰਦੇ ਚਿਹਰੇ ਵਾਲੀਆਂ ਕੁੜੀਆਂ- ਚਿੜੀਆਂ ਹਰ ਪਾਸੇ ਰੌਣਕਾਂ ਲਗਾਈ ਰੱਖਦੀਆਂ ਹਨ, ਇਹਨਾਂ ਦੀਆਂ ਗੱਲਾਂ ਸੁਣ ਕੇ ਇੱਕ ਵਾਰ ਤਾਂ ਲੋਕਾਂ ਨੂੰ ਦੀਨ ਦੁਨੀਆਂ ਦਾ ਖਿਆਲ ਅਤੇ ਦੁਨੀਆਂ ਭਰ ਦੀਆਂ ਚਿੰਤਾਵਾਂ ਭੁੱਲ ਜਾਂਦੀਆਂ ਹਨ।

ਦੂਜੇ ਪਾਸੇ ਕੁਝ ਲੋਕਾਂ ਨੇ ਆਪਣੇ ਚਿਹਰੇ ਦੇ ਹਾਵ ਭਾਵ ਇਸ ਤਰ੍ਹਾਂ ਬਣਾਏ ਹੁੰਦੇ ਹਨ ਕਿ ਹਰ ਇਨਸਾਨ ਨੂੰ ਅਜਿਹੇ ਲੋਕਾਂ ਦੇ ਚਿਹਰਿਆਂ ਉੱਪਰ ‘ਵੈਰੀ ਸੌਰੀ’ ਲਿਖਿਆ ਨਜ਼ਰ ਆਉਂਦਾ ਹੈ। ਬੱਚਿਆਂ ਦੀ ਇੱਕ ਮੁਸਕਰਾਹਟ ਹੀ ਮਾਪਿਆਂ ਦਾ ਦਿਲ ਜਿੱਤ ਲੈਂਦੀ ਹੈ ਅਤੇ ਮਾਪਿਆਂ ਦੀ ਮੁਸਕਰਾਹਟ ਬੱਚਿਆਂ ਵਿੱਚ ਵੱਡਾ ਹੌਸਲਾ ਅਤੇ ਉਤਸ਼ਾਹ ਭਰ ਦਿੰਦੀ ਹੈ ਅਤੇ ਬੱਚਿਆਂ ਨੂੰ ਨਵੀਂ ਸ਼ਕਤੀ ਦਿੰਦੀ ਹੈ।

ਮੁਸਕਰਾਉਂਦੇ ਚਿਹਰੇ ਵਾਲੇ ਇਨਸਾਨ ਦੇ ਦੋਸਤਾਂ ਮਿੱਤਰਾਂ ਦੀ ਗਿਣਤੀ ਬਹੁਤ ਵੱਡੀ ਹੁੰਦੀ ਹੈ। ਹੰਸੂ -ਹੰਸੂ ਕਰਦੇ ਚਿਹਰੇ ਹਰ ਕਿਸੇ ਦਾ ਮਨ ਮੋਹ ਲੈਂਦੇ ਹਨ। ਇਸ ਤੋਂ ਇਲਾਵਾ ਮੁਸਕਰਾਉਂਦੇ ਚਿਹਰੇ ਵਾਲੇ ਇਨਸਾਨ ਤੰਦਰੁਸਤ ਵੀ ਰਹਿੰਦੇ ਹਨ ਕਿਉਂਕਿ ਮੁਸਕਰਾਉਣਾ ਸਿਹਤ ਲਈ ਚੰਗਾ ਸਮਝਿਆ ਜਾਂਦਾ ਹੈ ਅਤੇ ਮੁਸਕਰਾਉਂਦੇ ਚਿਹਰੇ ਉੱਪਰ ਝੁਰੜੀਆਂ ਨਹੀਂ ਪੈਂਦੀਆਂ। ਇਸ ਲਈ ਅੱਜ ਤੋਂ ਹੀ ਤੁਸੀਂ ਵੀ ਮੁਸਕਰਾਉਣਾ ਸ਼ੁਰੂ ਕਰ ਦਿਓ ਫਿਰ ਦੁਨੀਆਂ ਤੁਹਾਨੂੰ ਬਹੁਤ ਜਿਆਦਾ ਮਾਣ ਅਤੇ ਸਨਮਾਨ ਦੇਵੇਗੀ।



# ਡੀਪ.ਫ਼ੇਕ ਵੀਡੀਓ ਕੋਰੀਅਨ ਔਰਤਾਂ ਦੀ ਜ਼ਿੰਦਗੀ ਕਰ ਰਹੇ ਨੇ ਬਰਬਾਦ

## ਡੀਪ.ਫ਼ੇਕ ਪੋਰਨ ਵੀਡੀਓ ਸ਼ੇਅਰ ਕਰਨ ਜਾਂ ਦੇਖਣ 'ਤੇ ਹੋਵੇਗੀ ਸਜ਼ਾ, ਦੱਖਣੀ ਕੋਰੀਆ ਨੇ ਪਾਸ ਕੀਤਾ ਬਿੱਲ







ਦੱਖਣੀ ਕੋਰੀਆ ਵਿੱਚ ਜਾਣ ਬੁੱਝ ਕੇ ਡੀਪਫ਼ੇਕ ਅਸ਼ਲੀਲ ਵੀਡੀਓ ਰੱਖਣ, ਸ਼ੇਅਰ ਕਰਨ ਜਾਂ ਦੇਖਣ ਲਈ ਜੇਲ੍ਹ ਦੀ ਸਜ਼ਾ ਵਾਲਾ ਬਿੱਲ ਬੀਤੇ ਦਿਨੀਂ ਸੰਸਦੀ ਕਮੇਟੀ ਨੇ ਪਾਸ ਕਰ ਦਿੱਤਾ ਸੀ। ਯੋਨਹਾਪ ਨਿਊਜ਼ ਏਜੰਸੀ ਦੀ ਰਿਪੋਰਟ ਅਨੁਸਾਰ, ਕਾਨੂੰਨ ਅਤੇ ਨਿਆਂਪਾਲਿਕਾ ਕਮੇਟੀ ਨੇ ਲੜਕੀਆਂ ਅਤੇ ਔਰਤਾਂ ਦੀਆਂ ਡਾਕਟਰੀ ਅਸ਼ਲੀਲ ਤਸਵੀਰਾਂ ਦੀ ਵਰਤੋਂ ਕਰਦੇ ਹੋਏ ਡਿਜੀਟਲ ਸੈਕਸ ਅਪਰਾਧਾਂ ਵਿੱਚ ਵਾਧੇ ਨੂੰ ਲੈ ਕੇ ਜਨਤਕ ਵਾਧੇ ਦੇ ਵਿਚਕਾਰ ਜਿਨਸੀ ਅਪਰਾਧਾਂ ਦੀ ਸਜ਼ਾ ਸੰਬੰਧੀ ਵਿਸ਼ੇਸ਼ ਮਾਮਲਿਆਂ 'ਤੇ ਐਕਟ ਨੂੰ ਸੋਧਣ ਲਈ ਪਾਸ ਕੀਤਾ।

ਸੋਧੇ ਹੋਏ ਐਕਟ ਵਿੱਚ ਡੂੰਘੇ ਜਾਅਲੀ ਜਿਨਸੀ ਸਮੱਗਰੀਆਂ ਅਤੇ ਹੋਰ ਮਨਘੜਤ ਵੀਡੀਓ ਰੱਖਣ, ਲੈਣ-ਦੇਣ, ਸਟੋਰ ਕਰਨ ਜਾਂ ਦੇਖਣ ਵਾਲੇ ਲੋਕਾਂ ਨੂੰ ਤਿੰਨ ਸਾਲ ਤੱਕ ਦੀ ਕੈਦ ਜਾਂ 30 ਮਿਲੀਅਨ ਵੋਨ (22,500 ਡਾਲਰ) ਤੱਕ ਦੇ ਜੁਰਮਾਨੇ ਦੀ ਸਜ਼ਾ ਦੇਣ ਦੀ ਮੰਗ ਕੀਤੀ ਗਈ ਹੈ। ਸੱਤਾਧਾਰੀ ਤੇ ਮੁੱਖ ਵਿਰੋਧੀ ਪਾਰਟੀਆਂ ਦੇ ਸੰਸਦ ਮੈਂਬਰਾਂ ਨੇ ਉਨ੍ਹਾਂ ਵਿਅਕਤੀਆਂ ਨੂੰ ਸਜ਼ਾ ਦਾ ਸਾਹਮਣਾ ਕਰਨ ਤੋਂ ਰੋਕਣ ਲਈ ਸਪਸ਼ਟੀਕਰਨ ਲਈ ਸੋਧੇ ਹੋਏ ਐਕਟ ਵਿੱਚ ਇੱਕ ਧਾਰਾ ਜੋੜਨ ਦਾ ਫ਼ੈਸਲਾ ਕੀਤਾ ਹੈ ਜਿਨ੍ਹਾਂ ਨੇ 'ਅਨਜਾਣੇ ਵਿੱਚ' ਅਜਿਹੀ ਸਮੱਗਰੀ ਨੂੰ ਸਟੋਰ ਕੀਤਾ ਜਾਂ ਦੇਖਿਆ ਗਿਆ ਹੋਵੇ। ਕਮੇਟੀ ਨੇ ਜਿਨਸੀ ਅਪਰਾਧਾਂ ਵਿਰੁੱਧ ਬੱਚਿਆਂ ਦੀ ਸੁਰੱਖਿਆ ਅਤੇ ਜਿਨਸੀ ਹਿੰਸਾ



ਰੋਕਥਾਮ ਐਕਟ 'ਤੇ ਸੋਧਾਂ ਵੀ ਪਾਸ ਕੀਤੀਆਂ।

ਬੱਚਿਆਂ ਦੀ ਸੁਰੱਖਿਆ ਬਾਰੇ ਐਕਟ ਦੇ ਸੰਸ਼ੋਧਨ ਦੇ ਤਹਿਤ, ਬੱਚਿਆਂ ਅਤੇ ਕਿਸ਼ੋਰਾਂ ਨੂੰ ਬਲੈਕਮੇਲ ਕਰਨ ਜਾਂ ਜ਼ਬਰਦਸਤੀ ਕਰਨ ਲਈ ਜਿਨਸੀ ਸ਼ੋਸ਼ਣ ਵਾਲੀ ਸਮੱਗਰੀ ਦੀ ਵਰਤੋਂ ਕਰਨਾ ਕਾਨੂੰਨ ਦੁਆਰਾ ਨਵੇਂ ਅਤੇ ਮੌਜੂਦਾ ਕਾਨੂੰਨਾਂ ਦੇ ਮੁਕਾਬਲੇ ਜ਼ਿਆਦਾ ਭਾਰੀ ਸਜ਼ਾਯੋਗ ਹੋਵੇਗਾ। ਜਦੋਂ ਕਿ ਮੌਜੂਦਾ ਕਾਨੂੰਨ ਅਜਿਹੇ ਅਪਰਾਧਾਂ ਨੂੰ ਬਲੈਕਮੇਲ ਦੇ ਮਾਮਲੇ ਵਿੱਚ ਇੱਕ ਜਾਂ ਵੱਧ ਸਾਲ ਅਤੇ ਜ਼ਬਰਦਸਤੀ ਦੇ ਮਾਮਲੇ ਵਿੱਚ ਤਿੰਨ ਜਾਂ ਵੱਧ ਸਾਲ ਦੀ ਸਜ਼ਾ ਦਾ ਪ੍ਰਬੰਧ ਹੈ, ਸੰਸ਼ੋਧਨ ਇਸ ਸਥਿਤੀ ਵਿੱਚ ਸਜ਼ਾ ਨੂੰ ਕ੍ਰਮਵਾਰ ਤਿੰਨ ਜਾਂ ਵੱਧ ਸਾਲ ਅਤੇ ਪੰਜ ਜਾਂ ਵੱਧ ਸਾਲ ਕਰ ਦਿੱਤਾ ਗਿਆ ਹੈ। ਇਹ ਜੁਰਮ ਬੱਚਿਆਂ ਤੇ ਕਿਸ਼ੋਰਾਂ ਵਿਰੁੱਧ ਕੀਤੇ ਜਾਂਦੇ ਹਨ।

ਇਸ ਦੌਰਾਨ, ਜਿਨਸੀ ਹਿੰਸਾ ਰੋਕਥਾਮ ਐਕਟ ਦੀ ਸੋਧ ਵਿੱਚ ਕਿਹਾ ਗਿਆ ਹੈ ਕਿ ਗੈਰ-ਕਾਨੂੰਨੀ ਤੌਰ 'ਤੇ ਫ਼ਿਲਮਾਈ ਗਈ ਸਮੱਗਰੀ ਨੂੰ ਮਿਟਾਉਣਾ ਅਤੇ ਪੀੜਤਾਂ ਨੂੰ ਰੋਜ਼ਾਨਾ ਜੀਵਨ ਵਿੱਚ ਵਾਪਸ ਆਉਣ ਵਿੱਚ ਮਦਦ ਕਰਨਾ ਸਰਕਾਰ ਦੀ ਜ਼ਿੰਮੇਵਾਰੀ ਹੈ।

**ਡੀਪ.ਫ਼ੇਕ ਕੋਰੀਆ ਤੇ ਔਰਤਾਂ ਲਈ ਪਰੇਸ਼ਾਨੀ ਦਾ ਕਾਰਨ**

ਹਾਲ ਹੀ ਵਿੱਚ, ਦੱਖਣੀ ਕੋਰੀਆ ਵਿੱਚ ਡੀਪਫ਼ੇਕ ਦੀਆਂ ਸ਼ਿਕਾਰ ਬਹੁਤ ਸਾਰੀਆਂ ਔਰਤਾਂ ਅੱਗੇ ਆਈਆਂ ਹਨ। ਮਹਿਲਾ ਅਧਿਕਾਰ ਕਾਰਕੁੰਨਾਂ ਅਨੁਸਾਰ, ਇਨ੍ਹਾਂ ਸਾਰੀਆਂ ਦੀਆਂ ਕਹਾਣੀਆਂ ਲਗਭਗ ਇੱਕੋ ਜਿਹੀਆਂ ਹਨ ਕਿਉਂਕਿ ਦੇਸ਼ ਬਿਨਾਂ ਸਹਿਮਤੀ ਦੇ ਬਣਾਏ ਗਏ ਡੀਪ ਫ਼ੇਕ ਵੀਡੀਓ ਅਤੇ ਤਸਵੀਰਾਂ ਦੇ ਹੜ੍ਹ ਨਾਲ ਜੂਝ ਰਿਹਾ ਹੈ।

ਆਰਟੀਫ਼ੀਸ਼ੀਅਲ ਇੰਟੈਲੀਜੈਂਸ ਦੇ ਉਭਾਰ ਤੋਂ ਬਾਅਦ ਅਜਿਹੇ ਵੀਡੀਓ ਬਣਾਉਣਾ ਬਹੁਤ ਆਸਾਨ ਹੋ ਗਿਆ ਹੈ।

ਪਿਛਲੇ ਮਹੀਨੇ, ਦੱਖਣੀ ਕੋਰੀਆ ਦੀ ਸੰਸਦ ਨੇ ਕਾਨੂੰਨ ਵਿੱਚ ਸੋਧ ਕੀਤੀ, ਜਿਸ ਨਾਲ ਡੀਪਫ਼ੇਕ ਪੋਰਨੋਗ੍ਰਾਫ਼ੀ ਦੇਖਣ ਜਾਂ ਰੱਖਣ ਨੂੰ ਗੈਰ-ਕਾਨੂੰਨੀ ਬਣਾਇਆ ਗਿਆ ਸੀ।

ਡੀਪਫ਼ੇਕ ਪੋਰਨ ਬਣਾਉਣ ਵਾਲੇ ਅੱਲ੍ਹੜ ਮੁੰਡੇ

ਡੀਪਫ਼ੇਕ ਪੋਰਨ ਬਣਾਉਣ ਵਾਲੇ ਜ਼ਿਆਦਾਤਰ ਸ਼ੱਕੀ ਅਪਰਾਧੀ ਕਿਸ਼ੋਰ ਮੁੰਡੇ ਹਨ। ਮਾਹਿਰਾਂ ਦਾ ਕਹਿਣਾ ਹੈ ਕਿ ਇਹ ਲੜਕੇ ਆਪਣੇ ਦੋਸਤਾਂ, ਰਿਸ਼ਤੇਦਾਰਾਂ ਅਤੇ ਜਾਣ-ਪਛਾਣ ਵਾਲਿਆਂ ਨੂੰ ਨਿਸ਼ਾਨਾ ਬਣਾਉਂਦੇ ਹਨ। ਇਨ੍ਹਾਂ ਵਿਚੋਂ ਜ਼ਿਆਦਾਤਰ ਨਾਬਾਲਗ ਵੀ ਹਨ। ਇਨ੍ਹਾਂ ਅਪਰਾਧਾਂ ਪਿੱਛੇ ਮਜ਼ਾਕ, ਉਤਸੁਕਤਾ ਜਾਂ ਔਰਤਾਂ ਪ੍ਰਤੀ ਨਫ਼ਰਤ ਦੀਆਂ ਭਾਵਨਾਵਾਂ ਵਰਗੇ ਕਾਰਨ ਹਨ।

ਦੱਖਣੀ ਕੋਰੀਆ ਵਿੱਚ ਡੀਪ ਫ਼ੇਕ ਪੋਰਨੋਗ੍ਰਾਫ਼ੀ ਦਾ ਮੁੱਦਾ ਤਦ ਧਿਆਨ ਵਿੱਚ ਆਇਆ ਜਦੋਂ ਇਸੇ ਸਾਲ ਅਗਸਤ ਮਹੀਨੇ ਵਿੱਚ ਪੀੜਤਾਂ ਦੇ ਸਕੂਲਾਂ ਦੀਆਂ ਅਣ-ਪ੍ਰਮਾਣਿਤ ਸੂਚੀਆਂ ਔਨਲਾਈਨ ਸਾਂਝੀਆਂ ਕੀਤੀਆਂ ਗਈਆਂ ਸਨ। ਬਹੁਤ ਸਾਰੀਆਂ ਕੁੜੀਆਂ ਅਤੇ ਔਰਤਾਂ ਨੇ ਤੁਰੰਤ ਆਪਣੇ ਇੰਸਟਾਗ੍ਰਾਮ, ਫ਼ੇਸਬੁੱਕ ਅਤੇ ਹੋਰ ਸੋਸ਼ਲ ਮੀਡੀਆ ਖਾਤਿਆਂ ਤੋਂ ਫ਼ੋਟੋਆਂ ਅਤੇ ਵੀਡੀਓਜ਼ ਨੂੰ ਹਟਾ ਦਿੱਤਾ ਗਿਆ। ਹਜ਼ਾਰਾਂ ਮੁਟਿਆਰਾਂ ਨੇ ਡੀਪਫ਼ੇਕ ਪੋਰਨ ਖ਼ਿਲਾਫ਼ ਸਖ਼ਤ ਕਾਰਵਾਈ ਦੀ ਮੰਗ ਕਰਦੇ ਹੋਏ ਪ੍ਰਦਰਸ਼ਨ ਕੀਤਾ ਸੀ। ਸਿਆਸਤਦਾਨਾਂ, ਸਿੱਖਿਆ ਸ਼ਾਸਤਰੀਆਂ ਅਤੇ ਕਾਰਕੁਨਾਂ ਨੇ ਇਸ ਮੁੱਦੇ 'ਤੇ ਆਪਣੇ ਮੰਚਾਂ ਉੱਪਰ ਸਖ਼ਤ ਕਾਰਵਾਈ ਦੀ ਮੰਗ ਕੀਤੀ ਸੀ।

ਦੱਖਣੀ ਕੋਰੀਆ ਦੀ ਹਾਲੀਮ ਯੂਨੀਵਰਸਿਟੀ ਦੇ ਸਮਾਜ ਸ਼ਾਸਤਰ ਦੇ ਪ੍ਰੋਫ਼ੈਸਰ ਸ਼ਿਨ ਕਯੂੰਗ-ਆਹ ਦਾ ਕਹਿਣਾ ਹੈ ਕਿ ਕਿਸ਼ੋਰ ਕੁੜੀਆਂ ਸ਼ਾਇਦ ਇਹ ਸੋਚ ਕੇ ਅਸਹਿਜ ਮਹਿਸੂਸ ਕਰ ਰਹੀਆਂ ਹਨ ਕਿ ਉਨ੍ਹਾਂ ਦੇ ਪੁਰਸ਼ ਸਹਿਪਾਠੀ ਅਪਰਾਧੀ ਤਾਂ ਨਹੀਂ ਹਨ। ਉਨ੍ਹਾਂ ਦਾ ਆਪਣੇ ਮਰਦ ਸਾਥੀਆਂ ਪ੍ਰਤੀ ਆਪਸੀ ਵਿਸ਼ਵਾਸ ਪੂਰੀ ਤਰ੍ਹਾਂ ਟੁੱਟ ਗਿਆ ਹੈ।

ਕੋਰੀਅਨ ਪੁਲਿਸ ਨੇ ਸੱਤ ਮਹੀਨਿਆਂ ਤੋਂ ਆਪਣੀ ਮੁਹਿੰਮ ਸ਼ੁਰੂ ਕੀਤੀ ਹੋਈ ਹੈ। ਅਗਸਤ ਵਿੱਚ ਹੀ ਟੈਲੀਗ੍ਰਾਮ ਐਪ ਦੇ ਸੰਸਥਾਪਕ ਪਾਵੇਲ ਦੁਰੋਵ ਨੂੰ ਫ਼ਰਾਂਸ ਵਿੱਚ ਆਪਣੇ ਪਲੇਟਫ਼ਾਰਮ 'ਤੇ ਬੱਚਿਆਂ ਦੇ ਜਿਨਸੀ ਸ਼ੋਸ਼ਣ ਨਾਲ ਸਬੰਧਿਤ ਸਮੱਗਰੀ ਸਾਂਝੀ ਕਰਨ ਵਰਗੀਆਂ ਗੈਰ-ਕਾਨੂੰਨੀ ਗਤੀਵਿਧੀਆਂ ਦੇ ਦੋਸ਼ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਸੀ। ਦੱਖਣੀ ਕੋਰੀਆ ਵਿੱਚ ਦੂਰ ਸੰਚਾਰ ਅਤੇ ਪ੍ਰਸਾਰਨ ਦੀ ਨਿਗਰਾਨੀ ਕਰਨ ਵਾਲੀ ਸੰਸਥਾ ਦੇ ਅਨੁਸਾਰ, ਟੈਲੀਗ੍ਰਾਮ ਨੇ ਗੈਰ-ਕਾਨੂੰਨੀ ਡੀਪਫ਼ੇਕ ਸਮੱਗਰੀ ਦੇ ਵਿਰੁੱਧ ਇੱਕ ਜ਼ੀਰੋ-ਟਾਲਰੈਂਸ ਨੀਤੀ ਨੂੰ ਲਾਗੂ ਕਰਨ ਦਾ ਵਾਅਦਾ ਕੀਤਾ ਸੀ।

ਕੋਰੀਅਨ ਪੁਲਿਸ ਦਾ ਕਹਿਣਾ ਹੈ ਕਿ ਇਸ ਸਾਲ 387 ਲੋਕਾਂ ਨੂੰ ਡੀਪਫ਼ੇਕ ਨਾਲ ਸਬੰਧਿਤ ਅਪਰਾਧਾਂ ਲਈ ਗ੍ਰਿਫ਼ਤਾਰ ਕੀਤਾ ਗਿਆ ਸੀ, ਜਿਨ੍ਹਾਂ ਵਿੱਚੋਂ 80 ਪ੍ਰਤੀਸ਼ਤ ਤੋਂ ਵੱਧ ਕਿਸ਼ੋਰ ਹਨ। ਅਮਰੀਕੀ ਸਾਈਬਰ ਸੁਰੱਖਿਆ ਫ਼ਰਮ 'ਸਿਕਉਰਟੀ ਹੀਰੋ' ਨੇ ਪਿਛਲੇ ਸਾਲ ਦੱਖਣੀ ਕੋਰੀਆ ਨੂੰ ਡੀਪਫ਼ੇਕ ਪੋਰਨੋਗ੍ਰਾਫ਼ੀ ਦਾ ਸਭ ਤੋਂ ਵੱਧ ਨਿਸ਼ਾਨਾ ਬਣਾਏ ਜਾਣ ਵਾਲਾ ਦੇਸ਼ ਕਿਹਾ ਸੀ। ਇੱਕ ਰਿਪੋਰਟ ਵਿੱਚ ਕਿਹਾ ਗਿਆ ਸੀ ਕਿ ਦੱਖਣੀ ਕੋਰੀਆ ਦੇ ਗਾਇਕਾਂ ਅਤੇ ਅਭਿਨੇਤਰੀਆਂ ਦੁਨੀਆਂ ਭਰ ਵਿੱਚ ਡੀਪਫ਼ੇਕ ਪੋਰਨੋਗ੍ਰਾਫ਼ੀ ਵਿੱਚ ਸ਼ਾਮਲ ਹਨ।

ਦੱਖਣੀ ਕੋਰੀਆ ਵਿੱਚ ਡੀਪਫ਼ੇਕ ਪੋਰਨੋਗ੍ਰਾਫ਼ੀ ਦੇ ਫ਼ੈਲਣ ਦੇ ਕਈ ਕਾਰਨ ਹਨ। ਇਹਨਾਂ ਵਿੱਚ ਬਹੁਤ ਜ਼ਿਆਦਾ ਸਮਾਰਟਫ਼ੋਨ ਦੀ ਵਰਤੋਂ, ਸਕੂਲਾਂ ਵਿੱਚ ਵਿਆਪਕ ਸੈਕਸ ਅਤੇ ਮਨੁੱਖੀ ਅਧਿਕਾਰਾਂ ਦੀ ਸਿੱਖਿਆ ਦੀ ਘਾਟ ਅਤੇ ਨਾਬਾਲਗਾਂ ਲਈ ਅਢੁਕਵੇਂ ਸੋਸ਼ਲ ਮੀਡੀਆ ਨਿਯਮ ਸ਼ਾਮਲ ਹਨ। ਸਿਓਲ ਯੂਨੀਵਰਸਿਟੀ ਦੇ ਇੰਸਟੀਚਿਊਟ ਆਫ਼ ਅਰਬਨ ਹਿਊਮੈਨਟੀਜ਼ ਦੇ ਖੋਜ ਪ੍ਰੋਫ਼ੈਸਰ ਹੋਂਗ ਨਾਮ-ਹੀ ਦਾ ਕਹਿਣਾ ਹੈ ਕਿ ਨਾਰੀ ਵਿਰੋਧੀ ਸੱਭਿਆਚਾਰ ਅਤੇ ਸਮਾਜਿਕ ਸੋਚ, ਜੋ ਔਰਤਾਂ ਦੇ ਜਿਨਸੀ ਉਦੇਸ਼ ਵੱਲ ਲੈ ਜਾਂਦੀ ਹੈ, ਵੀ ਇਸ ਲਈ ਜ਼ਿੰਮੇਵਾਰ ਹਨ।

**ਅਪਰਾਧੀ ਬਚ ਜਾਂਦੇ ਹਨ**

ਆਲੋਚਕਾਂ ਦਾ ਕਹਿਣਾ ਹੈ ਕਿ ਹਾਲ ਹੀ ਦੇ ਸਾਲਾਂ ਵਿੱਚ ਔਰਤਾਂ ਦੇ ਜਨਤਕ ਪਖਾਨਿਆਂ ਅਤੇ ਹੋਰ ਥਾਂਵਾਂ 'ਤੇ ਗੁਪਤ ਕੈਮਰਿਆਂ ਨਾਲ ਬਣਾਏ ਗਏ ਪੋਰਨ ਵੀਡੀਓ ਵਰਗੇ ਆਨ ਲਾਈਨ ਸੈਕਸ ਅਪਰਾਧਾਂ ਦੀ ਮਹਾਂਮਾਰੀ ਦੇ ਬਾਵਜੂਦ, ਅਧਿਕਾਰੀਆਂ ਨੇ ਡੀਪਫ਼ੇਕ ਪੋਰਨ ਦੇ ਖ਼ਿਲਾਫ਼ ਲੋੜੀਂਦੀ ਕਾਰਵਾਈ ਨਹੀਂ ਕੀਤੀ ਹੈ।

ਸਮਾਜਿਕ ਸੰਗਠਨ ਰੀਸੈਟ ਅਨੁਸਾਰ ਡੀਪ ਫ਼ੇਕ ਪੋਰਨ ਦੇਖਣ ਵਾਲੇ ਅੱਲ੍ਹੜ ਲੜਕਿਆਂ ਦੀ ਗਿਣਤੀ ਵਿੱਚ ਵਾਧਾ ਹੋਇਆ ਹੈ ਕਿਉਂਕਿ ਅਧਿਕਾਰੀ ਡਿਜੀਟਲ ਸੈਕਸ ਅਪਰਾਧਾਂ ਲਈ ਸਖ਼ਤ ਸਜ਼ਾ ਦੀ ਮੰਗ ਕਰਨ ਵਾਲੀਆਂ ਔਰਤਾਂ ਦੀ ਆਵਾਜ਼ ਨੂੰ ਨਜ਼ਰ ਅੰਦਾਜ਼ ਕਰਦੇ ਹਨ।

ਦੱਖਣੀ ਕੋਰੀਆ ਕੋਲ ਡੀਪਫ਼ੇਕ ਆਨ ਲਾਈਨ ਪੋਰਨ ਬਾਰੇ ਕੋਈ ਅਧਿਕਾਰਤ ਜਾਣਕਾਰੀ ਨਹੀਂ ਹੈ। ਪਰ ਰੀਸੈਟ ਦਾ ਕਹਿਣਾ ਹੈ ਕਿ ਇੱਕ ਔਨਲਾਈਨ ਚੈਟਰੂਮ ਦੀ ਇੱਕ ਤਾਜ਼ਾ ਖੋਜ ਵਿੱਚ 4,000 ਤੋਂ ਵੱਧ ਜਿਨਸੀ ਤੌਰ 'ਤੇ ਸਪੱਸ਼ਟ ਤਸਵੀਰਾਂ, ਵੀਡੀਓ ਅਤੇ ਹੋਰ ਸਮੱਗਰੀ ਮਿਲੀ ਸੀ।

ਜ਼ਿਲ੍ਹਾ ਅਦਾਲਤ ਦੇ ਫ਼ੈਸਲਿਆਂ ਦੀਆਂ ਸਮੀਖਿਆਵਾਂ ਨੇ ਦਿਖਾਇਆ ਕਿ ਵਕੀਲਾਂ ਦੁਆਰਾ 2021 ਤੋਂ ਲੈ ਕੇ ਹੁਣ ਤੱਕ 87 ਲੋਕਾਂ 'ਤੇ ਡੀਪ ਫ਼ੇਕ ਅਪਰਾਧਾਂ ਦੇ ਦੋਸ਼ ਲਗਾਏ ਗਏ ਹਨ, ਇੱਕ ਤਿਹਾਈ ਤੋਂ ਵੀ ਘੱਟ ਨੂੰ ਜੇਲ੍ਹ ਭੇਜਿਆ ਗਿਆ ਹੈ। ਲਗਭਗ 60 ਪ੍ਰਤੀਸ਼ਤ ਨੂੰ ਜਾਂ ਤਾਂ ਜੁਰਮਾਨਾ ਲਗਾਇਆ ਗਿਆ ਜਾਂ ਜੇਲ੍ਹ ਦੀ ਸਜ਼ਾ ਸੁਣਾਈ ਗਈ ਸੀ। ਇਨ੍ਹਾਂ ਮੁਲਜ਼ਮਾਂ ਵਿੱਚੋਂ ਅੱਧੇ ਅੱਲ੍ਹੜ ਮੁੰਡੇ ਹਨ।

**ਕੀ ਹੁੰਦੀ ਹੈ ਡੀਪ ਫ਼ੇਕ ਤਕਨੀਕ ?**

ਦਰਅਸਲ, ਡੀਪਫ਼ੇਕ ਦਾ ਮਤਲਬ ਹੈ ਵੀਡੀਓ ਵਿੱਚ ਕਿਸੇ ਸ਼ਖ਼ਸ ਦਾ ਚਿਹਰਾ/ ਅਵਾਜ਼ ਆਰਟੀਫ਼ੀਸ਼ੀਅਲ ਇੰਟੈਲੀਜੈਂਸ ਰਾਹੀਂ ਜਾਂ ਡਿਜੀਟਲੀ ਤੋੜ ਮਰੋੜ ਕੇ ਵੀਡੀਓ ਨੂੰ ਇੰਝ ਬਦਲਣਾ ਜੋ ਅਸਲ ਹੀ ਲੱਗੇ।

ਬ੍ਰਿਟੇਨ ਦੀ ਲੈਸਟਰ ਯੂਨੀਵਰਸਿਟੀ 'ਚ



ਆਰਟੀਫ਼ੀਸ਼ੀਅਲ ਇੰਟੈਲੀਜੈਂਸ 'ਤੇ ਖੋਜ ਕਰ ਰਹੀ ਸਹਾਇਕ ਪ੍ਰੋਫ਼ੈਸਰ ਡਾ. ਸੋਫ਼ੀ ਨਾਈਟਿੰਗੇਲ ਦਾ ਕਹਿਣਾ ਹੈ ਕਿ ਜੇਕਰ ਬਦਲਾਵ ਬਹੁਤ ਹੀ ਗੁੰਝਲਦਾਰ ਢੰਗ ਨਾਲ ਕੀਤੇ ਗਏ ਹੋਣ ਤਾਂ ਇਹ ਯਕੀਨੀ ਤੌਰ 'ਤੇ ਨਹੀਂ ਕਿਹਾ ਜਾ ਸਕਦਾ ਕਿ ਕਿਹੜੀ ਤਸਵੀਰ ਅਸਲੀ ਅਤੇ ਕਿਹੜੀ ਜਾਅਲੀ ਹੈ।

ਡੀਪਫ਼ੇਕ ਬਾਰੇ ਭਾਰਤ ਤੇ ਹੋਰ ਦੇਸਾਂ ਵਿੱਚ ਨੇ ਸਖ਼ਤ ਕਾਨੂੰਨ

*ਭਾਰੀ ਜੁਰਮਾਨੇ ਨਾਲ ਜੇਲ੍ਹ ਜਾਣਾ ਪੈ ਸਕਦਾ ਹੈ

ਬਰਤਾਨੀਆ ਦੇ ਆਨ ਲਾਈਨ ਸੁਰੱਖਿਆ ਐਕਟ ਤਹਿਤ ਡੀਪਫ਼ੇਕ ਅਸ਼ਲੀਲ ਸਮੱਗਰੀ ਨੂੰ ਸ਼ੇਅਰ ਕੀਤੇ ਜਾਣ ਨੂੰ ਜੁਰਮ ਕਰਾਰ ਦਿੱਤਾ ਜਾ ਚੁੱਕਿਆ ਹੈ। ਚੀਨ ਵਿੱਚ ਵਰਤੋਂਕਾਰ ਦੀ ਸਹਿਮਤੀ ਤੋਂ ਬਿਨਾਂ ਡੀਪਫ਼ੇਕ ਦੀ ਪੈਦਾਵਾਰ ਉੱਤੇ ਪਾਬੰਦੀ ਲਾਈ ਗਈ ਹੈ ਅਤੇ ਇਸ ਸੋਧੀ ਹੋਈ ਸਮੱਗਰੀ ਉੱਤੇ ਇਸ ਸਬੰਧੀ ਨਿਸ਼ਾਨਦੇਹੀ ਕਰਨਾ ਲਾਜ਼ਮੀ ਕੀਤਾ ਗਿਆ ਹੈ। ?

ਡੀਪਫ਼ੇਕ ਨੂੰ ਲੈ ਕੇ ਇੱਕ ਸਰਵੇਖਣ ਮੁਤਾਬਕ ਭਾਰਤ ਵਿੱਚ ਹਰ 4 ਵਿੱਚੋਂ 1 ਵਿਅਕਤੀ ਡੀਪਫ਼ੇਕ ਸਮੱਗਰੀ ਦਾ ਸਾਹਮਣਾ ਕਰ ਰਿਹਾ ਹੈ। ਬੀਤੇ ਸਾਲ ਬਹੁਤ ਸਾਰੀਆਂ ਮਸ਼ਹੂਰ ਹਸਤੀਆਂ ਅਤੇ ਰਾਜਨੀਤਿਕ ਨੇਤਾ ਡੂੰਘੀ ਨਕਲੀ ਸਮੱਗਰੀ ਦਾ ਸ਼ਿਕਾਰ ਹੋਏ ਸਨ। ਕੇਂਦਰ ਸਰਕਾਰ ਨੇ ਪਿਛਲੇ ਸਾਲ ਤੋਂ ਡੀਪਫ਼ੇਕ ਜਾਂ ਏ ਆਈ ਦੁਆਰਾ ਤਿਆਰ ਸਮੱਗਰੀ ਨੂੰ ਲੈ ਕੇ ਸਖ਼ਤ ਰੁਖ ਅਪਣਾਇਆ ਸੀ। ਭਾਰਤ ਵਿੱਚ ਡੀਪ ਫ਼ੇਕ ਸਮੱਗਰੀ ਦਾ ਪ੍ਰਚਾਰ ਕਰਨ 'ਤੇ ਭਾਰੀ ਜੁਰਮਾਨੇ ਦਾ ਵੀ ਪ੍ਰਬੰਧ ਹੈ। ਇੰਨਾ ਹੀ ਨਹੀਂ ਕਈ ਮਾਮਲਿਆਂ ਵਿੱਚ ਤੁਹਾਨੂੰ ਜੇਲ੍ਹ ਵੀ ਜਾਣਾ ਪੈ ਸਕਦਾ ਹੈ।

ਆਈ.ਟੀ. ਐਕਟ 66ਈ ਅਤੇ ਆਈ.ਟੀ. ਐਕਟ 67 ਵਿੱਚ, ਅਜਿਹੀ ਸਮੱਗਰੀ ਨੂੰ ਆਨ ਲਾਈਨ ਸਾਂਝਾ ਕਰਨ ਲਈ ਜੁਰਮਾਨੇ ਦੇ ਨਾਲ-ਨਾਲ ਜੇਲ੍ਹ ਦੀ ਵਿਵਸਥਾ ਹੈ। ਆਈ.ਟੀ. ਐਕਟ 66 ਈ ਦੇ ਅਨੁਸਾਰ, ਜੇਕਰ ਕਿਸੇ ਵਿਅਕਤੀ ਦੀ ਫ਼ੋਟੋ ਜਾਂ ਵੀਡੀਓ ਉਸ ਦੀ ਇਜਾਜ਼ਤ ਤੋਂ ਬਿਨਾਂ ਸੋਸ਼ਲ ਅਤੇ ਔਨਲਾਈਨ ਪਲੇਟਫ਼ਾਰਮਾਂ 'ਤੇ ਪ੍ਰਕਾਸ਼ਤ ਕਰਦਾ ਹੈ, ਤਾਂ 3 ਸਾਲ ਤੱਕ ਦੀ ਕੈਦ ਅਤੇ 2 ਲੱਖ ਰੁਪਏ ਤੱਕ ਦਾ ਜੁਰਮਾਨਾ ਲਗਾਇਆ ਜਾ ਸਕਦਾ ਹੈ। ਆਈ.ਟੀ. ਐਕਟ 67 ਵਿੱਚ ਕਿਹਾ ਗਿਆ ਹੈ ਕਿ ਕਿਸੇ ਵੀ ਵਿਅਕਤੀ ਦੀਆਂ ਅਸ਼ਲੀਲ ਫ਼ੋਟੋਆਂ ਬਣਾਉਣ ਜਾਂ ਸ਼ੇਅਰ ਕਰਨ 'ਤੇ 3 ਸਾਲ ਦੀ ਕੈਦ ਅਤੇ 5 ਲੱਖ ਰੁਪਏ ਤੱਕ ਦਾ ਜੁਰਮਾਨਾ ਹੋ ਸਕਦਾ ਹੈ। ਇਸ ਦੇ ਨਾਲ ਹੀ ਜੇਕਰ ਤੁਸੀਂ ਉਹੀ ਗਲਤੀ ਵਾਰ-ਵਾਰ ਕਰਦੇ ਹੋ ਤਾਂ ਤੁਹਾਨੂੰ 5 ਸਾਲ ਤੱਕ ਦੀ ਕੈਦ ਅਤੇ 10 ਲੱਖ ਰੁਪਏ ਤੱਕ ਦਾ ਜੁਰਮਾਨਾ ਭਰਨਾ ਪੈ ਸਕਦਾ ਹੈ।

ਪਿਛਲੇ ਸਾਲ, 7 ਨਵੰਬਰ, 2023 ਨੂੰ, ਕੇਂਦਰ ਸਰਕਾਰ ਨੇ ਸੋਸ਼ਲ ਮੀਡੀਆ ਇੰਟਰਮੀਡੀਅਰੀਜ਼ ਨੂੰ ਡੀਪ ਫ਼ੇਕ ਅਤੇ ਆਰਟਫ਼ੀਸ਼ਲ ਇੰਟੈਲੀਜੈਂਸ ਦੁਆਰਾ ਤਿਆਰ ਕੀਤੀ ਸਮੱਗਰੀ ਬਾਰੇ ਇੱਕ ਹਦਾਇਤ ਜਾਰੀ ਕੀਤੀ ਸੀ। ਆਪਣੀ ਐਡਵਾਈਜ਼ਰੀ ਵਿੱਚ, ਸਰਕਾਰ ਨੇ ਐਸ.ਐਮ.ਆਈ. ਨੂੰ ਡੂੰਘੇ ਜਾਅਲੀ ਸਮੱਗਰੀ ਦੀ ਪਛਾਣ ਕਰਨ ਅਤੇ ਉਨ੍ਹਾਂ ਵਿਰੁੱਧ ਕਾਰਵਾਈ ਕਰਨ ਲਈ ਕਿਹਾ ਸੀ। ਜੇਕਰ ਕੋਈ ਡੀਪਫ਼ੇਕ ਸਮੱਗਰੀ ਦੀ ਰਿਪੋਰਟ ਕੀਤੀ ਜਾਂਦੀ ਹੈ, ਤਾਂ ਇਸ ਨੂੰ ਰਿਪੋਰਟ ਦੇ 36 ਘੰਟਿਆਂ ਦੇ ਅੰਦਰ ਸੋਸ਼ਲ ਅਤੇ ਔਨਲਾਈਨ ਪਲੇਟਫ਼ਾਰਮਾਂ ਤੋਂ ਹਟਾ ਦਿੱਤਾ ਜਾਣਾ ਚਾਹੀਦਾ ਹੈ, ਨਹੀਂ ਤਾਂ ਪਲੇਟਫ਼ਾਰਮ ਦੇ ਖ਼ਿਲਾਫ਼ ਭਾਰਤੀ ਦੰਡਾਵਲੀ ਦੇ ਤਹਿਤ ਕਾਰਵਾਈ ਕੀਤੀ ਜਾ ਸਕਦੀ ਹੈ।

# ਦੇਸ਼-ਪ੍ਰਦੇਸ਼ ਵਿਚਕਾਰ ਪਿਸ ਰਹੇ ਬਜ਼ੁਰਗ



ਪ੍ਰਿੰਸੀਪਲ ਵਿਜੈ ਕੁਮਾਰ





ਪਰਵਾਸ ਦੀ ਡਾਲਰਾਂ ਦੀ ਚਕਾਚੌਂਧ ਵਾਲੀ ਜ਼ਿੰਦਗੀ ਅਤੇ ਦੇਸ਼ ਦੀ ਬੇਰੁਜ਼ਗਾਰੀ ਨੇ ਨੌਜਵਾਨ ਮੁੰਡੇ-ਕੁੜੀਆਂ ਦੇ ਮਨਾਂ ਵਿੱਚ ਇਹ ਗੱਲ ਬਿਠਾ ਦਿੱਤੀ ਹੈ ਕਿ ਉਨ੍ਹਾਂ ਦੇ ਦੇਸ਼ ਵਿੱਚ ਕੁਝ ਨਹੀਂ ਰੱਖਿਆ। ਜੇਕਰ ਉਨ੍ਹਾਂ ਨੇ ਖੁਸ਼ਹਾਲ ਜ਼ਿੰਦਗੀ ਜਿਊਂਣੀ ਹੈ ਤਾਂ ਅਮਰੀਕਾ, ਆਸਟ੍ਰੇਲੀਆ, ਕੈਨੇਡਾ, ਜਪਾਨ, ਜਰਮਨੀ, ਨਿਊਜ਼ੀਲੈਂਡ, ਇੰਗਲੈਂਡ, ਇਟਲੀ ਤੇ ਫ਼ਰਾਂਸ ਵਰਗੇ ਹੋਰ ਮੁਲਕਾਂ ਵਿੱਚ ਜਾ ਕੇ ਵਸ ਜਾਓ। ਨੌਜਵਾਨ ਮੁੰਡੇ-ਕੁੜੀਆਂ ਦੇ ਵਿਦੇਸ਼ ਵਿੱਚ ਜਾ ਕੇ ਵਸਣ ਦੇ ਜਨੂਨ ਵਿੱਚ ਗ਼ਲਤ ਤੇ ਠੀਕ ਦਾ ਫ਼ਰਕ ਵੀ ਖ਼ਤਮ ਹੋ ਗਿਆ ਹੈ। ਇੱਕ ਦੂਜੇ ਦੀ ਵੇਖੋ ਵੇਖੀ ਜ਼ਿਆਦਾਤਰ ਨੌਜਵਾਨ ਮੁੰਡੇ-ਕੁੜੀਆਂ ਨੇ ਆਪਣੇ ਜੀਵਨ ਦਾ ਇੱਕੋ ਹੀ ਟੀਚਾ ਮਿੱਥ ਲਿਆ ਕਿ ਚਾਹੇ ਜ਼ਮੀਨ ਵੇਚਣੀ ਪਵੇ, ਗਹਿਣੇ ਰੱਖਣੀ ਪਵੇ, ਬੈਂਕ ਤੋਂ ਕਰਜ਼ ਲੈਣਾ ਪਵੇ, ਡੌਂਕੀ ਵਾਲਾ ਰਾਹ ਅਪਣਾਉਣਾ ਪਵੇ, ਵਿਦੇਸ਼ ਜਾਣ ਦੀਆਂ ਯੋਗਤਾਵਾਂ ਪੂਰੀਆਂ ਹੋਣ ਜਾਂ ਨਾ ਹੋਣ ਕਿਸੇ ਏਜੈਂਟ ਦੀ ਲੁੱਟ ਦਾ ਸ਼ਿਕਾਰ ਹੋਣਾ ਪਵੇ, ਬਸ ਵਿਦੇਸ਼ ਜਾਣਾ ਹੀ ਜਾਣਾ ਹੈ।

ਨੌਜਵਾਨਾਂ ਦੇ ਵਿਦੇਸ਼ ਵਿੱਚ ਜਾ ਕੇ ਵਸਣ ਦੇ ਇਸ ਸ਼ੌਕ ਅਤੇ ਫ਼ੈਸਲੇ ਨੇ ਬੱਚਿਆਂ ਦੇ ਮਾਪਿਆਂ ਜਾਂ ਬਜ਼ੁਰਗਾਂ ਲਈ ਬਹੁਤ ਸਾਰੀਆਂ ਸਮੱਸਿਆਵਾਂ ਖੜ੍ਹੀਆਂ ਕਰ ਦਿੱਤੀਆਂ ਹਨ। ਨੌਜਵਾਨਾਂ ਦੀ ਵਿਦੇਸ਼ ਜਾ ਕੇ ਵਸਣ ਦੀ ਅੜੀ ਨੇ ਉਨ੍ਹਾਂ ਦੇ ਮਾਪਿਆਂ ਜਾਂ ਬਜ਼ੁਰਗਾਂ ਅੱਗੇ ਬਹੁਤ ਵੱਡਾ ਧਰਮ ਸੰਕਟ ਖੜ੍ਹਾ ਕਰ ਦਿੱਤਾ ਹੈ। ਉਹ ਬੇਵਸ ਹੋ ਕੇ ਰਹਿ ਗਏ ਹਨ। ਉਨ੍ਹਾਂ ਨੂੰ ਸਮਝ ਨਹੀਂ ਆਉਂਦਾ ਕਿ ਉਹ ਆਪਣੇ ਬੱਚਿਆਂ ਨੂੰ ਵਿਦੇਸ਼ ਭੇਜਣ ਵਾਲਾ ਰਾਹ ਅਪਣਾਉਣ ਜਾਂ ਉਨ੍ਹਾਂ ਨੂੰ ਵਿਦੇਸ਼ ਜਾਣ ਤੋਂ ਰੋਕਣ।

ਜੇਕਰ ਉਹ ਆਪਣੇ ਬੱਚਿਆਂ ਦੀ ਗੱਲ ਨਹੀਂ ਮੰਨਦੇ ਤਾਂ ਉਨ੍ਹਾਂ ਸਾਹਮਣੇ ਆਪਣੇ ਬੱਚਿਆਂ ਤੋਂ ਬੁਰੇ ਬਣਨ, ਉਨ੍ਹਾਂ ਦਾ ਜਾਨ ਗੁਆ ਬੈਠਣ ਦਾ ਡਰ ਅਤੇ ਉਨ੍ਹਾਂ ਦਾ ਭਵਿੱਖ ਨਾ ਬਣਨ ਦਾ ਫ਼ਿਕਰ ਦੀਆਂ ਸਮੱਸਿਆਵਾਂ ਖੜ੍ਹੀਆਂ ਹੁੰਦੀਆਂ ਹਨ, ਪਰ ਜੇਕਰ ਉਹ ਉਨ੍ਹਾਂ ਦਾ ਕਹਿਣਾ ਮੰਨ ਕੇ ਉਨ੍ਹਾਂ ਨੂੰ ਵਿਦੇਸ਼ ਭੇਜਦੇ ਹਨ ਤਾਂ ਉਹ ਨਾ ਆਪਣੇ ਦੇਸ਼ ਜੋਗੇ ਰਹਿੰਦੇ ਹਨ ਤੇ ਨਾ ਵਿਦੇਸ਼ ਜੋਗੇ।

ਵਿਦੇਸ਼ਾਂ ਵਿੱਚ ਵਸੇ ਕਈ ਪਰਵਾਸੀ ਨੌਜਵਾਨਾਂ ਦੇ ਬਜ਼ੁਰਗਾਂ ਦੀ ਸਥਿਤੀ ਇਹ ਬਣ ਚੁੱਕੀ ਹੈ ਕਿ ਉਨ੍ਹਾਂ ਦੇ ਸਾਰੇ ਬੱਚੇ ਵਿਦੇਸ਼ ਵਿੱਚ ਵਸੇ ਹੋਏ ਹਨ। ਜੇਕਰ ਇੱਕ ਮੁੰਡਾ ਕੈਨੇਡਾ ਵਿੱਚ ਹੈ ਤਾਂ ਦੂਜਾ ਅਮਰੀਕਾ ਵਿੱਚ ਹੈ ਤੇ ਕੁੜੀ ਆਸਟਰੇਲੀਆ ਵਿੱਚ ਹੈ। ਅਜਿਹੀ ਸਥਿਤੀ ਵਿੱਚ ਉਨ੍ਹਾਂ ਦੇ ਬਜ਼ੁਰਗ ਪਿੱਛੇ ਇਕੱਲੇ ਰਹਿ ਕੇ ਆਪਣੇ ਬੁਢਾਪੇ ਦਾ ਸੰਤਾਪ ਭੋਗ ਰਹੇ ਹੁੰਦੇ ਹਨ। ਜਿਨ੍ਹਾਂ ਬਜ਼ੁਰਗਾਂ ਦੀ ਉਨ੍ਹਾਂ ਦੇ ਬੁਢਾਪੇ ਵਿੱਚ ਉਨ੍ਹਾਂ ਦੇ ਬੱਚਿਆਂ ਨੇ ਸੇਵਾ ਕਰਨੀ ਹੁੰਦੀ ਹੈ, ਉਲਟਾ ਉਹ ਬਜ਼ੁਰਗ ਆਪਣੇ ਬੱਚਿਆਂ ਦੀ ਸਹਾਇਤਾ ਲਈ ਕਦੇ ਇੱਕ ਬੱਚੇ ਕੋਲ ਤੁਰੇ ਹੋਏ ਹੁੰਦੇ ਹਨ, ਕਦੇ ਦੂਜੇ ਕੋਲ ਤੇ ਕਦੇ ਤੀਜੇ ਕੋਲ। ਜੇਕਰ ਵਿਦੇਸ਼ ਗਏ ਬੱਚਿਆਂ ਕੋਲ ਜਾਣ ਲਈ ਬਜ਼ੁਰਗਾਂ ਦੀ ਸਿਹਤ ਅਤੇ ਉਨ੍ਹਾਂ ਦੇ ਘਰਾਂ ਦੇ ਹਾਲਾਤ ਵੀ ਇਜਾਜ਼ਤ ਨਾ ਦਿੰਦੇ ਹੋਣ ਤਾਂ ਵੀ ਉਨ੍ਹਾਂ ਨੂੰ ਉਨ੍ਹਾਂ ਕੋਲ ਜਾਣ ਲਈ ਮਜਬੂਰ ਹੋਣਾ ਪੈਂਦਾ ਹੈ।

ਵਿਦੇਸ਼ਾਂ ਵਿੱਚ ਆਪਣੇ ਬੱਚਿਆਂ ਕੋਲ ਆਏ ਜਾਂ ਵਸ ਰਹੇ ਬਜ਼ੁਰਗਾਂ ਨੂੰ ਘਰਾਂ ਨੂੰ ਜਾਂ ਤਾਂ ਜਿੰਦਰੇ ਲਾ ਕੇ ਆਉਣਾ ਪੈਂਦਾ ਹੈ ਜਾਂ ਫਿਰ ਕਿਸੇ ਦੇ ਹਵਾਲੇ ਕਰਕੇ ਆਉਣਾ ਪੈਂਦਾ ਹੈ। ਜੇਕਰ ਘਰ ਨੂੰ ਜਿੰਦੇ ਲਗਾ ਕੇ ਆਉਂਦੇ ਹਨ ਤਾਂ ਘਰਾਂ ਦੀ ਬਰਬਾਦੀ ਹੁੰਦੀ ਹੈ। ਜੇਕਰ ਘਰ ਕਿਸੇ ਦੇ ਹਵਾਲੇ ਕਰਦੇ ਹਨ ਤਾਂ ਦੂਜਿਆਂ ਦੇ ਅਹਿਸਾਨ ਲੈਣੇ ਪੈਂਦੇ ਹਨ। ਘਰ ਦਾ ਨੁਕਸਾਨ ਹੋਣ ’ਤੇ ਕਿਸੇ ਨੂੰ ਕੁਝ ਕਿਹਾ ਨਹੀਂ ਜਾ ਸਕਦਾ। ਜ਼ਮੀਨਾਂ ਦੀ ਦੁਰਵਰਤੋਂ ਅਤੇ ਉਨ੍ਹਾਂ ਨੂੰ ਜ਼ਮੀਨਾਂ ਦਾ ਘੱਟ ਠੇਕਾ ਮਿਲਣ ਜਾਂ ਨਾ ਮਿਲਣ ਦਾ ਦੁੱਖ ਮਜਬੂਰੀ ਵਿੱਚ ਜਰਨਾ ਪੈਂਦਾ ਹੈ ਕਿਉਂਕਿ ਉਹ ਵਿਦੇਸ਼ਾਂ ਵਿੱਚ ਬੈਠੇ ਕਰ ਕੁਝ ਨਹੀਂ ਸਕਦੇ। ਲੱਖਾਂ ਦੀ ਗਿਣਤੀ ਵਿੱਚ ਵਿਦੇਸ਼ਾਂ ਵਿੱਚ ਵਸਦੇ ਲੋਕਾਂ ਨੇ ਆਪਣੇ ਘਰ ਪਰਵਾਸੀ ਮਜ਼ਦੂਰਾਂ ਦੇ ਹਵਾਲੇ ਕੀਤੇ ਹੋਏ ਹਨ। ਕਈ ਪਰਵਾਸੀ ਮਜ਼ਦੂਰਾਂ ਵੱਲੋਂ ਉਨ੍ਹਾਂ ਦੇ ਘਰਾਂ ਉੱਤੇ ਕਬਜ਼ਾ ਕਰਨ ਦੀਆਂ ਗੱਲਾਂ ਵੀ ਸੁਣਨ ਨੂੰ ਮਿਲਦੀਆਂ ਹਨ। ਵਿਦੇਸ਼ਾਂ ਵਿੱਚ ਵਸਦੇ ਅਨੇਕਾਂ ਪਰਵਾਸੀਆਂ ਦੀਆਂ ਜ਼ਮੀਨਾਂ ਉੱਤੇ ਕਬਜ਼ਾ ਕਰਨ ਦੀਆਂ ਖ਼ਬਰਾਂ ਮੀਡੀਆ ਵਿੱਚ ਆਉਂਦੀਆਂ ਹੀ ਰਹਿੰਦੀਆਂ ਹਨ।

ਵਿਦੇਸ਼ਾਂ ਵਿੱਚ ਆਪਣੇ ਬੱਚਿਆਂ ਕੋਲ ਵਿਜ਼ਟਰ, ਸੁਪਰ ਵੀਜ਼ੇ ’ਤੇ ਗਏ, ਪੱਕੇ ਤੌਰ ’ਤੇ ਵਸ ਰਹੇ ਬਜ਼ੁਰਗਾਂ ਨੂੰ ਸਿਹਤ ਸੇਵਾਵਾਂ ਦਾ ਯੋਗ ਪ੍ਰਬੰਧ ਨਾ ਹੋਣ, ਆਪਣੇ ਪਿੱਛੇ ਛੱਡੇ ਘਰਾਂ ਦੇ ਬਿਜਲੀ, ਪਾਣੀ ਤੇ ਹੋਰ ਕਈ ਤਰ੍ਹਾਂ ਦੇ ਬਿੱਲਾਂ ਦੀ ਅਦਾਇਗੀ, ਘਰਾਂ ਦੀ ਸਾਫ਼ ਸਫ਼ਾਈ, ਆਪਣੇ ਦੇਸ਼ ਤੋਂ ਆਪਣੀਆਂ ਦਵਾਈਆਂ ਮੰਗਵਾਉਣ, ਰਿਸ਼ਤੇਦਾਰਾਂ ਅਤੇ ਜਾਣਕਾਰਾਂ ਦੇ ਦੁੱਖਾਂ ਸੁੱਖਾਂ ਵਿੱਚ ਸ਼ਰੀਕ ਨਾ ਹੋ ਸਕਣ, ਆਉਣ ਜਾਣ ਦੀਆਂ ਟਿਕਟਾਂ ਦਾ ਖਰਚ, ਬੇਸਮੈਂਟਾਂ ਵਿੱਚ ਰਹਿਣ ਦਾ ਸੰਕਟ, ਸਮਾਂ ਪਾਸ ਨਾ ਹੋਣ, ਮਨ ਪਸੰਦ ਦੇ ਖਾਣੇ ਨਾ ਹੋਣ, ਵਿਦੇਸ਼ ਵਿੱਚ ਵਸਦੇ ਬੱਚਿਆਂ ਦਾ ਚੰਗੀ ਤਰ੍ਹਾਂ ਸੈੱਟ ਹੋਣ ਅਤੇ ਪੈਨਸ਼ਨਾਂ ਲੱਗਣ ਦੇ ਬਾਵਜੂਦ ਪੁੱਤਰਾਂ ਨੂੰਹਾਂ ਦਾ ਮਾੜਾ ਵਤੀਰਾ, ਪੁੱਤਰਾਂ ਧੀਆਂ ਨੂੰ ਯੋਗ ਰਿਸ਼ਤੇ ਨਾ ਮਿਲਣੇ, ਉਨ੍ਹਾਂ ਨੂੰ ਰੁਜ਼ਗਾਰ ਨਾ ਮਿਲਣ ਅਤੇ ਪੁੱਤਰਾਂ, ਧੀਆਂ ਦੇ ਤਲਾਕ, ਮੁੰਡੇ ਕੁੜੀਆਂ ਦੇ ਮਾਪਿਆਂ ਦੇ ਵਾਰੀ ਵਾਰੀ ਆਉਣ, ਬੱਚਿਆਂ ਦੇ ਪਾਲਣ ਪੋਸ਼ਣ ਇਨ੍ਹਾਂ ਸਾਰੀਆਂ ਸਮੱਸਿਆਵਾਂ ਨਾਲ ਜੂਝ ਰਹੇ ਬਜ਼ੁਰਗ ਦੇਸ਼ ਅਤੇ ਪਰਵਾਸ ਦੀ ਜ਼ਿੰਦਗੀ ਵਿੱਚ ਪਿਸ ਰਹੇ ਨਾ ਇੱਥੇ ਵਸਣ ਜੋਗੇ ਤੇ ਨਾ ਪਿੱਛੇ ਨੂੰ ਮੁੜਨ ਜੋਗੇ ਮਹਿਸੂਸ ਕਰਦੇ ਹਨ। ਵਿਦੇਸ਼ਾਂ ਵਿੱਚ ਵਸਦੇ ਮੁੰਡੇ ਕੁੜੀਆਂ ਅਤੇ ਬਜ਼ੁਰਗਾਂ ਨੂੰ ਚੰਗੀ ਜ਼ਿੰਦਗੀ ਗੁਜ਼ਾਰਨ ਲਈ ਦੂਰ ਅੰਦੇਸ਼ੀ ਨਾਲ ਕੰਮ ਲੈਂਦੇ ਹੋਏ ਡਾਲਰਾਂ ਦੀ ਕਮਾਈ ਪਿੱਛੇ ਭੱਜਣ ਨਾਲੋਂ ਆਪਣੇ ਆਪਣੇ ਫ਼ਰਜ਼ਾਂ ਦੀ ਪਛਾਣ ਕਰਦਿਆਂ ਠੀਕ ਫ਼ੈਸਲੇ ਲੈਣੇ ਚਾਹੀਦੇ ਹਨ।





ਕੁੱਕੀ ਗਿੱਲ

# ਸਿੱਖਿਆ ਖੇਤਰ ਵਿੱਚ ਸੋਨਮ ਵਾਂਗਚੁਕ ਦਾ ਯੋਗਦਾਨ

ਪੇਸ਼ੇ ਪੱਖੋਂ ਮਕੈਨੀਕਲ ਇੰਜੀਨੀਅਰ ਸੋਨਮ ਵਾਂਗਚੁਕ 30 ਸਾਲਾਂ ਤੋਂ ਵੱਧ ਸਮੇਂ ਤੋਂ ਸਿੱਖਿਆ ਸੁਧਾਰ ਦੇ ਖੇਤਰ ਵਿੱਚ ਕੰਮ ਕਰ ਰਹੇ ਹਨ। 1988 ਵਿੱਚ ਉਸਨੇ ਸਟੂਡੈਂਟਸ ਐਜੂਕੇਸ਼ਨਲ ਐਂਡ ਕਲਚਰਲ ਮੂਵਮੈਂਟ ਆਫ ਲੱਦਾਖ ਦੀ ਸਥਾਪਨਾ ਕੀਤੀ, ਜਿਸਦਾ ਉਦੇਸ਼ ਭਾਰਤ ਦੇ ਲੱਦਾਖ ਦੇ ਪਾਰ-ਹਿਮਾਲੀਅਨ ਖੇਤਰ ਵਿੱਚ ਸਰਕਾਰੀ ਸਕੂਲ ਪ੍ਰਣਾਲੀ ਵਿੱਚ ਸੁਧਾਰ ਲਿਆਉਣਾ ਸੀ। ਸਰਕਾਰੀ ਸਕੂਲਾਂ ਦੇ ਸਿਸਟਮ ਵਿੱਚ ਸੁਧਾਰ ਲਿਆਉਣ ਲਈ ਸਰਕਾਰ, ਪਿੰਡਾਂ ਦੇ ਭਾਈਚਾਰਿਆਂ ਅਤੇ ਸਿਵਲ ਸੋਸਾਇਟੀ ਦੇ ਤਿਕੋਣੀ ਸਹਿਯੋਗ, ਓਪਰੇਸ਼ਨ ਨਿਊ ਹੋਪ ਦੀ ਸ਼ੁਰੂਆਤ ਵਿੱਚ ਉਸਨੇ ਅਹਿਮ ਭੂਮਿਕਾ ਨਿਭਾਈ। ਇਸ ਪ੍ਰੋਗਰਾਮ ਵਿੱਚ ਰਾਜ ਦੇ ਸਕੂਲਾਂ ਦੀ ਮਲਕੀਅਤ ਲੈਣ ਲਈ ਗ੍ਰਾਮ ਸਿੱਖਿਆ ਕਮੇਟੀਆਂ ਦਾ ਗਠਨ, ਬੱਚਿਆਂ ਦੇ ਅਨੁਕੂਲ ਤਰੀਕਿਆਂ ਨਾਲ ਅਧਿਆਪਕਾਂ ਦੀ ਸਿਖਲਾਈ ਅਤੇ ਲੱਦਾਖ ਲਈ ਸਥਾਨਕ ਪਾਠ ਪੁਸਤਕਾਂ ਨੂੰ ਮੁੜ ਲਿਖਣਾ ਅਤੇ ਪ੍ਰਕਾਸ਼ਿਤ ਕਰਨਾ ਸ਼ਾਮਲ ਸੀ।





ਲੇਹ ਦੇ ਨੇੜੇ ਉਸ ਨੇ ਸਟੂਡੈਂਟਸ ਐਜੂਕੇਸ਼ਨਲ ਐਂਡ ਕਲਚਰਲ ਮੂਵਮੈਂਟ ਆਫ ਲੱਦਾਖ ਅਲਟਰਨੇਟਿਵ ਸਕੂਲ ਕੈਂਪਸ ਦੀ ਸਥਾਪਨਾ ਕੀਤੀ। ਇਹ ਇੱਕ ਵਿਸ਼ੇਸ਼ ਸਕੂਲ ਜਿੱਥੇ ਦਾਖਲਾ ਮਾਪਦੰਡ ਇਮਤਿਹਾਨਾਂ ਵਿੱਚ ਅਸਫਲਤਾ ਹੈ ਨਾ ਕਿ ਗ੍ਰੇਡਾਂ ਵਿੱਚ। ਇੱਕ ਇੰਜੀਨੀਅਰ ਵਜੋਂ ਵਾਂਗਚੁਕ ਸਕੂਲ ਵਿੱਚ ਨਵੀਨਤਾ ਸਿਖਾਉਂਦਾ ਹੈ, ਜਿੱਥੇ ਉਸਨੇ ਵਿਦਿਆਰਥੀਆਂ ਦੇ ਨਾਲ ਮਿਲ ਕੇ ਸੂਰਜੀ ਗਰਮ ਇਮਾਰਤਾਂ ਨੂੰ ਡਿਜ਼ਾਈਨ ਕੀਤਾ ਅਤੇ ਬਣਾਇਆ ਜੋ ਘੱਟ ਲਾਗਤ ਵਾਲੀਆਂ, ਧਰਤੀ ਅਤੇ ਚਿੱਕੜ ਦੀਆਂ ਬਣੀਆਂ ਹਨ ਪਰ ਲੱਦਾਖੀ ਸਰਦੀਆਂ ਵਿੱਚ ਬਾਹਰ ਦਾ ਤਾਪਮਾਨ -15 ਡਿਗਰੀ ਸੈਲਸੀਅਸ ਹੋਣ ਦੇ ਬਾਵਜੂਦ ਵੀ +15 ਸੈਲਸੀਅਸ ਬਰਕਰਾਰ ਰੱਖਦਾ ਹੈ। ਜਲਵਾਯੂ ਪਰਿਵਰਤਨ ਅਤੇ ਤੇਜ਼ੀ ਨਾਲ ਪਿਘਲ ਰਹੇ ਗਲੇਸ਼ੀਅਰਾਂ ਕਾਰਨ ਪਹਾੜੀ ਖੇਤਰਾਂ ਦਾ ਸਾਹਮਣਾ ਕਰ ਰਹੇ ਪਾਣੀ ਦੇ ਸੰਕਟ ਨੂੰ ਹੱਲ ਕਰਨ ਲਈ ਉਸਨੇ ਆਈਸ ਸਟੂਪਾ ਨਕਲੀ ਗਲੇਸ਼ੀਅਰ ਦੀ ਵੀ ਖੋਜ ਕੀਤੀ ਜੋ ਸਰਦੀਆਂ ਵਿੱਚ ਬਰਬਾਦ ਹੋ ਰਹੇ ਪਾਣੀ ਨੂੰ ਵਿਸ਼ਾਲ ਬਰਫ਼ ਦੇ ਕੋਨ ਜਾਂ ਸਟੂਪਾਂ ਦੇ ਰੂਪ ਵਿੱਚ ਸਟੋਰ ਕਰਦਾ ਹੈ ਅਤੇ ਬਸੰਤ ਦੇ ਅਖੀਰ ਵਿੱਚ ਪਾਣੀ ਛੱਡਦਾ ਹੈ ਜਦੋਂ ਕਿਸਾਨਾਂ ਨੂੰ ਪਾਣੀ ਦੀ ਲੋੜ ਹੁੰਦੀ ਹੈ। ਉਹ ਹੁਣ ਸਿੱਖਣ ਦੇ ਇਸ ਤਜ਼ਰਬੇ ਨੂੰ ਉੱਚ ਸਿੱਖਿਆ ਤੱਕ ਵਧਾ ਰਿਹਾ ਹੈ ਅਤੇ ਇੱਕ ਯੂਨੀਵਰਸਿਟੀ ਸਥਾਪਤ ਕਰਨ ਦੀ ਪ੍ਰਕਿਰਿਆ ਵਿੱਚ ਹੈ ਜੋ ਅਨੁਭਵੀ ਸਿੱਖਿਆ ਦੇ ਸਿੱਖਿਆ ਢੰਗ ਦਾ ਪਾਲਣ ਕਰੇਗੀ।

1 ਸਤੰਬਰ, 1966 ਨੂੰ ਉਲੇਟੋਕਪੋ, ਲੱਦਾਖ ਵਿੱਚ ਜਨਮੇ ਸੋਨਮ ਵਾਂਗਚੁਕ ਦਾ ਜੀਵਨ ਅਤੇ ਕੰਮ ਸਿੱਖਿਆ, ਵਾਤਾਵਰਣ ਸੰਭਾਲ ਅਤੇ ਟਿਕਾਊ ਵਿਕਾਸ ’ਤੇ ਧਿਆਨ ਕੇਂਦਰਿਤ ਕਰਦੇ ਹੋਏ, ਉਸਦੇ ਖੇਤਰ ਦੇ ਲੋਕਾਂ ਦੁਆਰਾ ਦਰਪੇਸ਼ ਚੁਣੌਤੀਆਂ ਨੂੰ ਹੱਲ ਕਰਨ ਲਈ ਸਮਰਪਿਤ ਹੈ। ਸੋਨਮ ਵਾਂਗਚੁਕ ਨੇ ਲੱਦਾਖ ਵਿੱਚ ਆਪਣੀ ਮੁੱਢਲੀ ਸਕੂਲੀ ਪੜ੍ਹਾਈ ਪੂਰੀ ਕੀਤੀ ਅਤੇ ਉਹ ਉੱਥੋਂ ਦੀ ਵਿਦਿਅਕ ਪ੍ਰਣਾਲੀ ਦੀਆਂ ਕਮੀਆਂ ਤੋਂ ਪ੍ਰਭਾਵਿਤ ਹੋਇਆ, ਜਿਸ ਨੇ ਅਕਸਰ ਸਥਾਨਕ ਸਮਾਜਿਕ-ਸੱਭਿਆਚਾਰਕ ਸੰਦਰਭ ਅਤੇ ਵਾਤਾਵਰਣ ਦੀ ਅਣਦੇਖੀ ਕੀਤੀ। ਉਸਨੇ ਨੈਸ਼ਨਲ ਇੰਸਟੀਚਿਊਟ ਆਫ਼ ਟੈਕਨਾਲੋਜੀ, ਸ੍ਰੀਨਗਰ ਵਿੱਚ ਇੰਜੀਨੀਅਰਿੰਗ ਵਿੱਚ ਉੱਚ ਸਿੱਖਿਆ ਹਾਸਲ ਕੀਤੀ, ਜਿੱਥੇ ਉਸਨੇ ਮਕੈਨੀਕਲ ਇੰਜੀਨੀਅਰਿੰਗ ਵਿੱਚ ਡਿਗਰੀ ਪ੍ਰਾਪਤ ਕੀਤੀ। ਉਸ ਦੇ ਕਾਲਜ ਦੇ ਸਾਲਾਂ ਨੇ ਵਿਹਾਰਕ ਅਤੇ ਐਪਲੀਕੇਸ਼ਨ-ਅਧਾਰਿਤ ਸਿੱਖਿਆ ’ਤੇ ਉਸ ਦੇ ਦ੍ਰਿਸ਼ਟੀਕੋਣ ਨੂੰ ਆਕਾਰ ਦੇਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ। ਸੋਨਮ ਵਾਂਗਚੁਕ ਨੂੰ ਉਸਦੇ ਨਵੀਨਤਾਕਾਰੀ ਕੰਮ ਅਤੇ ਸਮਾਜ ਵਿੱਚ ਯੋਗਦਾਨ ਲਈ ਕਈ ਪ੍ਰਸ਼ੰਸਾ ਪ੍ਰਾਪਤ ਹੋਈ ਹੈ।

ਵਾਂਗਚੁਕ ਦਾ ਕੰਮ ਲੱਦਾਖ ਦੀਆਂ ਖਾਸ ਚੁਣੌਤੀਆਂ ਅਤੇ ਲੋੜਾਂ ਨਾਲ ਜੁੜਿਆ ਹੋਇਆ ਹੈ, ਉਸਦੇ ਵਿਚਾਰਾਂ ਅਤੇ ਪ੍ਰੋਜੈਕਟਾਂ ਨੇ ਅੰਤਰਰਾਸ਼ਟਰੀ ਮਾਨਤਾ ਪ੍ਰਾਪਤ ਕੀਤੀ ਹੈ ਅਤੇ ਦੁਨੀਆਂ ਭਰ ਵਿੱਚ ਟਿਕਾਊ ਜੀਵਨ ਅਤੇ ਸਿੱਖਿਆ ਸੁਧਾਰ ਲਈ ਮਾਡਲਾਂ ਵਜੋਂ ਦੇਖਿਆ ਗਿਆ ਹੈ। ਉਸਦੀ ਕਹਾਣੀ ਨੇ ਮਸ਼ਹੂਰ ਬਾਲੀਵੁੱਡ ਫਿਲਮ ਇਡੀਅਟਸ ਵਿੱਚ ਇੱਕ ਪਾਤਰ ਨੂੰ ਪ੍ਰੇਰਿਤ ਕੀਤਾ, ਹਾਲਾਂਕਿ ਵਾਂਗਚੁਕ ਨੇ ਖੁਦ ਇਸ ਗੱਲ ’ਤੇ ਜ਼ੋਰ ਦਿੱਤਾ ਹੈ ਕਿ ਉਸਦਾ ਅਸਲ-ਜੀਵਨ ਦਾ ਕੰਮ ਵਿਅਕਤੀਗਤ ਪ੍ਰਤਿਭਾ ਦੀ ਬਜਾਏ ਪ੍ਰਣਾਲੀਗਤ ਤਬਦੀਲੀ ’ਤੇ ਜ਼ਿਆਦਾ ਕੇਂਦ੍ਰਿਤ ਹੈ।

ਕੁੱਲ ਮਿਲਾ ਕੇ, ਸੋਨਮ ਵਾਂਗਚੁਕ ਦਾ ਜੀਵਨ ਅਤੇ ਕੰਮ ਰਿਮੋਟ ਖੇਤਰਾਂ ਵਿੱਚ ਹਾਸ਼ੀਏ ’ਤੇ ਰਹਿ ਰਹੇ ਭਾਈਚਾਰਿਆਂ ਦੇ ਸਾਹਮਣੇ ਆ ਰਹੇ ਸਭ ਤੋਂ ਵੱਧ ਦਬਾਅ ਵਾਲੇ ਮੁੱਦਿਆਂ ਨੂੰ ਹੱਲ ਕਰਨ ਵਿੱਚ ਨਵੀਨਤਾ, ਸਿੱਖਿਆ, ਅਤੇ ਭਾਈਚਾਰਕ ਸ਼ਮੂਲੀਅਤ ਦੀ ਸ਼ਕਤੀ ਦੀ ਮਿਸਾਲ ਦਿੰਦੇ ਹਨ। ਉਹ ਟਿਕਾਊ ਤਕਨਾਲੋਜੀ ਅਤੇ ਸਿੱਖਿਆ ਦੇ ਖੇਤਰਾਂ ਵਿੱਚ ਇੱਕ ਪ੍ਰਮੁੱਖ ਸ਼ਖਸੀਅਤ ਬਣਿਆ ਹੋਇਆ ਹੈ ਜੋ ਦੂਜਿਆਂ ਨੂੰ ਉਸਦੇ ਨਕਸ਼ੇ ਕਦਮਾਂ ’ਤੇ ਚੱਲਣ ਲਈ ਪ੍ਰੇਰਿਤ ਕਰਦਾ ਹੈ।

ਕੰਵਲਜੀਤ ਕੌਰ ਗਿੱਲ

# ਵਧਦੀ ਆਬਾਦੀ ਦੇ ਮਸਲੇ



ਸੰਯੁਕਤ ਰਾਸ਼ਟਰ ਨੇ ‘ਵਿਸ਼ਵ ਆਬਾਦੀ ਦੀਆਂ ਸੰਭਾਵਨਾਵਾਂ-2024’ ਤਹਿਤ ਜਾਰੀ ਤਾਜ਼ਾ ਰਿਪੋਰਟ ਵਿੱਚ ਭਾਰਤ ਨੂੰ ਸਭ ਤੋਂ ਵੱਧ ਆਬਾਦੀ ਵਾਲਾ ਦੇਸ਼ ਕਰਾਰ ਦਿੱਤਾ ਹੈ। ਰਿਪੋਰਟ ਅਨੁਸਾਰ ਭਾਰਤ ਦੀ ਕੁੱਲ ਆਬਾਦੀ 144.11 ਕਰੋੜ ਦਾ ਅੰਕੜਾ ਪਾਰ ਕਰ ਚੁੱਕੀ ਹੈ। ਜੂਨ 2023 ਤੱਕ ਚੀਨ ਨੂੰ ਸਭ ਤੋਂ ਵੱਧ ਆਬਾਦੀ ਵਾਲਾ ਦੇਸ਼ ਮੰਨਿਆ ਜਾਂਦਾ ਰਿਹਾ ਹੈ। ਹੁਣ ਵਿਸ਼ਵ ਦੀ ਕੁੱਲ ਆਬਾਦੀ ਦਾ 17.76% ਭਾਰਤ ਵਿੱਚ ਹੈ।

ਉਦਯੋਗਿਕ ਤੇ ਤਕਨੀਕੀ ਵਿਕਾਸ ਅਤੇ ਨਵੀਆਂ ਮੈਡੀਕਲ ਪ੍ਰਾਪਤੀਆਂ ਕਾਰਨ ਆਮ ਜਨ ਜੀਵਨ ਅਤੇ ਲੋਕਾਂ ਦੇ ਜੀਵਨ ਪੱਧਰ ਵਿੱਚ ਤਬਦੀਲੀ ਆਈ ਹੈ। 50 -60 ਸਾਲ ਪਹਿਲਾਂ ਦੇ ਮੁਕਾਬਲੇ ਜਿਊਂਦੇ ਰਹਿਣ ਦੀ ਸੰਭਾਵਨਾ (ਉਮਰ) ਵਿੱਚ ਵੀ ਵਾਧਾ ਹੋਇਆ ਹੈ। ਆਬਾਦੀ ਬਾਰੇ ਵਿਗਿਆਨੀ ਭਾਵੇਂ ਵਸੋਂ ਵਾਲੇ ਅੰਕੜਿਆਂ ਜਿਵੇਂ ਮੌਤ ਦਰ, ਜਨਮ ਦਰ, ਬਾਲ ਮੌਤ ਦਰ, ਜਨਣ ਸਮਰੱਥਾ ਆਦਿ ਵਿੱਚ ਸੁਧਾਰ ਦੇਖਦੇ ਹਨ ਪਰ ਜਿਸ ਉੱਚ ਪੱਧਰ ’ਤੇ ਆਬਾਦੀ ਦੇ ਪੱਖ ਤੋਂ ਭਾਰਤ ਪਹੁੰਚ ਗਿਆ ਹੈ, ਇਹ ਸਮਾਜ ਵਿਗਿਆਨੀਆਂ ਤੇ ਅਰਥ ਸ਼ਾਸਤਰੀਆਂ ਲਈ ਚਿੰਤਾ ਦਾ ਵਿਸ਼ਾ ਹੈ। ਵਧ ਰਹੀ ਆਬਾਦੀ ਆਰਥਿਕ ਵਸੀਲਿਆਂ ਉੱਪਰ ਬੋਝ ਬਣਦੀ ਜਾਪਦੀ ਹੈ। ਬੇਰੁਜ਼ਗਾਰੀ, ਭੁੱਖਮਰੀ ਤੇ ਕੁਪੋਸ਼ਣ, ਅਨਪੜ੍ਹਤਾ ਅਤੇ ਗਰੀਬੀ ਤੋਂ ਇਲਾਵਾ ਕਈ ਪ੍ਰਕਾਰ ਦੀਆਂ ਸਮਾਜਿਕ ਕੁਰੀਤੀਆਂ ਉਭਰ ਰਹੀਆਂ ਹਨ। ਬੇਰੁਜ਼ਗਾਰ ਜਵਾਨੀ ਨਸ਼ਿਆਂ ਵੱਲ ਜਾ ਰਹੀ ਹੈ। ਨੌਜਵਾਨ ਰੁਜ਼ਗਾਰ ਖਾਤਰ ਆਪਣਾ ਮੁਲਕ ਛੱਡਣ ਲਈ ਮਜਬੂਰ ਹਨ। ਵਿਦਿਅਕ ਸੰਸਥਾਵਾਂ, ਹਸਪਤਾਲਾਂ, ਪਾਰਕਾਂ ਆਦਿ ਵਿੱਚ ਸਮਰੱਥਾ ਤੋਂ ਵੱਧ ਭੀੜ ਹੋ ਰਹੀ ਹੈ।

ਦੂਜੇ ਪਾਸੇ ਕੁਦਰਤੀ ਤੇ ਨਾ-ਨਵਿਆਉਣ ਯੋਗ ਸਾਧਨ ਪਾਣੀ, ਹਵਾ, ਵਾਤਾਵਰਨ, ਜੰਗਲਾਤ ਆਦਿ ਪਲੀਤ ਹੋ ਰਹੇ ਹਨ ਜਾਂ ਘਟ ਰਹੇ ਹਨ। ਪਸ਼ੂ ਪੰਛੀ ਤੇ ਜਾਨਵਰਾਂ ਦੀਆਂ ਅਨੇਕ ਜਾਤੀਆਂ ਪਰਜਾਤੀਆਂ ਖਤਮ ਹੋ ਰਹੀਆਂ ਹਨ। ਇਸ ਸਾਰੇ ਕੁਝ ਨੂੰ ਕੰਟਰੋਲ ਕਰਨ ਵਾਸਤੇ ਸੁਚੇਤ ਹੋਣ ਦੀ ਜ਼ਰੂਰਤ ਹੈ। ਸਮਾਜ ਵਿਗਿਆਨੀ ਫਿਕਰਮੰਦ ਹਨ ਕਿ ਜੇ ਆਬਾਦੀ ਦਾ ਵਾਧਾ ਵਿਕਾਸ ਦੇ ਰਾਹ ਵਿੱਚ ਅੜਿੱਕਾ ਹੈ ਤਾਂ ਇਸ ਨੂੰ ਕਿਵੇਂ ਹੱਲ ਕਰਨਾ ਹੈ? ਇਸ ਦਾ ਸਾਰਥਕ ਢੰਗ ਇਹ ਹੋ ਸਕਦਾ ਹੈ ਕਿ ਚੀਨ ਦੀ ਤਰਜ਼ ’ਤੇ ਨੌਜਵਾਨ ਵਰਗ ਲਈ ਯੋਜਨਾਬੱਧ ਤਰੀਕੇ ਨਾਲ ਰੁਜ਼ਗਾਰ ਦੇ ਮੌਕੇ ਪੈਦਾ ਕੀਤੇ ਜਾਣ ਪਰ ਬਦਕਿਸਮਤੀ ਇਹ ਹੈ ਕਿ ਦੇਸ਼ ਦੇ ਵਿਕਾਸ ਪ੍ਰਬੰਧ ਵਿੱਚ ਰੁਜ਼ਗਾਰ ਨੀਤੀ ਨੂੰ ਕੋਈ ਸਥਾਨ ਨਹੀਂ ਦਿੱਤਾ ਗਿਆ। ਇੱਕ ਪੱਖ ਇਹ ਵੀ ਹੈ ਕਿ ਆਬਾਦੀ ਦੇ ਵਾਧੇ ਨਾਲ ਦੇਸ਼ ਨੂੰ ਮਨੁੱਖੀ ਸਰੋਤ ਜਾਂ ਪੂੰਜੀ ਵੀ ਮਿਲ ਰਹੀ ਹੈ, ਇਸ ਪੂੰਜੀ ਦਾ ਸਾਕਾਰਾਤਮਕ ਪ੍ਰਯੋਗ ਹੀ ਇਸ ਸਮੱਸਿਆ ਦਾ ਹੱਲ ਹੈ।

ਅਸਲ ਵਿੱਚ, ਜਦੋਂ ਆਬਾਦੀ ਸੀਮਾ ਤੋਂ ਵਧ ਜਾਂਦੀ ਹੈ ਤਾਂ ਉਸ ਦਾ ਚਿਰ ਸਥਾਈ ਆਰਥਿਕ ਵਿਕਾਸ ਉੱਪਰ ਮਾੜਾ ਪ੍ਰਭਾਵ ਪੈਂਦਾ ਹੈ ਅਤੇ ਹੋਰ ਸੰਸਥਾਈ ਸੰਸਥਾਵਾਂ ਤੇ ਮੁੱਢਲੇ ਬੁਨਿਆਦੀ ਢਾਂਚੇ ਉੱਪਰ ਭਾਰ ਵਧਣ ਲੱਗਦਾ ਹੈ। ਸਵਾਲ ਹੈ: ਵਧ ਰਹੀ ਆਬਾਦੀ ਨੂੰ ਕੇਵਲ ਵਿਸ਼ਵ ਆਬਾਦੀ ਦਿਵਸ ਮਨਾ ਕੇ ਗੱਲੀਂ-ਬਾਤੀਂ ਹੀ ਸਾਰ ਲਿਆ ਜਾਵੇ ਜਾਂ ਇਸ ਬਾਰੇ ਠੋਸ ਸਾਰਥਕ ਨੀਤੀ ਜਾਂ ਪ੍ਰੋਗਰਾਮ ਉਲੀਕੇ ਜਾਣ?



ਕਿਸੇ ਮੁੱਦੇ ਬਾਰੇ ਨੀਤੀ ਬਣਾਉਣ ਤੋਂ ਪਹਿਲਾਂ ਉਸ ਦੇ ਸਾਰੇ ਪੱਖਾਂ ਉੱਪਰ ਵਿਚਾਰ ਜ਼ਰੂਰੀ ਹੈ। ਆਬਾਦੀ ਦਾ ਵਾਧਾ ਕੇਵਲ ਗਿਣਤੀ ਨਾਲ ਸਬੰਧਿਤ ਨਹੀਂ; ਇਸ ਦੇ ਹੋਰ ਪਹਿਲੂ ਵੀ ਹਨ- ਆਬਾਦੀ ਕਿਸ ਰਫ਼ਤਾਰ ਨਾਲ ਵਧ ਰਹੀ ਹੈ; ਦੂਜਾ, ਆਬਾਦੀ ਦੀ ਉਮਰ ਸੰਰਚਨਾ (ਵਰਗ) ਕੀ ਹੈ; ਤੀਜਾ, ਆਬਾਦੀ ਦੀ ਗੁਣਵੱਤਾ ਜਾਂ ਮਿਆਰ ਕੀ ਹੈ ਅਰਥਾਤ ਸਿੱਖਿਆ, ਸਿਹਤ ਤੇ ਹੁਨਰ ਦੇ ਪੱਖ ਤੋਂ ਇਸ ਦਾ ਪੱਧਰ ਕੀ ਹੈ।

ਆਜ਼ਾਦੀ ਤੋਂ ਬਾਅਦ 1951 ਤੋਂ ਆਬਾਦੀ ਅੰਕੜੇ ਇਕੱਠੇ ਕਰਨ ਦਾ ਕੰਮ ਵਧੇਰੇ ਗੰਭੀਰਤਾ ਨਾਲ ਸ਼ੁਰੂ ਹੋ ਗਿਆ। ਉਸ ਵੇਲੇ ਸਾਡੀ ਆਬਾਦੀ 36 ਕਰੋੜ ਦੇ ਲਗਭਗ ਸੀ। 1961 ਤੋਂ 1981 ਤੱਕ ਆਬਾਦੀ ਦਾ ਵਾਧਾ ਕਾਫ਼ੀ ਤੇਜ਼ੀ ਨਾਲ ਹੋਇਆ। ਇਸੇ ਕਰ ਕੇ 1971 ਤੋਂ 1981 ਦੇ ਦਹਾਕੇ ਨੂੰ ‘ਆਬਾਦੀ ਵਿਸਫੋਟ’ ਦਾ ਨਾਮ ਦਿੱਤਾ ਗਿਆ ਸੀ। 1975 ਵਿੱਚ ਪਰਿਵਾਰ ਨਿਯੋਜਨ ਦੇ 20 ਨੁਕਾਤੀ ਪ੍ਰੋਗਰਾਮ ਤਹਿਤ ‘ਹਮ ਦੋ ਹਮਾਰੇ ਦੋ’ ਦਾ ਨਾਅਰਾ ਦਿੱਤਾ। ਪ੍ਰੋਗਰਾਮ ਦੀ ਸਫਲਤਾ ਅਤੇ ਸਰਕਾਰੀ ਅੰਕੜੇ ਪੂਰੇ ਕਰਨ ਹਿੱਤ ਨਸਬੰਦੀ ਤੇ ਨਲਬੰਦੀ ਦੇ ਜ਼ਬਰਦਸਤੀ ਅਪਰੇਸ਼ਨ ਕੀਤੇ ਗਏ ਜਿਸ ਦਾ ਲੋਕਾਂ ਨੇ ਵਿਰੋਧ ਵੀ ਕੀਤਾ। ਮਗਰੋਂ ਵਸੋਂ ਗਿਣਤੀ ਵਿੱਚ ਤਾਂ ਵਾਧਾ ਹੋ ਰਿਹਾ ਸੀ ਪਰ ਦਰ ਨੂੰ ਮੋੜਾ ਪੈ ਗਿਆ। 2011 ਤੱਕ ਵਸੋਂ ਦੇ ਵਾਧੇ ਦੀ ਦਰ 2.3 ਤੋਂ ਘਟ ਕੇ 1.3% ਆ ਗਈ। ਸੰਯੁਕਤ ਰਾਸ਼ਟਰ ਵਸੋਂ ਫੰਡ ਦੇ ਅੰਦਾਜ਼ਿਆਂ ਅਨੁਸਾਰ, 2021 ਵਿੱਚ ਵਸੋਂ ਦੇ ਵਾਧੇ ਦੀ ਦਰ 0.18 ਦਰਜ ਹੋਈ। ਇਸੇ ਸਮੇਂ ਦੌਰਾਨ ਭਾਰਤ ਨੇ ਕੌਮੀ ਵਸੋਂ ਨੀਤੀ-1976 ਅਤੇ ਫਿਰ 2002 ਵਾਲੀ ਨੀਤੀ ਤਹਿਤ ਵਸੋਂ ਵਾਧਾ ਦਰ ਕਾਫ਼ੀ ਹੱਦ ਤੱਕ ਕੰਟਰੋਲ ਕਰ ਲਈ ਦੂਜਾ ਪਹਿਲੂ ਉਮਰ ਵਰਗ ਨਾਲ ਸਬੰਧਿਤ ਹੈ ਜਿਸ ਅਨੁਸਾਰ 14 ਸਾਲ ਤੱਕ ਬੱਚੇ, 15 ਤੋਂ 60 ਸਾਲ ਦੀ ਕੰਮਕਾਜੀ ਵਸੋਂ (ਇਸ ਵਿੱਚ 18 ਤੋਂ 44 ਸਾਲ ਤੱਕ ਦੇ ਨੌਜਵਾਨ ਵੀ ਸ਼ਾਮਿਲ ਹਨ) ਅਤੇ 60 ਸਾਲ ਤੋਂ ਉੱਪਰ ਦੀ ਬਜ਼ੁਰਗ ਵਸੋਂ ਹੁੰਦੀ ਹੈ। ਇਸ ਵੇਲੇ ਭਾਰਤ ਨੂੰ ਸਭ ਤੋਂ ਵਧੇਰੇ ਨੌਜਵਾਨ ਵਸੋਂ ਵਾਲਾ ਦੇਸ਼ ਹੋਣ ਦਾ ਮਾਣ ਵੀ ਪ੍ਰਾਪਤ ਹੈ ਜਿਹੜਾ ਕੁੱਲ ਆਬਾਦੀ ਦਾ ਲਗਭਗ 68% ਹੈ। ਵਸੋਂ ਦਾ ਤੀਜਾ ਪੱਖ ਵਸੋਂ ਦੀ ਗੁਣਵੱਤਾ ਜਾਂ ਮਿਆਰ ਹੈ। ਕੁੱਲ ਆਬਾਦੀ ਵਿੱਚ ਨੌਜਵਾਨਾਂ ਦੀ ਵਧੇਰੇ ਦਰ ਅਤੇ ਨਿਤ ਦਿਨ ਇਸ ਉਮਰ ਵਰਗ ਦੀ ਵਧ ਰਹੀ ਗਿਣਤੀ ਹੁਣ ਚਰਚਾ ਦਾ ਵਿਸ਼ਾ ਹੈ। ਕਿਹਾ ਜਾਂਦਾ ਹੈ ਕਿ ਪੈਦਾ ਹੋਣ ਵਾਲੇ ਹਰ ਬੱਚੇ ਦਾ ਮੂੰਹ ਹੁੰਦਾ ਹੈ। ਉਂਝ, ਇਸ ਦਾ ਦੂਜਾ ਪਹਿਲੂ ਵੀ ਹੈ ਕਿ ਹਰ ਬੱਚੇ ਦੇ ਦੋ ਹੱਥ ਵੀ ਹੁੰਦੇ ਹਨ ਜਿਹੜੇ ਇੱਕ ਸਮੇਂ ਬਾਅਦ ਕੰਮ ਕਰਨ ਯੋਗ ਹੋ ਜਾਂਦੇ ਹਨ। ਉਹ ਜਿੰਨੇ ਸਾਧਨ ਵਰਤਦਾ ਹੈ, ਉਸ ਤੋਂ ਕਈ ਗੁਣਾ ਵਧੇਰੇ ਉਤਪਾਦਨ ਕਰਨ ਦੀ ਸਮਰੱਥਾ ਵੀ ਰੱਖਦਾ ਹੈ। ਬਸ ਸਮੱਸਿਆ ਅਤੇ ਬਹਿਸ ਇੱਥੇ ਆ ਕੇ ਦਿਸ਼ਾ ਬਦਲ ਲੈਂਦੀ ਹੈ ਕਿਉਂਕਿ ਉਹ ਉਤਪਾਦਨ ਉਸ ਹਾਲਤ ਵਿੱਚ ਹੀ ਕਰੇਗਾ ਜਦੋਂ ਉਸ ਨੂੰ ਮਿਆਰੀ ਸਿੱਖਿਆ, ਸਿਖਲਾਈ ਤੇ ਸਿਹਤ ਪ੍ਰਾਪਤ ਹੋਵੇਗੀ ਅਤੇ ਨੌਜਵਾਨ ਕੰਮਕਾਜ ਕਰਨ ਦੇ ਸਮਰੱਥ ਹੋਣਗੇ। ਕੀ ਸਾਡੇ ਕੋਲ ਲੋੜੀਂਦੀ ਮਾਤਰਾ ਵਿੱਚ ਰੁਜ਼ਗਾਰ ਹਨ? ਆਰਥਿਕਤਾ ਵਿੱਚ ਕਿਹੜੇ ਰੁਜ਼ਗਾਰ ਅਤੇ ਵਿਕਾਸ ਮਾਡਲ ਅਪਣਾਏ ਜਾਣ ਜਿਸ ਨਾਲ ਰੁਜ਼ਗਾਰ ਦੀ ਮੰਗ ਤੇ ਪੈਦਾਵਾਰ ਵਿੱਚ ਸੰਤੁਲਨ ਬਣਾਇਆ ਜਾ ਸਕੇ? ਅਜੇ ਵੀ ਮੌਕਾ ਸੰਭਾਲਣ ਦਾ ਵੇਲਾ ਹੈ। ਜੇ ਭਾਰਤ ਨੂੰ ਸਭ ਤੋਂ ਵੱਧ ਆਬਾਦੀ ਵਾਲਾ ਦੇਸ਼ ਮੰਨ ਲਿਆ ਗਿਆ ਹੈ ਤਾਂ ਇਸ ਦੇ ਹਾਂ ਪੱਖੀ ਪਹਿਲੂ ਉਜਾਗਰ ਕਰਨੇ ਲਾਹੇਵੰਦ ਹੋਏਗਾ। ਇਸ ਨੂੰ ਮਨੁੱਖੀ ਸਰੋਤ ਵਜੋਂ ਲੈਣਾ ਚਾਹੀਦਾ ਹੈ। ਇਸ ਮਨੁੱਖੀ ਸਰੋਤ ਦਾ ਪੱਧਰ ਸੁਧਾਰਨ ਵੱਲ ਤਵੱਜੋ ਦੇਣੀ ਬਣਦੀ ਹੈ। ਆਬਾਦੀ ਉੱਪਰ ਰਾਜਨੀਤੀ ਕਰਨ ਦੀ ਥਾਂ ਆਬਾਦੀ ਅਤੇ ਰੁਜ਼ਗਾਰ ਨਾਲ ਸਬੰਧਿਤ ਠੋਸ ਨੀਤੀ ਬਣਾ ਕੇ ਸ਼ਾਸਨ/ਰਾਜ ਜਾਂ ਸੇਵਾ ਕਰਨਾ ਲਾਹੇਵੰਦ ਹੋਏਗਾ।

# ਪੰਜਾਬ ਵਿੱਚ ਉਦਯੋਗ ਤੇ ਖੇਤੀ ਦੇ ਕੰਮਾਂ ਨੂੰ ਉਤਸ਼ਾਹ ਦੇਣ ਦੀ ਲੋੜ

**ਭਗਵਾਨ ਦਾਸ**



ਖੇਤੀ ਜਿਣਸਾਂ ਦੀਆਂ ਕੀਮਤਾਂ ਕਿਸਾਨਾਂ ਨੂੰ ਪ੍ਰੋ. ਐੱਮ.ਐੱਸ. ਸਵਾਮੀਨਾਥਨ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਅਨੁਸਾਰ ਨਾ ਮਿਲਣ ਕਾਰਨ ਅਤੇ ਭਵਿੱਖ ’ਚ ਐੱਮ.ਐੱਸ.ਪੀ. ਦੀ ਗਾਰੰਟੀ ਨਾ ਹੋਣ ਕਾਰਨ ਉਨ੍ਹਾਂ ’ਚ ਰੋਸ ਹੈ, ਜੋ ਉਹ ਧਰਨੇ, ਰੈਲੀਆਂ ਕਰ ਕੇ ਜ਼ਾਹਿਰ ਕਰ ਰਹੇ ਹਨ। ਤਕਰੀਬਨ 49 ਫ਼ੀਸਦੀ ਜਨਸੰਖਿਆ ਨੂੰ ਖੇਤੀਬਾੜੀ ਰੁਜ਼ਗਾਰ ਮੁਹੱਈਆ ਕਰਦੀ ਹੈ। ਭਾਰਤ ਦੇ ਆਜ਼ਾਦ ਹੋਣ ਵੇਲੇ 70 ਫ਼ੀਸਦੀ ਤੋਂ ਵੱਧ ਜਨਸੰਖਿਆ ਇਸ ਕਿੱਤੇ ’ਚ ਲੱਗੀ ਹੋਈ ਸੀ। ਖੇਤੀ ਵਿਕਾਸ ਦਰ ਦਾ ਯੋਗ ਢੰਗ ਨਾਲ ਨਾ ਵਧਣਾ ਚਿੰਤਾ ਦਾ ਵਿਸ਼ਾ ਬਣਿਆ ਹੋਇਆ ਹੈ। ਖੇਤੀ ਆਮਦਨ ਵਧਾਉਣ ਲਈ ਕਈ ਚੁਣੌਤੀਆਂ ਸਾਹਮਣੇ ਹਨ, ਜਿਨ੍ਹਾਂ ਨੂੰ ਦੂਰ ਕਰਨਾ ਪਵੇਗਾ।

ਖੇਤੀ ਖੋਜ ’ਚ ਤਬਦੀਲੀ ਲਿਆਉਣ ਦੀ ਲੋੜ ਹੈ। ਜੋ ਕਣਕ, ਝੋਨੇ ਤੋਂ ਇਲਾਵਾ ਹੋਰ ਫ਼ਸਲਾਂ ਦੀ ਖੋਜ ’ਤੇ ਵੀ ਜ਼ੋਰ ਦੇਵੇ, ਜਿਨ੍ਹਾਂ ਨੂੰ ਬਦਲ ਵਜੋਂ ਚੁਣਿਆ ਜਾ ਸਕੇ। ਪਹਿਲੇ ਸਬਜ਼-ਇਨਕਲਾਬ ਦੌਰਾਨ ਸਫ਼ਲਤਾ ਮਿਲਣ ਤੋਂ ਬਾਅਦ ਇਹ ਸਥਿਤੀ ਹੋ ਗਈ ਕਿ ਭਾਰਤ ਅਨਾਜ ਪੱਖੋਂ ਆਤਮ-ਨਿਰਭਰ ਹੀ ਨਹੀਂ, ਸਗੋਂ ਅਨਾਜ ਬਰਾਮਦ ਕਰਨ ਦੇ ਯੋਗ ਵੀ ਹੋ ਗਿਆ। ਹੁਣ ਅੰਨ ਸੁਰੱਖਿਆ ਨਾਲੋਂ ਵਧੇਰੇ ਲੋੜ ਪੌਸ਼ਟਿਕ ਸੁਰੱਖਿਆ ਦੀ ਹੋ ਗਈ ਹੈ। ਖੋਜ ਨੂੰ ਪਸ਼ੂ ਪਾਲਣ, ਬਾਗ਼ਬਾਨੀ ਤੇ ਸਬਜ਼ੀਆਂ ਦੀ ਕਾਸ਼ਤ, ਦਾਲਾਂ ਮੱਛੀਆਂ ਦੀ ਪੈਦਾਵਾਰ ਅਤੇ ਤੇਲ ਬੀਜ ਆਦਿ ਫ਼ਸਲਾਂ ਦੀ ਖੋਜ ਵੱਲ ਵਧੇਰੇ ਧਿਆਨ ਦੇਣਾ ਚਾਹੀਦਾ ਹੈ, ਤਾਂ ਜੋ ਇਨ੍ਹਾਂ ਕਿੱਤਿਆਂ ’ਚ ਪੈਦਾਵਾਰ ਵਧੇ। ਗੁਣਵੱਤਾ ਵਧਾਉਣ ਲਈ ਵਿਸ਼ੇਸ਼ ਧਿਆਨ ਦਿੱਤਾ ਜਾਏ।

ਵਿਆਪਕ ਤਪਸ਼ ਇਕ ਵੱਡੀ ਸਮੱਸਿਆ ਦਿਖਾਈ ਦੇ ਰਹੀ ਹੈ। ਵਾਤਾਵਰਨ ਗਰਮ ਹੋਣ ਨਾਲ ਪਹਾੜਾਂ ’ਚ ਗਲੇਸ਼ੀਅਰ ਪਿਘਲ ਜਾਂਦੇ ਹਨ, ਜੋ ਸਿੰਜਾਈ ਲਈ ਪਾਣੀ ਮੁਹੱਈਆ ਕਰਨ ਦਾ ਸੋਮਾ ਹੁੰਦੇ ਹਨ। ਮਾਹਿਰਾਂ ਨੇ ਅਨੁਮਾਨ ਲਗਾਇਆ ਹੈ ਕਿ ਤਪਸ਼ ਨਾਲ ਇਕ ਡਿਗਰੀ ਸੈਲਸੀਅਸ, ਤਾਪਮਾਨ ਵਧਣ ਨਾਲ ਚੌਲਾਂ ਦਾ ਉਤਪਾਦਨ 10 ਫ਼ੀਸਦੀ ਤੱਕ ਘਟ ਸਕਦਾ ਹੈ। ਵਿਸ਼ਵ ਦੀ ਦੋ-ਤਿਹਾਈ ਆਬਾਦੀ ਖ਼ੁਰਾਕ ਲਈ ਚੌਲਾਂ ’ਤੇ ਨਿਰਭਰ ਹੈ। ਸਾਲ 2050 ਤੱਕ ਤਪਸ਼ ਦੇ 1-2 ਡਿਗਰੀ ਸੈਲਸੀਅਸ ਤੱਕ ਵਧਣ ਦੀ ਸੰਭਾਵਨਾ ਹੈ। ਕਿਸਾਨਾਂ ਨੂੰ ਆਪਣਾ ਫ਼ਸਲੀ-ਚੱਕਰ ਅਤੇ ਆਪਣੇ ਸਿੰਜਾਈ ਦੇ ਸਾਧਨ ਇਸ ਨੂੰ ਮੁੱਖ ਰੱਖਦਿਆਂ ਅਪਣਾਉਣੇ ਪੈਣਗੇ। ਖੋਜਕਾਰਾਂ ਨੂੰ ਵੀ ਆਪਣੀ ਖੋਜ ਇਸ ਅਨੁਸਾਰ ਢਾਲਣੀ ਪਵੇਗੀ। ਫ਼ਸਲ ’ਚ ਪਾਣੀ ਖੜ੍ਹਾ ਰੱਖਣ ਅਤੇ ਵਧੇਰੇ ਪਾਣੀ ਦੇਣ ਦੀ ਥਾਂ ਤੁਪਕਾ ਸਿੰਜਾਈ ਦੇ ਸਾਧਨ ਵਰਤਣੇ ਪੈਣਗੇ, ਜਿਸ ਉਪਰੰਤ ਪਾਣੀ ਦੀ ਬੱਚਤ ਹੋਵੇਗੀ ਅਤੇ ਇਸ ਤਕਨਾਲੋਜੀ ਨਾਲ ਉਤਪਾਦਕਤਾ ’ਚ ਵੀ ਵਾਧਾ ਹੋਵੇਗਾ। ਖੇਤੀ ਮਾਹਿਰ ਤੇ ਅਰਥਸ਼ਾਸਤਰੀ ਵਿਗਿਆਨੀ ਸਲਾਹ ਦਿੰਦੇ ਹਨ ਕਿ ਪਾਣੀ ਦੀ ਖਪਤ ਘਟਾਉਣ ਲਈ ਟਿਊਬਵੈੱਲਾਂ ਨੂੰ ਮੁਫ਼ਤ ਬਿਜਲੀ ਦੀ ਸਹੂਲੀਅਤ ਦਾ ਦਿੱਤਾ ਜਾਣਾ ਖ਼ਤਮ ਹੋਣਾ ਚਾਹੀਦਾ ਹੈ। ਇਸ ਨਾਲ ਪਾਣੀ ਵੱਡੀ ਮਾਤਰਾ ’ਚ ਬਰਬਾਦ ਹੋ ਰਿਹਾ ਹੈ, ਪ੍ਰੰਤੂ ਅਜਿਹਾ ਰਾਜਨੀਤਕ ਕਾਰਨਾਂ ਕਰ ਕੇ ਨਹੀਂ ਕੀਤਾ ਜਾ ਰਿਹਾ।

ਯੂਰੀਆ ਤੇ ਡੀ.ਏ.ਪੀ. ਦੀ ਕਮੀ ਹੋਣ ਦੇ ਬਾਵਜੂਦ ਕਿਸਾਨ ਫ਼ਸਲ ’ਚ ਇਨ੍ਹਾਂ ਖਾਦਾਂ ਨੂੰ ਮਾਹਿਰਾਂ ਅਤੇ ਪੀ.ਏ.ਯੂ. ਦੀਆਂ ਸਿਫ਼ਾਰਸ਼ਾਂ ਨਾਲੋਂ ਵਧਾ ਕੇ ਪਾਈ ਜਾ ਰਹੇ ਹਨ। ਕਣਕ ’ਚ ਪ੍ਰਤੀ ਏਕੜ 110 ਕਿੱਲੋ ਯੂਰੀਆ ਲੋੜੀਂਦਾ ਹੈ ਅਤੇ 55 ਕਿੱਲੋ ਪ੍ਰਤੀ ਏਕੜ ਡਾਇਆਮੋਨੀਅਮ ਫਾਸਫੇਟ (ਡੀ.ਏ.ਪੀ.)। ਜਦੋਂ ਕਿ ਕਿਸਾਨ ਯੂਰੀਆ 200-225 ਕਿੱਲੋ ਅਤੇ ਡੀ.ਏ.ਪੀ. 150 ਕਿਲੋ ਪ੍ਰਤੀ ਏਕੜ ਤੱਕ ਵੀ ਫ਼ਸਲ ਨੂੰ ਦੇ ਰਹੇ ਹਨ। ਯੂਰੀਆ ਅਤੇ ਡੀ.ਏ.ਪੀ. ’ਤੇ ਭਾਰੀ ਸਬਸਿਡੀ ਹੋਣ ਕਾਰਨ ਅਤੇ ਇਹ ਵਿਸ਼ਵਾਸ ਹੋਣ ਕਾਰਨ ਕਿ ਇਨ੍ਹਾਂ ਦੀ ਜ਼ਿਆਦਾ ਵਰਤੋਂ ਕਰਨ ਨਾਲ ਉਤਪਾਦਕਤਾ ’ਚ ਵਾਧਾ ਹੁੰਦਾ ਹੈ, ਕਿਸਾਨ ਦਿਨੋ-ਦਿਨ ਇਨ੍ਹਾਂ ਖਾਦਾਂ ਦੀ ਖਪਤ ਵਧਾਈ ਜਾ ਰਹੇ ਹਨ। ਭਾਰਤ 105 ਲੱਖ ਟਨ ਤੱਕ ਡੀ.ਏ.ਪੀ. ਅਤੇ 355 ਲੱਖ ਟਨ ਯੂਰੀਆ ਸਾਲਾਨਾ ਵਰਤਦਾ ਹੈ। ਇਨ੍ਹਾਂ ਖਾਦਾਂ ਦਾ ਤਕਰੀਬਨ ਅੱਧਾ ਹਿੱਸਾ ਚੀਨ, ਸਾਊਦੀ ਅਰਬ, ਮੋਰੱਕੋ, ਰੂਸ ਅਤੇ ਹੋਰ ਦੂਜੇ ਮੁਲਕਾਂ ਤੋਂ ਦਰਾਮਦ ਕਰ ਕੇ ਖੇਤੀ ਲਈ ਮੁਹੱਈਆ ਕੀਤਾ ਜਾਂਦਾ ਹੈ। ਇਸ ਸਾਲ ਭਾਰਤ ਨੇ ਅਪ੍ਰੈਲ ਤੋਂ ਅਗਸਤ ਤੱਕ ਤਕਰੀਬਨ 16 ਲੱਖ ਟਨ ਡੀ.ਏ.ਪੀ. ਦਰਾਮਦ ਕੀਤਾ, ਜੋ ਪਿਛਲੇ ਸਾਲ ਦੇ ਇਸੇ ਅਰਸੇ ਦੌਰਾਨ ਦਰਾਮਦ ਕੀਤੇ ਗਏ 32.50 ਲੱਖ ਟਨ ਨਾਲੋਂ ਘੱਟ ਹੈ। ਘੱਟ ਦਰਾਮਦ ਚੀਨ ਵਲੋਂ ਬਰਾਮਦ ’ਤੇ ਰੋਕਾਂ ਲਗਾਉਣ ਦੇ ਨਤੀਜੇ ਵਜੋਂ ਹੋਈ ਹੈ। ਇਸ ਸਾਲ ਰੱਬੀ ਦੇ ਮੌਸਮ ’ਚ ਡੀ.ਏ.ਪੀ. ਦੀ ਉਪਲੱਬਧਤਾ ’ਚ ਬੜੀ ਕਮੀ ਹੋਣ ਦੀ ਸੰਭਾਵਨਾ ਹੈ। ਖਰੀਫ਼ ਦੇ ਮੌਸਮ ’ਚ ਵੀ ਡੀ.ਏ.ਪੀ. ਦੀ ਦਰਾਮਦ ਪਿਛਲੇ ਸਾਲ ਨਾਲੋਂ ਘੱਟ ਹੋਈ ਸੀ। ਕਮੀ ਨੂੰ 12:32:16, 16:16:16 ਅਤੇ 20:20:11 ਆਦਿ ਜਿਹੀਆਂ ਐਨ.ਪੀ.ਕੇ. ਮਿਕਸਚਰਾਂ ਦੀ ਵਰਤੋਂ ਕਰ ਕੇ ਪੂਰਾ ਕੀਤਾ ਗਿਆ। ਲੋੜ ਹੈ ਕਿਸਾਨਾਂ ਵਲੋਂ ਖਪਤ ਵੀ ਘਟਾਉਣ ਦੀ। ਇਸ ਨਾਲ ਵਿਦੇਸ਼ੀ ਮੁਦਰਾ ਦੀ ਬੱਚਤ ਹੋਵੇਗੀ ਅਤੇ ਸਰਕਾਰੀ ਖ਼ਜ਼ਾਨੇ ’ਚੋਂ ਭਾਰੀ ਸਬਸਿਡੀ ਦਿੱਤੇ ਜਾਣ ਨਾਲ ਬੋਝ ਵੀ ਘਟੇਗਾ। ਬਚਿਆ ਪੈਸਾ ਖੇਤੀ ਦੇ ਕਿਸੇ ਹੋਰ ਖੇਤਰ ’ਚ ਵਿਕਾਸ ਲਈ ਵਰਤਿਆ ਜਾ ਸਕੇਗਾ।

ਪੰਜਾਬ ਵਿੱਚ ਫ਼ਸਲੀ ਵਿਭਿੰਨਤਾ ’ਚ ਕੋਈ ਪ੍ਰਾਪਤੀ ਨਹੀਂ ਹੋਈ। ਕਈ ਵਾਰ ਸਰਕਾਰ ਨੇ ਝੋਨੇ ਦੀ ਕਾਸ਼ਤ ਥੱਲੇ ਰਕਬਾ ਘਟਾਉਣ ਲਈ ਯੋਜਨਾ ਬਣਾਈ, ਪ੍ਰੰਤੂ ਕਾਮਯਾਬੀ ਨਹੀਂ ਮਿਲੀ। ਹਰ ਸਾਲ ਝੋਨੇ ਦੀ ਕਾਸ਼ਤ ਥੱਲੇ ਰਕਬਾ ਵਧਦਾ ਗਿਆ ਅਤੇ ਅੰਤ ’ਚ ਹੁਣ 32 ਲੱਖ ਹੈਕਟੇਅਰ ਤੱਕ ਪਹੁੰਚ ਗਿਆ। ਕਣਕ ਦੀ ਕਾਸ਼ਤ ਬਾਦਸਤੂਰ 35-36 ਲੱਖ ਹੈਕਟੇਅਰ ਰਕਬੇ ’ਤੇ ਕੀਤੀ ਜਾ ਰਹੀ ਹੈ। ਝੋਨੇ ਦੀ ਕਾਸ਼ਤ ਥੱਲੇ ਰਕਬਾ ਘਟਾਉਣ ਦੀ ਸਖ਼ਤ ਲੋੜ ਹੈ, ਕਿਉਂਕਿ ਜ਼ਮੀਨ ਥੱਲੇ ਦੇ ਪਾਣੀ ਦਾ ਪੱਧਰ ਤੇਜ਼ੀ ਨਾਲ ਘਟ ਜਾ ਰਿਹਾ ਹੈ। ਖੇਤੀ ਖੋਜ ਖਰੀਫ਼ ਦੇ ਮੌਸਮ ’ਚ ਕਿਸਾਨਾਂ ਨੂੰ ਕੋਈ ਝੋਨੇ ਦੀ ਫ਼ਸਲ ਜਿੰਨਾ ਲਾਹੇਵੰਦ ਬਦਲ ਦਾ ਸੁਝਾਅ ਨਹੀਂ ਦੇ ਸਕੀ। ਕੇਵਲ ਬਾਸਮਤੀ ਦੀ ਕਾਸ਼ਤ ਥੱਲੇ ਰਕਬਾ ਵਧਿਆ ਹੈ, ਜੋ ਇਸ ਸਾਲ 7 ਲੱਖ ਹੈਕਟੇਅਰ ਤੱਕ ਚਲਾ ਗਿਆ। ਮਾਹਿਰਾਂ ਅਨੁਸਾਰ ਇਹ ਰਕਬਾ 10 ਲੱਖ ਹੈਕਟੇਅਰ ਤੱਕ ਲਿਜਾਇਆ ਜਾ ਸਕਦਾ ਹੈ। ਤੇਲ ਬੀਜ ਫ਼ਸਲਾਂ ਦੀ ਦਰਾਮਦ ’ਤੇ ਭਾਰਤ ਸਰਕਾਰ ਕਾਫ਼ੀ ਵੱਡੀ ਰਕਮ ਖਰਚ ਕਰ ਰਹੀ ਹੈ। ਇਸ ਸੰਬੰਧੀ ਜੀ.ਐਮ. ਤਕਨੀਕ ਵਿਧੀ ਅਪਣਾਉਣ ਨਾਲ ਉਤਪਾਦਨ ਵਧ ਸਕਦਾ ਸੀ, ਪ੍ਰੰਤੂ ਇਸ ਦੀ ਕਿਸਾਨ ਸੰਸਥਾਵਾਂ ਵਲੋਂ ਪਿੱਛੇ ਜਿਹੇ ਚੰਡੀਗੜ੍ਹ ’ਚ ਕਾਨਫ਼ਰੰਸ ਕਰ ਕੇ ਸਖ਼ਤ ਵਿਰੋਧਤਾ ਕੀਤੀ ਗਈ ਹੈ।

ਫ਼ਸਲਾਂ ਦੀ ਕਾਸ਼ਤ ਦੇ ਖਰਚੇ ਲਗਾਤਾਰ ਵਧ ਰਹੇ ਹਨ, ਜਿਸ ਕਾਰਨ ਕਿਸਾਨਾਂ ਦਾ ਸ਼ੁੱਧ ਮੁਨਾਫ਼ਾ ਘਟ ਰਿਹਾ ਹੈ। ਫ਼ਸਲਾਂ ਦੀ ਉਤਪਾਦਕਤਾ ’ਚ ਖੜ੍ਹੋਤ ਦਾ ਮਾਹੌਲ ਹੈ। ਅੱਧੀ ਆਬਾਦੀ ਨੂੰ ਖੇਤੀ ਹੀ ਰੁਜ਼ਗਾਰ ਮੁਹੱਈਆ ਕਰਦੀ ਹੈ। ਤਕਰੀਬਨ 15-16 ਫ਼ੀਸਦੀ ਲੋਕ ਗ਼ਰੀਬੀ ’ਚ ਰਹਿ ਰਹੇ ਹਨ, ਜਿਨ੍ਹਾਂ ਨੂੰ ਢਿੱਡ ਭਰ ਕੇ ਦੋ ਡੰਗ ਦੀ ਰੋਟੀ ਵੀ ਨਸੀਬ ਨਹੀਂ ਹੋ ਰਹੀ। ਇਹ ਨਹੀਂ ਕਿ ਭਾਰਤ ’ਚ ਹੋਏ ਉਤਪਾਦਨ ’ਚੋਂ ਉਨ੍ਹਾਂ ਨੂੰ ਖੁਰਾਕ ਮੁਹੱਈਆ ਨਹੀਂ ਕੀਤੀ ਜਾ ਸਕਦੀ, ਪਰ ਉਨ੍ਹਾਂ ਕੋਲ ਖਰੀਦ ਸ਼ਕਤੀ ਨਹੀਂ, ਜਿਸ ਨੂੰ ਪੈਦਾ ਕਰਨ ਦੀ ਲੋੜ ਹੈ। ਭਾਵੇਂ ਸਰਕਾਰ ਵਲੋਂ ਇਸ ਲਈ ਕਈ ਪ੍ਰੋਗਰਾਮ ਅਮਲ ’ਚ ਲਿਆਂਦੇ ਗਏ ਹਨ, ਜਿਨ੍ਹਾਂ ਅਧੀਨ ਸਹਾਇਤਾ ਲੈ ਕੇ ਉਹ ਆਪਣਾ ਜੀਵਨ ਬਸਰ ਕਰ ਸਕਦੇ ਹਨ। ਪੰਜਾਬ ਵਿੱਚ ਪ੍ਰਤੀ ਜੀਅ ਆਮਦਨ ਘਟ ਰਹੀ ਹੈ, ਜਿਸ ਨੂੰ ਉਦਯੋਗ ਤੇ ਖੇਤੀ ਦੇ ਕੰਮਾਂ ਨੂੰ ਉਤਸ਼ਾਹ ਦੇ ਕੇ ਹੀ ਵਧਾਇਆ ਜਾ ਸਕਦਾ ਹੈ।



# ਜ਼ਿੰਦਗੀ ਦੇ ਰੰਗ

## ਹੁਸਨ, ਜਵਾਨੀ ਤੇ ਮਾਪੇ



-ਗੁਰਬਿੰਦਰ ਸਿੰਘ ਮਾਣਕ

ਲੋਕ ਸਾਹਿਤ, ਸਾਡੀ ਮਾਂ-ਬੋਲੀ ਪੰਜਾਬੀ ਤੇ ਸੱਭਿਆਚਾਰ ਦਾ ਅਨਮੋਲ ਖ਼ਜ਼ਾਨਾ ਹੈ। ਜੇ ਪੰਜਾਬ ਖਿੱਤੇ ਦੀ ਜੀਵਨ-ਜਾਚ ਦੇ ਵੱਖ-ਵੱਖ ਰੰਗਾਂ ਨੂੰ ਜਾਨਣਾ-ਸਮਝਣਾ ਹੋਵੇ ਤਾਂ ਇਸ ਖਿੱਤੇ ਦੀ ਬੋਲੀ ਦੇ ਲੋਕ ਸਾਹਿਤ ਦੇ ਵਿਸ਼ਾਲ ਭੰਡਾਰਾਂ ਦੀ ਥਾਹ ਪਾ ਕੇ ਜੀਵਨ ਦੇ ਹਰ ਪੱਖ ਬਾਰੇ ਜਾਣਕਾਰੀ ਹਾਸਿਲ ਕੀਤੀ ਜਾ ਸਕਦੀ ਹੈ। ਲੋਕ ਸਾਹਿਤ ਵਿੱਚ ਕੇਵਲ ਉਸ ਸਮੇਂ ਦੇ ਸਮਾਜਿਕ, ਆਰਥਿਕ, ਧਾਰਮਿਕ, ਰਾਜਨੀਤਕ ਤੇ ਸਭਿਆਚਾਰਕ ਜੀਵਨ ਦੇ ਹਾਲਾਤ ਨੂੰ ਹੀ ਬਿਆਨ ਨਹੀਂ ਕੀਤਾ ਗਿਆ ਹੈ, ਸਗੋਂ ਬੇਸ਼ੁਮਾਰ ਲੋਕ-ਸਿਆਣਪਾਂ ਦਾ ਖ਼ਜ਼ਾਨਾ ਵੀ ਸਾਨੂੰ ਜੀਵਨ-ਜਾਚ ਦੇ ਕਈ ਗੁਰ ਦੱਸ ਕੇ ਸਾਡਾ ਰਾਹ ਰੁਸ਼ਨਾਉਂਦਾ ਹੈ।

ਲੋਕ ਗੀਤਾਂ ਵਿੱਚ ਦੋ ਸਤਰਾਂ ਵਿਚ ਕਹੀ ਹੋਈ ਗੱਲ, ਆਪਣੇ ਕਲੇਵਰ ਵਿੱਚ ਵਿਸ਼ਾਲ ਅਰਥ ਸਮੋਈ ਬੈਠੀ ਹੈ। ਸਹੀ ਅਰਥਾਂ ਵਿੱਚ ਕਹਿਣਾ ਹੋਵੇ ਤਾਂ ਕਿਹਾ ਜਾ ਸਕਦਾ ਹੈ ਕਿ ਇਹ ਕੁੱਜੇ ਵਿੱਚ ਸਮੁੰਦਰ ਬੰਦ ਕਰਨ ਦੇ ਬਰਾਬਰ ਹੈ। ਅਕਸਰ ਹੀ ਅਸੀਂ ਦੋ ਸਤਰਾਂ ਦਾ ਇੱਕ ਲੋਕ-ਗੀਤ ਬਚਪਨ ਤੋਂ ਹੀ ਸੁਣਦੇ ਆ ਰਹੇ ਹਾਂ 'ਤਿੰਨ ਰੰਗ ਨਹੀਂ ਲੱਭਣੇ, ਹੁਸਨ, ਜਵਾਨੀ ਮਾਪੇ'। ਇਹ ਸਤਰਾਂ ਜੀਵਨ ਦੀ ਅਟੱਲ ਸੱਚਾਈ ਬਾਰੇ ਆਪਣੇ ਅੰਦਰ ਵਿਸ਼ਾਲ ਅਰਥ ਸਮੋਈ ਬੈਠੀਆਂ ਹਨ। ਸਮਾਂ ਭਾਵੇਂ ਬਹੁਤ ਬਦਲ ਗਿਆ ਹੈ ਅਤੇ ਤਬਦੀਲੀ ਨੇ ਜੀਵਨ-ਤੋਰ ਨੂੰ ਵੀ ਪੂਰੀ ਤਰ੍ਹਾਂ ਬਦਲ ਕੇ ਰੱਖ ਦਿੱਤਾ ਹੈ ਪਰ ਇਨ੍ਹਾਂ ਸਤਰਾਂ ਦੇ ਅਰਥ ਸਮੇਂ ਨਾਲ ਬਦਲੇ ਨਹੀਂ, ਸਗੋਂ ਇਹ ਅੱਜ ਵੀ ਉਨੇ ਹੀ ਸਾਰਥਿਕ ਹਨ।

ਮਨੁੱਖੀ ਜ਼ਿੰਦਗੀ ਅਨੰਤ ਰੰਗਾਂ ਦਾ ਸੁਮੇਲ ਹੈ ਪਰ ਕੁਝ ਰੰਗ ਅਜਿਹੇ ਹੁੰਦੇ ਹਨ, ਜਿਸ ਦੀ ਹਰ ਕਿਸੇ ਦੇ ਮਨ ਵਿੱਚ ਬਹੁਤ ਸ਼ਿੱਦਤ ਨਾਲ ਲੋਚਾ ਹੁੰਦੀ ਹੈ। ਜ਼ਿੰਦਗੀ ਦੇ ਇਨ੍ਹਾਂ ਨਿਵੇਕਲੇ ਤਿੰਨ ਰੰਗਾਂ ਹੁਸਨ, ਜਵਾਨੀ ਤੇ ਮਾਪੇ ਵੱਲ ਗਹੁ ਨਾਲ ਨਜ਼ਰ ਮਾਰੀਏ ਤਾਂ, ਇਨ੍ਹਾਂ ਤੋਂ ਬਿਨਾਂ ਤਾਂ ਜੀਵਨ ਦਾ ਤਸੱਵਰ ਹੀ ਨਹੀਂ ਕੀਤਾ ਜਾ ਸਕਦਾ ਪਰ ਜੀਵਨ ਦਾ ਦਸਤੂਰ ਤੇ ਹਕੀਕਤ ਇਹੀ ਹੈ ਕਿ ਇਹ ਜ਼ਿੰਦਗੀ ਦੇ ਗੂੜ੍ਹੇ ਰੰਗ ਸਦਾ ਨਹੀਂ ਰਹਿੰਦੇ। ਇਨ੍ਹਾਂ ਤਿੰਨਾਂ ਰੰਗਾਂ ਬਿਨਾਂ ਜੀਵਨ ਦੇ ਹੋਰ ਸਾਰੇ ਰੰਗ ਫਿੱਕੇ ਹਨ। ਅਸਲ ਵਿੱਚ ਇਹ ਕੁਦਰਤ ਵਲੋਂ ਬਖ਼ਸ਼ੀ ਹੋਈ ਦਾਤ ਹੈ ਤੇ ਇੱਕ ਨਾ ਇੱਕ ਦਿਨ ਇਹ ਰੰਗ ਬਿਖ਼ਰ ਜਾਣੇ ਹਨ। ਮਨੁੱਖ ਜਿੰਨੇ ਮਰਜ਼ੀ ਯਤਨ ਕਰੇ, ਤਰਲੇ ਲਵੇ ਪਰ ਇਹ ਸਦਾ ਕਾਇਮ ਰਹਿਣ ਵਾਲੀ ਸੌਗਾਤ ਨਹੀਂ ਹੈ। ਕੁਦਰਤ ਮਨੁੱਖ ਨੂੰ ਜਿਹੜਾ ਰੰਗ-ਰੂਪ ਤੇ ਹੁਸਨ ਬਖ਼ਸ਼ਦੀ ਹੈ,ਇਹ ਵੀ ਸਦਾ ਕਾਇਮ ਰਹਿਣ ਵਾਲਾ ਨਹੀਂ ਹੈ।



ਫਿਲਮੀ ਨਾਇਕ-ਨਾਇਕਾਵਾਂ ਆਪਣੇ ਹੁਸਨ ਦੇ ਜਲਵੇ ਨੂੰ ਕਾਇਮ ਰੱਖਣ ਦੇ ਬੇਸ਼ੁਮਾਰ ਉਪਰਾਲੇ ਕਰਦੇ ਹਨ ਤਾਂ ਕਿ ਉਹ ਦੇਰ ਤੱਕ ਆਪਣੀ ਅਦਾਕਾਰੀ ਨਾਲ ਲੋਕਾਂ ਨੂੰ ਪ੍ਰਭਾਵਿਤ ਕਰਦੇ ਰਹਿਣ। ਪਰ ਨਕਲੀ ਕਰੀਮਾਂ ਨਾਲ ਜੇ ਹੁਸਨ ਕਾਇਮ ਰੱਖਿਆ ਜਾ ਸਕਦਾ ਹੁੰਦਾ ਤਾਂ ਧਨਾਢ ਲੋਕ ਕਦੇ ਬੁੱਢੇ ਹੀ ਨਾ ਹੁੰਦੇ। ਇਸੇ ਕਰਕੇ ਹੀ ਸ਼ਾਇਦ ਸਿਆਣਿਆਂ ਦੀ ਕਹੀ ਇਹ ਗੱਲ ਅੱਜ ਵੀ ਉੱਨੀ ਹੀ ਸਾਰਥਿਕ ਹੈ ਕਿ ਰੰਗ-ਰੂਪ ਤੇ ਹੁਸਨ ਤਾਂ ਚਾਰ ਦਿਨਾਂ ਦੀ ਚਾਨਣੀ ਸਮਾਨ ਹੈ। ਬਹੁਤ ਆਏ ਨੇ ਆਪਣੇ ਹੁਸਨ ਦਾ ਗ਼ੁਮਾਨ ਕਰਨ ਵਾਲੇ, ਪਰ ਹੁਸਨ ਦੇ ਡੰਕੇ ਕੋਈ ਸਾਰੀ ਜ਼ਿੰਦਗੀ ਹੀ ਨਹੀਂ ਵਜਾਉਂਦਾ ਰਿਹਾ। ਬਚਪਨ ਤੋਂ ਬਾਅਦ ਜਵਾਨੀ ਵੀ ਜੀਵਨ ਦਾ ਇਕ ਵਿਸ਼ੇਸ਼ ਪੜਾਅ ਹੈ। ਬਿਨਾਂ ਸ਼ੱਕ ਇਹ ਜੀਵਨ ਦਾ ਵਲਵਲਿਆਂ ਭਰਪੂਰ, ਮਨਮਾਨੀਆਂ ਕਰਨ ਵਾਲਾ ਤੇ ਅੱਖਾਂ ਵਿੱਚ ਅਲੋਕਾਰ ਤੇ ਰੰਗੀਨ ਸੁਪਨੇ ਸਜਾ ਕੇ ਵਿਚਰਨ ਦਾ ਦੌਰ ਹੁੰਦਾ ਹੈ। ਇਹੀ ਸਮਾਂ ਹੁੰਦਾ ਹੈ ਜਦੋਂ ਮਾਪਿਆਂ ਸਮੇਤ ਕਿਸੇ ਦੀਆਂ ਨਸੀਹਤਾਂ ਨਹੀਂ ਮਨ ਨੂੰ ਭਾਉਂਦੀਆਂ। ਜਿਹੜੇ ਇਸ ਸਮੇਂ ਨੂੰ ਸੰਭਾਲ ਲੈਂਦੇ ਹਨ,ਉਹ ਜੀਵਨ-ਪੱਥ 'ਤੇ ਤੁਰੇ ਬਾਖ਼ੂਬੀ ਆਪਣੀ ਮੰਜ਼ਿਲ ਤੱਕ ਪਹੁੰਚ ਜਾਂਦੇ ਹਨ ਪਰ ਸਿਆਣੇ ਕਹਿੰਦੇ ਹਨ ਕਿ ਜਵਾਨੀ ਤਾਂ ਮਸਤਾਨੀ ਹੁੰਦੀ ਹੈ। ਇਸ ਲਈ ਕਈ ਮਨ ਦੇ ਅਮੋੜ ਜਜ਼ਬਿਆਂ ਦੇ ਵਹਿਣ ਵਿੱਚ ਐਸੇ ਰੁੜ੍ਹਦੇ ਹਨ ਕਿ ਕੁਝ ਪਾਉਣ ਦੀ ਖ਼ਾਤਿਰ,ਬਹੁਤ ਕੁਝ ਗੁਆ ਲੈਂਦੇ ਹਨ।ਪੁਰਾਣੇ ਸਮਿਆਂ ਵਿੱਚ ਜਵਾਨ ਗੱਭਰੂ ਇਸ ਸਮੇਂ ਨੂੰ ਸੰਭਾਲ ਕੇ ਸਰੀਰ ਬਣਾਉਂਦੇ ਸਨ। ਦੁੱਧ, ਦਹੀਂ, ਮੱਖਣ ਤੇ ਘਿਉ ਜਿਹੀ ਖ਼ੁਰਾਕ ਖਾਣੀ ਤੇ ਡੰਡ-ਬੈਠਕਾਂ, ਕੁਸ਼ਤੀਆਂ, ਕਬੱਡੀਆਂ ਨਾਲ ਸਰੀਰਕ ਕਸਰਤ ਦੇ ਬਲਬੂਤੇ ਜਵਾਨੀ ਦਾ ਜ਼ੋਰ ਦਿਖਾਉਣਾ। ਅਜੋਕੇ ਸਮੇਂ ਵਿੱਚ ਤਾਂ ਉਹੋ ਜਿਹੇ ਜਵਾਨ ਲੱਭਣੇ ਹੀ ਔਖੇ ਹੋ ਗਏ ਹਨ। ਜਵਾਨੀ ਵਿਚ ਵੀ ਹੁਣ ਚਿਹਰਿਆਂ 'ਤੇ ਨਰੋਆ ਨੂਰ ਨਜ਼ਰ ਹੀ ਨਹੀਂ ਆਉਂਦਾ।

ਕਦੇ ਪੰਜਾਬ ਦੇ ਜਵਾਨ ਖ਼ੁਰਾਕਾਂ ਖਾ ਕੇ ਆਪਣੀ ਤਾਕਤ ਤੇ ਜਵਾਨੀ ਦੇ ਜ਼ੋਰ ਨੂੰ ਕਾਇਮ ਰੱਖਦੇ ਸਨ ਤੇ ਖੇਡ ਮੈਦਾਨਾਂ ਵਿੱਚ ਆਪਣੀ ਤਾਕਤ ਦੇ ਜੌਹਰ ਦਿਖਾਉਂਦੇ ਸਨ ਪਰ ਅੱਜ ਤਾਂ ਖਿਡਾਰੀ ਵੀ ਨਸ਼ੇ ਵਾਲੀਆਂ ਦਵਾਈਆਂ ਖਾ ਕੇ ਆਪਣੇ ਜ਼ੋਰ ਦਾ ਪ੍ਰਗਟਾਵਾ ਕਰਨ ਦੇ ਰਾਹ ਤੁਰ ਪਏ ਹਨ। ਜਵਾਨੀ ਨੇ ਵੀ ਸਦਾ ਨਹੀਂ ਰਹਿਣਾ ਹੁੰਦਾ ਪਰ ਅਜੋਕੇ ਸਮਿਆਂ ਵਿੱਚ ਤਾਂ ਜੀਵਨ ਦੀਆਂ ਅਨੇਕਾਂ ਦੁਸ਼ਵਾਰੀਆਂ ਵਿਚੋਂ ਗੁਜ਼ਰਦੇ ਗੱਭਰੂਆਂ ਨੂੰ ਪਤਾ ਹੀ ਨਹੀਂ ਲੱਗਦਾ ਕਿ ਜਵਾਨੀ ਕਦੋਂ ਗੁਜ਼ਰ ਗਈ ਹੈ।

ਅਜੋਕੀ ਜਵਾਨੀ ਦਾ ਆਦਰਸ਼ ਬਹੁਤਾ ਕਰਕੇ ਫਿਲਮੀ ਚਕਾ-ਚੌਂਧ ਵਾਲੇ ਨਾਇਕ, ਨਾਇਕਾਵਾਂ ਤੇ ਦੌਲਤ ਦੇ ਅੰਬਾਰਾਂ ਨਾਲ ਜੁੜੀ ਖੇਡ ਕ੍ਰਿਕਟ ਦੇ ਖਿਡਾਰੀ ਹਨ। ਉਨ੍ਹਾਂ ਵਰਗੇ ਬਰੈਂਡਿਡ ਕੱਪੜੇ ਪਹਿਨਣੇ ਤੇ ਉਨ੍ਹਾਂ ਜਿਹਾ ਸਟਾਇਲ ਤਾਂ ਨੌਜਵਾਨ ਜ਼ਰੂਰ ਬਣਾ ਲੈਂਦੇ ਹਨ ਪਰ ਅਸਲੀਅਤ ਇਹ ਹੈ ਕਿ ਉਨ੍ਹਾਂ ਦੇ ਜੀਵਨ-ਢੰਗ ਨਾਲ ਸਾਧਾਰਨ ਮਨੁੱਖ ਦਾ ਕੋਈ ਮੁਕਾਬਲਾ ਹੋ ਹੀ ਨਹੀਂ ਸਕਦਾ। ਮਾਪੇ ਆਪਣੇ ਬੱਚਿਆਂ ਦੀ ਖ਼ਾਤਿਰ ਔਖੇ ਹੋ ਕੇ ਵੀ ਕੰਮ ਕਰਦੇ ਹਨ ਤੇ ਹਮੇਸ਼ਾ ਇਹੀ ਸੋਚਦੇ ਹਨ ਕਿ ਜਿਹੜੀਆਂ ਮੁਸੀਬਤਾਂ ਅਸੀਂ ਝੱਲੀਆਂ ਹਨ, ਉਹ ਸਾਡੇ ਬੱਚਿਆਂ ਨੂੰ ਨਾ ਸਹਿਣੀਆਂ ਪੈਣ। ਜਿਨ੍ਹਾਂ ਬੱਚਿਆਂ ਦੇ ਸਿਰ ਤੋਂ ਮਾਪਿਆਂ ਦਾ ਸਾਇਆ ਉੱਠ ਜਾਂਦਾ ਹੈ, ਉਨ੍ਹਾਂ 'ਤੇ ਮੁਸੀਬਤਾਂ ਦੇ ਪਹਾੜ ਡਿੱਗ ਪੈਂਦੇ ਹਨ। ਸਿਆਣੇ ਕਿਹਾ ਕਰਦੇ ਹਨ ਕਿ ਮਾਪੇ ਬਜ਼ੁਰਗ ਵੀ ਹੋ ਜਾਣ ਤਾਂ ਘਰ ਦਾ ਜਿੰਦਰਾ ਹੁੰਦੇ ਹਨ। ਘਰ ਬੈਠਿਆਂ ਵੀ ਉਹ ਆਪਣੇ ਬੱਚਿਆਂ ਦੀ ਬਿਹਤਰੀ ਲਈ ਨੇਕ ਸਲਾਹਾਂ ਅਤੇ ਅਸੀਸਾਂ ਦਿੰਦੇ ਨਹੀਂ ਥੱਕਦੇ। ਅੱਜ ਜ਼ਿੰਦਗੀ ਦੇ ਆਖ਼ਰੀ ਪਹਿਰ ਵਿੱਚ ਪਹੁੰਚੇ ਮਾਪੇ, ਬੁਢਾਪੇ ਦੀ ਬੇਬਸੀ ਤੇ ਲਾਚਾਰੀ ਵਿਚ,ਆਪਣੇ ਬਣਾਏ ਘਰਾਂ ਵਿੱਚ ਹੀ ਅਣਹੋਇਆਂ ਵਰਗਾ ਜੀਵਨ ਹੰਢਾਉਣ ਲਈ ਮਜਬੂਰ ਹਨ। ਪੁੱਤਰ ਵੀ ਬੁਢਾਪੇ ਵਿੱਚ ਮਾਪਿਆਂ ਨੂੰ ਸਾਂਭਣ ਲਈ ਤਿਆਰ ਨਹੀਂ ਹਨ।ਅਨੇਕਾਂ ਬਜ਼ੁਰਗ ਘਰਾਂ ਵਿੱਚ ਹੀ ਰੁੱਲਦੇ ਦੇਖੇ ਜਾ ਸਕਦੇ ਹਨ।

ਕੁਝ ਪਰਿਵਾਰ ਤਾਂ ਬੁੱਢੇ ਮਾਪਿਆਂ ਨੂੰ ਬੁਢਾਪਾ ਘਰਾਂ ਵਿੱਚ ਛੱਡ ਕੇ ਹੀ ਸਕੂਨ ਮਹਿਸੂਸ ਕਰਦੇ ਹਨ। ਮਾਪਿਆਂ ਦਾ ਸਾਇਆ ਸਦਾ ਨਹੀਂ ਰਹਿਣਾ, ਇਸ ਲਈ ਜਿਊਂਦੇ ਜੀਅ ਹੀ ਇਨ੍ਹਾਂ ਨੂੰ ਸਨਮਾਨ ਦੇਣਾ, ਸਾਰੇ ਧਰਮਾਂ-ਕਰਮਾਂ ਤੋਂ ਉੱਪਰ ਹੈ। ਲੋਕ-ਗੀਤ ਜਾਂ ਹੋਰ ਗੀਤ/ਸੰਗੀਤ ਕੇਵਲ ਮੰਨੋਰੰਜਨ ਦਾ ਸਾਧਨ ਹੀ ਨਹੀਂ ਹੁੰਦੇ। ਇਨ੍ਹਾਂ ਬੋਲਾਂ ਵਿੱਚ ਡੂੰਘੀਆਂ ਰਮਜ਼ਾਂ ਤੇ ਸਿਆਣਪਾਂ ਛੁਪੀਆਂ ਹੁੰਦੀਆਂ ਹਨ,ਜਿਨ੍ਹਾਂ ਦੀ ਥਾਹ ਪਾ ਕੇ ਮਨੁੱਖ ਜ਼ਿੰਦਗੀ ਦੇ ਡੂੰਘੇ ਅਰਥਾਂ ਨੂੰ ਸਮਝਣ ਦੇ ਸਮਰੱਥ ਹੋ ਸਕਦਾ ਹੈ।

# ਖ਼ੂਬਸੂਰਤ ਬਣਾਓ ਉਮਰਾਂ ਦੀਆਂ ਤਰਕਾਲ਼ਾਂ

ਜਸਵਿੰਦਰ ਸਿੰਘ ਰੁਪਾਲ

ਜੀਵਨ-ਯਾਤਰਾ ਦਾ ਅਖ਼ੀਰਲਾ ਸਫ਼ਰ ਜਿੱਥੇ ਬਹੁਤ ਸਾਰੀਆਂ ਚੁਣੌਤੀਆਂ ਭਰਪੂਰ ਹੁੰਦਾ ਹੈ, ਉੱਥੇ ਹੀ ਇੱਕ ਵੱਖਰੇ ਰੰਗ, ਵੱਖਰੇ ਅੰਦਾਜ਼ ਵਾਲਾ ਵੀ ਹੁੰਦਾ ਹੈ। ਪਿਛਲੇ ਦਹਾਕਿਆਂ ਵਿੱਚ ਵਿਸ਼ਵ-ਜਨਸੰਖਿਆ ਦੀ ਬਣਤਰ ਵਿੱਚ ਵੱਡੀ ਤਬਦੀਲੀ ਆਈ ਹੈ। ਔਸਤ ਉਮਰ ਵਧ ਕੇ 75 ਸਾਲ ਹੋਈ ਹੈ। ਸੰਨ 2021 ਵਿੱਚ ਵਿਸ਼ਵ ਦੇ 65 ਸਾਲ ਤੋਂ ਵੱਧ ਉਮਰ ਦੇ ਵਿਅਕਤੀਆਂ ਦੀ ਗਿਣਤੀ 76 ਕਰੋੜ ਤੋਂ ਵੱਧ ਸੀ ਜੋ ਇੱਕ ਅਨੁਮਾਨ ਅਨੁਸਾਰ 2050 ਤੱਕ ਲਗਭਗ ਡੇਢ ਅਰਬ (ਦੁੱਗਣੀ ਤੋਂ ਵੀ ਵੱਧ) ਹੋ ਜਾਵੇਗੀ। ਤ੍ਰਾਸਦੀ ਇਹ ਵੀ ਹੈ ਕਿ ਇਸ ਦੀ ਦੋ-ਤਿਹਾਈ ਤੋਂ ਵੀ ਵੱਧ (1.1 ਬਿਲੀਅਨ) ਘੱਟ-ਵਿਕਸਤ ਅਤੇ ਅਵਿਕਸਤ ਦੇਸ਼ਾਂ ਵਿੱਚ ਹੋਵੇਗੀ। ਇਸ ਤਰ੍ਹਾਂ ਵਿਸ਼ਵ-ਜਨਸੰਖਿਆ ਦਾ ਵੱਡਾ ਹਿੱਸਾ ਸਾਡਾ ਸਭ ਦਾ ਧਿਆਨ ਮੰਗਦਾ ਹੈ।

ਹੁਣ ਕੁਝ ਵਿਚਾਰ ਸਾਡੇ ਆਪਣੇ ਦੇਸ਼ ਦੇ ਬਜ਼ੁਰਗਾਂ ਬਾਰੇ। ਇਨ੍ਹਾਂ ਸਾਹਮਣੇ ਕਈ ਮੁੱਖ ਮਸਲੇ ਹਨ। ਸਭ ਤੋਂ ਪਹਿਲੀ ਅਤੇ ਸਭ ਤੋਂ ਵੱਡੀ ਲੋੜ ਹੈ ਬਣਦਾ ਸਤਿਕਾਰ ਮਿਲਣ ਦੀ। ਕਦੇ ਘਰ ਵਿੱਚ ਬਜ਼ੁਰਗਾਂ ਦੀ ਹਰ ਗੱਲ 'ਤੇ ਫੁੱਲ ਚੜ੍ਹਾਏ ਜਾਂਦੇ ਸਨ। ਹਰ ਕੰਮ ਉਨ੍ਹਾਂ ਦੀ ਇੱਛਾ ਅਨੁਸਾਰ ਹੁੰਦਾ ਸੀ। ਹਰੇਕ ਮਸਲੇ 'ਤੇ ਉਨ੍ਹਾਂ ਦੀ ਰਾਇ ਲਈ ਜਾਂਦੀ ਸੀ। ਪਰ ਹੁਣ ਵਿੱਦਿਆ ਦੇ ਪਸਾਰ, ਵਿਗਿਆਨ ਤੇ ਤਕਨਾਲੋਜੀ ਦੇ ਘੇਰੇ ਵਿੱਚ ਆਈ ਨੌਜਵਾਨ ਪੀੜ੍ਹੀ ਮਸ਼ੀਨਾਂ ਵਿੱਚ ਵਿਚਰਦਿਆਂ ਆਪ ਵੀ ਮਸ਼ੀਨ ਬਣ ਕੇ ਰਹਿ ਗਈ ਹੈ। ਗਿਆਨ ਦਾ ਪਸਾਰ ਹੋਇਆ ਹੈ, ਕੰਪਿਊਟਰ ਅਤੇ ਮੋਬਾਈਲ ਨੇ ਹਰ ਕੰਮ ਸੌਖਾ ਬਣਾ ਦਿੱਤਾ ਹੈ। ਇਸ ਗਿਆਨ ਦੇ ਪਸਾਰੇ ਕਾਰਨ ਅਜੋਕੀ ਪੀੜ੍ਹੀ ਨੂੰ ਬਜ਼ੁਰਗਾਂ ਤੋਂ ਪੁੱਛਣ ਦੀ ਲੋੜ ਨਹੀਂ ਪੈਂਦੀ। ਗੂਗਲ ਬਾਬਾ ਉਨ੍ਹਾਂ ਦੇ ਸ਼ੰਕੇ ਵਧੇਰੇ ਨਵਿਰਤ ਕਰ ਦਿੰਦਾ ਹੈ। ਹਰ ਵਿਸ਼ੇ ਦੇ ਮਾਹਿਰ ਮਿਲ ਜਾਂਦੇ ਹਨ। ਇਸ ਯੁੱਗ ਵਿੱਚ ਉਨ੍ਹਾਂ ਨਾਲ ਕੋਈ ਵੀ ਗੱਲ ਕਰਨ, ਪੁੱਛਣ ਜਾਂ ਮਨੋਵਿਗਿਆਨਕ ਅਗਵਾਈ ਲੈਣ ਨੂੰ ਠੀਕ ਮੰਨਿਆ ਜਾਣ ਲੱਗਿਆ ਹੈ। ਸਾਡੀਆਂ ਲੋੜਾਂ, ਰੁਚੀਆਂ, ਪਸੰਦਾਂ ਤੇ ਪਹਿਲਾਂ ਸਭ ਕੁਝ ਵਿੱਚ ਬਹੁਤ ਵੱਡੀ ਤਬਦੀਲੀ ਆਈ ਹੈ। ਖਾਣ-ਪੀਣ, ਪਹਿਨਣ, ਰਹਿਣ-ਸਹਿਣ ਦੇ ਢੰਗ-ਤਰੀਕੇ, ਸਬੰਧੀਆਂ ਨਾਲ ਸਾਡੇ ਮੇਲ਼-ਗੇਲ਼, ਕਹਿਣ ਤੋਂ ਭਾਵ ਇਹ ਕਿ ਹਰ ਛੋਟੀ ਤੋਂ ਵੱਡੀ ਗੱਲ ਵਿੱਚ ਬਹੁਤ ਵੱਡੀ ਤਬਦੀਲੀ ਆਈ ਹੈ।



ਬਜ਼ੁਰਗ ਕਈ ਵਾਰ ਆਪਣੇ-ਆਪ ਨੂੰ ਬੇਲੋੜਾ ਜਿਹਾ ਸਮਝਣ ਲੱਗ ਪੈਂਦੇ ਹਨ ਕਿਉਂਕਿ ਮਸ਼ੀਨੀਕਰਨ ਵਿੱਚ ਉਹ ਆਪ ਬਹੁਤਾ ਕੁਝ ਕਰ ਨਹੀਂ ਸਕਦੇ ਤੇ ਬੱਚਿਆਂ ਨੂੰ ਬਹੁਤਾ ਸਲਾਹ-ਮਸ਼ਵਰਾ ਵੀ ਨਹੀਂ ਦੇ ਸਕਦੇ। ਅਜਿਹੀ ਹਾਲਤ ਵਿੱਚ ਨੌਜਵਾਨ ਵਰਗ ਨੂੰ ਇਹ ਗੱਲ ਸਮਝਣੀ ਚਾਹੀਦੀ ਹੈ ਕਿ ਸਿਰਫ਼ ਲੋੜ ਲਈ ਹੀ ਸਤਿਕਾਰ ਨਹੀਂ ਹੁੰਦਾ। ਉਨ੍ਹਾਂ ਨੇ ਆਪਣੇ ਬੱਚਿਆਂ ਨੂੰ ਆਪਣੇ ਪੈਰਾਂ 'ਤੇ ਖੜ੍ਹੇ ਹੋਣ ਜੋਗਾ ਬਣਾਉਣ ਲਈ ਜੋ ਤਿਆਗ ਕੀਤੇ ਹਨ, ਉਨ੍ਹਾਂ ਕਾਰਨ ਉਹ ਸਾਡੇ ਦਿਲੋਂ ਸਤਿਕਾਰ ਦੇ ਪਾਤਰ ਹਨ। ਦੂਜੀ ਵੱਡੀ ਸਮੱਸਿਆ ਸਮਾਂ ਗੁਜ਼ਾਰਨ ਦੀ ਹੈ। ਪੁਰਾਣੇ ਸਮੇਂ ਵਾਂਗ ਸੱਥਾਂ ਵਿਚ ਬੈਠਣ ਦਾ ਰਿਵਾਜ ਨਹੀਂ ਰਿਹਾ। ਟੀਵੀ ਅਤੇ ਹੋਰ ਸੁੱਖ-ਸਹੂਲਤਾਂ ਨੇ ਸਾਨੂੰ ਘਰ ਦੇ ਅੰਦਰ ਹੀ ਰਹਿਣ ਲਈ ਮਜਬੂਰ ਕਰ ਦਿੱਤਾ ਹੈ। ਅਜਿਹੇ ਵਿਚ ਇਹ ਬਹੁਤ ਜ਼ਰੂਰੀ ਹੈ ਕਿ ਬਜ਼ੁਰਗਾਂ ਕੋਲ ਕੋਈ ਆਪਣਾ ਰੁਝੇਵਾਂ ਜ਼ਰੂਰ ਹੋਵੇ। ਇਹ ਰੁਝੇਵਾਂ ਉਹ ਆਪਣੇ ਸ਼ੌਕ ਮੁਤਾਬਕ ਰੱਖ ਸਕਦੇ ਹਨ। ਪੜ੍ਹੇ-ਲਿਖੇ ਲੋਕ ਕਿਤਾਬਾਂ, ਲਾਇਬ੍ਰੇਰੀਆਂ ਤੇ ਸੰਗੀਤ ਕਲੱਬਾਂ ਨਾਲ ਜੁੜ ਸਕਦੇ ਹਨ।ਕੁਝ ਸਮਾਂ ਉਹ ਆਪਣੇ ਧਾਰਮਿਕ ਅਕੀਦੇ ਅਨੁਸਾਰ ਵੀ ਖ਼ਰਚ ਕਰ ਸਕਦੇ ਹਨ। ਪਰ ਇਹ ਗੱਲ ਯਾਦ ਰੱਖਣ ਦੀ ਲੋੜ ਹੈ ਕਿ ਹੁਣ ਹੋਰ ਲੋਕਾਂ 'ਤੇ ਚਰਚਾ ਕਰਨੀ ਸੁਖਾਵੀਂ ਨਹੀਂ ਹੈ। ਇਸ ਵਿੱਚ ਬਿਲਕੁਲ ਵੀ ਸਮਾਂ ਖ਼ਰਚ ਨਹੀਂ ਕਰਨਾ ਚਾਹੀਦਾ। ਸਿਹਤ ਪ੍ਰਤੀ ਜਾਗਰੂਕ ਹੋਣਾ ਉਨ੍ਹਾਂ ਲਈ ਬਹੁਤ ਜ਼ਰੂਰੀ ਹੈ। ਖ਼ੁਦ ਵੱਲ ਧਿਆਨ ਦੇਣਾ ਹੀ ਉਨ੍ਹਾਂ ਨੂੰ ਠੀਕ ਹਾਲਤ ਵਿੱਚ ਰੱਖ ਸਕਦਾ ਹੈ।

ਬੁਢਾਪੇ 'ਚ ਜਿੱਥੇ ਆਪਣੀ ਕੀਤੀ ਬੱਚਤ ਨੂੰ ਆਪਣੇ 'ਤੇ ਖ਼ਰਚ ਕਰਨਾ ਜ਼ਰੂਰੀ ਹੈ, ਉੱਥੇ ਹੀ ਆਪਣੀਆਂ ਲੋੜਾਂ ਅਤੇ ਰੁਚੀਆਂ ਲਈ ਬੱਚਿਆਂ ਤੋਂ ਖ਼ਰਚ ਕਰਵਾਉਣਾ ਵੀ ਗ਼ਲਤ ਨਹੀਂ ਹੈ। ਬਹੁਤੀ ਵਾਰ ਸਾਡੇ ਬਜ਼ੁਰਗਾਂ ਨੇ ਆਪਣੇ ਬੁਢਾਪੇ ਲਈ ਕੁਝ ਵੀ ਬੱਚਤ ਨਹੀਂ ਕੀਤੀ ਹੁੰਦੀ। ਉਹ ਆਪਣੀ ਜਾਇਦਾਦ ਆਪਣੇ ਬੱਚਿਆਂ ਵਿੱਚ ਵੰਡ ਕੇ ਖ਼ੁਸ਼ ਹੁੰਦੇ ਹਨ। ਇਸੇ ਲਈ ਉਹ ਪੁੱਤਰਾਂ ਅਤੇ ਨੂੰਹਾਂ ਤੋਂ ਸੇਵਾ ਅਤੇ ਸਤਿਕਾਰ ਦੀ ਉਮੀਦ ਰੱਖਦੇ ਹਨ। ਇਹ ਨਾ ਮਿਲਣ 'ਤੇ ਉਦਾਸ ਅਤੇ ਨਿਰਾਸ਼ ਹੁੰਦੇ ਹਨ। ਮੈਡੀਕਲ ਬੀਮਾ ਕਰਵਾਉਣਾ ਨਾ ਤਾਂ ਸਰਕਾਰ ਵੱਲੋਂ ਜ਼ਰੂਰੀ ਹੈ, ਨਾ ਹੀ ਬਜ਼ੁਰਗ ਆਪ ਇਸ ਦੀ ਮਹੱਤਤਾ ਪ੍ਰਤੀ ਸੁਚੇਤ ਹਨ। (ਬਾਕੀ ਸਫ਼ਾ 31 'ਤੇ)

# ਮੀਰੀ ਪੀਰੀ ਦੇ ਮਾਲਕ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ

ਪ੍ਰੋ: ਨਿਰਮਲ ਸਿੰਘ ਰੰਧਾਵਾ



ਮੀਰੀ ਪੀਰੀ ਦੇ ਮਾਲਕ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਪੰਚਮ ਪਾਤਸ਼ਾਹ ਜੀ ਦੇ ਗ੍ਰਿਹਿ ਪ੍ਰਕਾਸ਼ ਲੈਣ ਕਰ ਕੇ ਸੋਢੀ ਕੁਲ ਦੀ ਪੀੜ੍ਹੀ ਚੱਲਣ ਬਾਰੇ ਸ੍ਰੀ ਆਦਿ ਗ੍ਰੰਥ ਸਾਹਿਬ ਜੀ ਦੇ ਲਿਖਾਰੀ ਭਾਈ ਗੁਰਦਾਸ ਜੀ ਵਲੋਂ ਆਪਣੀਆਂ ਲਿਖੀਆਂ ਵਾਰਾਂ ’ਚੋਂ ਪਹਿਲੀ ਵਾਰ ਦੀ 48ਵੀਂ ਪਉੜੀ ’ਚ ਪਹਿਲੀਆਂ ਹੀ ਦੋ ਪੰਕਤੀਆਂ ’ਚ ਬਹੁਤ ਵਿਦਵਤਾ ਭਰਪੂਰ ਜ਼ਿਕਰ ਕੀਤਾ ਹੈ। 48 ਵੀਂ ਪਉੜੀ ਦੀਆਂ ਬਾਕੀ ਪੰਕਤੀਆਂ ਵਿੱਚ ਭਾਈ ਗੁਰਦਾਸ ਜੀ ਨੇ ਪੰਚਮ ਪਾਤਸ਼ਾਹ ਜੀ ਤੋਂ ਬਾਅਦ ਉਨ੍ਹਾਂ ਦੇ ਸਪੁੱਤਰ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਵਲੋਂ ਗੁਰਤਾ ਗੱਦੀ ਧਾਰਨ ਕਰਨ ਉਪਰੰਤ ਜ਼ੁਲਮ ਦਾ ਨਾਸ਼ ਕਰਨ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਥਾਪਨਾ ਕਰਕੇ, ਦੋ ਤਲਵਾਰਾਂ ਧਾਰਨ ਕਰਕੇ ਤਖ਼ਤ ’ਤੇ ਬੈਠ ਕੇ ਸੂਰਬੀਰਾਂ ਵਾਲੇ ਕੌਤਕ ਕਰਨ ਅਤੇ ਸੋਢੀਆਂ ਦੀ ਪੀੜ੍ਹੀ ਦੇ ਹੋਰ ਅੱਗੇ ਚੱਲਣ ਦੀ ਵਿਥਿਆ ਨੂੰ ਬਹੁਤ ਹੀ ਸੰਖੇਪ ’ਚ ਪੇਸ਼ ਕੀਤਾ ਗਿਆ ਹੈ–

ਪੰਜਿ ਪਿਆਲੇ ਪੰਜ ਪੀਰ ਛਠਮੁ ਪੀਰੁ ਬੈਠਾ ਗੁਰੁ ਭਾਰੀ ॥
ਅਰਜਨ ਕਾਇਆ ਪਲਟਿਕੈ ਮੂਰਤਿ ਹਰਿਗੋਬਿੰਦ ਸਵਾਰੀ
ਚਲੀ ਪੀੜੀ ਸੋਢੀਆ ਰੂਪ ਦਿਖਾਵਣਿ ਵਾਰੋ ਵਾਰੀ ॥
ਦਲਭੰਜਨ ਗੁਰੁ ਸੂਰਮਾ ਵਡ ਜੋਧਾ ਬਹੁ ਪਰਉਪਕਾਰੀ ॥
ਪੁਛਨ ਸਿਖ ਅਰਦਾਸ ਕਰ ਛੇ ਮਹਿਲਾਂ ਤਕ ਦਰਸ ਨਿਹਾਰੀ ॥
ਅਗਮ ਅਗੋਚਰ ਸਤਿਗੁਰੂ ਬੋਲੇ ਮੁਖ ਤੇ ਸੁਣਹੁ ਸੰਸਾਰੀ ॥
ਕਲਿਜੁਗ ਪੀੜ੍ਹੀ ਸੋਢੀਆਂ ਨਿਹਚਲ ਨੀਵ ਉਸਾਰ ਖਲ੍ਹਾਰੀ ॥
ਜੁਗ ਜੁਗ ਸਤਿਗੁਰ ਧਰੇ ਅਵਤਾਰੀ ॥
(ਵਾਰਾਂ ਭਾਈ ਗੁਰਦਾਸ ਜੀ:
ਵਾਰ ੧)

**ਗੁਰੂ ਕੀ ਵਡਾਲੀ ਵਿਖੇ ਹੋਇਆ ਪ੍ਰਕਾਸ਼**

ਬ੍ਰਹਮ ਗਿਆਨੀ ਬਾਬਾ ਬੁੱਢਾ ਸਾਹਿਬ ਜੀ ਤੋਂ ਮਿਲੇ ਅਸ਼ੀਰਵਾਦ ਸਦਕਾ 429 ਸਾਲ ਪਹਿਲਾਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਪ੍ਰਕਾਸ਼ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਗ੍ਰਿਹਿ ਅਤੇ ਮਾਤਾ ਗੰਗਾ ਜੀ ਦੀ ਪਵਿੱਤਰ ਕੁੱਖ ਤੋਂ ਨਗਰ ਗੁਰੂ ਕੀ ਵਡਾਲੀ, ਜ਼ਿਲ੍ਹਾ ਅੰਮ੍ਰਿਤਸਰ ਵਿਖੇ 19 ਜੂਨ, 1595 ਈ: (21 ਹਾੜ ਵਦੀ 7 ਸੰਮਤ 1652) ਨੂੰ ਰਾਤ 12 ਵੱਜ ਕੇ 20 ਮਿੰਟ ’ਤੇ ਹੋਇਆ ਸੀ। ਨੱਤਾਂ ਦੀ ਵਡਾਲੀ ਪਿੰਡ ਦੇ ਬਾਹਰਵਾਰ ਤੰਬੂ ’ਚ (ਜਿਥੇ ਬਾਅਦ ਵਿੱਚ ਛੇਹਰਟਾ ਖ਼ੂਹ ਲਗਵਾਇਆ) ਵਿਖੇ ਭਾਈ ਖਾਨ ਤੇ ਭਾਈ ਢੋਲ ਦੀ ਬੇਨਤੀ ’ਤੇ ਅੰਮ੍ਰਿਤਸਰ ਤੋਂ ਆ ਕੇ ਡੇਰਾ ਲਾ ਕੇ ਨਿਵਾਸ ਕਰ ਰਹੇ ਪੰਚਮ ਪਾਤਸ਼ਾਹ ਜੀ ਨੇ ਜਦੋਂ ਪਿੰਡ ਦੇ ਜ਼ਿਮੀਦਾਰ ਭਾਈ ਭਾਗੂ ਜੀ ਕੋਲੋਂ ਉਸ ਦੇ ਵਾੜ੍ਹੇ ਰੂਪੀ ਘਰ ’ਚ ਮਾਤਾ ਗੰਗਾ ਜੀ ਦੀ ਕੁੱਖੋਂ ਬਾਲਕ ਹਰਗੋਬਿੰਦ ਜੀ ਦੇ ਜਨਮ ਲੈਣ ਦੀ ਖੁਸ਼ਖ਼ਬਰੀ ਸੁਣੀ ਤਾਂ ਉਸੇ ਵੇਲੇ ਅਕਾਲ ਪੁਰਖ ਜੀ ਦਾ ਸ਼ੁਕਰਾਨਾ ਕਰਦੇ ਹੋਏ ਚਾਰ ਪਦਾਂ ਵਾਲੇ ਸ਼ਬਦ ਦੀ ਰਚਨਾ ਕੀਤੀ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਸਾਹਿਬ ਜੀ ਦੇ ਪੰਨਾ–396 ’ਤੇ ਅੰਕਿਤ ਹੈ:

ਆਸਾ ਮਹਲਾ ੫ ॥ ਸਤਿਗੁਰ ਸਾਚੈ ਦੀਆ ਭੇਜਿ ॥ ॥
ਨਾਨਕੁ ਤੁਠਾ ਕੀਨੀ ਦਾਤਿ ॥

ਛੇਵੇਂ ਪਾਤਸ਼ਾਹ ਜੀ ਦੇ ਗੁਰੂ ਕੀ ਵਡਾਲੀ ਵਿਖੇ ਪ੍ਰਕਾਸ਼ ਲੈਣ ਦੇ ਇਤਿਹਾਸਕ ਪਿਛੋਕੜ ਨੂੰ ਜਾਨਣ ਦਾ ਇਸ ਲੇਖ ’ਚ ਯਤਨ ਕੀਤਾ ਗਿਆ ਹੈ। ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਵਲੋਂ ਆਪਣੇ ਤਿੰਨ ਪੁੱਤਰਾਂ ’ਚੋਂ ਛੋਟੇ ਪੁੱਤਰ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਗੁਰਗੱਦੀ ਬਖ਼ਸ਼ਣ ਕਰਕੇ ਵੱਡਾ ਪੁੱਤਰ ਪ੍ਰਿਥੀਚੰਦ ਅਤੇ ਉਸਦੀ ਪਤਨੀ ਬੀਬੀ ਕਰਮੋਂ ਪੰਚਮ ਪਾਤਸ਼ਾਹ ਨਾਲ ਬਹੁਤ ਜ਼ਿਆਦਾ ਹੀ ਈਰਖ਼ਾ ਕਰਨ ਲੱਗ ਪਏ ਸਨ। ਇੱਕ ਦਿਨ ਬੀਬੀ ਕਰਮੋ ਤੇ ਪ੍ਰਿਥੀ ਚੰਦ ਨੇ ਮਾਤਾ ਗੰਗਾ ਜੀ (ਪੰਚਮ ਪਾਤਸ਼ਾਹ ਜੀ ਦੇ ਮਹਿਲ) ਨੂੰ ਜਹਾਨ ਤੋਂ ਬੇ–ਔਲਾਦ ਤੇ ਔਂਤਰੀ ਜਾਣ ਦੇ ਬੋਲ–ਕਬੋਲ ਬੋਲੇ ਤਾਂ ਮਾਤਾ ਗੰਗਾ ਜੀ ਨੇ ਪੰਚਮ ਪਾਤਸ਼ਾਹ ਜੀ ਨੂੰ ਆਪਣੇ ਘਰ ਔਲਾਦ ਬਖ਼ਸ਼ਣ ਲਈ ਬੇਨਤੀ ਕੀਤੀ। ਨਿਮਰਤਾ ਦੇ ਪੁੰਜ ਪੰਚਮ ਗੁਰੂ ਜੀ ਨੇ ਮਾਤਾ ਗੰਗਾ ਜੀ ਨੂੰ ਅੰਮ੍ਰਿਤਸਰ ਤੋਂ 19–20 ਕਿਲੋਮੀਟਰ ਦੀ ਦੂਰੀ ’ਤੇ ਪਹਿਲੇ, ਦੂਸਰੇ, ਤੀਸਰੇ, ਚੌਥੇ ਅਤੇ ਆਪਣੇ ਨਾਲ ਗੁਰੂ ਘਰ ਦੀਆਂ ਸੇਵਾਵਾਂ ਵਿੱਚ ਸਦਾ ਤੱਤਪਰ ਰਹਿਣ ਵਾਲੇ ਬ੍ਰਹਮ ਗਿਆਨੀ ਬਾਬਾ ਬੁੱਢਾ ਸਾਹਿਬ ਜੀ ਕੋਲ ਝਬਾਲ ਨੇੜੇ ‘ਬੀੜ’ ਵਿਖੇ ਅਸ਼ੀਰਵਾਦ ਲੈਣ ਲਈ ਬਚਨ ਕੀਤਾ।

**ਮਾਤਾ ਗੰਗਾ ਜੀ ਦਾ ਬੀੜ ਬਾਬਾ ਬੁੱਢਾ ਸਾਹਿਬ ਜਾਣਾ**

ਮਾਤਾ ਗੰਗਾ ਜੀ ਨੇ ਨਿਮਰਤਾ ਨਾਲ ਜਾਣ ਦੀ ਬਜਾਏ ਰੱਥ ’ਤੇ ਚੜ੍ਹ ਕੇ ਪੂਰੀ ਸ਼ਾਨ ਨਾਲ ਕਈ ਪ੍ਰਕਾਰ ਦੇ ਪਦਾਰਥ ਤੇ ਸੇਵਕਾਂ ਆਦਿ ਨੂੰ ਨਾਲ ਲੈ ਕੇ ਜੰਗਲ–ਨੁਮਾ ‘ਬੀੜ’ ਵਿੱਚ ਬਾਬਾ ਬੁੱਢਾ ਸਾਹਿਬ ਕੋਲ ਪਹੁੰਚਣਾ ਕੀਤਾ ਪਰ ਮਾਤਾ ਜੀ ਨੂੰ ਬਾਬਾ ਜੀ ਦੇ ‘ਗੁਰੂ ਕਿਆਂ ਨੂੰ ਕਿੱਥੋਂ ਭਾਜੜਾਂ ਪੈ ਗਈਆਂ’ ਵਾਲੇ ਬਚਨਾਂ ਬਾਰੇ ਪਤਾ ਲੱਗਣ ਕਰਕੇ ਮਾਤਾ ਜੀ ਨੇ ਝਕਦੇ ਹੋਏ ਬਾਬਾ ਬੁੱਢਾ ਜੀ ਨੂੰ ਪੁੱਤਰ ਦੀ ਦਾਤ ਹਿੱਤ ਅਸ਼ੀਰਵਾਦ ਦੀ ਬੇਨਤੀ ਕੀਤੀ ਤਾਂ ਬਾਬਾ ਜੀ ਨੇ ਮਾਤਾ ਜੀ ਨੂੰ ਕਿਹਾ ਕਿ ਮੈਂ ਤਾਂ ਗੁਰੂ ਘਰ ਦਾ ਨਿਮਾਣਾ ਜਿਹਾ ਸੇਵਕ ਹਾਂ, ਔਲਾਦ ਦੀ ਦਾਤ ਤਾਂ ਗੁਰੂ ਜੀ ਹੀ ਬਖ਼ਸ਼ ਸਕਦੇ ਹਨ। ਮਾਤਾ ਜੀ ਨੇ ਵਾਪਸ ਸ੍ਰੀ ਅੰਮ੍ਰਿਤਸਰ ਆ ਕੇ ਸਾਰੀ ਵਾਰਤਾ ਪੰਚਮ ਪਾਤਸ਼ਾਹ ਜੀ ਨੂੰ ਦੱਸੀ ਤਾਂ ਦਿਆਲੂ ਗੁਰੂ ਜੀ ਨੇ ਆਪਣੇ ਮਹਿਲ ਮਾਤਾ ਗੰਗਾ ਜੀ ਨੂੰ ਜੁਗਤ ਸਮਝਾਈ ਕਿ ਆਪਣੇ ਹੱਥੀਂ ਮਿੱਸ਼ੇ ਪ੍ਰਸ਼ਾਦੇ, ਗੰਢੇ, ਲੱਸੀ ਆਦਿ ਲੰਗਰ ਲੈ ਕੇ ਨੰਗੇ ਪੈਰੀਂ ਸੀਮਤ ਸੇਵਾਦਾਰਾਂ ਨਾਲ ਨਿਮਰ ਹੋ ਕੇ ਬਾਬਾ ਜੀ ਕੋਲ ਜਾਵੋ, ਅਕਾਲ ਪੁਰਖ ਜ਼ਰੂਰ ਮਿਹਰ ਕਰੇਗਾ । ਗੁਰੂ ਜੀ ਦੇ ਬਚਨ ਮੰਨਦੇ ਹੋਏ ਦੂਸਰੇ ਦਿਨ ਮਾਤਾ ਗੰਗਾ ਜੀ ਕੁਝ ਸੇਵਾਦਾਰਾਂ ਨੂੰ ਨਾਲ ਲੈ ਕੇ ਨੰਗੇ ਪੈਰੀਂ ਗੁਰਬਾਣੀ ਪੜ੍ਹਦੇ ਹੋਏ ਸੀਸ ਉਤੇ ਮਿੱਸੇ ਪ੍ਰਸ਼ਾਦੇ, ਲੱਸੀ ਅਤੇ ਗੰਢੇ ਆਦਿ ਰੱਖ ਕੇ ਬਾਬਾ ਬੁੱਢਾ ਜੀ ਕੋਲ ਪੁੱਤਰ ਦੀ ਦਾਤ ਦਾ ਅਸ਼ੀਰਵਾਦ ਲੈਣ ਲਈ ‘ਬਾਬੇ ਦੀ ਬੀੜ’ ਪਹੁੰਚੇ। ਬਾਬਾ ਜੀ ਨੇ ਮਾਤਾ ਜੀ ਵਲੋਂ ਆਪਣੇ ਹੱਥੀਂ ਪਕਾਏ ਮਿੱਸੇ ਪ੍ਰਸ਼ਾਦੇ ਛੱਕਦੇ ਹੋਏ ਇੱਕ ਗੰਢੇ ’ਤੇ ਮੁੱਕਾ ਮਾਰਦੇ ਹੋਏ ਸ਼ੁੱਭ ਬਚਨ ਕੀਤਾ ਕਿ ਆਪ ਜੀ ਦੇ ਗ੍ਰਿਹਿ ਬਹੁਤ ਬਲਵਾਨ ਤੇ ਯੋਧਾ ਪੁੱਤਰ ਪ੍ਰਗਟ ਹੋਵੇਗਾ :

ਤੁਮਰੇ ਗ੍ਰਿਹਿ ਪ੍ਰਗਟੇਗਾ ਜੋਧਾ। ਜਾਂਕੋ ਬਲ ਗੁਨ ਕਿਨੁੰ ਨ ਸੋਧਾ।
ਰੂਪੇ ਛੱਕੇ ਸੁ ਜੈਸ ਮਰੋਰੇ। ਤੁਰਕ ਸੀਸ ਤੈਸੇ ਬਹੁ ਤੋਰੇ।
(ਗੁਰ ਬਿਲਾਸ ਪਾ: ਛੇਵੀਂ)

ਪੰਚਮ ਪਾਤਸ਼ਾਹ ਜੀ ਦੀ ਆਪਣੀ ਵਰਤਾਈ ਲੀਲ੍ਹਾ ਅਨੁਸਾਰ ਮਾਤਾ ਗੰਗਾ ਜੀ ਨੂੰ ਬਾਬਾ ਬੁੱਢਾ ਸਾਹਿਬ ਜੀ ਕੋਲੋਂ ਮਿਲੇ ਵਰ ਸਦਕਾ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਪ੍ਰਕਾਸ਼ (ਨੱਤਾਂ ਦੀ ਵਡਾਲੀ) ਵਿਖੇ ਹੋਇਆ ਸੀ ਜਿਸ ਪਿੰਡ ਦਾ ਨਵਾਂ ਨਾਮ ਬਾਬਾ ਬੁੱਢਾ ਸਾਹਿਬ ਜੀ ਨੇ ਮੋਹੜਾ ਗੱਡ ਕੇ ‘ਗੁਰੂ ਕੀ ਵਡਾਲੀ’ ਰੱਖਿਆ ਸੀ।

ਪੰਚਮ ਪਾਤਸ਼ਾਹ ਜੀ ਨੇ ਵਰ ਦਿੱਤਾ...

ਤਿੰਨ ਸਾਲ ਦੀ ਅਵਸਥਾ ਤੱਕ ਬਾਲਕ ਹਰਿਗੋਬਿੰਦ ਜੀ ਨੇ ਗੁਰੂ ਕੀ ਵਡਾਲੀ ਵਿਖੇ ਕਈ ਕੌਤਕ ਕੀਤੇ । ਪੰਚਮ ਪਾਤਸ਼ਾਹ ਜੀ ਨੇ ਬਾਬਾ ਸਿੱਧ ਜੀ ਨੂੰ ਵਰ ਦਿੱਤਾ ਕਿ ਆਪ ਕੋਲੋਂ ਚੰਬਲ ਰੋਗ ਦੇ ਪ੍ਰਾਣੀਆਂ ਦਾ ਰੋਗ ਠੀਕ ਹੋਇਆ ਕਰੇਗਾ ਜੋ ਅੱਜ ਵੀ ਚੰਬਲਾਂ ਦੀ ਪੱਤੀ ’ਚ ਬਾਬਾ ਸਿੱਧ ਜੀ ਦੀ ਵੰਸ਼ਜ਼ ਗਿਲ ਪਰਿਵਾਰਾਂ ਕੋਲੋਂ ਰੱਖ ਲਗਾ ਕੇ ‘ਧੰਨ ਧੰਨ ਬਾਬਾ ਸਿੱਧ, ਤੇਰੀ ਰੱਖ’ ਆਖਣ ’ਤੇ ਚੰਬਲ ਦੇ ਰੋਗੀ ਠੀਕ ਹੋ ਰਹੇ ਹਨ। ਤਿੰਨ ਸਾਲ ਬਾਅਦ ਪੰਚਮ ਪਾਤਸ਼ਾਹ ਜੀ ਬਾਬਾ ਸਹਾਰੀ ਰੰਧਾਵਾ ਨੂੰ ‘ਗੁਰੂ ਕਾ ਹਾਲੀ’ ਦਾ ਵਰ ਦੇ ਕੇ ਤੇ ਪੰਜਾਂ ਖ਼ੂਹਾਂ ਦੀ ਜ਼ਮੀਨ ਦਾ ਮਾਲਕ ਬਣਾ ਕੇ ਸ੍ਰੀ ਅੰਮ੍ਰਿਤਸਰ ਗੁਰੂ ਕੇ ਮਹਿਲ ਚਲੇ ਗਏ ਸਨ।

# ਦੂਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ

ਡਾ. ਮਨਿੰਦਰ ਸਿੰਘ

ਆਦਿ ਧੁਨੀ ਦੀ ਇਕਸਾਰਤਾ ਵਿਚੋਂ ਉਪਜੇ ਇਨ੍ਹਾਂ ਦੋ ਸ਼ਬਦਾਂ ‘ਕੁਦਰਤ’ ਅਤੇ ‘ਕਾਦਰ’ ਦੀ ਸਥੂਲਤਾ ਅਤੇ ਸੂਖ਼ਮਤਾ ਹੀ ਗੁਰੂ ਨਾਨਕ ਦਰਸ਼ਨ ਵਿੱਚ ਸਰਗੁਣ ਅਤੇ ਨਿਰਗੁਣ ਸਰੂਪ ਦਾ ਆਧਾਰ ਬਣਦੀ ਹੈ। ਗੁਰੂ ਨਾਨਕ ਦੇ ਮੁਖਾਰਬਿੰਦ ਵਿਚੋਂ ਉਚਰਿਤ ਹੋਈ ਬਾਣੀ ‘ਅਨੰਦ’ ਸਿਰਜਦੀ ਹੈ; ਕੁਦਰਤ ਵਿਚੋਂ ਇਹ ‘ਅਨੰਦ’ ਦ੍ਰਿਸ਼ਟਮਾਨ ਹੋ ਕਾਦਰ ਦੇ ਝਲਕਾਰੇ ਸਿਰਜਦਾ ਹੈ। ਗੁਰੂ ਨਾਨਕ ਦੀ ਬਾਣੀ ਖੇੜਾ ਹੈ, ਅਨੰਦ ਹੈ, ਅਸਚਰਜ ਹੈ; ਕਾਦਰ ਦਾ ਰਹੱਸ ਕੁਦਰਤ ਵਿੱਚ ਰੂਪਮਾਨ ਹੈ, ਕੁਦਰਤ ਦਾ ਰਹੱਸ ਗੁਰੂ ਨਾਨਕ ਬਾਣੀ ਵਿੱਚ ਰੂਪਮਾਨ ਹੈ। ਇਹ ਅਸਚਰਜਤਾ ਹੀ ਹੈ ਕਿ ਸੈਂਕੜੇ ਬੁੱਧੀਆਂ ਮਿਲ ਕੇ ਵੀ ‘ਜੇ ਸਉ ਸਾਇਰ ਮੇਲੀਅਹਿ ਤਿਲੁ ਨ ਪੁਜਾਵਹਿ ਰੋਇ ॥’ ਇੱਕ ਬੂੰਦ ਜਿੰਨਾ ਵੀ ਇਕੱਤਰ ਨਹੀਂ ਕਰ ਸਕਦੀਆਂ ਪਰ ਕੁਦਰਤ ਦੇ ਝਲਕਾਰੇ ਦਾ ਅਨੰਦ ਸਭ ਕੁਝ ਪ੍ਰਤੱਖ ਕਰ ਦਿੰਦਾ ਹੈ। ਫਿਰ ਕਿਸੇ ਦੁਨਿਆਵੀ ਆਰਤੀ ਦੀ ਲੋੜ ਨਹੀਂ ਰਹਿੰਦੀ, ਨਾ ਹੀ ਥਾਲ ਸਜਾ ਉਸ ਵਿੱਚ ਦੀਪਕ ਆਦਿ ਧਰਨ ਦੀ ਲੋੜ ਰਹਿੰਦੀ ਹੈ; ਬਸ ਅਨੰਦ ਦੇ ਅਨੁਭਵ ਦੀ ਜ਼ਰੂਰਤ ਹੈ। ਜੇਕਰ ਇਹ ਅਨੰਦ ਅੰਤਹਕਰਨ ਵਿੱਚ ਸਾਕਾਰ ਹੋ ਗਿਆ ਤਾਂ ਗੁਰੂ ਨਾਨਕ ਦੇ ਮੁਖਾਰਬਿੰਦ ਦੀਆਂ ਰਹੱਸਮਈ ਧੁਨੀਆਂ ਦਾ ਰਸ ਮਾਣਦਿਆਂ ਕੁਦਰਤ ਆਪਣੇ ਕਾਦਰ ਨੂੰ ਹਰ ਪਾਸੇ ਚਉਰ ਕਰਦੀ ਜਾਪੇਗੀ;

ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ ॥
ਧੂਪੁ ਮਲਆਨਲੋ ਪਵਣੁ ਚਵਰੋ ਕਰੇ ਸਗਲ ਬਨਰਾਇ ਫੂਲੰਤ ਜੋਤੀ ॥

ਕਾਦਰ ਜਦ ਕੁਦਰਤ ਹੋ ਜਾਂਦਾ ਹੈ ਤਾਂ ਧੁਨੀਆਂ ਦਾ ਵਾਧਾ ਸਰੂਪ ਨੂੰ ਵਿਸਤਾਰ ਦਿੰਦਾ ਹੈ। ਗੁਰੂ ਨਾਨਕ ਦੇ ਇਸ ਚੇਤੰਨ ਸਿਧਾਂਤ ਅਨੁਸਾਰ ਕਾਦਰ ਨਿਰਗੁਣ ਤੋਂ ਸਰਗੁਣ ਹਰ ਸਰੂਪ ਵਿੱਚ ਵਿਗਸਦਾ ਹੈ। ਕਾਦਰ ਜੀਵ ਤੋਂ ਲੈ ਕੇ ਕਿਣਕੇ ਤੱਕ ਹਰ ਇੱਕ ਵਿੱਚ ਸਾਕਾਰ ਹੈ। ਇਹ ਕਾਦਰ ਪੁਲਾੜ ਦੀਆਂ ਅਦ੍ਰਿਸ਼ ਤਹਿਆਂ, ਸਾਗਰ ਦੀਆਂ ਡੂੰਘਾਣਾਂ ਅਤੇ ਧਰਤੀ ਦਿਆਂ ਤਲਾਂ ਵਿੱਚ ਵੱਸ ਰਿਹਾ ਹੈ। ਰਜੋ–ਤਮੋ–ਸਤੋ ਗੁਣਾਂ ਦੇ ਘੇਰੇ ਵਿੱਚ ਘੁੰਮ ਰਿਹਾ ਬ੍ਰਹਿਮੰਡ ਹੀ ਕਾਦਰ ਦੀ ਸਰਗੁਣਤਾ ਹੈ। ਜਿੱਥੇ ਅੱਖਾਂ ਬੇਵਸ ਹੋ ਜਾਂਦੀਆਂ ਹਨ, ਉਥੇ ਵਿਸਮਾਦੀ ਅਵਸਥਾ ਵਿੱਚ ਗ੍ਰਸਤ ਚੇਤੰਨਤਾ, ਨਾਦ–ਅਨਾਦ ਤੇ ਰੋਸ਼ਨੀ ਦੀਆਂ ਪਗਡੰਡੀਆਂ ਤੋਂ ਅਗਾਂਹ ਲੰਘ ਕੇ, ਦੁੱਖ–ਸੁੱਖ ਦੀ ਸਮਤਲਤਾ ਦੇ ਆਸ਼ੇ ਦੇ ਮੁਤਾਬਿਕ ਹੋ, ਜੀਵਨ–ਮੌਤ ਦੇ ਆਵਾਗਵਣ ਦੀ ਸੋਝੀ ਰੱਖ ਕੇ ਭਾਵ ‘ਹੁਕਮ’ ਨੂੰ ਸਮਝ ਕੇ ਕਾਦਰ ਦਾ ਨਿਰਗੁਣੀ ਅਨੰਦ ਮਾਣ ਸਕਦੀ ਹੈ। ਦੋਵਾਂ ਸਰੂਪਾਂ ਦੀ ਅਨੰਦ ਪ੍ਰਾਪਤੀ ਦੀ ਸਮਰੱਥਾ ਲਈ ਇਹ ਵੀ ਮਹੱਤਵਪੂਰਨ ਹੈ ਕਿ ਅੱਖਾਂ ਤੇ ਆਤਮਾ ਦੀ ਅਗਵਾਈ ਗੁਰੂ ਨਾਨਕ ਦੀਆਂ ਮੁਖਾਰਬਿੰਦੀ ਧੁਨੀਆਂ ਕੋਲ ਹੋਵੇ। ਇਹ ਅਗਵਾਈ ਅਨੁਭਵ ਦਾ ਆਧਾਰ ਹੈ। ਗੁਰੂ ਨਾਨਕ ਦੇ ਬਲਵਾਨ ਅਨੁਭਵ ਸਦਕਾ ਹੀ ਉਨ੍ਹਾਂ ਦੀ ‘ਧੁਰ ਕੀ ਬਾਣੀ’ ਆਤਮਕ ਗਿਆਨ ਦੇ ਪ੍ਰਗਟਾਵੇ ਦੇ ਸਮਰੱਥ ਹੈ। ਅਨੁਭਵ ਗ੍ਰਹਿਣਤਾ ਦੀਆਂ ਆਰੰਭਿਕ ਅਵਸਥਾਵਾਂ ਕੁਦਰਤ ਨੂੰ ਆਧਾਰ ਬਣਾ ਸਰਗੁਣਤਾ ਨੂੰ ਪ੍ਰਗਟ ਕਰਦੀਆਂ ਅਤੇ ਇਸ ਅਨੁਭਵ ਗ੍ਰਹਿਣਤਾ ਦੀਆਂ ਉੱਚੀਆਂ ਅਵਸਥਾਵਾਂ ਨਿਰਗੁਣਤਾ ਦਾ ਪੂਰਨ ਪ੍ਰਕਾਸ਼ ਪ੍ਰਗਟਾਉਂਦੀਆਂ ਹਨ। ਗੁਰੂ ਨਾਨਕ ਦੇਵ ਜੀ ਦੀ ਬਾਣੀ ‘ਜਪੁ’ ਵਿੱਚ ਪਰਮਾਤਮਾ ਦੀ ਸਰਬਕਾਲੀਨਤਾ ਭਾਵ ‘ਆਦਿ ਸਚੁ ਜੁਗਾਦਿ ਸਚੁ ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥’ ਵੀ ਅਨੁਭਵ ਦੀ ਵਿਸ਼ਾਲਤਾ ਵਿਚੋਂ ਪੈਦਾ ਹੋਇਆ ਕਾਦਰ ਦਾ ਪ੍ਰਗਟਾਵਾ ਹੀ ਹੈ। ਕਾਦਰ ਦੀ ਵਿਸ਼ਾਲਤਾ ਵਿੱਚ ਹੀ ਉਸਦੇ ਅਨੰਦ ਦਾ ਰਹੱਸ ਹੈ; ਧਰਤੀ ਦੇ ਪੰਨੇ ’ਤੇ ਲਿਖੇ ਕਾਲੇ ਹਰਫ਼, ਕੁੱਲ੍ਹ ਕਾਨੀਆਂ ਦੀਆਂ ਨੋਕਾਂ ਦੀ ਘਿਸਾਵਟ, ਸਿਆਹੀ ਦੇ ਘੋਲੇ ਸਾਗਰਾਂ ਦੇ ਸਾਗਰ ਕਾਦਰ ਨੂੰ ਬਿਆਨ ਨਹੀਂ ਸਕਦੇ ਬਸ ‘ਕੁਦਰਤਿ ਕਵਣ ਕਹਾ ਵੀਚਾਰੁ ॥ ਵਾਰਿਆ ਨ ਜਾਵਾ ਏਕ ਵਾਰ’ ਦੀ ਸ਼ੁੱਭ ਭਾਵਨਾ ਕਾਦਰ ਤੋਂ ਬਲਿਹਾਰ ਜਾਣ ਦੀ ਪ੍ਰੇਰਨਾ ਦਿੰਦੀ ਹੈ। ਕਾਦਰ ਦੀ ਇੱਕ ਤੋਂ ਅਨੇਕ ਹੋਣ ਦੀ ਪ੍ਰਕਿਰਿਆ ਭਾਵ ਨਿਰਗੁਣ ਤੋਂ ਸਰਗੁਣ ਹੋਣ ਦਾ ਵਿਸ਼ੇਸ਼ ਕ੍ਰਮ ਰੂਪ ਹੈ–

‘ਸਾਚੇ ਤੇ ਪਵਨਾ ਭਇਆ ਪਵਨੈ ਤੇ ਜਲੁ ਹੋਇ ॥

ਕਾਦਰ ਆਪਣੀ ਇੱਛਾ ਅਨੁਸਾਰ ਹੀ ਇਸ ਕ੍ਰਮ ਨੂੰ ਗ੍ਰਹਿਣ ਕਰਦਾ ਹੈ ਤੇ ਇਸ ਨੂੰ ਭੰਗ ਵੀ ਕਰ ਸਕਦਾ ਹੈ। ਉਹ ਅਜਿਹਾ ਕਰਨ ਦੇ ਸਮਰੱਥ ਹੈ–

‘ਜੋ ਤੁਧੁ ਭਾਵੈ ਸਾਈ ਭਲੀ ਕਾਰ ॥
ਤੂ ਸਦਾ ਸਲਾਮਤਿ ਨਿਰੰਕਾਰ ॥’

ਦਾ ਭਾਵ ਕਾਦਰ ਦੀ ਇੱਛਾ–ਸ਼ਕਤੀ ਦੀ ਵਿਸ਼ਾਲਤਾ ਦਾ ਪ੍ਰਗਟਾਅ ਹੈ। ਕਾਦਰ ਨੂੰ ਉਸਦੀ ਇੱਛਾ ਦੇ ਵਿਰੁੱਧ ਕੁਝ ਕਰਨ ਲਈ ਹੁਕਮ ਦੇਣਾ ਸੰਭਵ ਨਹੀਂ ਹੈ।

**ਪਰਮੇਸ਼ਰ ਦੀ ਭਗਤੀ ਦੇ ਮਾਰਗ**

ਨਿਰੰਕਾਰ ਏਕੰਕਾਰ ਜਾਂ ਪਾਰਬ੍ਰਹਮ ਪਰਮੇਸ਼ਰ ਦੀ ਭਗਤੀ ਜਾਂ ਪੂਜਾ ਦੋ ਤਰ੍ਹਾਂ ਕੀਤੀ ਜਾਂਦੀ ਹੈ ; ਇੱਕ ਤਰੀਕਾ ਹੈ ਸਰਗੁਣ ਜਾਂ ਅਕਾਰੀ ਰੂਪ ਵਿੱਚ ਭਗਤੀ ਕਰਨ ਦਾ ਅਤੇ ਦੂਜਾ ਤਰੀਕਾ ਹੈ ਅਰੂਪ ਜਾਂ ਨਿਰਾਕਾਰੀ ਰੂਪ ਵਿੱਚ ਭਗਤੀ ਕਰਨ ਦਾ। ਇਸ ਵਿੱਚ ਭਿੰਨਤਾ ਵਾਲੀ ਜੇਕਰ ਕੋਈ ਗੱਲ ਹੈ ਤਾਂ ਉਹ ਕੇਵਲ ਪੜਾਅ ਦੀ ਹੈ। ਅਕਾਰੀ ਢੰਗ ਦੀ ਪੂਜਾ ਸਨਾਤਨੀ ਜਾਂ ਮੁੱਢਲਾ ਤਰੀਕਾ ਹੈ ਅਤੇ ਨਿਰਾਕਾਰੀ ਸਿਖਿਅਤ ਚੇਤਨ ਢੰਗ ਦਾ ਦੂਜਾ ਤਰੀਕਾ ਹੈ।

ਭਗਤੀ ਦੇ ਇਹ ਦੋ ਮਾਰਗ ਹੀ ਪਰਮਾਤਮਾ ਨੂੰ ਸਰਗੁਣ ਅਤੇ ਨਿਰਗੁਣ ਸਰੂਪ ਵਿੱਚ ਚਿਤਰਦੇ ਹਨ। ਨਿਰੰਕਾਰ ਦਾ ਸਰਗੁਣ ਸਰੂਪ ਰਜੋ ਤਮੋ ਸਤੋ ਗੁਣਾਂ ਵਿੱਚ ਵਿਕਸਿਤ ਹੁੰਦਾ ਹੈ ਅਤੇ ਨਿਰਗੁਣ ਸਰੂਪ ਇਨ੍ਹਾਂ ਤਿੰਨਾਂ ਗੁਣਾਂ ਤੋਂ ਬਾਹਰ ਹੈ। ਸਰਗੁਣ ਭਗਤੀ ਪਹਿਲੇ ਪੜਾਵਾਂ ਵਿੱਚ ਹੁੰਦੀ ਹੈ ਅਤੇ ਨਿਰਗੁਣ ਭਗਤੀ ਚੇਤੰਨ ਪੜਾਅ ਉੱਪਰ। ਗੁਰਮਤਿ ਵਿਚਾਰਧਾਰਾ ਨਿਰਗੁਣ ਭਗਤੀ ਦੀ ਲਿਖਾਇਕ ਹੈ ਜਿਸ ਦਾ ਵਿਸਥਾਰ ਸਾਨੂੰ ਜਪ ਅਤੇ ਜਾਪ ਵਿਚੋਂ ਮਿਲਦਾ ਹੈ ਪਰ ਗੁਰਮਤਿ ਵਿਚਾਰਧਾਰਾ ਦਾ ਸਰਗੁਣੀ ਸਰੂਪ ਸਨਾਤਨੀ ਵਿਚਾਰ ਨਾਲੋਂ ਵੱਖਰਾ ਹੈ । ਗੁਰਮਤਿ ਵਿੱਚ ਪਰਮਾਤਮਾ ਦਾ ਸ੍ਰਿਸ਼ਟੀ ਦੇ ਕਣ ਕਣ ਵਿੱਚ ਹੋਣਾ ਹੀ ਸਰਗੁਣ ਹੈ । ਗੁਰਬਾਣੀ ਦੇ ਚੇਤਨ ਸਿਧਾਂਤ ਅਨੁਸਾਰ ਨਿਰੰਕਾਰ ਸਰਗੁਣ ਅਤੇ ਨਿਰਗੁਣ ਹੋਣ ਦੇ ਨਾਲ–ਨਾਲ ਸੁੰਨ ਰੂਪ ਵਿੱਚ ਵੀ ਹੈ। ਅਸਲੀਅਤ ਇਹ ਹੈ ਕਿ ਆਤਮਿਕ ਗਿਆਨ ਦਾ ਮੁੱਖ ਆਧਾਰ ਅਨੁਭਵ ਹੈ। ਜਿਨਾ ਅਨੁਭਵ ਬਲਵਾਨ ਹੋਵੇਗਾ ਉਨਾ ਹੀ ਆਤਮਿਕ ਅਨੁਭਵ ਵੀ ਬਲਵਾਨ ਹੋਵੇਗਾ। ਸਰਗੁਣ ਭਗਤੀ ਅਧੀਨ ਮਨੁੱਖ ਦਾ ਅਨੁਭਵ ਅਲਪ ਹੁੰਦਾ ਹੈ ਪਰ ਨਿਰਗੁਣ ਭਗਤੀ ਦੀ ਅਵਸਥਾ ਸਮੇਂ ਪੂਰਨ ਪ੍ਰਕਾਸ਼ ਹੋ ਜਾਂਦਾ ਹੈ। ਇਸ ਲੇਖ ਵਿੱਚ ਗੁਰੂ ਨਾਨਕ ਦੇਵ ਜੀ ਦੀ ਬਾਣੀ ਅਤੇ ਅਨੁਭਵ ਦੀ ਵਿਸ਼ਾਲਤਾ ਵਿਚੋਂ ਗੁਰਮਤਿ ਦੀ ਭਗਤੀ ਦੇ ਸੰਕਲਪ ਨੂੰ ਸਮਝਣ ਦੀ ਕੋਸ਼ਿਸ਼ ਕੀਤੀ ਗਈ ਹੈ। ਜੇਕਰ ਉਸ ਗਿਆਨ ਦੇ ਵਿਸ਼ਾਲ ਸਾਗਰ ਵਿਚੋਂ ਇੱਕ ਬੂੰਦ ਜਿੰਨਾ ਵੀ ਭੇਦ ਖੋਲ੍ਹ ਲਿਆ ਜਾਵੇ ਤਾਂ ਇਹ ਉਹ ਦੀ ਬਖ਼ਸ਼ਿਸ਼ ਹੀ ਹੋਵੇਗੀ।

**ਕਾਦਰ ਦੇ ਅਨੰਦ ਦਾ ਅਨੁਭਵ**

ਗੁਰੂ ਨਾਨਕ ਦੀ ਬਾਣੀ ਕਾਦਰ ਅਤੇ ਕੁਦਰਤ ਦੀ ਸੁਮੇਲਤਾ ਵਿਚੋਂ ਪੈਦਾ ਤਰੰਗ ਦੀ ਧੁਨ ਹੈ; ਇਸ ਦੀ ਸੂਖ਼ਮਤਾ ਤੇ ਸਥੂਲਤਾ ਦੀ ਵਿਆਖਿਆ ਹੈ। ਕੁਦਰਤ ਦਾ ਕਾਦਰ ਅਨੰਦ ਦਾ ਵਿਸ਼ਾ ਹੈ, ਪ੍ਰਾਪਤੀ ਦਾ ਨਹੀਂ। ਸ੍ਰਿਸ਼ਟੀ ਉਸ ਦੇ ਨੂਰ ਦਾ ਪ੍ਰਗਟਾਵਾ ਹੈ, ਕਾਦਰ ਸਭ ਥਾਈਂ ਕੁਦਰਤ ਰੂਪ ਵਿੱਚ ਇੱਕ ਰਸ ਹੈ। ਗੁਰੂ ਨਾਨਕ ਦੀ ਬਾਣੀ ਕਾਦਰ ਦੇ ਇਕ ਰਸਤੇ ਦਾ ਪ੍ਰਗਟਾਵਾ ਹੈ, ਨਾ ਕਿ ਇਕਰਸ ਕਾਦਰ ਦੀ ਪ੍ਰਾਪਤੀ ਹੈ। ਉਸ ਦੇ ਅਨੰਦ ਦਾ ਅਨੁਭਵ ‘ਬਲਿਹਾਰੀ ਕੁਦਰਤਿ ਵਸਿਆ ॥ ਤੇਰਾ ਅੰਤੁ ਨ ਜਾਈ ਲਖਿਆ ॥’ ਉਸ ਤੋਂ ਬਲਿਹਾਰ ਜਾਣ ਲਈ ਪ੍ਰੇਰਦਾ ਹੈ ।

# ਸ੍ਰੀ ਗੁਰੂ ਰਾਮਦਾਸ ਜੀ

## (ਪ੍ਰਕਾਸ਼ ਪੁਰਬ ’ਤੇ ਵਿਸ਼ੇਸ਼)



ਪ੍ਰਮਿੰਦਰ ਸਿੰਘ ਪ੍ਰਵਾਨਾ
510-415-9377

ਗੁਰੂ ਰਾਮਦਾਸ ਜੀ ਦਾ ਗੁਰਿਆਈ ਸਮਾਂ 40 ਸਾਲ ਦੀ ਉਮਰ ਤੋਂ 1574-1581 ਤੱਕ ਦਾ ਹੈ। ਹੰਮਾਊ 1530 ਵਿੱਚ ਮੁਗਲ ਬਾਦਸ਼ਾਹ ਬਣਿਆ। ਉਸ ਵੇਲੇ ਪੰਜਾਬ ਵਿੱਚ ਰਾਜਨੀਤਿਕ ਅਰਾਜਕਤਾ ਸੀ। ਅਕਬਰ ਅਕਤੂਬਰ 1556 ਵਿੱਚ ਮੁਗਲ ਬਾਦਸ਼ਾਹ ਬਣਿਆ। ਤਦ ਵੀ ਹਾਲਾਤ ਸੁਖਾਵੇਂ ਨਹੀਂ ਸਨ। ਗੁਰੂ ਰਾਮਦਾਸ ਸਾਹਿਬ ਜੀ ਉਸ ਸਮੇਂ ਗੁਰੂ ਅਮਰਦਾਸ ਸਾਹਿਬ ਜੀ ਦੀ ਸਪ੍ਰਸਤੀ ਹੇਠ, ਗੋਇੰਦਵਾਲ ਵਿਖੇ ਪੰਥ ਦੀ ਸੇਵਾ ਕਰ ਰਹੇ ਸਨ। ਮੁਗਲ ਹਕੂਮਤ ਦਾ ਗੈਰ ਇਸਲਾਮ ਧਰਮਾਂ ਨਾਲ ਵੈਰ ਵਿਰੋਧ ਸੀ। ਸਾਰੇ ਧਰਮਾਂ ਵਿੱਚ ਵੰਡੀਆਂ ਪਈਆਂ ਸਨ। ਜਾਤ-ਪਾਤ, ਧੜੇਬੰਦੀ ਲੁੱਟ ਖੁਸੁੱਟ ਜੋਰਾਂ ’ਤੇ ਸੀ।

ਗਿਆਨ ਵਿਹੂਣੇ ਲੋਕ ਹਨੇਰ ਵਿੱਚ ਭਟਕ ਰਹੇ ਸਨ ਪਰ ਬਾਦਸ਼ਾਹ ਅਕਬਰ ਆਪ ਖੁਸ਼ਦਿਲ ਅਤੇ ਖੁਲ੍ਹੇ ਸੁਭਾਅ ਦਾ ਮਾਲਕ ਸੀ। ਸਿੱਖ ਧਰਮ ਲਈ ਸ਼ਾਂਤੀ ਅਤੇ ਵਿਕਾਸ ਦਾ ਸਮਾਂ ਸੀ। ਅਜਿਹੇ ਸਮੇਂ ਵਿੱਚ ਗੁਰੂ ਰਾਮਦਾਸ ਸਾਹਿਬ ਜੀ ਨੇ ਸੇਵਾ ਭਾਵਨਾ ਦੀ ਮਿਸਾਲ ਬਣ ਕੇ 16 ਸਤੰਬਰ 1574 ਵਿੱਚ ਗੁਰਗੱਦੀ ਪ੍ਰਾਪਤ ਕੀਤੀ। ਪ੍ਰਚਲਤ ਝੂਠੇ ਕਰਮਕਾਂਡਾਂ, ਰੀਤੀ ਰਿਵਾਜਾਂ , ਰਸਮਾਂ ਦਾ ਵਿਰੋਧ ਕਰਕੇ ਇੱਕ ਸਾਂਝੇ ਸਮਾਜ ਦੀ ਉਸਾਰੀ ਲਈ ਹੰਭਲਾ ਮਾਰਿਆ।

ਗੁਰੂ ਰਾਮਦਾਸ ਸਾਹਿਬ ਜੀ ਦਾ ਪ੍ਰਕਾਸ਼ 9 ਅਕਤੂਬਰ 1534 ਵਿੱਚ ਚੂਨਾ ਮੰਡੀ ਲਾਹੌਰ ਵਿਖੇ ਮਾਤਾ ਅਨੂਪ ਦੇਵੀ ਅਤੇ ਪਿਤਾ ਹਰੀਦਾਸ ਦੇ ਗ੍ਰਹਿ ਵਿਖੇ ਹੋਇਆ। ਪਲੇਠੇ ਪੁੱਤਰ ਸਨ। ਉਹਨਾਂ ਦੇ ਪਿਤਾ ਸਾਧਾਰਨ ਦੁਕਾਨਦਾਰ ਸਨ। ਆਪ ਜੀ ਨੂੰ ਜੇਠਾ ਦੇ ਨਾਮ ਨਾਲ ਬੁਲਾਇਆ ਜਾਂਦਾ। ਆਪ ਬਚਪਣ ਤੋਂ ਸ਼ਰਧਾ ਭਗਤੀ, ਸ਼ਾਂਤ, ਦਾਨੀ ਸੁਭਾਅ, ਸੁੰਦਰ ਸਰੂਪ ਅਤੇ ਤੀਖਣ ਬੁੱਧੀ ਵਾਲੇ ਸਨ। ਨਿੱਕੀ ਉਮਰੇ ਹੀ ਆਪ ਜੀ ਦੇ ਮਾਤਾ ਪਿਤਾ ਚਲਾਣਾ ਕਰ ਗਏ। ਆਪ ਜੀ ਦੀ ਨਾਨੀ ਉਨ੍ਹਾਂ ਨੂੰ ਬਾਸਰਕੇ ਲੈ ਆਈ। ਜਿਥੇ ਆਪ ਜੀ ਘੁੰਙਣੀਆਂ ਵੇਚ ਕੇ ਪ੍ਰਵਾਰ ਦਾ ਗੁਜ਼ਾਰਾ ਚਲਾਉਂਦੇ ਸਨ। ਰੱਬ ਸਬਬੀ ਗੁਰੂ ਅਮਰਦਾਸ ਜੀ ਵੀ ਬਾਸਰਕੇ ਦੇ ਰਹਿਣ ਵਾਲੇ ਸਨ। ਭਾਈ ਜੇਠਾ ਜੀ ਦੀ ਪਹਿਲੀ ਮਿਲਣੀ ਗੁਰੂ ਅਮਰਦਾਸ ਜੀ ਨਾਲ ਬਾਸਰਕੇ ਵਿੱਚ ਹੀ ਹੋਈ, ਜਿਸ ਵੇਲੇ ਭਾਈ ਜੇਠਾ ਜੀ ਦੀ ਉਮਰ 12 ਕੁ ਸਾਲ ਸੀ। ਫਿਰ ਗੁਰੂ ਅਮਰਦਾਸ ਜੀ ਕੋਲ ਗੋਇੰਦਵਾਲ ਆ ਗਏ। ਗੁਜ਼ਾਰੇ ਲਈ ਘੁੰਙਣੀਆਂ ਹੀ ਵੇਚਦੇ ਰਹੇ। ਆਪਣਾ ਇਹ ਕੰਮ ਸ਼ਾਂਤ ਚਿੱਤ , ਮਿਹਨਤ ਅਤੇ ਇਮਾਨਦਾਰੀ ਨਾਲ ਕਰਦੇ ਸਨ। ਲੋੜਵੰਦਾਂ ਨੂੰ ਮੁਫ਼ਤ ਹੀ ਵੰਡ ਦਿੰਦੇ ਸਨ।

ਇਸ ਤਰਾਂ ਦੇ ਕਾਰ ਵਿਹਾਰ ਦੇ ਨਾਲ ਨਾਲ ਗੁਰੂ ਘਰ ਵਿੱਚ ਸੇਵਾ, ਸਿਮਰਨ ਤੇ ਸਤਿਸੰਗ ਵੀ ਕਰਦੇ। ਉਹ ਆਪਣੇ ਮਿੱਠੇ ਅਤੇ ਨਿਮਰਤਾ ਵਾਲੇ ਸੁਭਾਅ ਕਰਕੇ ਸੰਗਤਾਂ ਵਿੱਚ ਹਰਮਨ ਪਿਆਰੇ ਹੋ ਗਏ। ਗੁਰੂ ਅਮਰਦਾਸ ਜੀ ਦੀ ਕ੍ਰਿਪਾ ਨਾਲ ਗੁਰੂ ਘਰ ਦੇ ਲੰਗਰਾਂ ਦੀ ਸੇਵਾ ਅਤੇ ਸੰਗਤਾਂ ਦੀ ਸੇਵਾ ਵਿੱਚ ਉਤਸ਼ਾਹ ਅਤੇ ਰੁਚੀ ਵੱਧਦੀ ਗਈ। ਉਹ ਮਧੁਰ ਸੁਰ ਵਿੱਚ ਗਾਉਂਦੇ ਸਨ ਅਤੇ ਤੰਤਰੀ ਸਾਜ਼ ਵੀ ਵਜਾਉਂਦੇ। ਉਹ ਇੱਕ ਮੌਲਿਕ ਕਵੀ ਸਨ। ਉਹਨਾਂ ਗੁਰਬਾਣੀ ਦੀ ਰਚਨਾ ਵੀ ਕੀਤੀ।

ਉਹ 20 ਸਾਲ ਦੀ ਉਮਰ ਵਿੱਚ ਰਿਸ਼ਟ ਪੁਸ਼ਟ ਹੋ ਚੁੱਕੇ ਸਨ । ਗੁਰੂ ਅਮਰਦਾਸ ਸਾਹਿਬ ਜੀ ਭਾਈ ਜੇਠ ਜੀ ਦੇ ਸੁਭਾਅ, ਰਹਿਣੀ ਬਹਿਣੀ, ਬੋਲ ਚਾਲ, ਡੀਲ ਡੌਲ, ਸੇਵਾ ਸਿਮਰਨ ਤੋਂ ਪ੍ਰਭਾਵਿਤ ਹੋਏ ਕਿ ਆਪਣੀ ਛੋਟੀ ਪੁੱਤਰੀ ਬੀਬੀ ਭਾਨੀ ਜੀ ਦਾ ਵਿਆਹ 18 ਫਰਵਰੀ 1554 ਨੂੰ ਕਰ ਦਿੱਤਾ। ਪਿਤਰੀ ਸਨੇਹ ਕਰਕੇ ਵੀ ਦੰਪਤੀ ਨੂੰ ਆਪਣੇ ਪ੍ਰਵਾਰ ਵਿੱਚ ਹੀ ਰੱਖ ਲਿਆ। ਆਪ ਜੀ ਦੇ ਤਿੰਨ ਸਾਹਿਬਜ਼ਾਦੇ ਪ੍ਰਿਥੀ ਚੰਦ, ਮਹਾਂਦੇਵ ਅਤੇ ਅਰਜਨ (ਗੁਰੂ) ਜੀ ਸਨ। ਆਪ ਗੁਰੂ ਘਰ ਦੀ ਸੇਵਾ ਵਿੱਚ ਜੁਟੇ ਰਹੇ। ਉਹਨਾਂ ਨੇ ਗੁਰਸਿੱਖ ਜੀਵਨ ਨੂੰ ਅਪਣਾ ਲਿਆ ਸੀ। ਜਦੋਂ ਗੁਰੂ ਅਮਰਦਾਸ ਸਾਹਿਬ ਜੀ ਨੇ ਬਾਉਲੀ ਦੇ ਨਿਰਮਾਣ ਦਾ ਕਾਰਜ ਆਰੰਭ ਕੀਤਾ ਤਾਂ ਭਾਈ ਜੇਠਾ ਜੀ ਨੇ ਸਾਰੇ ਪ੍ਰਬੰਧ ਦੀ ਜਿੰਮੇਵਾਰੀ ਲੈ ਲਈ ਸੀ। ਆਪ ਕਾਰ ਸੇਵਾ ਕਰਦਿਆਂ ਟੋਕਰੀ ਢੋਹਿਆ ਕਰਦੇ ਸਨ। ਲੋਕਾਚਾਰੀ ਅਤੇ ਰਿਸ਼ਤੇਦਾਰੀ ਤੋਂ ਉੱਪਰ ਉੱਠ ਕੇ ਸੇਵਾ ਕਰਦੇ ਰਹੇ। ਸੇਵਾ ਦੇ ਨਾਲ ਹੀ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ। ਉਨ੍ਹਾਂ ਨੂੰ ਮੁਕਤੀ ਦਾ ਮਾਰਗ ਲੱਭਿਆ। ਗੁਰੂ ਅਮਰਦਾਸ ਜੀ ਦੀ ਕ੍ਰਿਪਾ ਅਤੇ ਵਿਸ਼ਵਾਸ ਦੇ ਪਾਤਰ ਬਣ ਗਏ।

ਜਦੋਂ ਮੁਗਲ ਬਾਦਸ਼ਾਹ ਅਕਬਰ ਦੇ ਦਰਬਾਰ ਵਿੱਚ ਹੋਰ ਵਿਰੋਧੀ ਜਾਤ ਅਭਿਮਾਨੀਆਂ ਨੇ ਗੁਰੂ ਅਮਰਦਾਸ ਜੀ ਦੇ ਧਰਮ ਪ੍ਰਚਾਰ ਵਿਰੁੱਧ ਸ਼ਿਕਾਇਤ ਕੀਤੀ ਤਾਂ ਬਾਦਸ਼ਾਹ ਨੇ ਗੁਰੂ ਜੀ ਨੂੰ ਤਲਬ ਕਰਨ ਦਾ ਹੁਕਮ ਦਿੱਤਾ।

ਉਨ੍ਹਾਂ ਨੇ ਭਾਈ ਜੇਠਾ ਜੀ ਨੂੰ ਸਿੱਖ ਧਰਮ ਦਾ ਪੱਖ ਪੇਸ਼ ਕਰਨ ਲਈ ਭੇਜਿਆ। ਭਾਈ ਜੇਠਾ ਜੀ ਨੇ ਪਹਿਲੇ ਤਿੰਨ ਗੁਰੂ ਸਾਹਿਬਾਨ ਜੀ ਦੀ ਬਾਣੀ ਦੀ ਪੂਰਬੀ ਘੋਖ ਕੀਤੀ ਹੋਈ ਸੀ। ਤਦ ਹੀ ਉਨ੍ਹਾਂ ਬੜੀ ਗੰਭੀਰਤਾ ਨਾਲ ਸਿੱਖ ਧਰਮ ਦਾ ਪੱਖ ਸ਼ਾਂਤੀਪੂਰਵਕ ਪੇਸ਼ ਕੀਤਾ ਕਿ ਸਾਡੇ ਧਰਮ ਦਾ ਮਨੋਰਥ ਲੋਕ ਭਲਾਈ ਹੈ। ਬਾਦਸ਼ਾਹ ਅਕਬਰ ਦੇ ਸਾਰੇ ਸ਼ੰਕੇ ਦੂਰ ਹੋ ਗਏ। ਇਸ ਤਰਾਂ ਸਾਰੇ ਦੋਸ਼ ਵੀ ਖਾਰਿਜ਼ ਹੋ ਗਏ।

ਸੇਵਾ, ਭਗਤੀ, ਪ੍ਰੇਮ ਗਿਆਨ ਅਤੇ ਨਿਮਰਤਾ ਵਾਲੇ ਗੁਣ ਵੇਖ ਕੇ, ਉਹਨਾਂ ਦੀ ਦ੍ਰਿੜ ਘਾਲਣਾ ਤੋਂ ਪ੍ਰਭਾਵਿਤ ਹੋ ਕੇ ਗੁਰੂ ਅਮਰਦਾਸ ਸਾਹਿਬ ਜੀ ਨੇ ਅਨੁਭਵ ਕਰ ਲਿਆ ਕਿ ਭਾਈ ਜੇਠਾ ਜੀ ਹੁਣ ਦੀਨ ਦੁਨੀਆਂ ਦਾ ਦਰਦ ਦੂਰ ਕਰਨ ਦੇ ਯੋਗ ਹੋ ਗਏ ਹਨ। ਤਦ 1 ਸਤੰਬਰ 1574 ਨੂੰ ਭਾਈ ਜੇਠਾ ਜੀ ਨੂੰ ਰਾਮਦਾਸ ਜੀ ਦਾ ਨਾਉਂ ਦੇ ਕੇ ਗੁਰਗੱਦੀ ਬਿਠਾਇਆ ਜੋ ਸਿੱਖ ਧਰਮ ਦੇ ਚੌਥੇ ਗੁਰੂ ਹੋਏ ਹਨ।

ਗੁਰੂ ਰਾਮਦਾਸ ਜੀ ਨੇ ਗੁਰਬਾਣੀ ਰਚਨਾ ਦੇ ਖੇਤਰ ਵਿੱਚ ਪਹਿਲੇ ਤਿੰਨ ਗੁਰੂ ਸਾਹਿਬਾਨ ਦੀ ਇੱਕਤਰ ਬਾਣੀ ਦਾ ਅਧਿਐਨ ਕੀਤਾ। ਆਪ ਗੁਰਬਾਣੀ ਉਤਾਰੇ ਤਿਆਰ ਕਰਦੇ ਰਹੇ, ਜਿਸ ਨਾਲ ਉਨ੍ਹਾਂ ਨੂੰ ਡੂੰਘੀ ਜਾਣਕਾਰੀ ਪ੍ਰਾਪਤ ਹੋਈ। ਉਨ੍ਹਾਂ ਨੇ ਆਪਣੇ ਆਪ ਨੂੰ ਸਿੱਖੀ ਜੀਵਨ ਵਿੱਚ ਢਾਲ ਲਿਆ ਸੀ।

ਗੁਰੂ ਗ੍ਰੰਥ ਸਾਹਿਬ ਜੀ ਦੀ ਰਚਨਾ ਵਿੱਚ ਉਨ੍ਹਾਂ ਦੇ 638 ਪਦੇ, 30 ਸੰਗੀਤਕ ਰਾਗਨੀਆਂ ਵਿੱਚ ਦਰਜ਼ ਹਨ। ਜਿਵੇਂ ਅਸ਼ਟਪਦੀਆਂ, ਛੰਤ, ਵਣਜਾਰਾ, ਕਰਹਲੇ, ਘੋੜੀਆਂ, ਲਾਵਾਂ, ਵਾਰਾਂ ਤੇ ਸੋਹਿਲੇ ਕਾਵਿਕ ਵੰਨਗੀਆਂ ਹਨ। ਉਨ੍ਹਾਂ ਦੇ 31 ਸਲੋਕ, ਵਾਰਾਂ ਅਤੇ ਵਧੀਕ ਵਿੱਚ ਹਨ। ਉਹ ਸ਼ਾਂਤੀ ਅਤੇ ਪ੍ਰੇਮ ਦੇ ਕਵੀ ਸਨ। ਆਪ ਜੀ ਦੀ ਰਚੀ ਗੁਰਬਾਣੀ ਰਾਜਨੀਤਿਕ ਕੁਰੀਤੀਆਂ ਦਾ ਸੰਕੇਤ ਦਿੰਦੀ ਹੈ। ਸਵੈ ਮਾਣ ਦਾ ਜੀਵਨ ਜਿਉਣ ਦੀ ਪ੍ਰੇਰਨਾ ਦਿੰਦੀ ਹੈ। ਮਨੁੱਖ ਆਪਣੇ ਕਰਮਾਂ ਕਰਕੇ ਜਾਣਿਆਂ ਜਾਂਦਾ ਹੈ ਨਾ ਕਿ ਜਾਤ ਨਾਲ। ਹਊਮੈ ਦਾ ਤਿਆਗ ਕਰਕੇ ਪਰਮਾਤਮਾ ਅੱਗੇ ਆਤਮ ਸਮਰਪਣ ਕਰਨਾ ਹੈ। ਗੁਰਮਤਿ ਦੀ ਸੋਝੀ ਨਾਲ ਮਨ ਦੀ ਗਲ ਦੂਰ ਹੁੰਦੀ ਹੈ। ਨਾਮੁ ਦਾਨ ਇਸ਼ਨਾਨ ਅਤੇ ਸੁੱਚੀ ਕ੍ਰਿਤ, ਵੰਡ ਕੇ ਛੱਕਣਾਂ, ਸਿੱਖੀ ਦੇ ਮੀਰੀ ਗੁਣ ਹਨ। ਆਪਣੇ ਆਪ ਨੂੰ ਸੱਚਾ ਸਿੱਖ ਕਹਾਉਣ ਵਾਲੇ ਦੀ ਸੇਵਰ ਦੀ ਗਤੀਵਿਧੀ ਦਾ ਵਰਨਣ ਹੈ : ਜੋ ਆਪਣੇ ਆਪ ਨੂੰ ਸੱਚੇ ਗੁਰੂ ਦਾ ਸਿੱਖ ਅਖਵਾਉਂਦਾ ਹੈ, ਉਹ ਸਵੇਰੇ ਉੱਠ ਕੇ ਵਾਹਿਗੁਰੂ ਦੇ ਨਾਮੁ ਦਾ ਸਿਮਰਨ ਕਰੇ। ਅੰਮ੍ਰਿਤ ਸਰੋਵਰ ਵਿੱਚ ਰੋਜ਼ਾਨਾ ਇਸ਼ਨਾਨ ਕਰੇ, ਗੁਰਾਂ ਦੇ ਉਪਦੇਸ਼ ਅਨੁਸਾਰ ਹਰਿ ਹਰਿ ਦਾ ਉਚਾਰਨ ਕਰੇ। ਸਾਰੇ ਪਾਪ ਕੁਕਰਮ ਅਤੇ ਨਾਕਾਰਾਤਮਕਤਾ ਮਿੱਟ ਜਾਵੇਗੀ।

ਜੋ ਨਾਮੁ ਜਪਦਾ ਹੈ ਉਹ ਧੰਨਤਾ ਦੇ ਯੋਗ ਹੈ। ਸੱਚ ’ਤੇ ਪਹਿਰਾ ਦੇਣ ਦਾ ਉਪਦੇਸ਼ ਹੈ। ਝੂਠੇ ਕਰਮਕਾਂਡਾਂ ਨੂੰ ਨਹੀਂ ਮੰਨਣਾ। ਸੇਵਾ ਨਾਲ ਮੁਕਤੀ ਦਾ ਮਾਰਗ, ਪਰਮਾਤਮਾ ਨਾਲ ਮਿਲਣ ਦਾ ਰਸਤਾ ਹੈ।

ਗੁਰੂ ਅਮਰਦਾਸ ਜੀ ਨੇ ਸੰਨ 1570 ਵਿੱਚ ਭਾਈ ਜੇਠਾ ਜੀ ਅਤੇ ਬਾਬਾ ਬੁੱਢਾ ਜੀ ਨੂੰ ਉਸ ਸਥਾਨ ’ਤੇ ਭੇਜਿਆ, ਜਿਥੇ ਹੁਣ ਅੰਮ੍ਰਿਤਸਰ ਵਸਿਆ ਹੈ ਕਿ ਉੱਥੇ ਸਰੋਵਰ ਅਤੇ ਨਗਰ ਵਸਾਓ। ਆਪ ਜੀ ਨੇ ਪਹਿਲਾ ਸੰਤੋਖਸਰ ਦੀ ਖੁਦਾਈ ਕੀਤੀ। ਜਿਸ ਟਾਹਲੀ ਹੇਠ ਬੈਠ ਕੇ ਉਦੇਸ਼ ਦਿੰਦੇ ਸਨ, ਉਥੇ ਗੁਰਦੁਆਰਾ ਟਾਹਲੀ ਸਾਹਿਬ ਬਣਿਆ ਹੈ। ਗੁਰੂ ਰਾਮਦਾਸ ਜੀ ਨੇ ਆਪਣੇ ਗੁਰੂ ਕਾਲ (1574-1581) ਵਿੱਚ ਖਾਸ ਤੌਰ ਤੇ ਸਮਾਜ ਦੀ ਬਣਤਰ ਨੂੰ ਸੰਗਠਿਤ ਕਰਨ ਵੱਲ ਵਿਸ਼ੇਸ਼ ਧਿਆਨ ਦਿੱਤਾ। ਪਿੰਡ ਗੁਰੂ ਕਾ ਚੱਕ ਦੀ ਨੀਂਹ ਰੱਖੀ। ਜਿਸ ਦਾ ਨਾਉਂ ਰਾਮਦਾਸ ਪੁਰ ਜਾਂ ਚੱਕ ਰਾਮਦਾਸ ਪੁਰ ਹੋ ਗਿਆ। ਸੰਨ 1577 ਵਿੱਚ ਜਿਸ ਥਾਂ ’ਤੇ ਦਰਬਾਰ ਸਾਹਿਬ ਹੈ। ਨਗਰ ਵਸਾਉਣਾ ਸ਼ੁਰੂ ਕੀਤਾ। ਗੁਰੂ ਰਾਮਦਾਸ ਸਾਹਿਬ ਜੀ ਇਸ ਨਗਰੀ ਨੂੰ ਆਦਰਸ਼ਕ ਬਣਾਉਣਾ ਚਾਹੁੰਦੇ ਸਨ। ਜਿਸ ਦੇ ਵਸਨੀਕ ਸਿਰਫ਼ ਧਾਰਮਿਕ ਹੀ ਨਾ ਰਹਿ ਕੇ ਸਮਾਜਿਕ , ਆਰਥਿਕ ਅਤੇ ਰੁਜ਼ਗਾਰ ਪੱਖੋਂ ਵੀ ਖੁਸ਼ਹਾਲ ਹੋਣ। ਉਨ੍ਹਾਂ ਦੀ ਕ੍ਰਿਤ ਕਮਾਈ ਵਿੱਚ ਕੋਈ ਥੁੜ ਨਾ ਹੋਵੇ। ਆਪਸੀ ਮਿਲਵਰਤਣ, ਪਿਆਰ, ਪ੍ਰੇਮ ਅਤੇ ਸਾਂਝੇ ਭਾਈ ਚਾਰਕ ਲੋਕ ਵੱਸਣ। ਉਨ੍ਹਾਂ ਵੱਖ ਵੱਖ ਜਾਤਾਂ ਫਿਰਕਿਆਂ ਦੇ ਵੱਖ ਵੱਖ ਹੁਨਰ ਦੇ ਨਿੰਪੁਨ ਦਸਤਕਾਰਾਂ ਕ੍ਰਿਤੀਆਂ ਨੂੰ ਵਸਾਇਆ। ਵਸੇਬੇ ਲਈ ਉਨ੍ਹਾਂ ਦੀ ਮਦਦ ਵੀ ਕੀਤੀ। ਜਿਸ ਨਲ ਨਗਰ ਦਾ ਤੇਜੀ ਨਾਲ ਵਿਕਾਸ ਹੋਇਆ। ਕ੍ਰਿਤੀਆਂ ਨੇ ਸਮੂਹਿਕ ਤੌਰ ’ਤੇ ਇੱਕ ਬਜ਼ਾਰ ਦੇ ਰੂਪ ਵਿੱਚ ਵਪਾਰ ਨੂੰ ਵਧਾਇਆ। ਅੱਜ ਦਾ ਗੁਰੂ ਬਜ਼ਾਰ ਹੋਂਦ ਵਿੱਚ ਆਇਆ। ਸੰਨ 1577 ਵਿੱਚ ਗੁਰੂ ਰਾਮਦਾਸ ਸਾਹਿਬ ਜੀ ਨੇ ਦੁੱਖ ਭੰਜਨੀ ਬੇਰੀ ਦੀ ਥਾਂ ’ਤੇ ਅੰਮ੍ਰਿਤ ਸਰੋਵਰ ਦੀ ਖੁਦਵਾਈ ਆਰੰਭੀ। ਇਸ ਨੂੰ ਗੁਰੂ ਅਰਜਨ ਦੇਵ ਜੀ ਨੇ ਸੰਪੂਰਨ ਕੀਤਾ। ਜਿਸ ਦਾ ਨਾਉਂ ਅੰਮ੍ਰਿਤਸਰ ਨਗਰ ਪੈ ਗਿਆ। ਆਪ ਜੀ ਨੇ ਆਪਣੇ ਲਈ ਇੱਕ ਮਕਾਨ ਵੀ ਬਣਵਾਇਆ, ਜਿਸ ਦਾ ਨਾਉਂ ਗੁਰੂ ਕੇ ਮਹਿਲ ਪੈ ਗਿਆ।

ਖਡੂਰ ਸਾਹਿਬ, ਗੋਇੰਦਵਾਲ ਸਾਹਿਬ, ਕਰਤਾਰਪੁਰ ਸਾਹਿਬ ਦੇ ਲੰਗਰਾਂ ਦੀ ਪ੍ਰਥਾ ਨੂੰ ਅੰਮ੍ਰਿਤਸਰ ਵਿਖੇ ਵੀ ਤਿਵੇਂ ਹੀ ਜਾਰੀ ਰਖਿਆ। ਸਰੋਵਰ ਦੇ ਵਿਚਕਾਰ ਹਰਿਮੰਦਰ ਬਨਾਉਣ ਦੀ ਯੋਜਨਾ ਬਣੀ। ਸ਼ਹਿਰ ਦੇ ਵਸੇਬੇ ਅਤੇ ਉਸਾਰੀ ਨਿਰਮਾਣ ਲਈ ਕੰਮ ਜਾਰੀ ਹੋਏ। ਇਨ੍ਹਾਂ ਖ਼ਰਚਿਆਂ ਨੂੰ ਪੂਰਾ ਕਰਨ ਲਈ ਮਾਇਆ ਦੀ ਲੋੜ ਸੀ। ਮਾਇਆ ਇੱਕਠੀ ਕਰਨ ਲਈ ਮਸੰਦ ਨਿਯੁਕਤ ਕੀਤੇ। ਜੋ ਮਾਇਆ ਇਕੱਠੀ ਕਰਦੇ ਤੇ ਕੇਂਦਰੀ ਖ਼ਜ਼ਾਨੇ ਵਿੱਚ ਜਮ੍ਹਾਂ ਕਰਵਾਉਂਦੇ। ਅੱਗੋਂ ਇਹ ਮਾਇਆ ਧਾਰਮਿਕ ਅਤੇ ਸਮਾਜਿਕ ਕਾਰਜਾਂ ਲਈ ਖਰਚ ਹੁੰਦੀ। ਧਰਮ ਪ੍ਰਚਾਰ ਦੀ ਜਿੰਮੇਵਾਰੀ ਵੀ ਮਸੰਦਾਂ ਕੋਲ ਸੀ। ਜੋ ਗੁਰੂ ਦਾ ਸੰਦੇਸ਼ ਸੰਗਤ ਤਕ ਪਹੁੰਚਾਉਂਦੇ। ਗੁਰੂ ਅਤੇ ਸੰਗਤਾਂ ਵਿਚਕਾਰ ਇੱਕ ਪੁਲ ਦਾ ਕੰਮ ਕਰਦੇ ਸਨ। ਸੱਚਖੰਡ ਵਾਪਸੀ ਦਾ ਸਮਾਂ ਜਾਣ ਕੇ ਗੁਰੂ ਰਾਮਦਾਸ ਸਾਹਿਬ ਜੀ ਨੇ ਗੁਰਗੱਦੀ ਸੌਂਪਣ ਦੀ ਚੋਣ ਆਪਣੇ ਤਿੰਨ ਸਾਹਿਬਜ਼ਾਦਿਆਂ ਵਿਚੋਂ ਕਰਨ ਦੀ ਸੋਚੀ। ਉਹ ਪ੍ਰਵਾਰ ਸਮੇਤ ਗੋਇੰਦਵਾਲ ਚਲੇ ਗਏ ਕਿਉਂਕਿ ਪ੍ਰਿਥੀ ਚੰਦ ਦਾ ਗੁਰਗੱਦੀ ਦੇ ਹੱਕ ਵਿੱਚ ਵਿਰੋਧ ਜਾਰੀ ਸੀ। ਆਪ ਜੀ ਨੇ 1 ਸਤੰਬਰ 1581 ਨੂੰ ਗੁਰਗੱਦੀ ਗੁਰੂ ਅਰਜਨ ਦੇਵ ਜੀ ਨੂੰ ਸੌਂਪ ਕੇ ਜੋਤੀ ਜੋਤ ਸਮਾ ਗਏ।

ਅੰਤਿਕਾ : ਜਿਸਦਾ ਦਰਸ਼ਨ ਕਰਨ ਲਈ ਅਨੇਕਾਂ ਯੋਗੀ, ਜਤੀ, ਸਿੱਧ ਤੇ ਸਾਧਿਕ ਤਪ ਕਰਦੇ ਹਨ ਅਤੇ ਜਟਾ ਜੂਟ ਰਹਿ ਕੇ ਉਦਾਸ ਭੇਖ ਧਾਰ ਕੇ ਫਿਰਦੇ ਹਨ, ਉਸ ਹਰੀ ਰੂਪ ਗੁਰੂ ਅਮਰਦਾਸ ਸਾਹਿਬ ਜੀ ਨੇ ਸਹਿਜ ਸੁਭਾਇਆ ਜੀਆਂ ਉੱਤੇ ਕ੍ਰਿਪਾ ਕੀਤੀ ਤੇ ਗੁਰੂ ਰਾਮਦਾਸ ਸਾਹਿਬ ਜੀ ਨੂੰ ਹਰਿ ਨਾਮ ਦੀ ਵਡਿਆਈ ਬਖਸ਼ੀ। ਅੰਗ -1404

# ਬੈਠਾ ਸੋਢੀ ਪਾਤਿਸਾਹੁ ਰਾਮਦਾਸੁ ਸਤਿਗੁਰੂ ਕਹਾਵੈ

ਰਮੇਸ਼ ਬੱਗਾ ਚੋਹਲਾ

ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਜਿਨ੍ਹਾਂ ਦਾ ਬਚਪਨ ਦਾ ਨਾਮ ਭਾਈ ਜੇਠਾ ਸੀ, ਦਾ ਜਨਮ 24 ਸਤੰਬਰ 1534 ਈ. ਨੂੰ ਚੂਨਾ ਮੰਡੀ ਲਾਹੌਰ ਦੇ ਵਸਨੀਕ ਭਾਈ ਹਰਿਦਾਸ ਜੀ ਅਤੇ ਮਾਤਾ ਦਇਆ ਕੌਰ ਜੀ ਦੇ ਘਰ ਹੋਇਆ। ਜਿਸ ਦਿਨ ਭਾਈ ਜੇਠਾ ਜੀ ਦਾ ਜਨਮ ਹੋਇਆ ਉਸ ਵਕਤ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਦੁਨਿਆਵੀ ਉਮਰ ਲਗਪਗ 65 ਸਾਲ, ਸ੍ਰੀ ਗੁਰੂ ਅਮਰਦਾਸ ਜੀ ਦੀ 55 ਸਾਲ ਅਤੇ ਭਾਈ ਲਹਿਣਾ ਜੀ ਦੀ 30 ਸਾਲ ਸੀ। ਭਾਵੇਂ ਚਾਰੇ ਗੁਰੂ ਸਾਹਿਬਾਨ ਜਿਸਮਾਨੀ ਤੌਰ ’ਤੇ ਮੌਜੂਦ ਸਨ ਪਰ ਮਿਲਾਪ ਅਜੇ ਪਹਿਲੀ ਪਾਤਸ਼ਾਹੀ ਤੇ ਭਾਈ ਲਹਿਣਾ ਜੀ ਦਾ ਹੀ ਹੋਇਆ ਸੀ। ਬਚਪਨ ਵਿੱਚ ਹੀ ਪਹਿਲਾਂ ਮਾਤਾ ਜੀ ਅਤੇ ਫਿਰ ਪਿਤਾ ਸ੍ਰੀ ਹਰਿਦਾਸ ਜੀ ਇਸ ਦੁਨੀਆ ਤੋਂ ਕੂਚ ਕਰ ਗਏ। ਆਪ ਜੀ ਦੀ ਨਾਨੀ ਆਪ ਨੂੰ ਆਪਣੇ ਪਿੰਡ ਬਾਸਰਕੇ ਲੈ ਆਈ।

ਲਾਹੌਰ ਤੋਂ ਦੋਹਤੇ ਦੇ ਆਪਣੇ ਨਾਨਕੇ ਘਰ ਆਉਣ ਦੀ ਖ਼ਬਰ ਸਾਰੇ ਪਿੰਡ ਵਿਚ ਫੈਲ ਗਈ। ਪਿੰਡ ਦੇ ਬਹੁਤ ਸਾਰੇ ਨੇਕ ਪੁਰਸ਼ ਅਤੇ ਔਰਤਾਂ ਬਾਲਕ ਜੇਠੇ ਦਾ ਧੀਰ ਧਰਾਉਣ ਲਈ ਆਉਣ ਲੱਗੇ। ਇਨ੍ਹਾਂ ਧੀਰ ਧਰਾਉਣ ਵਾਲਿਆਂ ਵਿੱਚ ਸ੍ਰੀ (ਗੁਰੂ) ਅਮਰਦਾਸ ਜੀ ਵੀ ਸਨ। ਉਨ੍ਹਾਂ ਦੇ ਕੋਮਲ ਹਿਰਦੇ ’ਤੇ ਭਾਈ ਜੇਠੇ ਦੀ ਦੁੱਖਦਾਈ ਸਥਿਤੀ ਦਾ ਬੜਾ ਡੂੰਘਾ ਅਸਰ ਹੋਇਆ। ਭਾਈ ਜੇਠਾ ਜੀ ਆਪਣੇ ਨਾਨਕੇ ਘਰ ਰਹਿ ਕੇ ਘੁੰਙਣੀਆਂ ਵੇਚਣ ਦੀ ਕਾਰ ਕਰਿਆ ਕਰਦੇ ਸਨ। ਇਸ ਸਮੇਂ ਦੌਰਾਨ ਸ੍ਰੀ (ਗੁਰੂ) ਅਮਰਦਾਸ ਜੀ ਜਦੋਂ ਕਦੇ ਖਡੂਰ ਸਾਹਿਬ ਤੋਂ ਬਾਸਰਕੇ ਆਉਂਦੇ ਤਾਂ ਉਹ ਭਾਈ ਜੇਠਾ ਜੀ ਨੂੰ ਜ਼ਰੂਰ ਮਿਲਦੇ ਅਤੇ ਦੁਨਿਆਵੀ ਤੇ ਇਲਾਹੀ ਗੱਲਾਂ ਹੁੰਦੀਆਂ ਰਹਿੰਦੀਆਂ।

ਜਦੋਂ ਗੋਂਦੇ ਖ਼ੱਤਰੀ ਦੀ ਬੇਨਤੀ ’ਤੇ ਸ੍ਰੀ ਗੁਰੂ ਅਮਰਦਾਸ ਜੀ ਨੇ ਦਰਿਆ ਬਿਆਸ ਦੇ ਕਿਨਾਰੇ ਗੋਇੰਦਵਾਲ ਸਾਹਿਬ ਨਗਰ ਵਸਾਇਆ ਤਾਂ ਉਨ੍ਹਾਂ ਦੇ ਕਈ ਰਿਸ਼ਤੇਦਾਰ ਤੇ ਸਨੇਹੀ ਵੀ ਗੋਇੰਦਵਾਲ ਸਾਹਿਬ ਆ ਗਏ। ਗੁਰੂ ਦਰਸ਼ਨਾਂ ਦੀ ਤਾਂਘ ਭਾਈ ਜੇਠਾ ਜੀ ਨੂੰ ਵੀ ਇੱਥੇ ਲੈ ਆਈ । ਉਸ ਵਕਤ ਉਨ੍ਹਾਂ ਦੀ ਆਯੂ 12 ਕੁ ਸਾਲ ਦੀ ਸੀ। ਸ੍ਰੀ ਗੁਰੂ ਅਮਰਦਾਸ ਜੀ ਨੇ ਭਾਈ ਜੇਠਾ ਜੀ ਨੂੰ 10-12 ਸਾਲ ਆਪਣੀ ਨਿਗਰਾਨੀ ਵਿੱਚ ਰੱਖਿਆ । ਗੁਰੂ ਸਾਹਿਬ ਨੇ ਭਾਈ ਜੇਠਾ ਦੇ ਗੁਣਾਂ ਦੀ ਕਦਰ ਕਰਦਿਆਂ 22 ਫੱਗਣ ਸੰਮਤ 1610 ਨੂੰ ਆਪਣੀ ਲਾਡਲੀ ਸਪੁੱਤਰੀ ਬੀਬੀ ਭਾਨੀ ਜੀ ਦਾ ਵਿਆਹ ਭਾਈ ਜੇਠਾ ਜੀ ਨਾਲ ਕਰ ਦਿੱਤਾ। ਜਦੋਂ 1557 ਈ: ਵਿੱਚ ਤੀਸਰੇ ਗੁਰੂ ਸ੍ਰੀ ਗੁਰੂ ਅਮਰਦਾਸ ਜੀ ਨੇ ਸਮਾਜਿਕ ਬਰਾਬਰੀ ਦੇ ਸਿਧਾਂਤ ਨੂੰ ਲਾਗੂ ਕਰਨ ਲਈ ਸਮਾਜ ਵਿੱਚੋਂ ਛੂਤ-ਛਾਤ ਖ਼ਤਮ ਕਰਨ ਦਾ ਬੀੜਾ ਚੁੱਕਿਆ ਤਾਂ ਕੁਝ ਗੁਰੂ-ਘਰ ਦੇ ਦੋਖੀਆਂ ਅਤੇ ਸਮਾਜ ਵਿਰੋਧੀਆਂ ਕੋਲੋਂ ਇਹ ਗੱਲ ਬਰਦਾਸ਼ਤ ਨਾ ਹੋ ਸਕੀ। ਉਨ੍ਹਾਂ ਵਿੱਚੋਂ ਕਿਸੇ ਨੇ ਅਕਬਰ ਬਾਦਸ਼ਾਹ ਕੋਲ ਜਾ ਕੇ ਗੁਰੂਕਿਆਂ ਦੇ ਖ਼ਿਲਾਫ਼ ਕੰਨ ਭਰ ਦਿੱਤੇ। ਆਪਣੀ ਸ਼ੰਕਾ ਨਵਿਰਤੀ ਅਤੇ ਤਸੱਲੀ ਲਈ ਬਾਦਸ਼ਾਹ ਨੇ ਗੁਰੂ ਦਰਬਾਰ ਵੱਲ ਸੱਦਾ-ਪੱਤਰ ਭੇਜ ਦਿੱਤਾ ।

ਬਿਰਧ ਸਰੀਰ ਹੋਣ ਕਰਕੇ ਤੀਸਰੇ ਪਾਤਸ਼ਾਹ ਨੇ ਗੁਰੂ-ਘਰ ਦੀ ਵਕਾਲਤ ਲਈ ਭਾਈ ਜੇਠਾ ਜੀ ਦੀ ਡਿਊਟੀ ਲਗਾ ਦਿੱਤੀ । ਭਾਈ ਜੇਠਾ ਜੀ ਨੇ ਸਿੱਖੀ ਦੇ ਸਿਧਾਂਤਾਂ ਦੀ ਇੰਨੇ ਸੁਚੱਜੇ ਢੰਗ ਨਾਲ ਵਿਆਖਿਆ ਕੀਤੀ ਕਿ ਅਕਬਰ ਦੇ ਸਭ ਭੁਲੇਖੇ ਦੂਰ ਹੋ ਗਏ। ਭਾਈ ਜੇਠਾ ਜੀ ਸ੍ਰੀ ਗੁਰੂ ਅਮਰਦਾਸ ਜੀ ਦੇ ਦਾਮਾਦ ਸਨ ਪਰ ਇਸ ਰਿਸ਼ਤੇ ਦਾ ਰਤੀ ਭਰ ਵੀ ਗੁਮਾਨ ਨਹੀਂ ਸੀ। ਬਾਉਲੀ ਸਾਹਿਬ ਦੇ ਨਿਰਮਾਣ-ਕਾਰਜ ਸਮੇਂ ਉਹ ਵੀ ਇਕ ਨਿਮਾਣੇ ਸਿੱਖ ਵਾਂਗ ਸਿਰ ’ਤੇ ਟੋਕਰੀ ਢੋਅ ਕੇ ਸੇਵਾ ਕਰਿਆ ਕਰਦੇ ਸਨ। ਆਪ ਜੀ ਦੇ ਘਰ ਤਿੰਨ ਪੁੱਤਰਾਂ ਬਾਬਾ ਪ੍ਰਿਥੀ ਚੰਦ, ਬਾਬਾ ਮਹਾਂਦੇਵ ਅਤੇ ਸ੍ਰੀ (ਗੁਰੂ) ਅਰਜਨ ਦੇਵ ਜੀ ਨੇ ਜਨਮ ਲਿਆ। ਸਿੱਖੀ ਦਾ ਪ੍ਰਚਾਰ ਕੇਂਦਰ ਸ੍ਰੀ ਗੋਇੰਦਵਾਲ ਸਾਹਿਬ ਤੋਂ ਗੁਰੂ ਕੇ ਚੱਕ (ਸ੍ਰੀ ਅੰਮ੍ਰਿਤਸਰ ਸਾਹਿਬ) ਵਿਖੇ ਲੈ ਜਾਣ ਦੀ ਵਿਉਂਤਬੰਦੀ ਕੀਤੀ ਗਈ। ਜਿਸ ਨੂੰ ਅਮਲੀ ਰੂਪ ਦੇਣ ਦੀ ਜ਼ਿੰਮੇਵਾਰੀ ਭਾਈ ਜੇਠਾ ਜੀ ਨੂੰ ਦਿੱਤੀ ਗਈ। ਗੁਰੂ ਰਾਮਦਾਸ ਜੀ ਨੇ ਇਹ ਜ਼ਿੰਮੇਵਾਰੀ ਤਨਦੇਹੀ ਨਾਲ ਨਿਭਾਈ ਜਿਸ ਦੀ ਬਦੌਲਤ ‘ਗੁਰੂ ਕਾ ਚੱਕ’ ਇੱਕ ਚੰਗੀ ਰੌਣਕ ਵਾਲਾ ਨਗਰ ਬਣ ਗਿਆ।

### ਗੁਰਗੱਦੀ ਦਾ ਮਿਲਣਾ

ਸੱਚਖੰਡ ਵਾਪਸੀ ਸਮਾਂ ਨੇੜੇ ਆਇਆ ਜਾਣ ਕੇ ਸ੍ਰੀ ਗੁਰੂ ਅਮਰਦਾਸ ਜੀ ਨੇ ਗੁਰੂ-ਘਰ ਦੀ ਮਰਯਾਦਾ ਅਨੁਸਾਰ ਸੰਮਤ 1631 ਦੇ ਭਾਦਰੋਂ ਮਹੀਨੇ ਸੰਗਤ ਦੇ ਸਨਮੁੱਖ ਭਾਈ ਜੇਠਾ ਜੀ ਨੂੰ ਗੁਰੂ ਨਾਨਕ ਪਾਤਸ਼ਾਹ ਦੇ ਘਰ ਦਾ ਚੌਥਾ (ਗੁਰਗੱਦੀ ਦੇ ਕੇ) ਵਾਰਿਸ ਥਾਪ ਕੇ ਸ੍ਰੀ ਗੁਰੂ ਰਾਮਦਾਸ ਜੀ ਬਣਾ ਦਿੱਤਾ। ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਦਰਬਾਰ ਵਿੱਚੋਂ ਇੱਕ ਨਿਮਾਣੇ ਸਿੱਖ ਨੂੰ ਮਿਲੇ ਮਾਣ ਨੂੰ ਵੇਖ ਕੇ ਆਪ ਵੈਰਾਗ ਵਿੱਚ ਆ ਗਏ ਤੇ ਬੋਲ ਉਠੇ :

ਜੋ ਹਮਰੀ ਬਿਧਿ ਹੋਤੀ, ਮੇਰੇ ਸਤਿਗੁਰਾ ਸਾ ਬਿਧਿ ਤੁਮ ਹਰਿ ਜਾਣਹ ਆਪੇ

ਹਮ ਰੁਲਤੇ ਫਿਰਤੇ, ਕੋਈ ਬਾਤ ਨ ਪੂਛਤਾ, ਗੁਰ ਸਤਿਗੁਰ ਸੰਗ ਕੀਰੇ ਹਮ ਥਾਪੇ (ਅੰਗ 167) ਚੌਥੇ ਪਾਤਸ਼ਾਹ ਨੇ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਸ਼ਾਨਦਾਰ ਧਾਰਮਿਕ ਸਥਾਨ ਉਸਾਰਨ ਬਾਰੇ ਸੋਚਿਆ। ਇਹ ਸਥਾਨ ਦਰਿਆ ਤੋਂ ਹਟਵਾਂ ਹੋ ਕੇ ਇੱਥੇ ਸਰੋਵਰ ਬਣਾਉਣ ਦੀ ਤਜਵੀਜ਼ ਵੀ ਬਣਾਈ ਗਈ। ਪਹਿਲਾਂ ਸਰੋਵਰ ਤੇ ਉਸ ਤੋਂ ਬਾਅਦ (ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਮੇਂ) ਸ੍ਰੀ ਹਰਿਮੰਦਰ ਸਾਹਿਬ ਦੀ ਉਸਾਰੀ ਮੁਕੰਮਲ ਹੋ ਗਈ। ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਆਪਣਾ ਗੱਦੀ-ਨਸ਼ੀਨ ਬਣਾ ਕੇ ਸ੍ਰੀ ਗੁਰੂ ਰਾਮਦਾਸ ਜੀ ਗੋਇੰਦਵਾਲ ਸਾਹਿਬ ਚਲੇ ਗਏ। ਆਪ ਜੀ ਅੱਸੂ ਮਹੀਨੇ ਦੇ ਦੂਜੇ ਦਿਨ ਮੁਤਾਬਕ ਸੰਮਤ 1638 (ਸਤੰਬਰ 1581 ਈਸਵੀ) ਨੂੰ ਜੋਤੀ ਜੋਤ ਸਮਾ ਗਏ। ਚੌਥੀ ਪਾਤਸ਼ਾਹੀ ਸ੍ਰੀ ਗੁਰੂ ਰਾਮਦਾਸ ਜੀ ਵੱਲੋਂ ਕੁੱਲ 30 ਰਾਗਾਂ ਵਿੱਚ ਬਾਣੀ ਰਚੀ ਹੋਈ ਹੈ।




# ਇਮਿਊਨਿਟੀ ਵਧਾਉਣ ਲਈ ਖਾਓ ਸਿਹਤਮੰਦ ਖ਼ੁਰਾਕ



ਪ੍ਰਿੰ. ਪਰਮਜੀਤ ਕੌਰ

ਅੱਜ-ਕੱਲ੍ਹ ਟੈਲੀਵਿਜ਼ਨ, ਸੋਸ਼ਲ ਮੀਡੀਆ, ਅਖ਼ਬਾਰਾਂ 'ਤੇ ਖ਼ੁਰਾਕੀ ਵਸਤਾਂ, ਦਵਾਈਆਂ ਤੇ ਸਪਲੀਮੈਂਟਸ ਦੀ ਇਸ਼ਤਿਹਾਰਬਾਜ਼ੀ ਵਿੱਚ ਇਮਿਊਨਿਟੀ ਵਧਾਉਣ ਬਾਰੇ ਆਮ ਹੀ ਦੇਖਣ-ਸੁਣਨ ਨੂੰ ਮਿਲਦਾ ਹੈ। ਇਹ ਤਾਂ ਕੰਪਨੀ ਦੀ ਭਰੋਸੇਯੋਗਤਾ ਜਾਂ ਇਮਾਨਦਾਰੀ 'ਤੇ ਨਿਰਭਰ ਕਰਦਾ ਹੈ ਕਿ ਵਾਕਿਆ ਹੀ ਉਸ 'ਚ ਇਮਿਊਨਿਟੀ ਬੂਸਟਰ ਪਾਏ ਹਨ ਜਾਂ ਨਹੀਂ। ਇਮਿਊਨਿਟੀ ਬੂਸਟਰ ਸਾਡੀ ਖ਼ੁਰਾਕ 'ਚ ਹੀ ਹੁੰਦੇ ਹਨ। ਲੋੜ ਹੈ ਅਜਿਹੀਆਂ ਖ਼ੁਰਾਕੀ ਵਸਤਾਂ ਦਾ ਪਤਾ ਹੋਣਾ ਤੇ ਉਸ ਨੂੰ ਰੋਜ਼ਾਨਾ ਆਪਣੀ ਖ਼ੁਰਾਕ 'ਚ ਸ਼ਾਮਿਲ ਕਰਨ ਦੀ। ਸਰੀਰ ਦੀ ਇਮਿਊਨਿਟੀ (ਰੋਗਾਂ ਨਾਲ ਲੜਨ ਦੀ ਸਮਰੱਥਾ) ਖਾਧੀ ਗਈ ਖ਼ੁਰਾਕ ਨਾਲ ਬਣਦੀ ਹੈ। ਵਧੀਆ ਇਮਊਨਿਟੀ ਵਾਲਾ ਵਿਅਕਤੀ ਬਿਮਾਰ ਘੱਟ ਹੋਵੇਗਾ ਤੇ ਉਸ 'ਚ ਰੋਗਾਂ ਨਾਲ ਲੜਨ ਦੀ ਸਮਰੱਥਾ ਵੀ ਜ਼ਿਆਦਾ ਹੋਵੇਗੀ। ਕੁਝ ਐਂਟੀਆਕਸੀਡੈਂਟ ਭਰਪੂਰ ਖ਼ੁਰਾਕੀ ਵਸਤਾਂ ਵਿਅਕਤੀ ਦੀ ਇਮਿਊਨਿਟੀ ਨੂੰ ਵਧਾਉਣ 'ਚ ਸਹਾਈ ਹੋ ਸਕਦੀਆਂ ਹਨ ਤੇ ਜ਼ੁਕਾਮ, ਫਲੂ ਵਰਗੀਆਂ ਬਿਮਾਰੀਆਂ ਤੋਂ ਬਚਾ ਸਕਦੀਆਂ ਹਨ ਜਾਂ ਉਨ੍ਹਾਂ ਦੀ ਗੰਭੀਰਤਾ ਨੂੰ ਘਟਾ ਸਕਦੀਆਂ ਹਨ। ਮਾੜੀ ਖ਼ੁਰਾਕ ਜਾਂ ਐਂਟੀਆਕਸੀਡੈਂਟਸ ਦੀ ਘਾਟ ਇਮਿਊਨ ਸਿਸਟਮ ਨੂੰ ਕਮਜ਼ੋਰ ਕਰ ਦਿੰਦੀ ਹੈ, ਜਿਸ ਨਾਲ ਇਨਫੈਕਸ਼ਨ ਵਾਲੀਆਂ ਬਿਮਾਰੀਆਂ ਦੀ ਗੰਭੀਰਤਾ ਤੇ ਖ਼ਤਰਾ ਵੱਧ ਜਾਂਦਾ ਹੈ। ਐਂਟੀਆਕਸੀਡੈਂਟਸ ਹੀ ਇਮਿਊਨਿਟੀ ਬੂਸਟਰ ਹਨ ਤੇ ਇਨ੍ਹਾਂ ਦਾ ਸਰੀਰ ਦੀ ਇਮਿਊਨਿਟੀ ਨਾਲ ਸਿੱਧਾ ਸਬੰਧ ਹੈ। ਇਸ ਲਈ ਵੱਧ ਤੋਂ ਵੱਧ ਐਂਟੀਆਕਸੀਡੈਂਟਸ ਖ਼ੁਰਾਕ ਰਾਹੀਂ ਲੈਣੇ ਚਾਹੀਦੇ ਹਨ, ਤਾਂ ਜੋ ਸਰੀਰ ਦੀ ਬਿਮਾਰੀਆਂ ਖ਼ਿਲਾਫ਼ ਲੜਨ ਲਈ ਇਮਿਊਨਿਟੀ ਬਣੀ ਰਹੇ।

### ਕੀ ਹੈ ਇਮਿਊਨਟੀ ?

ਕਿਸੇ ਵਿਅਕਤੀ ਦੀ ਬਿਮਾਰੀਆਂ ਨਾਲ ਲੜਨ ਦੀ ਸਰੀਰਕ ਸਮਰੱਥਾ ਹੀ ਇਮਿਊਨਿਟੀ ਹੈ। ਖ਼ੂਨ ਦੇ ਚਿੱਟੇ ਕਣ ਐਂਟੀਬਾਡੀਜ਼ ਪੈਦਾ ਕਰ ਕੇ ਬੈਕਟੀਰੀਆ ਤੇ ਵਾਇਰਸ ਨਾਲ ਲੜਨ ਦੀ ਸਮਰੱਥਾ ਵਧਾ ਦਿੰਦੇ ਹਨ।

### ਫ੍ਰੀ ਰੈਡੀਕਲਜ਼

ਫ੍ਰੀ ਰੈਡੀਕਲਜ਼ ਅਜਿਹੇ ਮੌਲੀਕਿਊਲ ਦੀ ਕਿਸਮ ਹੈ, ਜੋ ਇਮਿਊਨ ਸਿਸਟਮ ਨੂੰ ਤਬਾਹ ਕਰਦੀ ਹੈ। ਇਹ ਉਦੋਂ ਪੈਦਾ ਹੁੰਦੇ ਹਨ, ਜਦੋਂ ਸਾਡਾ ਸਰੀਰ ਭੋਜਨ ਨੂੰ ਤੋੜਦਾ ਹੈ ਜਾਂ ਤੰਬਾਕੂ, ਸਿਗਰਟਨੋਸ਼ੀ, ਰੈਡੀਏਸ਼ਨ ਤੇ ਆਕਸੀਡੇਸ਼ਨ ਕਿਰਿਆਵਾਂ ਦੇ ਅਸਰ ਕਰਕੇ ਪੈਦਾ ਹੁੰਦੇ ਹਨ। ਫ੍ਰੀ ਰੈਡੀਕਲਜ਼ ਭਿਆਨਕ ਬਿਮਾਰੀਆਂ, ਜਿਵੇਂ ਕੈਂਸਰ ਤੇ ਦਿਲ ਦੇ ਰੋਗਾਂ ਦਾ ਕਾਰਨ ਬਣਦੇ ਹਨ ਅਤੇ ਵਿਅਕਤੀ ਦੇ ਸੈੱਲਾਂ ਦਾ ਨੁਕਸਾਨ ਹੁੰਦਾ ਹੈ।

### ਐਂਟੀਆਕਸੀਡੈਂਟਸ

ਐਂਟੀਆਕਸੀਡੈਂਟਸ ਅਜਿਹੇ ਮੌਲੀਕਿਊਲ ਹਨ, ਜੋ ਫ੍ਰੀ ਰੈਡੀਕਲਜ਼ ਦੁਆਰਾ ਕੀਤੇ ਜਾਣ ਵਾਲੇ ਸੈੱਲਾਂ ਦੇ ਨੁਕਸਾਨ ਦੀ ਕਿਰਿਆ ਦੀ ਰਫ਼ਤਾਰ ਨੂੰ ਹੌਲੀ ਕਰਦੇ ਹਨ ਤੇ ਸੈੱਲਾਂ ਨੂੰ ਬਚਾਉਂਦੇ ਹਨ। ਇਹ ਆਕਸੀਡੇਸ਼ਨ ਨੂੰ ਰੋਕਦੇ ਹਨ, ਫ੍ਰੀ ਰੈਡੀਕਲਜ਼ ਨਾਲ ਲੜਦੇ ਹਨ, ਉਨ੍ਹਾਂ ਨੂੰ ਨਿਊਟ੍ਰਲਾਇਜ਼ ਕਰ ਕੇ ਘਟਾਉਂਦੇ ਹਨ ਤੇ ਜਾਨਲੇਵਾ ਬਿਮਾਰੀਆਂ ਤੋਂ ਬਚਾਉਂਦੇ ਹਨ। ਐਂਟੀਆਕਸੀਡੈਂਟਸ ਇਮਿਊਨ ਸਿਸਟਮ ਨੂੰ ਬੂਸਟ ਕਰਨ 'ਚ ਮਦਦਗਾਰ ਹਨ। ਵਿਟਾਮਿਨ-ਸੀ, ਵਿਟਾਮਿਨ-ਈ, ਵਿਟਾਮਿਨ-ਏ, ਬੀਟਾ ਕੈਰੋਟੀਨ, ਲਿਕੋਪੀਨ, ਲੂਟਿਨ, ਸਿਲੇਨੀਅਮ, ਮੈਗਨੀਜ਼, ਜ਼ਿੰਕ, ਫੋਲੇਟ, ਲੋਹਾ, ਕਾਪਰ, ਵਿਟਾਮਿਨ ਬੀ-6, ਵਿਟਾਮਿਨ ਬੀ 12 ਖ਼ੁਰਾਕ ਤੋਂ ਮਿਲਣ ਵਾਲੇ ਅਜਿਹੇ ਮਹੱਤਵਪੂਰਨ ਐਂਟੀਆਕਸੀਡੈਂਟਸ ਹਨ, ਜੋ ਇਮਿਊਨ ਸਿਸਟਮ ਨੂੰ ਆਪਣਾ ਕੰਮ ਕਰਨ ਲਈ ਚਾਹੀਦੇ ਹਨ।

### ਐਂਟੀਆਕਸੀਡੈਂਟਸ ਲੈਣ ਲਈ ਕੀ ਖਾਓ ?

ਘੱਟ ਫੈਟ ਵਾਲੀ ਬਨਸਪਤੀ (ਪੌਦਿਆਂ) ਖ਼ੁਰਾਕ ਇਮਿਊਨ ਸਿਸਟਮ ਨੂੰ ਬੂਸਟ ਕਰਨ 'ਚ ਮਦਦਗਾਰ ਹੋ ਸਕਦੀ ਹੈ। ਗੂੜ੍ਹੇ ਰੰਗਾਂ ਦੇ ਫਲ, ਸਬਜ਼ੀਆਂ, ਸਲਾਦ ਤੇ ਨਟਸ, ਬੀਜ ਦੀ ਜ਼ਿਆਦਾ ਵਰਤੋਂ ਤੇ ਫੈਟ ਦੀ ਘੱਟ ਵਰਤੋਂ ਨਾਲ ਖ਼ੂਨ ਦੇ ਚਿੱਟੇ ਸੈੱਲ ਜ਼ਿਆਦਾ ਬਣਨਗੇ, ਜੋ ਐਂਟੀਬਾਡੀਜ਼ ਪੈਦਾ ਕਰ ਕੇ ਬੈਕਟੀਰੀਆ ਤੇ ਵਾਇਰਸ ਨਾਲ ਲੜਨ ਦੀ ਸਮਰੱਥਾ ਵਧਾ ਦੇਣਗੇ। ਇਸ ਨਾਲ ਇਮਿਊਨ ਸਿਸਟਮ ਵੀ ਬੂਸਟ ਹੋਵੇਗਾ। ਹਰੇਕ ਐਂਟੀਆਕਸੀਡੈਂਟ ਦਾ ਵੱਖਰਾ ਕੰਮ ਹੁੰਦਾ ਹੈ, ਜੋ ਕਿਸੇ ਦੂਜੇ ਐਂਟੀਆਕਸੀਡੈਂਟ ਦਾ ਬਦਲ ਨਹੀਂ ਹੋ ਸਕਦਾ। ਐਂਟੀਆਕਸੀਡੈਂਟ ਨਾਲ ਭਰਪੂਰ ਖ਼ੁਰਾਕ ਨੂੰ ਸੁਪਰ ਖ਼ੁਰਾਕ ਜਾਂ ਕਿਰਿਆਸ਼ੀਲ ਖ਼ੁਰਾਕ ਕਿਹਾ ਜਾਂਦਾ ਹੈ।

### ਇਮਿਊਨਿਟੀ ਵਧਾਉਣ ਲਈ ਕੀ ਖਾਓ ?

ਵਿਟਾਮਿਨ-ਸੀ ਭਰਪੂਰ ਫਲ ਜਿਵੇਂ ਸੰਤਰਾ, ਚਕੋਤਰਾ, ਮੁਸੰਮੀ, ਕਿੰਨੂ, ਨਿੰਬੂ, ਅਨਾਨਾਸ, ਔਲਾ, ਅਮਰੂਦ, ਪਪੀਤਾ, ਕੀਵੀ, ਬੇਰੀਜ਼ ਤੇ ਸਬਜ਼ੀਆਂ ਜਿਵੇਂ ਲਾਲ ਤੇ ਹਰੀ ਸ਼ਿਮਲਾ ਮਿਰਚ, ਬ੍ਰੋਕਲੀ, ਟਮਾਟਰ, ਪਾਲਕ, ਮੇਥੀ, ਚਲਾਈ ਆਦਿ ਦੀ ਵਰਤੋਂ ਵਧਾ ਦਿਉ। ਲਾਲ ਸ਼ਿਮਲਾ ਮਿਰਚ ਵਿਚ ਸੰਤਰੇ ਤੋਂ ਵੀ ਤਿੰਨ ਗੁਣਾ ਜ਼ਿਆਦਾ ਵਿਟਾਮਿਨ-ਸੀ ਹੁੰਦਾ ਹੈ ਤੇ ਇਹ ਬੀਟਾ ਕੈਰੋਟੀਨ (ਵਿਟਾਮਿਨ-ਏ) ਦਾ ਵੀ ਚੰਗਾ ਸਰੋਤ ਹੈ। ਪਪੀਤਾ ਤੇ ਕੀਵੀ ਵਿਟਾਮਿਨ-ਸੀ, ਪੋਟਾਸ਼ੀਅਮ, ਮੈਗਨੀਸ਼ੀਅਮ ਅਤੇ ਫੋਲੇਟ ਦੇ ਚੰਗੇ ਸਰੋਤ ਹਨ। ਵਿਟਾਮਿਨ-ਸੀ ਇਮਿਊਨ ਸਿਸਟਮ ਨੂੰ ਬੂਸਟ ਕਰਨ ਦੇ ਨਾਲ-ਨਾਲ ਤੰਦਰੁਸਤ ਚਮੜੀ ਲਈ ਵੀ ਲੋੜੀਂਦਾ ਹੈ। ਬ੍ਰੋਕਲੀ ਵਿਟਾਮਿਨਾਂ ਤੇ ਖਣਿਜਾਂ ਦਾ ਭਰਪੂਰ ਸਰੋਤ ਹੈ। ਇਹ ਵਿਟਾਮਿਨ-ਏ, ਵਿਟਾਮਿਨ-ਸੀ, ਵਿਟਾਮਿਨ-ਈ, ਫਾਈਬਰ ਅਤੇ ਹੋਰ ਬਹੁਤ ਸਾਰੇ ਐਂਟੀਆਕਸੀਡੈਂਟਸ ਨਾਲ ਭਰਪੂਰ ਹੈ, ਇਸ ਨੂੰ ਸਲਾਦ ਦੇ ਤੌਰ 'ਤੇ ਜਾਂ ਭਾਫ਼ ਨਾਲ ਪਕਾ ਕੇ ਖਾਧਾ ਜਾ ਸਕਦਾ ਹੈ।

### ਪਰਹੇਜ਼

ਖੋਜਾਂ ਦੱਸਦੀਆਂ ਹਨ ਕਿ ਮੈਦਾ, ਲੂਣ, ਚੀਨੀ, ਮਿੱਠੀਆਂ ਤੇ ਤਲੀਆਂ ਵਸਤਾਂ, ਬੇਕਰੀ, ਡੱਬਾਬੰਦ ਖ਼ੁਰਾਕ, ਕੋਲਡ ਡ੍ਰਿੰਕਸ, ਪ੍ਰੋਸੈਸਡ ਫੂਡ, ਰਿਫਾਇੰਡ ਕਾਰਬੋਜ਼, ਸਿਗਰਟ, ਅਲਕੋਹਲ ਤੇ ਕੁਝ ਦਵਾਈਆਂ ਇਮਿਊਨ ਸਿਸਟਮ ਨੂੰ ਕਮਜ਼ੋਰ ਕਰਦੀਆਂ ਹਨ। ਇਸ ਲਈ ਇਨ੍ਹਾਂ ਤੋਂ ਪਰਹੇਜ਼ ਕਰਨਾ ਚਾਹੀਦਾ ਹੈ। ਵਿਅਕਤੀ ਦੇ ਸਰੀਰ ਦੀ ਇਮਿਊਨਿਟੀ ਖਾਧੀ ਗਈ ਖ਼ੁਰਾਕ ਨਾਲ ਬਣਦੀ ਹੈ। ਬੇਸ਼ੱਕ ਖ਼ੁਰਾਕ ਤੋਂ ਇਲਾਵਾ ਹੋਰ ਬਹੁਤ ਸਾਰੇ ਤੱਤ ਜਿਵੇਂ ਕਸਰਤ, ਨੀਂਦ, ਉਮਰ, ਤਣਾਅ, ਕੋਈ ਬਿਮਾਰੀ ਆਦਿ ਵੀ ਨੂੰ ਇਮਿਊਨਿਟੀ ਨੂੰ ਪ੍ਰਭਾਵਿਤ ਕਰਦੇ ਹਨ। ਇਮਊਨਿਟੀ ਵਧਾਉਣ ਲਈ ਉਪਰੋਕਤ ਖ਼ੁਰਾਕੀ ਪਦਾਰਥਾਂ 'ਚੋਂ ਰੋਜ਼ਾਨਾ ਖ਼ੁਰਾਕ ਦਾ ਹਿੱਸਾ ਬਣਾ ਕੇ ਸਰੀਰ ਦੀ ਰੋਗਾਂ ਪ੍ਰਤੀ ਲੜਨ ਦੀ ਸਮਰੱਥਾ ਵਧਾਈ ਜਾ ਸਕਦੀ ਹੈ।

# ਕੰਮ ਦਾ ਬਹੁਤ ਜ਼ਿਆਦਾ ਦਬਾਅ ਤੁਹਾਨੂੰ ਕਰ ਸਕਦੈ ਬਿਮਾਰ

ਪੈਸੇ ਦੀ ਕਮੀ ਇੱਕ ਵਿਅਕਤੀ ਨੂੰ ਕੁਝ ਵੀ ਕਰ ਸਕਦੀ ਹੈ, ਇੱਥੋਂ ਤੱਕ ਕਿ ਇੱਕ ਵਿਅਕਤੀ ਨੂੰ ਆਪਣੀਆਂ ਕਾਬਲੀਅਤਾਂ ਅਤੇ ਇੱਛਾਵਾਂ ਨਾਲ ਸਮਝੌਤਾ ਕਰਨ ਲਈ ਮਜਬੂਰ ਕਰ ਸਕਦੀ ਹੈ। ਇਹੀ ਕਾਰਨ ਹੈ ਕਿ ਆਰਥਿਕ ਸੰਕਟ ਵਿੱਚ ਵਿਅਕਤੀ ਘੱਟ ਤਨਖਾਹ 'ਤੇ ਕੋਈ ਵੀ ਕੰਮ ਕਰਨ ਲਈ ਤਿਆਰ ਹੋ ਜਾਂਦਾ ਹੈ, ਕਿਉਂਕਿ ਉਸ ਨੇ ਆਪਣੇ ਪਰਿਵਾਰ ਦੀਆਂ ਮੁੱਢਲੀਆਂ ਲੋੜਾਂ ਪੂਰੀਆਂ ਕਰਨੀਆਂ ਹੁੰਦੀਆਂ ਹਨ ਹਾਲਾਂਕਿ, ਪੈਸਾ ਕਮਾਉਣ ਦੀ ਲਾਲਸਾ ਵਿੱਚ, ਲੋਕ ਅਕਸਰ ਆਪਣੀ ਸਿਹਤ ਨੂੰ ਨਜ਼ਰਅੰਦਾਜ਼ ਕਰ ਦਿੰਦੇ ਹਨ, ਜਿਸ ਨਾਲ ਉਨ੍ਹਾਂ ਦੀ ਮਾਨਸਿਕ ਸਿਹਤ ਅਤੇ ਉਨ੍ਹਾਂ ਦੇ ਪੂਰੇ ਪਰਿਵਾਰ ਨੂੰ ਨੁਕਸਾਨ ਹੁੰਦਾ ਹੈ। ਆਓ ਜਾਣਦੇ ਹਾਂ ਕਿ ਤੁਸੀਂ ਜ਼ਿਆਦਾ ਕੰਮ ਕਰਕੇ ਆਪਣੀ ਸਿਹਤ ਨਾਲ ਕਿਵੇਂ ਸਮਝੌਤਾ ਕਰ ਰਹੇ ਹੋ-

### ਮਾਨਸਿਕ ਤਣਾਅ

ਘੱਟ ਤਨਖ਼ਾਹ ਅਤੇ ਜ਼ਿਆਦਾ ਕੰਮ ਕਾਰਨ ਵਿਅਕਤੀ ਲਗਾਤਾਰ ਵਿੱਤੀ ਦਬਾਅ ਵਿੱਚ ਰਹਿੰਦਾ ਹੈ, ਜਿਸ ਨਾਲ ਤਣਾਅ ਅਤੇ ਚਿੰਤਾ ਵਧਦੀ ਹੈ। ਇਸ ਨਾਲ ਮਾਨਸਿਕ ਸਿਹਤ 'ਤੇ ਡੂੰਘਾ ਅਸਰ ਪੈ ਸਕਦਾ ਹੈ।

### ਨੀਂਦ ਦੀ ਕਮੀ

ਕੰਮ ਦੇ ਘੰਟੇ ਲੰਬੇ ਹੋਣ ਕਾਰਨ ਨੀਂਦ ਪੂਰੀ ਨਹੀਂ ਹੁੰਦੀ। ਨੀਂਦ ਦੀ ਕਮੀ ਨਾਲ ਸਰੀਰ ਦੀ ਊਰਜਾ ਘੱਟ ਜਾਂਦੀ ਹੈ, ਜਿਸ ਕਾਰਨ ਇਮਿਊਨ ਪਾਵਰ ਕਮਜ਼ੋਰ ਹੋਣ ਲੱਗਦੀ ਹੈ।

### ਗੈਰ-ਸਿਹਤਮੰਦ ਭੋਜਨਾਂ ਦਾ ਸੇਵਨ

ਕੰਮ ਦੇ ਦਬਾਅ ਅਤੇ ਸਮੇਂ ਦੀ ਘਾਟ ਕਾਰਨ ਲੋਕ ਜਲਦੀ ਹੀ ਗੈਰ-ਸਿਹਤਮੰਦ ਭੋਜਨ ਖਾਣ ਦਾ ਸਹਾਰਾ ਲੈਂਦੇ ਹਨ, ਜਿਸ ਕਾਰਨ ਸਰੀਰ ਨੂੰ ਲੋੜੀਂਦਾ ਪੋਸ਼ਣ ਨਹੀਂ ਮਿਲਦਾ।

### ਸਰੀਰਕ ਥਕਾਵਟ

ਜ਼ਿਆਦਾ ਕੰਮ ਕਰਨ ਨਾਲ ਸਰੀਰ ਨੂੰ ਆਰਾਮ ਨਹੀਂ ਮਿਲਦਾ, ਜਿਸ ਕਾਰਨ ਮਾਸਪੇਸ਼ੀਆਂ ਵਿਚ ਖਿਚਾਅ ਅਤੇ ਥਕਾਵਟ ਰਹਿੰਦੀ ਹੈ। ਇਹ ਲੰਬੇ ਸਮੇਂ ਲਈ ਵਿਅਕਤੀ ਦੀ ਸਿਹਤ ਨੂੰ ਪ੍ਰਭਾਵਿਤ ਕਰ ਸਕਦਾ ਹੈ।

### ਮਾਨਸਿਕ ਅਤੇ ਸਰੀਰਕ ਊਰਜਾ ਵਿੱਚ ਕਮੀ

ਜ਼ਿਆਦਾ ਕੰਮ ਕਰਨ ਨਾਲ ਵਿਅਕਤੀ ਥਕਾਵਟ ਮਹਿਸੂਸ ਕਰਦਾ ਹੈ, ਜਿਸ ਕਾਰਨ ਉਸ ਦੀ ਕੰਮ ਕਰਨ ਦੀ ਮਾਨਸਿਕ ਅਤੇ ਸਰੀਰਕ ਸਮਰੱਥਾ ਕਮਜ਼ੋਰ ਹੋ ਜਾਂਦੀ ਹੈ ਅਤੇ ਇਸ ਨਾਲ ਉਸ ਦੀ ਕੰਮ ਦੀ ਕਾਰਗੁਜ਼ਾਰੀ ਵੀ ਘਟ ਜਾਂਦੀ ਹੈ।

### ਜ਼ਿੰਦਗੀ ਨੂੰ ਮੌਜ-ਮਸਤੀ ਨਾਲ ਜੀਓ

ਔਖੇ ਹਾਲਾਤਾਂ ਵਿੱਚ ਵੀ ਛੋਟੀਆਂ-ਛੋਟੀਆਂ ਖੁਸ਼ੀਆਂ ਨੂੰ ਆਪਣਾ ਬਣਾ ਲਓ। ਸਕ੍ਰੀਨ ਤੋਂ ਦੂਰ ਰਹੋ, ਦੋਸਤਾਂ ਅਤੇ ਪਰਿਵਾਰ ਨਾਲ ਸਮਾਂ ਬਿਤਾਓ, ਆਪਣੇ ਪਸੰਦੀਦਾ ਸ਼ੌਕਾਂ ਲਈ ਸਮਾਂ ਲਗਾਓ ਅਤੇ ਛੋਟੀਆਂ ਉਪਲਬਧੀਆਂ ਦਾ ਜਸ਼ਨ ਮਨਾਓ। ਅਜਿਹਾ ਸਕਾਰਾਤਮਕ ਰਵੱਈਆ ਰੱਖਣ ਨਾਲ ਜੀਵਨ ਵਿੱਚ ਸੰਤੁਲਨ ਅਤੇ ਖੁਸ਼ੀ ਬਣੀ ਰਹਿੰਦੀ ਹੈ।

# ਕੰਨਾਂ ਲਈ ਖ਼ਤਰਨਾਕ ਹੋ ਸਕਦੇ ਨੇ ਈਅਰ.ਫ਼ੋਨ




ਜਯੋਤੀ ਵਤਸ

ਅਜੋਕੇ ਸਮੇਂ ਵਿੱਚ ਤਕਨਾਲੋਜੀ ਵਰਦਾਨ ਦੇ ਨਾਲ-ਨਾਲ ਸਰਾਪ ਵੀ ਸਾਬਿਤ ਹੋ ਰਹੀ ਹੈ। ਸਭ ਤੋਂ ਵਧੀਆ ਉਦਾਹਰਨਾਂ ਵਿੱਚੋਂ ਇਕ ਹੈ ਈਅਰਫੋਨ/ਹੈੱਡਫੋਨ। ਜਿਸ ਦੀ ਵਰਤੋਂ ਹਰ ਉਮਰ ਵਰਗ ਦੇ ਵਿਅਕਤੀ ਵੱਲੋਂ ਕੀਤੀ ਜਾਂਦੀ ਹੈ। ਸਵੇਰ ਦੀ ਸੈਰ ਕਰਦਿਆਂ, ਸੜਕ ਪਾਰ ਕਰਦੇ ਸਮੇਂ, ਕਾਰ 'ਚ ਸਵਾਰ, ਬੱਸ 'ਚ ਯਾਤਰਾ ਕਰਦਿਆਂ, ਚਾਹ-ਕੌਫੀ ਪੀਂਦਿਆਂ ਜਾਂ ਦਫ਼ਤਰ ਵਿੱਚ ਕੰਮ ਕਰਦਿਆਂ ਤੁਸੀਂ ਬਹੁਤ ਸਾਰੇ ਲੋਕਾਂ ਨੂੰ ਸਾਰਾ ਦਿਨ ਸੰਗੀਤ ਸੁਣਦਿਆਂ ਜਾਂ ਈਅਰਫੋਨ ਰਾਹੀਂ ਗੱਲ ਕਰਦਿਆਂ ਵੇਖਦੇ ਹੋਵੋਗੇ। ਹਾਲਾਂਕਿ ਈਅਰਫੋਨ ਲਗਾਉਣ ਨਾਲ ਹੋ ਸਕਦਾ ਕਿ ਤੁਸੀਂ ਆਪਣੇ ਆਲੇ-ਦੁਆਲੇ ਦੇ ਲੋਕਾਂ ਨੂੰ ਪਰੇਸ਼ਾਨ ਨਾ ਕਰ ਰਹੇ ਹੋਵੋ ਪਰ ਯਕੀਨੀ ਤੌਰ 'ਤੇ ਇਸ ਵੱਲ ਧਿਆਨ ਨਾ ਦੇ ਕੇ ਖ਼ੁਦ ਨੂੰ ਕਾਫ਼ੀ ਨੁਕਸਾਨ ਪਹੁੰਚਾ ਰਹੇ ਹੋ। ਈਅਰਫੋਨ ਕੰਨ ਦੇ ਬਹੁਤ ਨੇੜੇ ਉੱਚ ਪੱਧਰ ਦੀ ਆਵਾਜ਼ ਪੈਦਾ ਕਰਨ ਦੇ ਸਮਰੱਥ ਹਨ, ਇਸ ਲਈ ਬਹੁਤ ਖ਼ਤਰਨਾਕ ਹਨ।

### ਕਿਵੇਂ ਪਹੁੰਚਾਉਂਦੇ ਹਨ ਨੁਕਸਾਨ ?

ਈਅਰਫੋਨ ਆਵਾਜ਼ ਦੀਆਂ ਲਹਿਰਾਂ ਪੈਦਾ ਕਰਦੇ ਹਨ, ਜੋ ਸਾਡੇ ਕੰਨਾਂ ਤਕ ਪਹੁੰਚਦੀਆਂ ਹਨ, ਜਿਸ ਨਾਲ ਕੰਨ ਦਾ ਪਰਦਾ ਕੰਬ ਜਾਂਦਾ ਹੈ। ਇਹ ਕੰਬਣੀ ਛੋਟੀਆਂ ਹੱਡੀਆਂ ਰਾਹੀਂ ਅੰਦਰੂਨੀ ਕੰਨ ਵਿੱਚ ਫੈਲਦੀ ਹੈ ਤੇ ਕੋਕਲੀਅਰ ਤਕ ਪਹੁੰਚਦੀ ਹੈ ,ਜੋ ਅੰਦਰੂਨੀ ਕੰਨ ਵਿੱਚ ਇੱਕ ਕਮਰਾ ਹੈ ਤੇ ਇਹ ਤਰਲ ਨਾਲ ਭਰਿਆ ਹੁੰਦਾ ਹੈ। ਇਸ 'ਚ ਹਜ਼ਾਰਾਂ ਛੋਟੇ ਵਾਲ ਹੁੰਦੇ ਹਨ। ਜਦੋਂ ਇਹ ਕੰਬਣੀ ਕੋਕਲੀਅਰ ਤੱਕ ਪਹੁੰਚਦੀ ਹੈ, ਤਾਂ ਤਰਲ ਕੰਬਦੀ ਹੈ ਅਤੇ ਵਾਲਾਂ ਨੂੰ ਹਿਲਾਉਂਦੀ ਹੈ। ਆਵਾਜ਼ ਜਿੰਨੀ ਉੱਚੀ ਹੁੰਦੀ ਹੈ, ਵਾਲਾਂ ਦੀ ਗਤੀ ਨਾਲ ਕੰਬਣੀ ਓਨੀ ਹੀ ਤੇਜ਼ ਹੁੰਦੀ ਹੈ। ਉੱਚੀ ਆਵਾਜ਼ ਦੇ ਨਿਰੰਤਰ ਤੇ ਲੰਬੇ ਸਮੇਂ ਤੱਕ ਸੰਪਰਕ 'ਚ ਰਹਿਣ ਨਾਲ ਵਾਲਾਂ ਦੇ ਸੈੱਲ ਕੰਬਣੀ ਪ੍ਰਤੀ



ਆਪਣੀ ਸੰਵੇਦਨਸ਼ੀਲਤਾ ਗੁਆ ਲੈਂਦੇ ਹਨ। ਕਈ ਵਾਰ ਉੱਚੀ ਆਵਾਜ਼ ਵਿੱਚ ਸੰਗੀਤ ਦੇ ਨਤੀਜੇ ਵਜੋਂ ਸੈੱਲ ਝੁਕਦੇ ਜਾਂ ਫੋਲਡ ਹੁੰਦੇ ਹਨ, ਜਿਸ ਨਾਲ ਅਸਥਾਈ ਤੌਰ 'ਤੇ ਸੁਣਨ ਦੀ ਘਾਟ ਮਹਿਸੂਸ ਹੁੰਦੀ ਹੈ। ਵਾਲਾਂ ਦੇ ਸੈੱਲ ਇਨ੍ਹਾਂ ਅਤਿਅੰਤ ਕੰਬਣਾਂ ਤੋਂ ਠੀਕ ਹੋ ਸਕਦੇ ਹਨ ਜਾਂ ਨਹੀਂ ਵੀ। ਹਾਲਾਂਕਿ ਜਦੋਂ ਉਹ ਠੀਕ ਹੋ ਜਾਂਦੇ ਹਨ, ਤਾਂ ਜ਼ਿਆਦਾਤਰ ਕੰਮ ਕਰਨ ਵਿੱਚ ਅਸਮਰੱਥ ਹੁੰਦੇ ਹਨ, ਜਿਸ ਨਾਲ ਸਥਾਈ ਸੁਣਨ ਦੀ ਘਾਟ ਜਾਂ ਬੋਲ਼ਾਪਨ ਵੀ ਹੋ ਸਕਦਾ ਹੈ। ਇਸ ਤੋਂ ਠੀਕ ਹੋਣਾ ਲਗਭਗ ਅਸੰਭਵ ਹੈ।

### ਮਾੜੇ ਪ੍ਰਭਾਵ

- ਜ਼ਿਆਦਾ ਉੱਚੀ ਆਵਾਜ਼ ਨਾਲ ਸੁਣਨ ਸ਼ਕਤੀ ਹੁੰਦੀ ਪ੍ਰਭਾਵਿਤ।
- ਸਾਂ-ਸਾਂ ਦੀ ਆਵਾਜ਼ ਆਉਣ ਲੱਗਣਾ।
- ਟਿੰਨੀਟਸ।
- ਹਾਈਪਰੈਕਸਿਸ।
- ਸੁਣਨ ਦੀ ਘਾਟ।
- ਚੱਕਰ ਆਉਣਾ।
- ਕੰਨਾਂ ਦੀ ਲਾਗ।
- ਦਿਮਾਗ਼ 'ਤੇ ਪ੍ਰਭਾਵ ਪੈਣਾ।
- ਕੰਨਾਂ 'ਚ ਦਰਦ

### ਬਚਾਅ

ਕੰਨਾਂ ਨੂੰ ਹੋਣ ਵਾਲੇ ਨੁਕਸਾਨ ਤੋਂ ਬਚਾਉਣ ਲਈ ਆਦਤਾਂ 'ਚ ਤਬਦੀਲੀ ਲਿਆਉਣ ਨਾਲ ਹੋਣ ਵਾਲੇ ਕਿਸੇ ਵੀ ਗੰਭੀਰ ਨੁਕਸਾਨ ਤੋਂ ਬਚਿਆ ਜਾ ਸਕਦਾ ਹੈ।

- ਆਵਾਜ਼ ਨੂੰ ਬਹੁਤ ਉੱਚੀ ਨਾ ਰੱਖੋ।
- ਹੈੱਡਫੋਨ ਦੀ ਵਰਤੋਂ ਕਰਦਿਆਂ ਸਪੀਕਰ ਦੀ ਆਵਾਜ਼ ਨੂੰ ਮੱਧਮ ਰੱਖਿਆ ਜਾਵੇ।
- ਸ਼ੋਰ ਰੱਦ ਕਰਨ ਵਾਲੇ ਹੈੱਡਫੋਨ ਦੀ ਵਰਤੋ ਕਰੋ।
- ਕਾਰ, ਬੱਸ, ਰੇਲ ਗੱਡੀ ਜਾਂ ਪੈਦਲ ਜਾਂਦਿਆਂ ਈਅਰਫੋਨ ਦੀ ਵਰਤੋਂ ਕਰਨ ਤੋਂ ਪਰਹੇਜ਼ ਕਰੋ ਕਿਉਂਕਿ ਇਸ ਨਾਲ ਧਿਆਨ ਭੰਗ ਹੋਣ ਕਰਕੇ ਹਾਦਸਾ ਹੋਣ ਦਾ ਖ਼ਤਰਾ ਵੱਧ ਜਾਂਦਾ ਹੈ।

ਤਕਨਾਲੋਜੀ ਨੇ ਬਿਨਾਂ ਸ਼ੱਕ ਸਾਡੀ ਜ਼ਿੰਦਗੀ ਨੂੰ ਕਈ ਤਰੀਕਿਆਂ ਨਾਲ ਸੌਖਾ ਤੇ ਸਹੂਲਤਪੂਰਵਕ ਬਣਾ ਦਿੱਤਾ ਹੈ ਪਰ ਕਿਸੇ ਵੀ ਚੀਜ਼ ਦੀ ਜ਼ਿਆਦਾ ਵਰਤੋਂ ਹਮੇਸ਼ਾ ਮਾੜੀ ਤੇ ਨੁਕਸਾਨਦੇਹ ਹੁੰਦੀ ਹੈ। ਇਸ ਲਈ ਇਸ ਦੀ ਵਰਤੋਂ ਕਰਨ ਤੋਂ ਪਹਿਲਾਂ ਸੋਚੋ।

# TRANS-ALLIANCE

TOGETHER WE SAVE

## FUEL DISCOUNTS

UPTO 80 CENTS PER GALLON DISCOUNT
MAJOR NETWORK OF TRUCK STOPS

## FUEL CARDS

NO CREDIT - NO PROBLEM
BEST CUSTOMER SERVICE




FACTORING

WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

## YOU BREAK DOWN

WE SHOW UP
24-HOUR ROADSIDE ASSISTANCE

## TRUCK REPAIR & TIRE DISCOUNTS

GET NATIONAL ACCOUNT
NEARLY 3,000 HIGHLY SKILLED TECHNICIANS COAST TO COAST

## FUEL MANAGEMENT

DAILY FUEL RATES IN PHONE APP

CALL FOR MORE INFO

(855)641-6955, (888)795-7035




ਸ਼ਾਮਾਂ ਨੂੰ ਮੇਰੇ ਨਾਲ ਦੀ ਸਹਿਕਰਮੀ ਦਾ ਫ਼ੋਨ ਆਇਆ ਤੇ ਉਸਨੇ ਫ਼ੋਨ ’ਤੇ ਬਿਰਤਾਂਤ ਦੱਸਿਆ, ਸਰ, ਮੈਨੂੰ ਇੱਕ ਫ਼ੋਨ ਆਇਆ ਹੈ ਤੇ ਉਧਰੋਂ ਇੱਕ ਨੌਜਵਾਨ ਕੁੜੀ ਬੋਲ ਰਹੀ ਸੀ ਕਿ ਉਸਦੀ ਇੱਕ ਸਹੇਲੀ ਨੇ ਇੱਕ ਬੱਚਾ ਗੋਦ ਦੇਣ ਵਾਸਤੇ ਆਪਣੀ ਕਮੇਟੀ ਹਵਾਲੇ ਕਰਨੈ। ਪਰ ਅਗਲੀ ਗੱਲ ਬੜੀ ਅਚੰਭੇ ਵਾਲੀ ਸੀ ਕਿ ਬੱਚੇ ਦੀ ਹਾਲੇ ਪੈਦਾਇਸ਼ ਨਹੀਂ ਹੋਈ। ਦੋ ਮਹੀਨੇ ਤੱਕ ਬੱਚਾ ਜਨਮ ਲਵੇਗਾ। ਇਸ ਸਬੰਧੀ ਉਸ ਨੂੰ ਕਾਗਜ਼ੀ ਅਤੇ ਕਾਨੂੰਨੀ ਕਾਰਵਾਈ ਦਾ ਵੇਰਵਾ ਚਾਹੀਦਾ ਸੀ।

ਮੈਂ ਆਪਣੇ ਸਾਥੀ ਦਾ ਫ਼ੋਨ ਸੁਣ ਕੇ ਝੱਟ ਮਾਜਰਾ ਸਮਝ ਗਿਆ ਅਤੇ ਉਸ ਨੂੰ ਦੱਸਿਆ ਕਿ ਇਹ ਮਸਲਾ ਫ਼ੋਨ ਕਰਨ ਵਾਲੀ ਬੀਬੀ ਦਾ ਆਪਣਾ ਹੀ ਹੈ। ਸਹੇਲੀ ਦਾ ਤਾਂ ਉਸਨੇ ਬਹਾਨਾ ਬਣਾਇਐ। ਸਹਿਕਰਮੀ ਬੀਬੀ ਨੇ ਸਵਾਲ ਕੀਤਾ ਕਿ,‘ਸਰ !ਤੁਹਾਨੂੰ ਕਿਵੇਂ ਪਤਾ ਲੱਗਿਆ ? ਤੁਸੀਂ ਕਿਹੜਾ ਉਸ ਨੂੰ ਮਿਲੇ ਹੋ ?’ਮੈਂ ਉਸਦੀ ਤਸੱਲੀ ਲਈ ਆਖਿਆ,‘ਤਜਰਬਾ ਵੀ ਕੋਈ ਚੀਜ਼ ਹੁੰਦੀ ਹੈ। ਇਸ ਕੁੜੀ ਨੂੰ ਦਫ਼ਤਰ ਬੁਲਾਓ। ਆਪਾਂ ਸਾਹਮਣੇ ਬਹਿ ਕੇ ਉਸ ਦੇ ਮੂੰਹੋਂ ਹੀ ਕਹਾਣੀ ਸੁਣਾਂਗੇ।’ ਮਿੱਥੇ ਸਮੇਂ ’ਤੇ ਕੁੜੀ ਚੁੰਨੀ ਨਾਲ ਮੂੰਹ ਢੱਕ ਕੇ ਸਾਡੇ ਦਫ਼ਤਰ ਆ ਪੇਸ਼ ਹੋਈ। ਥੋੜ੍ਹੀ ਘਬਰਾਈ ਹੋਈ ਦੱਸਣ ਲੱਗੀ ਤਾਂ ਮੇਰੀ ਹਾਜ਼ਰੀ ਕਰਕੇ ਝਿਜਕ ਗਈ। ਮੇਰੇ ਵੱਲੋਂ ਉਸ ਨੂੰ ਧਰਵਾਸ ਦੇਣ ’ਤੇ ਕਿ ਜੇ ਸਹੀ ਗੱਲ ਦੱਸੇਂਗੀ ਤਾਂ ਹੋ ਸਕਦੈ ਕਿ ਤੇਰਾ ਮਸਲਾ ਕਿਸੇ ਤਣ ਪੱਤਣ ਲਾ ਸਕੀਏ। ਸਹਾਰੇ ਭਰੇ ਬੋਲ ਮਿਲਣ ’ਤੇ ਉਹ ਨਾਰਮਲ ਹੋ ਗਈ ਸੀ। ਕੁਝ ਕੁ ਆਪਣੀ ਗੋਲਮੋਲ ਕਹਾਣੀ ਦੱਸ ਕੇ ਤੇ ਦੁਬਾਰਾ ਆਉਣ ਦਾ ਵਾਅਦਾ ਕਰਕੇ ਚਲੀ ਗਈ। ਉਹ ਅਜੇ ਵੀ ਖੁੱਲ੍ਹ ਕੇ ਸੱਚ ਦੱਸਣਾ ਨਹੀਂ ਚਾਹੁੰਦੀ ਸੀ। ਭਾਵੇਂ ਕਿ ਉਸ ਨੂੰ ਸੁਣਨ ਤੋਂ ਪਹਿਲਾਂ ਮੈਂ ਸਮਾਜ ਵਿੱਚ ਉਸ ਵਰਗੀਆਂ ਵਾਪਰ ਰਹੀਆਂ ਘਟਨਾਵਾਂ ਦੇ ਹਵਾਲੇ ਦੇ ਕੇ ਉਸ ਨੂੰ ਸਹਿਜ ਤਾਂ ਕਰ ਲਿਆ ਸੀ। ਪਰ ਫ਼ਿਰ ਵੀ ਅਜੇ ਉਸ ਦਾ ਵਿਸ਼ਵਾਸ ਜਿੱਤਣ ਲਈ ਸਮਾਂ ਹੋਰ ਮੰਗ ਕਰਦਾ ਸੀ। ਖ਼ੈਰ, ਉਹ ਜਾਂਦੇ ਜਾਂਦੇ ਦਫ਼ਤਰ ਵਿੱਚ ਨਸ਼ਰ ਕੀਤਾ ਮੇਰਾ ਫ਼ੋਨ ਨੰਬਰ ਨੋਟ ਕਰਕੇ ਲੈ ਗਈ ਸੀ।

ਮੈਂ ਨਾਲ ਦੇ ਸਾਥੀਆਂ ਨੂੰ ਦੱਸਿਆ ਕਿ ਇਸ ਨੇ ਗਲਤੀ ਵੱਡੀ ਕਰ ਲਈ ਹੈ, ਪਰ ਬਦਨਾਮੀ ਦੇ ਡਰੋਂ ਸ਼ਰਮ ਕਰਕੇ ਸਭ ਦੇ ਸਾਹਮਣੇ ਦੱਸਣ ਤੋਂ ਝੱਕਦੀ ਹੈ। ਇਹ ਆਪਣੇ ’ਚੋਂ ਕਿਸੇ ਨਾਲ ਫ਼ੋਨ ’ਤੇ ਜ਼ਰੂਰ ਰਾਬਤਾ ਕਰੇਗੀ। ਉਹੀ ਹੋਇਆ ਦੋ ਕੁ ਦਿਨਾਂ ਬਾਅਦ ਉਸ ਦਾ ਮੈਨੂੰ ਫ਼ੋਨ ਆ ਗਿਆ।

ਹੈਲੋ ਕਹਿਣ ’ਤੇ ਉਸਨੇ ਆਪਣਾ ਨਾਂ ਦੱਸ ਕੇ ਤੇ ਹਵਾਲਾ ਦੇ ਕੇ ਡੁਸਕਦੀ ਹੋਈ ਨੇ ਆਪਣੀ ਗੱਲ ਸ਼ੁਰੂ ਕੀਤੀ, ਸਰ, ਮੈਨੂੰ ਲੱਗਦੈ ਕਿ ਤੁਸੀਂ ਮੈਨੂੰ ਇਸ ਮੁਸੀਬਤ ਵਿੱਚੋਂ ਕੱਢ ਸਕਦੇ ਹੋ। ਮੈਥੋਂ ਬਹੁਤ ਵੱਡਾ ਗੁਨਾਹ ਹੋ ਗਿਆ ਹੈ। ਮੈਂ ਬੜੀ ਪਰੇਸ਼ਾਨ ਹਾਂ। ਹੋ ਸਕਦੈ, ਮੈਂ ਖ਼ੁਦਕੁਸ਼ੀ ਕਰ ਲਵਾਂ।” ਮੈਂ ਉਸ ਨੂੰ ਹੌਸਲਾ ਦਿੰਦੇ ਹੋਏ ਕਿਹਾ ਕਿ,‘ਜ਼ਿੰਦਗੀ ਰੱਬ ਦੀ ਦਿੱਤੀ ਹੋਈ ਅਨਮੋਲ ਦਾਤ ਹੈ। ਜ਼ਿੰਦਗੀ ਜਿਉਂਦਿਆਂ ਬਹੁਤ ਕੁਝ ਉੱਚਾ ਨੀਵਾਂ ਜਾਂ ਗ਼ਲਤ ਵਾਪਰ ਜਾਂਦੈ। ਹਰ ਮੁਸੀਬਤ ਦਾ ਹੱਲ ਹੈ, ਬਸ਼ਰਤੇ ਕਿ ਅਸੀਂ ਭਰੋਸੇਯੋਗ ਇਨਸਾਨ ਨੂੰ ਸਹੀ ਜਾਣਕਾਰੀ ਦੱਸੀਏ। ਜੇਕਰ ਤੂੰ ਹਰ ਗੱਲ ਸੱਚੋ ਸੱਚ ਦੱਸੇਂਗੀ ਤਾਂ ਕੋਸ਼ਿਸ਼ ਕਰਕੇ ਸਹੀ ਰਾਹ ਵੀ ਲੱਭ ਲਵਾਂਗੇ।’

ਉਹ ਬੋਲਣ ਲੱਗੀ ਤੇ ਮੈਂ ਸ਼ਾਂਤ ਹੋ ਕੇ ਉਸ ਨੂੰ ਸੁਣਦਾ ਰਿਹਾ- ਸਰ, ਮੈਂ ਕੈਮਿਸਟਰੀ ਵਿੱਚ ਐੱਮ ਐੱਸ ਸੀ ਕੀਤੀ ਹੋਈ ਹੈ ਅਤੇ ਖਾਂਦੇ ਪੀਂਦੇ ਚੰਗੇ ਘਰ ਦੀ ਧੀ ਹਾਂ। ਮੈਂ ਸਰਕਾਰੀ ਸਕੂਲ ਵਿੱਚ ਅਧਿਆਪਕ ਲੱਗੀ ਹੋਈ ਹਾਂ। ਕੁੜੀ ਵੇਖਣ ਨੂੰ ਵੀ ਭਰ ਜਵਾਨ ਤੇ ਸੁਨੱਖੀ ਸੀ ਅਤੇ ਉਸ ਦੇ ਕੱਪੜੇ ਪਾਉਣ ਤੇ ਬੋਲਣ ਦਾ ਸਲੀਕਾ ਉਸ ਦੀਆਂ ਗੱਲਾਂ ਦੀ ਸ਼ਾਹਦੀ ਭਰਦਾ ਸੀ। ਉਸ ਅੱਗੇ ਦੱਸਿਆ, ‘ਮੈਂ ਆਪਣੀ ਮਰਜ਼ੀ ਨਾਲ ਪਸੰਦ ਦੇ ਮੁੰਡੇ ਨਾਲ ਵਿਆਹ ਕੀਤਾ। ਮੇਰਾ ਪਤੀ ਮਾਪਿਆਂ ਦਾ ਇਕੱਲਾ ਮੁੰਡਾ ਅਤੇ ਉਸ ਦੀਆਂ ਤਿੰਨ ਭੈਣਾਂ ਨੇ, ਜੋ ਕਿ ਵਿਆਹੀਆਂ ਹੋਈਆਂ ਨੇ। ਮੇਰੇ ਸੱਸ ਸੁਹਰਾ ਬਹੁਤ ਹੀ ਧਾਰਮਿਕ ਸੁਭਾਅ ਦੇ ਮਾਲਕ ਨੇ। ਸ਼ਹਿਰ ਵਿੱਚ ਕੋਠੀ ਅਤੇ ਜ਼ਮੀਨ ਭਾਂਡਾ ਵੀ ਵਾਹਵਾ ਖੁੱਲੈ। ਮੇਰਾ ਪਤੀ ਸ਼ਰਾਬ ਪੀ ਲੈਂਦਾ ਸੀ, ਜਿਸ ਤੋਂ ਮੈਂ ਉਸ ਨੂੰ ਵਰਜਦੀ ਸੀ। ਸਾਡੇ ਵਿੱਚ ਪਿਆਰ ਵੀ ਬਹੁਤ ਸੀ। ਸਾਡੇ ਵਿਆਹ ਨੂੰ ਛੇ ਸਾਲ ਹੋ ਗਏ ਨੇ ਪਰ ਅਸੀਂ ਅਜੇ ਤੱਕ ਬੱਚਾ ਨਹੀਂ ਸੀ ਲਿਆ ਕਿਉਂਕਿ ਮੈਂ ਉੱਚ ਤਾਲੀਮ ਹਾਸਲ ਕਰ ਰਹੀ ਸੀ ਅਤੇ ਸਰਕਾਰੀ ਨੌਕਰੀ ਲਈ ਆਸਵੰਦ ਸੀ। ਇੱਕ ਦਿਨ ਮੇਰੇ ਪਤੀ ਸ਼ਰਾਬ ਦੇ ਨਸ਼ੇ ਵਿੱਚ ਆਖਣ ਲੱਗੇ ਕਿ ਉਸ ਦਾ ਕਿਸੇ ਕੁੜੀ ਨਾਲ ਅਫ਼ੇਅਰ ਸੀ ਅਤੇ ਜਿਸਮਾਨੀ ਸਬੰਧ ਵੀ ਬਣ ਗਏ ਸਨ। ਪਰ ਹੁਣ ਉਸ ਦਾ ਤੋੜ ਵਿਛੋੜਾ ਹੋ ਚੁੱਕਾ ਹੈ। ਇਹ ਸੁਣ ਕੇ ਮੈਂ ਇਕਦਮ ਭੜਕ ਪਈ ਅਤੇ ਉਸ ਰਾਤ ਸਾਡੀ ਬਹੁਤ ਲੜਾਈ ਹੋਈ। ਕੁਝ ਦਿਨ ਮਾਹੌਲ ਅਸਹਿਜ ਰਿਹਾ ਅਤੇ ਫ਼ਿਰ ਆਮ ਵਰਗਾ ਹੋ ਗਿਆ।

ਇਸ ਦੌਰਾਨ ਫ਼ੇਸਬੁੱਕ ’ਤੇ ਅਕਸਰ ਮੇਰੀ ਇੱਕ ਹਿਮਾਚਲ ਦੇ ਮੁੰਡੇ ਨਾਲ ਚੈਟਿੰਗ ਹੁੰਦੀ ਰਹਿੰਦੀ ਸੀ। ਅਸੀਂ ਹੌਲੀ-ਹੌਲੀ ਇੱਕ ਦੂਜੇ ਦੇ ਕਰੀਬ ਆ ਗਏ। ਉਹ ਮੁੰਡਾ ਵੀ ਬਾਲ ਬੱਚੇਦਾਰ ਸੀ। ਮੈਂ ਸਭ ਕੁਝ ਜਾਣਦੀ ਹੋਈ ਵੀ ਉਹ ਗ਼ਲਤੀ ਕਰ ਬੈਠੀ ਜੋ ਮੈਨੂੰ ਨਹੀਂ ਸੀ ਕਰਨੀ ਚਾਹੀਦੀ। ਪਹਿਲਾਂ ਤਾਂ ਆਪਣੇ ਪਤੀ ਨੂੰ ਸਬਕ ਸਿਖਾਉਣ ਅਤੇ ਬਦਲਾ ਲੈਣ ਦੀ ਭਾਵਨਾ ਨਾਲ ਇਹ ਸਭ ਕੁਝ ਕਰਨ ਦਾ ਹੌਸਲਾ ਕੀਤਾ। ਫ਼ਿਰ ਮੈਂ ਸਭ ਕੁਝ ਹਾਰ ਬੈਠੀ ਅਤੇ ਹੋਟਲਾਂ ਵਿੱਚ ਉਹ ਮਰਦ ਨੂੰ ਮਿਲਦੀ ਰਹੀ। ਹੁਣ ਮੈਂ ਉਸ ਤੋਂ ਗਰਭਵਤੀ ਹੋ ਗਈ ਸਾਂ। ਅਸੀਂ ਰਲ ਕੇ ਸਲਾਹ ਕੀਤੀ ਕਿ ਬੱਚਾ ਤਾਂ ਪਰਿਵਾਰ ਨੂੰ ਚਾਹੀਦਾ ਹੀ ਹੈ। ਕਿਉਂ ਨਾ ਇਸ ਬੱਚੇ ਨੂੰ ਰੱਖ ਲਈਏ। ਮੈਂ ਮੌਕਾ ਪਾ ਕੇ ਆਪਣੇ ਘਰ ਵਾਲੇ ਅਤੇ ਪਰਿਵਾਰ ਨੂੰ ਬੱਚੇ ਦੀ ਆਮਦ ਬਾਰੇ ਦੱਸਿਆ ਤਾਂ ਸਾਰਿਆਂ ਦੇ ਚਿਹਰੇ ’ਤੇ ਖ਼ੁਸ਼ੀ ਸੀ। ਉਨ੍ਹਾਂ ਦੇ ਚਾਅ ਸਾਂਭੇ ਨਹੀਂ ਸਨ ਜਾ ਰਹੇ। ਇੰਨੇ ਸਾਲਾਂ ਬਾਅਦ ਘਰ ਵਿੱਚ ਜੀਅ ਆ ਰਿਹਾ ਸੀ। ਮੇਰੇ ਸੱਸ ਸੁਹਰਾ ਨੇ ਧਾਰਮਿਕ ਸਥਾਨਾਂ ’ਤੇ ਜਾ ਕੇ ਸੁੱਖਣਾ ਸੁਖੀਆਂ। ਰਿਸ਼ਤੇਦਾਰ ਵੀ ਵਧਾਈਆਂ ਦੇ ਰਹੇ ਸਨ। ਪਰ ਮੈਂ ਅੰਦਰੋਂ ਅੰਦਰ ਹੀ ਧੁਖ ਰਹੀ ਸਾਂ। ਮੈਨੂੰ ਇੱਕ ਚਿੰਤਾ ਜਿਹੀ ਲੱਗੀ ਹੋਈ ਸੀ, ਜਿਵੇਂ ਕੁਝ ਗ਼ਲਤ ਕਰ ਬੈਠੀ ਹੋਵਾਂ। ਮੈਂ ਬਾਹਰੋਂ ਆਪਣਾ ਚਿਹਰਾ ਸੁਹਰੇ ਪਰਿਵਾਰ ਨੂੰ ਵਿਖਾਉਣ ਖ਼ਾਤਰ ਹੀ ਖ਼ੁਸ਼ ਰੱਖ ਰਹੀ ਸੀ। ਪਰ ਧੁਰ ਅੰਦਰੋਂ ਟੁੱਟ ਚੁੱਕੀ ਸਾਂ। ਮੈਂ ਮਹਿਸੂਸ ਕੀਤਾ ਕਿ ਜਿਵੇਂ ਮੈਂ ਇਨ੍ਹਾਂ ਰੱਬ ਵਰਗੀਆਂ ਰੂਹਾਂ ਦੇ ਅਰਮਾਨਾਂ ਅਤੇ ਸਧਰਾਂ ਦਾ ਕਤਲ ਕਰ ਰਹੀ ਹੋਵਾਂ। ਦਿਨਾਂ ਤੋਂ ਮਹੀਨੇ ਲੰਘਦੇ ਗਏ। ਹੁਣ ਮੈਨੂੰ ਸੱਤਵਾਂ ਮਹੀਨਾ ਲੱਗ ਚੁੱਕਾ ਹੈ। ਮੈਨੂੰ ਜਾਪ ਰਿਹੈ ਜਿਵੇਂ ਮੈਂ ਆਪਣੇ ਪਤੀ ਅਤੇ ਰੱਬ ਵਰਗੇ ਬਜ਼ੁਰਗ ਸੱਸ ਸਹੁਰੇ ਨਾਲ ਧ੍ਰੋਹ ਕਮਾ ਰਹੀ ਹੋਵਾਂ। ਮੈਂ ਪਛਤਾਵੇ ਦੀ ਅੱਗ ਵਿੱਚ ਸੜ ਰਹੀ ਸੀ। ਮੈਂ ਇਹ ਬੋਝ ਆਪਣੇ ਦਿਲ ’ਤੇ ਰੱਖ ਕੇ ਹੋਰ ਨਹੀਂ ਚੱਲ ਸਕਦੀ। ਅਖੀਰ ਹਾਰ ਕੇ ਜਿਗਰਾ ਕਰਕੇ ਮੈਂ ਪਰਸੋਂ ਆਪਣੇ ਪਤੀ ਨੂੰ ਦੱਸ ਦਿੱਤਾ ਕਿ ਮੇਰੀ ਕੁੱਖ ਵਿੱਚ ਪਲ ਰਿਹਾ ਬੱਚਾ ਉਸਦਾ ਨਾ ਹੋ ਕੇ ਕਿਸੇ ਹੋਰ ਦਾ ਹੈ ਅਤੇ ਸਾਰੀ ਕਹਾਣੀ ਉਸ ਨੂੰ ਸੱਚੋ ਸੱਚ ਦੱਸ ਦਿੱਤੀ। ਇਹ ਸੁਣਨ ਉਪਰੰਤ ਮੇਰੇ ਪਤੀ ਤਾਂ ਆਪਣਾ ਸਿਰ ਫ਼ੜ ਕੇ ਬੈਠ ਗਏ ਅਤੇ ਕਿੰਨਾ ਚਿਰ ਬੇਸੁਧ ਹੀ ਰਹੇ। ਮੈਨੂੰ ਜਾਪਿਆ ਇਹ ਰਾਤ ਸਾਡੀ ਜ਼ਿੰਦਗੀ ਦੀ ਆਖਰੀ ਰਾਤ ਹੈ। ਬਹੁਤ ਕਲੇਸ਼ ਹੋਇਆ ਪਰ ਕੀਤਾ ਕੁਝ ਨਹੀਂ ਸੀ ਜਾ ਸਕਦਾ। ਆਖਿਰ ਮੇਰੇ ਪਤੀ ਨੇ ਫ਼ੈਸਲਾ ਸੁਣਾਇਆ ਕਿ ਮੈਂ ਆਪਣੀਆਂ ਅੱਖਾਂ ਸਾਹਮਣੇ ਕਿਸੇ ਹੋਰ ਦੀ ਨਾਜਾਇਜ਼ ਔਲਾਦ ਨਹੀਂ ਬਰਦਾਸ਼ਤ ਕਰ ਸਕਦਾ। ਤੈਨੂੰ ਮੈਂ ਔਖਾ ਸੌਖਾ ਮਾਫ਼ ਕਰ ਸਕਦਾਂ। ਪਰ ਮੈਂ ਇਸ ਨੂੰ ਪ੍ਰਵਾਨ ਨਹੀਂ ਕਰ ਸਕਦਾ। ਆਉਣ ਵਾਲੇ ਬੱਚੇ ਅਤੇ ਇਸ ਸਾਰੇ ਘਟਨਾਕ੍ਰਮ ਬਾਰੇ ਮੈਂ ਆਪਣੀ ਇੱਕ ਨਣਦ ਨਾਲ ਸਾਰੀ ਗੱਲ ਸਾਂਝੀ ਕੀਤੀ, ਜਿਸ ’ਤੇ ਮੈਨੂੰ ਬਹੁਤ ਭਰੋਸਾ ਹੈ। ਇਹ ਚਿੰਤਾ ਸਾਨੂੰ ਵੱਢ ਵੱਢ ਖਾ ਰਹੀ ਹੈ ਕਿ ਅਸੀਂ ਸਾਰੇ ਪਰਿਵਾਰ ਅਤੇ ਰਿਸ਼ਤੇਦਾਰਾਂ ਦਾ ਸਾਹਮਣਾ ਕਿਵੇਂ ਕਰਾਂਗੇ ? ਮਾਂ ਦੀ ਮਮਤਾ ਵੀ ਮੇਰੇ ਉੱਤੇ ਹਾਵੀ ਹੋ ਰਹੀ ਹੈ ਤੇ ਇੱਕ ਨੂੰਹ ਤੇ ਪਤਨੀ ਦੇ ਫ਼ਰਜ਼ ਵੀ ਮੈਨੂੰ ਕੁਝ ਕਰਨ ਨਹੀਂ ਦੇ ਰਹੇ। ਸਮਝ ਨਹੀਂ ਆ ਰਹੀ ਕਿ ਕੀ ਕੀਤਾ ਜਾਵੇ। ਇਹੀ ਵਿਚਾਰ ਕਰਕੇ ਤੁਹਾਡੇ ਤੱਕ ਆਈ ਹਾਂ। ਮੈਨੂੰ ਕਿਸੇ ਰਾਹ ਪਾਓ ਨਹੀਂ ਤਾਂ ਹੋ ਸਕਦੈ ਕਿ ਮੈਂ ਕੋਈ ਅਜਿਹਾ ਕਦਮ ਚੁੱਕ ਲਵਾਂ ਜਿਸ ਲਈ ਮੈਂ ਆਪਣੇ ਆਪ ਨੂੰ ਕਦੇ ਮਾਫ਼ ਨਾ ਕਰ ਪਾਵਾਂ।’

ਇਹ ਸਾਰਾ ਕੁਝ ਦੱਸਦਿਆਂ ਉਹ ਕਈ ਵਾਰ ਰੋਈ ਸੀ।

ਮੈਂ ਆਪਣੀ ਚੁੱਪ ਤੋੜਦਿਆਂ ਉਸ ਨੂੰ ਆਖਿਆ,‘ਜੇ ਤੂੰ ਗ਼ਲਤੀ ਕਰ ਹੀ ਲਈ ਸੀ ਤਾਂ ਚੁੱਪ ਵੀ ਰਿਹਾ ਜਾ ਸਕਦਾ ਸੀ। ਕੁੱਝ ਭੇਤ ਨਾ ਖੁੱਲ੍ਹਣ ਤਾਂ ਇਸ ਵਿੱਚ ਹੀ ਭਲਾਈ ਹੈ। ਜੇ ਬਿਨਾਂ ਸੱਚ ਬੋਲਿਆਂ ਸਰ ਸਕਦਾ ਜਾਂ ਕਿਸੇ ਵੱਡੇ ਨੁਕਸਾਨ ਤੋਂ ਬਚਿਆ ਜਾ ਸਕਦਾ ਸੀ ਤਾਂ ਹਰਜ ਵੀ ਕੀ ਸੀ ? ਖ਼ੈਰ, ਹੁਣ ਕੀਤਾ ਕੁਝ ਨਹੀਂ ਸੀ ਜਾ ਸਕਦਾ, ਤੀਰ ਕਮਾਨ ’ਚੋਂ ਚੱਲ ਚੁੱਕਿਆ ਸੀ। ਮੈਂ ਉਸ ਨੂੰ ਕਿਹਾ ਕਿ ਉਹ ਆਪਣੇ ਪਤੀ ਨੂੰ ਮੇਰੇ ਕੋਲ ਲੈ ਕੇ ਆਵੇ। ਮੇਰਾ ਇਰਾਦਾ ਸੀ ਕਿ ਕਿਸੇ ਤਰ੍ਹਾਂ ਉਸ ਦੇ ਪਤੀ ਨੂੰ ਸਮਝਾ ਕੇ ਬੱਚੇ ਦੀ ਪਰਵਰਿਸ਼ ਸਬੰਧੀ ਮਨਾਇਆ ਜਾਵੇ, ਪਰ ਉਹ ਸਾਫ਼ ਇਨਕਾਰ ਕਰ ਗਈ ਕਿ ਮੇਰਾ ਪਤੀ ਇਸ ਮੁੱਦੇ ਉੱਤੇ ਕਿਸੇ ਦਾ ਵੀ ਸਾਹਮਣਾ ਨਹੀਂ ਕਰਨਾ ਚਾਹੁੰਦਾ। ਮੈਂ ਉਸ ਨੂੰ ਹੌਸਲਾ ਦੇ ਕੇ ਕੁਝ

ਦਿਨ ਸੋਚਣ ਲਈ ਮੰਗੇ ਅਤੇ ਦੋ ਦਿਨ ਬਾਅਦ ਮੁੜ ਦਫ਼ਤਰ ਆਉਣ ਲਈ ਕਿਹਾ।

ਮੁਕੱਰਰ ਸਮੇਂ ’ਤੇ ਉਹ ਦਫ਼ਤਰ ਆ ਗਈ ਅਤੇ ਉਸਨੇ ਦੱਸਿਆ ਕਿ ਉਸ ਨੇ ਆਪਣੇ ਸਕੂਲ ਤੋਂ ਪ੍ਰਸੂਤੀ ਛੁੱਟੀ ਲਈ ਹੋਈ ਹੈ। ਉਸ ਨੂੰ ਇਹ ਵੀ ਚਿੰਤਾ ਸੀ ਕਿ ਸਬੰਧਤ ਮਹਿਕਮੇ ਵਿੱਚ ਬੱਚੇ ਦੇ ਜਨਮ ਬਾਰੇ ਉਹ ਕੀ ਲਿਖ ਕੇ ਦੇਵੇਗੀ ਅਤੇ ਨਾਲ ਦੇ ਅਧਿਆਪਕ ਸਾਥੀਆਂ ਨੂੰ ਕੀ ਦੱਸੇਗੀ। ਲੰਮੀ ਸੋਚ ਵਿਚਾਰ ਕਰਕੇ ਅਸੀਂ ਸਿੱਟੇ ’ਤੇ ਪੁੱਜੇ ਕਿ ਸਭ ਤੋਂ ਪਹਿਲਾਂ ਹੋਣ ਵਾਲੇ ਬੱਚੇ ਦੀ ਸੁਰੱਖਿਆ ਤੇ ਸੰਭਾਲ ਜ਼ਰੂਰੀ ਹੈ। ਉਸ ਨੂੰ ਬੱਚੇ ਦਾ ਸੁਰੱਖਿਆ ਜਣੇਪਾ ਕਰਵਾਉਣ ਲਈ ਆਖਿਆ ਅਤੇ ਹਰ ਘਟਨਾ ਲਈ ਸਾਡੇ ਨਾਲ ਸੰਪਰਕ ਵਿੱਚ ਰਹਿਣ ਲਈ ਕਿਹਾ ਗਿਆ। ਉਸ ਦੀ ਕਾਊਂਸਲਿੰਗ ਵੀ ਕੀਤੀ ਗਈ। ਖ਼ੈਰ, ਨਿਸ਼ਚਿਤ ਸਮੇਂ ’ਤੇ ਬਹੁਤ ਹੀ ਸੁੰਦਰ ਅਤੇ ਰਿਸ਼ਟ ਪੁਸ਼ਟ ਧੀ ਦਾ ਜਨਮ ਹੋਇਆ। ਜੇ ਲੜਕੀ ਨੂੰ ਸਵੈ ਇੱਛਾ ਨਾਲ ਗੋਦ ਲਈ ਦਿੱਤਾ ਜਾਂਦਾ ਤਾਂ ਉਸ ਵਿੱਚ ਸਾਰੇ ਕਾਗ਼ਜ਼ ਪੱਤਰ ਅਤੇ ਸਬੂਤ ਲੱਗਣੇ ਸਨ ਪਰ ਬਦਨਾਮੀ ਦੇ ਡਰੋਂ ਅਜਿਹਾ ਨਹੀਂ ਹੋਣ ਦਿੱਤਾ। ਉਸ ਦੀ ਨਣਦ ਅਤੇ ਪਤੀ ਮੂੰਹ ਹਨੇਰੇ ਚੰਗੇ ਬਾਲ ਘਰ ਦੇ ਪੰਘੂੜੇ ਵਿੱਚ ਲੜਕੀ ਨੂੰ ਹਿਫ਼ਾਜ਼ਤ ਨਾਲ ਰੱਖ ਆਏ। ਬੱਚੀ ਹੁਣ ਬਾਲ ਘਰ ਵਿੱਚ ਪਲ ਰਹੀ ਹੈ। ਨਾਂ ਉਸਦਾ ਕਿਸਮਤ ਰੱਖਿਆ। ਦੁਆ ਏ ਕਿ ਚੰਗੀ ਕਿਸਮਤ ਵਾਲੀ ਹੋਵੇ। ਉਸ ਔਰਤ ਦੇ ਘਰ ਅਤੇ ਰਿਸ਼ਤੇਦਾਰਾਂ ਨੂੰ ਦੱਸਿਆ ਕਿ ਬੱਚੀ ਮੋਈ ਪੈਦਾ ਹੋਈ ਸੀ। ਇਸ ਤੋਂ ਬਗੈਰ ਹੋਰ ਕੋਈ ਚਾਰਾ ਵੀ ਨਹੀਂ ਸੀ। ਹੌਲੀ-ਹੌਲੀ ਜ਼ਿੰਦਗੀ ਦੁਬਾਰਾ ਲੀਹ ’ਤੇ ਆ ਰਹੀ ਹੈ।

ਕਹਾਣੀ ਚੇਤੇ ਕਰਦਿਆਂ ਮੈਂ ਕਈ ਵਾਰ ਸੋਚਦਾਂ ਕਿ ਉਸ ਨੰਨ੍ਹੀ ਜਿੰਦ ਦਾ ਕੀ ਕਸੂਰ ਸੀ ਜਿਹੜੀ ਜੰਮਦਿਆਂ ਹੀ ਮਾਪਿਆਂ ਦੇ ਪਿਆਰ ਤੋਂ ਵਿਹੂਣੀ ਹੋ ਗਈ। ਵਿਚਾਰੀ ਬੱਚੀ ਨੂੰ ਆਪਣੇ ਅਤੀਤ ਬਾਰੇ ਕੁਝ ਨਹੀਂ ਪਤਾ ਹੋਣਾ ਤੇ ਮਾਂ ਨੂੰ ਆਪਣੀ ਧੀ ਦੇ ਭਵਿੱਖ ਬਾਰੇ। ਬਸ ਇੱਕ ਮੈਂ ਹੀ ਹਾਂ ਜੋ ਹਾਲਾਤਾਂ ਦਾ ਗਵਾਹ ਬਣਿਆਂ।

## ਮਿੰਨੀ ਕਹਾਣੀਆਂ

ਕਮਲਜੀਤ ਕੌਰ ਕਮਲ

### ਸੇਵਾਮੁਕਤੀ ਦਾ ਦਿਨ

**ਰਾਜੇਸ਼ ਰਿਖੀ ਪੰਜਗਰਾਈਆਂ**

“ਭਾਵੇਂ ਆਪਾਂ ਜਾਣਦੇ ਹਾਂ ਕਿ ਹਰ ਮਨੁੱਖ ਦਾ ਸੁਭਾਅ ਆਪਣੇ ਪਰਿਵਾਰਕ ਸੰਸਕਾਰਾਂ ਅਤੇ ਵਿਹਾਰਕ ਗਿਆਨ ਅਨੁਸਾਰ ਹੁੰਦਾ ਹੈ ਅਤੇ ਇਨਸਾਨ ਦੇ ਸ਼ਬਦਾਂ ਵਿੱਚੋਂ ਉਸ ਦਾ ਤਜਰਬਾ ਅਤੇ ਪ੍ਰਾਪਤ ਕੀਤਾ ਕਿਤਾਬੀ ਗਿਆਨ ਵੀ ਝਲਕਦਾ ਹੁੰਦਾ ਹੈ। ਆਪਣੇ ਮੈਡਮ ਜਸਵਿੰਦਰ ਕੌਰ ਦੀ ਸਾਰੀ ਉਮਰ ਮਹਿਕਮੇ ਵਿੱਚ ਨਿਕਲ ਗਈ, ਪਰ ਇਨ੍ਹਾਂ ਨੇ ਦੂਜਿਆਂ ਵਿੱਚ ਨੁਕਸ ਕੱਢਣ, ਏਧਰਲੀ ਗੱਲ ਝੱਟ ਓਧਰ ਕਰਨ ਅਤੇ ਬਿਨਾਂ ਕਾਰਨ ਹਰ ਇੱਕ ਦੇ ਮਾਮਲੇ ਵਿੱਚ ਲੱਤ ਅੜਾਉਣ ਤੋਂ ਸਿਵਾਏ ਕੁਝ ਨਹੀਂ ਕੀਤਾ, ਸਾਥੀ ਮੁਲਾਜ਼ਮਾਂ ’ਤੇ ਬਿਨਾਂ ਕਾਰਨ ਦੋਸ਼ ਲਗਾਉਣ ਦੀ ਆਦਤ ਨੇ ਹਰ ਸਮੇਂ ਕਲੇਸ਼ ਹੀ ਰੱਖਿਆ ਸਾਰੀ ਨੌਕਰੀ।” “ਭਰਾਵਾ, ਇਨ੍ਹਾਂ ਨੇ ਆਪਣੀ ਡਿਊਟੀ ਕਿਵੇਂ ਕੀਤੀ ਹੈ ਇਹ ਵੀ ਦੇਖ ਲੈ, ਰੱਜ ਕੇ ਫਰਲੋ ਮਾਰਨੀਆਂ, ਜਦੋਂ ਮਹਿਕਮੇ ਦਾ ਕੋਈ ਕੰਮ ਪੈ ਜਾਵੇ ਤਾਂ ਛੁੱਟੀ ਲੈ ਲਓ ਜਾਂ ਕਲੇਸ਼ ਖੜ੍ਹਾ ਕਰ ਲਓ। ਘਰ ਤੋਂ ਚਾਰ ਕਦਮ ਚੱਲ ਕੇ ਦਫਤਰ ਵੀ ਮੈਡਮ ਜੀ 11 ਵਜੇ ਤੋਂ ਪਹਿਲਾਂ ਨਹੀਂ ਪਹੁੰਚ ਸਕਦੇ ਸੀ। ਜੇ ਕੋਈ ਕੰਮ ਕਰਨ ਵਾਲਾ ਬੰਦਾ ਇਨ੍ਹਾਂ ਦੇ ਖੇਤਰ ਵਿੱਚ ਕੰਮ ਕਰੇ ਤਾਂ ਕਲੇਸ਼ ਪਾ ਲੈਣਾ ਕਿ ਇਹ ਮੇਰੇ ਤੋਂ ਪੁੱਛੇ ਬਿਨਾਂ ਕਿਵੇਂ ਹੋਇਆ ?” “ਉਹ ਵਧੀਆ ਹੋਇਆ ਸੇਵਾਮੁਕਤ ਹੋ ਰਹੇ ਨੇ, ਕੋਈ ਵਧੀਆ ਸੋਚ ਵਾਲਾ, ਵਧੀਆ ਕੰਮ ਕਰਨ ਵਾਲਾ ਮੁਲਾਜ਼ਮ ਆਊਗਾ।” ਸਰਕਾਰੀ ਹਸਪਤਾਲ ਵਿੱਚ ਬੈਠੇ ਮੂਹਰਲੀ ਕਤਾਰ ਦੇ ਮੁਲਾਜ਼ਮ ਆਗੂ ਭਰਤ ਸਿੰਘ ਤੇ ਸੁਲੱਖਣ ਸਿੰਘ ਮੈਡਮ ਜਸਵਿੰਦਰ ਕੌਰ ਦੀ ਸੇਵਾਮੁਕਤੀ ਦੇ ਸੰਬੰਧ ’ਤੇ ਰੱਖੀ ਜਾਣ ਵਾਲੀ ਵਿਦਾਇਗੀ ਪਾਰਟੀ ਦੀ ਯੋਜਨਾਬੰਦੀ ਲਈ ਬੁਲਾਈ ਮੀਟਿੰਗ ਵਿੱਚ ਸ਼ਾਮਿਲ ਹੋਣ ਤੋਂ ਪਹਿਲਾਂ ਆਪਸ ਵਿੱਚ ਗੱਲਬਾਤ ਕਰ ਰਹੇ ਸਨ।

ਸਾਰੇ ਪ੍ਰਬੰਧ ਮੁਕੰਮਲ ਹੋਣ ਉਪਰੰਤ ਸੇਵਾਮੁਕਤੀ ਵਿਦਾਇਗੀ ਪਾਰਟੀ ਦਾ ਦਿਨ ਆ ਗਿਆ ਤੇ ਹੁਣ ਆਗੂ ਭਰਤ ਸਿੰਘ ਨੂੰ ਸਟੇਜ ਸੈਕਟਰੀ ਵੱਲੋਂ ਬੋਲਣ ਦਾ ਸਮਾਂ ਦਿੱਤਾ ਗਿਆ। ਉਸ ਨੇ ਸੰਬੋਧਨ ਕਰਨਾ ਸ਼ੁਰੂ ਕੀਤਾ, “ਮੈਡਮ ਜਸਵਿੰਦਰ ਕੌਰ ਅੱਜ ਮਹਿਕਮੇ ਵਿੱਚੋਂ 33 ਸਾਲ ਦੀ ਬੇਦਾਗ ਸੇਵਾ ਪੂਰੀ ਕਰਕੇ ਸੇਵਾਮੁਕਤ ਹੋ ਰਹੇ ਹਨ। ਇਨ੍ਹਾਂ ਨੇ ਬਹੁਤ ਹੀ ਇਮਾਨਦਾਰੀ ਨਾਲ ਕੰਮ ਕੀਤਾ। ਹਮੇਸ਼ਾ ਸਮੇਂ ਸਿਰ ਡਿਊਟੀ ਆਉਂਦੇ ਤੇ ਸਾਰਾ ਦਿਨ ਕੰਮ ਵਿੱਚ ਹੀ ਲੱਗੇ ਰਹਿੰਦੇ। ਕਦੇ ਕਿਸੇ ਦੀ ਵਾਧੂ ਗੱਲ ਨਹੀਂ ਕਰਦੇ ਸਨ ਤੇ ਸਾਥੀ ਕਰਮਚਾਰੀਆਂ ਨਾਲ ਬਹੁਤ ਰਲ-ਮਿਲ ਕੇ ਕੰਮ ਕਰਦੇ ਸਨ। ਇਨ੍ਹਾਂ ਵਰਗਾ ਮੁਲਾਜ਼ਮ ਮਹਿਕਮੇ ਨੂੰ ਮੁੜ ਮਿਲਣਾ ਮੁਸ਼ਕਿਲ ਹੈ।” ਮੁਲਾਜ਼ਮ ਆਗੂ ਦੇ ਮੂੰਹੋਂ ਨਿਕਲ ਰਹੇ ਸ਼ਬਦਾਂ ਨੂੰ ਸੁਣ ਖ਼ੁਦ ਮੈਡਮ ਜਸਵਿੰਦਰ ਕੌਰ ਭਾਵੇਂ ਆਪਣੇ ਪਰਿਵਾਰ ਸਾਹਮਣੇ ਮਾਣ ਨਾਲ ਬੈਠੇ ਸਨ, ਪਰ ਥੱਲੇ ਬੈਠੇ ਬਾਕੀ ਮੁਲਾਜ਼ਮ ਮੁਸ਼ਕੜੀਏਂ ਹੱਸ ਰਹੇ ਸਨ।

***

### ਪੱਗ

**ਮੋਹਨ ਸ਼ਰਮਾ**

ਮੁੰਡੇ ਦੀ ਜ਼ਿੱਦ ਕਾਰਨ ਉਹ ਉਹਦੇ ਨਾਲ ਭੱਜਣ ਲਈ ਤਿਆਰ ਹੋ ਗਈ। ਪਿਛਲੇ ਦੋ ਸਾਲਾਂ ਤੋਂ ਪਈ ਪਿਆਰ-ਸਾਂਝ ਨੂੰ ਜੀਵਨ ਭਰ ਦੀ ਸਾਂਝ ਵਿੱਚ ਬਦਲਣ ਦਾ ਫ਼ੈਸਲਾ ਕਰ ਲਿਆ। ਅਗਲੇ ਦਿਨ ਉਨ੍ਹਾਂ ਨੇ ਨਿਸ਼ਚਿਤ ਸਥਾਨ ’ਤੇ ਮਿਲਣ ਦਾ ਨਿਰਣਾ ਕਰ ਲਿਆ।

ਕੁੜੀ ਫ਼ੈਸਲਾ ਲੈਣ ਤੋਂ ਬਾਅਦ ਸਾਰੀ ਰਾਤ ਸੋਚਦੀ ਰਹੀ। ਉਹ ਉੱਠ ਕੇ ਬਾਬਲ ਦੇ ਵਿਹੜੇ ਵੱਲ ਨੀਝ ਲਾ ਕੇ ਵਿੰਹਦੀ ਰਹੀ ਜਿੱਥੇ ਫਿਰ ਪਤਾ ਨਹੀਂ ਮੁੜ ਪੈਰ ਪਾਉਣਾ ਸੀ ਜਾਂ ਨਹੀਂ। ਸਾਰੇ ਘਰ ਦੇ ਘੂਕ ਸੁੱਤੇ ਪਏ ਸਨ, ਪਰ ਉਸ ਨੂੰ ਨੀਂਦ ਨਹੀਂ ਸੀ ਆ ਰਹੀ। ਕਦੇ ਮੰਜੇ ਤੋਂ ਉੱਠ ਜਾਂਦੀ, ਕਦੇ ਫਿਰ ਪੈ ਜਾਂਦੀ। ਪਾਸੇ ਲੈਂਦਿਆਂ ਨੀਂਦ ਉਸ ਤੋਂ ਕੋਹਾਂ ਦੂਰ ਸੀ ਅਤੇ ਸੋਚਾਂ ਉਸ ਦੇ ਅੰਗ-ਸੰਗ ਸਨ। ਇਹ ਸੋਚ ਕੇ ਉਹਨੂੰ ਕੰਬਣੀ ਜਿਹੀ ਛਿੜ ਗਈ, ‘ਕੱਲ੍ਹ ਜਦੋਂ ਮੈਂ ਉਹਦੇ ਨਾਲ ਭੱਜ ਜਾਵਾਂਗੀ ਤਾਂ ਸਾਰੇ ਪਿੰਡ ਦੇ ਨਾਲ ਨਾਲ ਆਲੇ ਦੁਆਲੇ ਦੇ ਪਿੰਡਾਂ ਵਿੱਚ ਵੀ ਥੂ ਥੂ ਹੋ ਜਾਵੇਗੀ। ਛੋਟਾ ਭਰਾ ਆਪਣੇ ਹਾਣੀਆਂ ਨਾਲ ਅੱਖ ਨਹੀਂ ਮਿਲਾ ਸਕੇਗਾ। ਸ਼ਾਇਦ ਸ਼ਰਮ ਦਾ ਮਾਰਿਆ ਘਰੋਂ ਹੀ ਨਾ ਨਿਕਲੇ। ਮਾਂ ਨੇ ਭੁੱਬੀਂ ਰੋਂਦਿਆਂ ਆਪਣਾ ਆਪ ਪਿੱਟਦਿਆਂ ਕਹਿਣੈ, ਕੁਲ ਨੂੰ ਦਾਗ ਲਾਉਣ ਵਾਲੀ ਕੁਲਹਿਣੀ ਨੂੰ ਮੈਂ ਜੰਮਿਆ ਹੀ ਕਿਉਂ ? ਬਾਬਲ ਦੀ ਪੱਗ ਵੀ ਰੁਲ ਜਾਵੇਗੀ। ਲੋਕ ਮੇਰੇ ਨਾਲ ਨਾਲ ਮਾਂ ਬਾਪ ਨੂੰ ਵੀ ਥੂ ਥੂ ਕਰਨਗੇ। ਹੋ ਸਕਦੈ ਛੋਟੇ ਭਰਾ ਨੂੰ ਰਿਸ਼ਤਾ ਵੀ ਨਾ ਹੋਵੇ। ਰਿਸ਼ਤਾ ਕਰਨ ਵਾਲੇ ਸੋਚਣਗੇ ਬਈ ਇਨ੍ਹਾਂ ਦਾ ਖਾਨਦਾਨ ਤਾਂ ਦਾਗੀ ਐ। ਇੱਕ ਪਾਸੇ ਮਾਪਿਆਂ ਨਾਲ ਜਨਮ ਜਨਮ ਦੀ ਸਾਂਝ, ਉਨ੍ਹਾਂ ਦੀ ਅੱਖ ਦਾ ਤਾਰਾ! ਪੈਰ ਪੈਰ ’ਤੇ ਮੇਰੀ ਚਿੰਤਾ ਕਰਨ ਵਾਲੇ। ਮਾਂ ਤਾਂ ਮੇਰੇ ਚਿਹਰੇ ’ਤੇ ਉਦਾਸੀ ਵੇਖ ਕੇ ਊਈਂ ਸੂਤੀ ਜਾਂਦੀ ਐ। ਵੱਜਿਆ ਕੰਡਾ ਕਿਹੜਾ ਸਹਾਰਦੀ ਐ ਉਹ। ਦੂਜੇ ਪਾਸੇ ਰਾਜਬੀਰ ਨਾਲ ਤਾਂ ਮੇਰੀ ਦੋ ਸਾਲ ਦੀ ਸਾਂਝ ਹੈ ਅਤੇ ਇਸ ਸਾਂਝ ਪਿੱਛੇ ਮੈਂ ਮਾਪਿਆਂ ਨਾਲ ਜਨਮ ਦੀ ਸਾਂਝ ਤੋੜ ਕੇ ਉਨ੍ਹਾਂ ’ਤੇ ਦੁੱਖਾਂ ਦਾ ਪਹਾੜ ਕਿਉਂ ਡੇਗਾਂ ? ਇਹ ਮੈਂ ਨਹੀਂ ਕਰਾਂਗੀ।’ ਇਸ ਫ਼ੈਸਲੇ ਤੋਂ ਬਾਅਦ ਸਵੇਰੇ ਚਾਰ ਕੁ ਵਜੇ ਉਸ ਦੀ ਅੱਖ ਲੱਗ ਗਈ। ਜਦੋਂ ਉਹ ਉੱਠੀ ਤਾਂ ਉਸ ਦਾ ਬਾਪੂ ਇਸ਼ਨਾਨ ਕਰਕੇ ਬਾਥਰੂਮ ਵਿੱਚੋਂ ਨਿਕਲ ਰਿਹਾ ਸੀ। ਉਹ ਸਿਰ ਤੋਂ ਨੰਗਾ ਸੀ। ਉਹ ਕਾਹਲੀ ਨਾਲ ਬਾਪੂ ਵਾਲੀ ਬੈਠਕ ਵਿੱਚ ਗਈ। ਬਾਪੂ ਦੀ ਪੱਗ ਚੁੱਕ ਕੇ ਉਸ ਦੇ ਸਿਰ ’ਤੇ ਰੱਖਦਿਆਂ ਅੱਖਾਂ ਭਰ ਕੇ ਕਿਹਾ, “ਬਾਪੂ ਤੇਰੀ ਪੱਗ...।” ਉਹ ਅਗਾਂਹ ਕੁਝ ਬੋਲ ਨਾ ਸਕੀ। ਉਸ ਦਾ ਗੱਚ ਭਰ ਆਇਆ ਸੀ।

# ਮੇਰੀ ਕਲਮ

## ਇਨਕਲਾਬ

ਰਵਿੰਦਰ ਸਿੰਘ ਕੁੰਦਰਾ
ਕਵੈਂਟਰੀ, ਯੂ.ਕੇ.
07748772308






ਇਨਕਲਾਬ ਤਾਂ ਆ ਕੇ ਚਲਾ ਗਿਆ,
ਹੁਣ ਫ਼ੇਰ ਨ੍ਹੀਂ ਆਉਣਾ,
ਛੱਡ ਦਿਓ ਲੋਕੋ ਇਸ ਦਾ ਨਾਹਰਾ,
ਹੁਣ ਗਰਜਮਾ ਲਾਉਣਾ।
ਇਹ ਸੀ ਇੱਕ ਛਲਾਵਾ ਜੋ ਕਦੀ,
ਹੱਥ ਨਹੀਂ ਮੁੜ ਆਉਣਾ,
ਜੋ ਹਕੀਕਤ ਨਾ ਬਣ ਸਕਿਆ,
ਹੁਣ ਪਿਆ ਸਭ ਨੂੰ ਪਛਤਾਉਣਾ।
ਫ਼ਲਸਫ਼ੇ ਹੀ ਘੜਦਾ ਰਹਿ ਗਿਆ,
ਮਾਰਕਸ ਬੜਾ ਸਿਆਣਾ,
ਵੇਚ ਕੇ ਖਾ ਗਿਆ ਫ਼ਲਸਫ਼ੇ ਨੂੰ,
ਸਾਰਾ ਰੂਸੀ ਲਾਣਾ।
ਲੈਨਿਨ ਕਰ ਕਰ ਥੱਕ ਗਿਆ ਸੀ,
ਅਣਥੱਕ ਹੀ ਚਾਰਾਜੋਈ,
ਲਾਲ ਫ਼ੌਜ ਦੀ ਦੁਨੀਆ ਵਿੱਚ ਸੀ,
ਬੜੀ ਹੀ ਵਾਹ ਵਾਹ ਹੋਈ।
ਕਿੰਨੇ ਕਾਮੇ ਸ਼ਹੀਦ ਹੋ ਗਏ,
ਕਿੰਨਿਆਂ ਦੀ ਰੱਤ ਚੋਈ,
ਕਿਸ ਦੇ ਹੱਥੋਂ ਕਿਸ ਕਿਸ ਦੀ,
ਸੀ ਕਿੰਨੀ ਦੁਰਗਤ ਹੋਈ।
ਜ਼ਾਰ ਆਪਣੇ ਮਹਿਲ ਖੁਹਾ ਕੇ,
ਜ਼ਾਰ ਜ਼ਾਰ ਸੀ ਰੋਇਆ,
ਲੋਕਾਂ ਦੇ ਅਥਾਹ ਹੜ੍ਹ ਅੱਗੇ,
ਖ਼ੁਆਰ ਬੜਾ ਸੀ ਹੋਇਆ।
ਰੂਸ ਨੇ ਦੁਨੀਆਂ ਦੇ ਵਿੱਚ ਜਾਕੇ,
ਇਨਕਲਾਬ ਦਾ ਕੀਤਾ ਧੰਦਾ,
ਦੋਹੀਂ ਹੱਥੀਂ ਹੀ ਲੁੱਟ ਖਾਧਾ,
ਦੁਨਿਆਵੀ ਭੋਲ਼ਾ ਬੰਦਾ।
ਅਮੀਰ ਹੋਰ ਅਮੀਰ ਹੋ ਗਿਆ,
ਗ਼ਰੀਬ ਹੋਰ ਵੀ ਭੁੱਖਾ,
ਨਾ ਬਰਾਬਰੀ ਦਾ ਪਾੜਾ ਵਧਿਆ,
ਜੋ ਕਦੀ ਵੀ ਨਹੀਂ ਮੁੱਕਾ।
ਮਹਿੰਗੇ ਭਾਅ 'ਤੇ ਸਮਾਜਵਾਦ,
ਵਿਕਿਆ ਬੋਲੀ 'ਤੇ ਚੜ੍ਹ ਕੇ,
ਕਾਮਰੇਡਾਂ ਦੇ ਢੱਠੇ ਘਰਾਂ ਵਿੱਚ,
ਬੱਸ ਖਾਲੀ ਪੀਪੇ ਖੜਕੇ।
ਸਰਮਾਏਦਾਰ ਤਾਂ ਹਰ ਵਾਰ ਹੀ,
ਜਿੱਤਿਆ ਕਰ ਕੋਝੇ ਹੀਲੇ,
ਜਿਹੜਾ ਇਸ ਦੇ ਅੱਗੇ ਅੜਿਆ,
ਉਹਦੇ ਮੂਧੇ ਪਏ ਪਤੀਲੇ।
ਢਿੱਡ ਦੀ ਭੁੱਖ ਨਹੀਂ ਪੂਰੀ ਹੁੰਦੀ,
ਸੁੱਕੀਆਂ ਨੀਤੀਆਂ ਘੜ ਕੇ,
ਪੈਸੇ ਨਾਲ ਹੀ ਰੋਟੀ ਮਿਲਦੀ,
ਸਵਾਦੀ ਲਾ ਲਾ ਤੜਕੇ।
ਸਾੜ ਦਿਓ ਹੁਣ ਸਾਰੇ ਪੋਥੇ,
ਜੋ ਸਿਰ ਖਪਾ ਗਏ ਸਾਡਾ,
ਇਨਕਲਾਬ ਦਾ ਹੁਣ ਭੋਗ ਪਾ ਦਿਓ,
ਛੱਡ ਦਿਓ ਲਾਉਣਾ ਆਢਾ।

## ਤੇਰੀ ਯਾਦ ਦੇ ਦੁਆਰੇ

ਹਰਸਿਮਰਤ ਸਿੰਘ

ਰੋਜ਼ ਚੱਲਦਾ ਹਾਂ
ਰੁਕਦਾ ਹਾਂ
ਥੱਕਦਾ ਹਾਂ
ਆਖਿਰ ਪਹੁੰਚ ਜਾਂਦਾ ਹਾਂ
ਤੇਰੀ ਯਾਦ ਦੇ ਦੁਆਰੇ।
ਮਨ ਏ ਕਮਲਾ
ਹੈ ਦੁਬਿਧਾ ਅੰਦਰ
ਸੋਚਦਾ ਏ
ਮਰੇ ਘੁਟ-ਘੁਟ
ਜਾਂ ਪੀਵੇ ਹੰਝੂ ਖਾਰੇ।
ਯਾਦ ਤੇਰੀ ਏ
ਰਹਿਮ ਤੋਂ ਹੀਣੀ
ਰੱਤ ਦੀ ਪਿਆਸੀ
ਕਰਦੀ ਜ਼ੁਲਮ ਏ
ਸੂਲੀ ਗ਼ਮਾਂ ਦੀ ਚਾੜ੍ਹੇ।
ਤੇਰੀ ਮੂਰਤ
ਬੜੀ ਖ਼ੂਬਸੂਰਤ
ਆ ਕੇ ਵਿੱਚ ਸੁਫ਼ਨਿਆਂ
ਅਗਨ ਬਲ਼ਦੇ ਦਿਲ ਦੀ
ਕੁਝ ਪਲ ਲਈ ਠਾਰੇ।
ਰੁੱਤ ਵਿਛੋੜੇ ਵਾਲੀ
ਆਈ ਏ
ਦਿਲ ਦੀ ਸੂਹਲ ਧਰਤ 'ਤੇ
ਪਾਲੇ ਫੁੱਲ ਅਰਮਾਨਾਂ ਨਾਲ
ਇੱਕ ਨਿਮਖ਼ ਵਿੱਚ ਝਾੜੇ।
ਤੇਰੇ ਬਾਅਦ
ਹਰ ਇੱਕ ਰਾਤ
ਬਿਤਾਈ ਕਿੰਞ
ਕੋਈ ਨਾ ਜਾਣਦਾ
ਗਵਾਹ ਨੇ ਅੰਬਰ ਦੇ ਤਾਰੇ।
ਤੇਰੇ ਸਿਵੇ ਦੀ ਰਾਖ਼ ਵਾਂਙ
ਸੁਲ਼ਗ ਰਿਹਾ ਏ ਦਿਲ
ਦਿਨ ਢਲੇ
ਸ਼ਾਮ ਪਈ 'ਤੇ
ਮਨ ਤੈਨੂੰ
ਰੂਹ ਤੇਰੇ ਪਿਆਰ ਨੂੰ ਪੁਕਾਰੇ।
ਰੋਜ਼ ਚੱਲਦਾ ਹਾਂ
ਰੁਕਦਾ ਹਾਂ
ਥੱਕਦਾ ਹਾਂ
ਆਖਿਰ ਪਹੁੰਚ ਜਾਂਦਾ ਹਾਂ
ਤੇਰੀ ਯਾਦ ਦੇ ਦੁਆਰੇ।
ਮਨ ਹੈ ਕਮਲਾ
ਹੈ ਦੁਬਿਧਾ ਅੰਦਰ
ਸੋਚਦਾ ਹੈ
ਮਰੇ ਘੁਟ-ਘੁਟ
ਜਾਂ ਪੀਵੇ ਹੰਝੂ ਖਾਰੇ।

## ਪਿੰਡ ਭੁਲਾਈ ਜਾਂਦੇ ਹਾਂ

ਪੋਰਿੰਦਰ ਸਿੰਗਲਾ




ਆਲ੍ਹਣਿਆਂ ਨੂੰ ਛੱਡ ਕੇ, ਪਿੰਡ ਭੁਲਾਈ ਜਾਂਦੇ ਹਾਂ,
ਘੁਰਨਿਆਂ ਅੰਦਰ, ਪੱਥਰ ਖ਼ੂਬ ਲਗਾਈ ਜਾਂਦੇ ਹਾਂ।
ਮੋਹ ਪਿਆਰ ਦੇ ਰਿਸ਼ਤੇ, ਅੰਦਰੋਂ ਖਾਲੀ ਢੋਲ ਬਣੇ,
ਪੈਸਿਆਂ ਪਿੱਛੇ ਖ਼ੂਨ ਦਾ ਰੰਗ ਵਟਾਈ ਜਾਂਦੇ ਹਾਂ।
ਆਧੁਨਿਕਤਾ ਦੇ ਰੰਗ ਚ ਰੰਗ ਕੇ, ਹੀਰੋ ਬਣਦੇ ਹਾਂ,
ਰੀਸੋ ਰੀਸੀ ਜੁਆਕ ਜਹਾਜ਼ ਚੜ੍ਹਾਈ ਜਾਂਦੇ ਹਾਂ।
ਹਵਾ 'ਚ ਉੱਡੇ ਫਿਰਦੇ ਆਂ, ਘੁੱਟ ਲਾਲ ਪਰੀ ਪੀ ਕੇ,
ਕਾਲੀ ਮਾਈ, ਚਿੱਟੇ ਦੇ ਕਸ਼ ਲਾਈ ਜਾਂਦੇ ਹਾਂ।
,ਆਲੀਸ਼ਾਨ ਬਣਾ ਲਏ ਬੰਗਲੇ, ਵੇਚ ਜ਼ਮੀਨਾਂ ਨੂੰ,
ਤਾਲੇ ਲਾ ਕੇ, ਡਾਲਰ ਖ਼ੂਬ ਕਮਾਈ ਜਾਂਦੇ ਹਾਂ।
ਸਾਡੇ ਸਿਰਾਂ 'ਤੇ ਸਾਡੀਆਂ ਜੁੱਤੀਆਂ ਮਾਰ ਕੇ ਜਾਂਦਾ ਹੈ,
ਵੋਟਾਂ ਮੁੜ ਮੁੜ ਓਸੇ ਨੂੰ ਹੀ ਪਾਈ ਜਾਂਦੇ ਹਾਂ।

## ਮਾਏ

ਮੰਜੂ ਰਾਇਕਾ

ਕਿਉਂ ਤੂੰ ਮੇਰੀ ਖਾਤਰ
ਮਾਏ ਆਪਣੇ ਸੁਪਨੇ ਮਾਰ ਗਈ
ਤੂੰ ਦੁਨੀਆ ਨੂੰ ਜਿੱਤ ਲੈਂਦੀ
ਇੱਕ ਮੇਰੇ ਕਰਕੇ ਹਾਰ ਗਈ
ਤੇਰੀ ਮਮਤਾ ਬੜੀ ਪਿਆਰੀ ਮਾਏ
ਜੋ ਸੂਰਜ ਨੂੰ ਵੀ ਠਾਰ ਗਈ
ਕੁਦਰਤ ਭਰੇ ਗਵਾਹੀ ਤੇਰੀ
ਤੂੰ ਦੁਨੀਆ ਨੂੰ ਤਾਰ ਗਈ
ਅਸਾਂ ਰਹਾਂਗੇ ਸ਼ੁਕਰਗੁਜ਼ਾਰ ਮਾਏ
ਦੱਸ ਕਿਵੇਂ ਸਭ ਸਹਾਰ ਗਈ
ਤੂੰ ਦੁੱਖ ਨਾ ਆਪਣੇ ਦੱਸਦੀ ਮਾਏ
ਮੈਂ ਠੀਕ ਕਹਿ ਕੇ ਚੁੱਪ ਧਾਰ ਗਈ
ਤੇਰੀ ਮਮਤਾ ਕੋਈ ਨਾ ਲਿਖ ਸਕਦਾ
ਮਾਂ ਨਿਆਰੀ ਹੁੰਦੀ ਜਗ ਤੋਂ
ਇਹ ਕਹਿ ਕੇ ਮੰਜੂ ਸਾਰ ਗਈ
* * *



## .ਗ਼ਜ਼ਲ

ਰੋਜ਼ੀ ਸਿੰਘ

ਇਹੋ ਜਿਹੀ ਕਿਸੇ ਨੂੰ ਮੁਹੱਬਤ ਨਾ ਹੋਵੇ,
ਕਿ ਦੋ ਪਲ਼ ਜੀਣ ਦੀ ਮੋਹਲਤ ਨਾ ਹੋਵੇ।
ਜਿਸ ਲਈ ਪੈ ਜਾਵੇ ਸੂਲੀ 'ਤੇ ਚੜ੍ਹਨਾ,
ਕੋਈ ਇਸ ਤਰ੍ਹਾਂ ਦੀ ਜ਼ਰੂਰਤ ਨਾ ਹੋਵੇ।
ਨਜ਼ਰਾਂ 'ਚੋਂ ਡਿੱਗ ਜਾਂਦੇ ਬੇਨਜ਼ੀਰ ਬੰਦੇ,
ਨਜ਼ਰਾਂ ਦੀ ਜੇਕਰ ਇਨਾਇਤ ਨਾ ਹੋਵੇ।
ਗ਼ੁਰਬਤ ਦਾ ਵਿਹੜਾ ਕਿਆਮਤ ਤੋਂ ਭੈੜਾ,
ਗ਼ਰੀਬਾਂ ਦੇ ਵਿਹੜੇ ਕਿਆਮਤ ਨਾ ਹੋਵੇ।
ਤੇਰੇ ਪਿਆਰ ਏਨਾ ਮੈਂ ਮਸ਼ਰੂਫ ਹੋ ਜਾਵਾਂ
ਕਿ ਮੈਨੂੰ ਮਰਨ ਦੀ ਵੀ ਫੁਰਸਤ ਨਾ ਹੋਵੇ।
ਓਹ ਖ਼ਾਬਾਂ 'ਚ ਆਵੇ ਤੇ ਮੈਂ ਜਾਗ ਜਾਵਾਂ,
ਏਨੀ ਵੀ ਮਾੜੀ ਇਹ ਕਿਸਮਤ ਨਾ ਹੋਵੇ।
*****

## ਪੰਚਾਇਤੀ ਚੋਣਾਂ

ਜਗਤਾਰ ਪੱਖੋ

ਵੇਖੋ ਚੋਣਾਂ ਦਾ ਕਾਹਦਾ ਐਲਾਨ ਹੋਇਆ
ਘੁਸਰ ਮੁਸਰ ਹੈ ਪਿੰਡਾਂ ਵਿੱਚ ਹੋਣ ਲੱਗੀ।
ਮੁਹਤਬਰਾਂ ਨੇ ਕਰ ਲਏ ਕਮਰਕੱਸੇ,
ਢਾਣੀ ਘਰ ਘਰ ਗੇੜੀਆਂ ਲਾਉਣ ਲੱਗੀ।
ਅਸੀਂ ਪਿੰਡ ਨੂੰ ਸ਼ਹਿਰ ਬਣਾ ਦੇਣਾ
ਚਾਰੇ ਪਾਸੇ ਆਵਾਜ਼ ਇਹ ਆਉਣ ਲੱਗੀ।
ਪੱਖੋ ਹੱਥ ਬੰਨ੍ਹ ਕਰਦਾ ਜੋਦੜੀ ਇਹ
ਬੀਜ ਮਾੜਾ ਨਾ ਨਸਲ ਵਿੱਚ ਬੋਅ ਦੇਣਾ।
ਚੋਣਾਂ ਆਉਂਦੀਆਂ ਜਾਂਦੀਆਂ ਰਹਿੰਦੀਆਂ ਨੇ
ਭਾਈਚਾਰਾ ਨਾ ਕਿਧਰੇ ਖੋਅ ਦੇਣਾ।

## ਮਮਤਾ ਦਾ ਮੁੱਲ

ਜਸਵੀਰ ਸਿੰਘ ਭਲੂਰੀਆ

ਹੈ ਗੱਲ ਵਿਚਾਰਨ ਵਾਲੀ ਦੱਸ ਤੂੰ ਕਦੋਂ ਵਿਚਾਰੇਂਗਾ
ਮਾਂ ਦੀ ਮਮਤਾ ਦਾ ਮੁੱਲ ਦੱਸ ਤੂੰ ਕਿਵੇਂ ਉਤਾਰੇਂਗਾ
ਗਰਭ ਕਾਲ ਵਿੱਚ ਕਿੰਨੇ ਕਸ਼ਟ ਮਾਂ ਨੇ ਕੱਟੇ ਨੇ
ਔਲਾਦ ਲਈ ਸਵਾਦ ਤਿਆਗੇ ਮਿੱਠੇ-ਖੱਟੇ ਨੇ
ਮਾਂ ਤਾਂ ਸੋਚਦੀ ਹੋਣੀ ਮਾਂ ਤੋਂ ਜਾਨ ਤੂੰ ਵਾਰੇਂਗਾ
ਮਾਂ ਦੀ ਮਮਤਾ ਦਾ ਮੁੱਲ
ਸਭ ਤੋਂ ਪਹਿਲਾਂ ਉੱਠ ਕੇ ਸਭ ਤੋਂ ਪਿੱਛੋਂ ਸੌਂਦੀ ਰਹੀ
ਆਪ ਭੁੱਖੀ ਰਹਿ ਤੇਰੇ ਮੂੰਹ ਵਿੱਚ ਚੂਰੀ ਪਾਉਂਦੀ ਰਹੀ
ਕੀ ਪਤਾ ਸੀ ਮਾਂ ਨੂੰ ਮਾਂ ਨਹੀਂ 'ਬੁੜੀ' ਪੁਕਾਰੇਂਗਾ
ਮਾਂ ਦੀ ਮਮਤਾ ਦਾ ਮੁੱਲ
ਨਾ ਕੁਝ ਖਾਧਾ, ਨਾ ਪਹਿਨਿਆ, ਜਿਉਂਈ ਮਰ ਮਰ ਕੇ
ਤੈਨੂੰ ਮਾਂ ਨੇ ਮਸਾਂ ਪਾਲਿਆ ਕਿਰਸਾਂ ਕਰ ਕਰ ਕੇ
ਮਾਂ ਕੀ ਜਾਣੇ ਵੱਡਾ ਹੋ ਕੇ ਤੂੰ ਜਿਉਂਦੀ ਮਾਰੇਂਗਾ
ਮਾਂ ਦੀ ਮਮਤਾ ਦਾ ਮੁੱਲ
ਜਿਨ੍ਹਾਂ ਦੇ ਪੁੱਤ ਸਲਾਮਤ ਉਹ ਮਾਪੇ ਧੱਕੇ ਖਾਣ ਕਿਉਂ
ਬਿਰਧ ਆਸ਼ਰਮਾਂ ਵਿੱਚ ਭਲਾ ਉਹ ਮਾਪੇ ਜਾਣ ਕਿਉਂ
ਬੰਦਿਆ ਅਮਲ ਕਰੇਂਗਾ ਜਾਂ ਗੱਲਾਂ ਨਾਲ ਸਾਰੇਂਗਾ
ਮਾਂ ਦੀ ਮਮਤਾ ਦਾ ਮੁੱਲ
ਭਲੂਰੀਆ ਅਰਜ਼ਾਂ ਕਰਦਾ ਠੰਢੇ ਮਨ ਨਾਲ ਸੋਚ ਲਵੋ
ਅਣਮੁੱਲਾ ਹੈ ਇਹ ਖ਼ਜ਼ਾਨਾ ਖੁੱਸਦਾ ਜਾਂਦਾ ਬੋਚ ਲਵੋ
ਜਦ ਮਾਂ ਤੁਰਗੀ ਹੱਥ ਭਲੂਰੀਆ ਪੱਟਾਂ 'ਤੇ ਮਾਰੇਂਗਾ
ਮਾਂ ਦੀ ਮਮਤਾ ਦਾ ਮੁੱਲ
* * *

## ਘਰ ਉਦਾਸ ਹੈ

ਹਰਪਾਲ ਸਿੰਘ ਨਾਗਰਾ




ਘਰ ਬਹੁਤ ਉਦਾਸ ਹੈ
ਕੋਈ ਗੱਲ ਤਾਂ ਖਾਸ ਹੈ।
ਘਰ ਨੂੰ ਜਿੰਦਰੇ ਵੱਜੇ ਨੇ
ਚੁੱਪ ਸੰਨਾਟਾ ਖੱਬੇ ਸੱਜੇ ਨੇ।
ਘਰ ਖਾਲੀ-ਖਾਲੀ ਹੈ
ਕੋਈ ਨਹੀਂ ਵਾਲੀ ਹੈ।
ਇਕੱਠਾ ਰਹਿੰਦਾ ਪਰਿਵਾਰ ਸੀ
ਸਭ ਪਾਸੇ ਮੌਜ ਬਹਾਰ ਸੀ।
ਘਰ 'ਚ ਖੁਸ਼ੀਆਂ ਖੇੜੇ ਸੀ
ਰੌਣਕ ਚਾਰ ਚੁਫ਼ੇਰੇ ਸੀ।
ਹਰਿਆਲੀ ਫੁੱਲ ਬਥੇਰੇ ਸੀ
ਫੁੱਲਾਂ ਵਰਗੇ ਚਿਹਰੇ ਸੀ।
ਬਾਲਾਂ ਦੀ ਟੁਣਕਾਰ ਸੀ
ਬਜ਼ੁਰਗਾਂ ਨਾਲ ਸੰਸਾਰ ਸੀ।
ਜੀਆਂ ਨਾਲ ਹੀ ਘਰ ਹੈ
ਖੁੱਲ੍ਹਾ ਰਹਿੰਦਾ ਦਰ ਹੈ।
ਘਰ ਬਣਨਾ ਰਮਣੀਕ ਹੈ
ਜੀਆਂ ਦੀ ਉਡੀਕ ਹੈ।
ਘਰ ਸੱਦੇ ਘਰ ਆਓ
ਰੌਣਕ ਫਿਰ ਲਗਾਓ।
ਹਾਲੇ ਘਰ ਉਦਾਸ ਹੈ
ਕੋਈ ਗੱਲ ਤਾਂ ਖਾਸ ਹੈ।

## .ਗ਼ਜ਼ਲ

ਸ਼ੇਰ ਸਿੰਘ ਕੰਵਲ

ਕਦੇ ਕਦੇ ਤਾਂ ਆਇਆ ਕਰ
ਆ ਕੇ ਮਿਲ-ਗਿਲ ਜਾਇਆ ਕਰ।
ਉਦਾਸ ਜਿਹਾ ਹੋ ਜਾਂਦੈ ਦਿਲ
ਇਸ ਨੂੰ ਆ ਵਰਚਾਇਆ ਕਰ।
ਔੜ ਜਿਹੀ ਲੱਗ ਜਾਂਦੀ ਹੈ
ਬੱਦਲੀਏ ਛਹਿਬਰ ਲਾਇਆ ਕਰ।
ਝਾਕੇ ਚੰਨ ਜਿਓਂ ਬੱਦਲਾਂ 'ਚੋਂ
ਏਸ ਤਰ੍ਹਾਂ ਮੁਸਕਰਾਇਆ ਕਰ।
ਸੁੰਨਾ ਜੰਗਲ ਅਰਜ਼ ਕਰੇ
ਨਦੀਏ ਗੀਤ ਸੁਣਾਇਆ ਕਰ।
ਤਨ ਝਾਂਬਾ ਰੂਹ ਨੂੰ ਕਾਂਬਾ
ਵਿੱਛੜ ਕੇ ਨਾ ਲਾਇਆ ਕਰ।
ਰੋਣ-ਧੋਣ ਹੈ ਚਹੁੰ ਪਾਸੀਂ
ਹੱਸਿਆ ਅਤੇ ਹਸਾਇਆ ਕਰ।
ਚੁੱਪ ਦਾ ਜਿੰਦਰਾ ਬਣਿਆ ਹਾਂ
ਤੂੰ ਚਾਬੀ ਬਣ ਜਾਇਆ ਕਰ।
ਦਿਲ ਦੇ ਵਿੱਚ ਰੱਬ ਵਸਦਾ ਹੈ
ਇਹ ਮੰਦਰ ਨਾ ਢਾਇਆ ਕਰ।



# ਰੋਨਾਲਡੋ ਦੇ 900ਵੇਂ ਗੋਲ ਨੇ ਰਚਿਆ ਇਤਿਹਾਸ






**ਸੁਖਵਿੰਦਰਜੀਤ ਸਿੰਘ ਮਨੌਲੀ**

ਪੁਰਤਗਾਲ ਦੀ ਫੁੱਟਬਾਲ ਟੀਮ ਦੇ ਸਾਬਕਾ ਕਪਤਾਨ ਕਰਿਸਟੀਆਨੋ ਰੋਨਾਲਡੋ ਨੇ ਕੌਮਾਂਤਰੀ ਤੇ ਪੇਸ਼ੇਵਾਰਾਨਾ ਫੁੱਟਬਾਲ ’ਚ 900ਵਾਂ ਗੋਲ ਸਕੋਰ ਕਰ ਕੇ ਵਿਸ਼ਵ ਰਿਕਾਰਡ ਸਿਰਜਿਆ ਹੈ। ਉਸ ਤੋਂ ਸਿਰਫ਼ ਦੋ ਦਿਨ ਬਾਅਦ ਰੋਨਾਲਡੋ ਨੇ ਨੇਸ਼ਨਜ਼ ਲੀਗ ਫੁੱਟਬਾਲ ਟੂਰਨਾਮੈਂਟ ’ਚ ਸਕਾਟਲੈਂਡ ਦੀ ਟੀਮ ਵਿਰੁੱਧ 901ਵਾਂ ਗੋਲ ਵੀ ਦਾਗ ਦਿੱਤਾ ਹੈ। ਉਂਝ ਰੋਨਾਲਡੋ ਨੇ ਆਪਣਾ ਹੀ 800 ਗੋਲਾਂ ਦਾ ਰਿਕਾਰਡ ਬਰੇਕ ਕੀਤਾ ਹੈ ਕਿਉਂਕਿ 800 ਗੋਲਾਂ ਦੀ ਰਿਕਾਰਡ ਸਕੋਰਲਾਈਨ ਦਾ ਮਾਲਕ ਵੀ ਰੋਨਾਲਡੋ ਸੀ।

ਰੋਨਾਲਡੋ ਤੋਂ ਬਾਅਦ ਅਰਜਨਟੀਨਾ ਦਾ ਕਪਤਾਨ ਮੈਸੀ ਸੰਸਾਰ ਫੁੱਟਬਾਲ ਦਾ ਦੂਜਾ ਖਿਡਾਰੀ ਹੈ, ਜਿਸ ਨੇ 800 ਗੋਲ ਸਕੋਰ ਕਰਨ ਦਾ ਟੇਬਲ ਪੂਰਾ ਕੀਤਾ। ਪੁਰਤਗਾਲ ਫੁੱਟਬਾਲ ਟੀਮ ਦੇ ਸਾਬਕਾ ਕਪਤਾਨ ਕਰਿਸਟੀਆਨੋ ਰੋਨਾਲਡੋ ਨੇ ਟੂਰਨਾਮੈਂਟ ’ਚ ਪੁਰਤਗਾਲੀ ਟੀਮ ਵਲੋਂ ਮੈਦਾਨ ’ਚ ਖੇਡਦੇ ਕਰੋਸ਼ੀਆ ਦੀ ਟੀਮ ਵਿਰੁੱਧ ਗੋਲ ਕਰ ਕੇ ਵਿਸ਼ਵ ਫੁੱਟਬਾਲ ’ਚ 900ਵਾਂ ਗੋਲ ਸਕੋਰ ਕਰਨ ਦਾ ਟੇਬਲ ਪੂਰਾ ਕੀਤਾ । ਦੁਨੀਆਂ ਦੀ ਫੁੱਟਬਾਲ ’ਚ 900ਵੇਂ ਗੋਲ ਦਾ ਟੇਬਲ ਪੂਰਾ ਕਰਨ ਵਾਲਾ ਰੋਨਾਲਡੋ ਹੀ ਵਿਸ਼ਵ ਦਾ ਪਹਿਲਾ ਫੁੱਟਬਾਲਰ , ਜਿਸ ਨੇ ਆਲਮੀ ਫੁੱਟਬਾਲ ’ਚ 800 ਗੋਲ ਕਰਨ ਦਾ ਮੁਕਾਮ ਹਾਸਿਲ ਕੀਤਾ ਸੀ। ਵਿਸ਼ਵ ਫੁੱਟਬਾਲ ’ਚ ਰੋਨਾਲਡੋ ਦੇ 800 ਗੋਲਾਂ ਦਾ ਟੇਬਲ ਪੂਰਾ ਹੋਣ ਤੋਂ ਪਹਿਲਾਂ ਸੰਸਾਰ ਫੁੱਟਬਾਲ ਦਾ ਸ਼ਹਿਨਸ਼ਾਹ ਬਰਾਜ਼ੀਲ ਦਾ ਪੇਲੇ ਦੇ ਨਾਮ 762 ਗੋਲਾਂ ਦਾ ਰਿਕਾਰਡ ਦਰਜ ਸੀ। ਰੋਨਾਲਡੋ ਤੋਂ ਬਾਅਦ ਸੰਸਾਰ ਫੁੱਟਬਾਲ ’ਚ ਅਰਜਨਟੀਨਾ ਸੌਕਰ ਟੀਮ ਦਾ 37 ਸਾਲਾ ਕਪਤਾਨ ਲਾਇਨੇਲ ਮੈਸੀ ਦੂਜਾ ਖਿਡਾਰੀ ਹੈ, ਜਿਸ ਨੇ 800 ਗੋਲ ਸਕੋਰ ਕਰਨ ਦਾ ਬੈਰੀਅਰ ਪਾਰ ਕਰਕੇ 840 ਗੋਲ ਸਕੋਰ ਕਰਨ ਦਾ ਵੱਡਾ ਕ੍ਰਿਸ਼ਮਾ ਹਾਸਿਲ ਕੀਤਾ ਹੈ।

ਕੌਮਾਂਤਰੀ ਫੁੱਟਬਾਲ ’ਚ ਰਿਕਾਰਡ 132 ਗੋਲ ਸਕੋਰ ਕਰਨ ਵਾਲੇ ਰੋਨਾਲਡੋ ਦੀ ਗੋਲ ਡਾਇਰੀ ’ਚ ਪੇਸ਼ੇਵਾਰਾਨਾ ਕਲੱਬ ਫੁੱਟਬਾਲ ’ਚ 769 ਗੋਲ ਸ਼ਾਮਿਲ ਹਨ। ਰੋਨਾਲਡੋ ਤੋਂ ਪਹਿਲਾਂ ਵਿਸ਼ਵ ਫੁੱਟਬਾਲ ’ਚ ਕਾਲੇ ਮੋਤੀ ਵਜੋਂ ਜਾਣੇ ਜਾਂਦੇ ਬਰਾਜ਼ੀਲ ਦੇ ਮਹਾਨ ਫੁੱਟਬਾਲਰ ਪੇਲੇ ਦੇ ਕੌਮਾਂਤਰੀ ਫੁੱਟਬਾਲ ’ਚ ਗੋਲ ਦਾਗ਼ਣ ’ਚ ਪਹਿਲਾ ਰੈਂਕ ਹਾਸਿਲ ਕਰਨ ਵਾਲੇ ਕਰਿਸਟੀਆਨੋ ਰੋਨਾਲਡੋ ਨੇ ਕਲੱਬ ਫੁੱਟਬਾਲ ’ਚ ਗੋਲ ਸਕੋਰ ਕਰਨ ’ਚ ਪਹਿਲੇ ਨੰਬਰ ’ਤੇ ਹਨ। ਰੋਨਾਲਡੋ ਵਲੋਂ ਪੇਸ਼ੇਵਾਰਾਨਾ ਫੁੱਟਬਾਲ ਕਰੀਅਰ ’ਚ ਸਕੋਰ ਡਾਇਰੀ ’ਚ ਸਪੇਨ ਦੇ ਘਰੇਲੂ ਫੁੱਟਬਾਲ ਕਲੱਬ ਰੀਅਲ ਮੈਡਰਿਡ ਟੀਮ ਲਈ 450 ਗੋਲ, ਇੰਗਲੈਂਡ ਦੇ ਮੈਨਚੈਸਟਰ ਯੂਨਾਈਟਿਡ ਐਫਸੀ ਟੀਮ ਲਈ 145 ਗੋਲ, ਇਟਲੀ ਦੇ ਫੁੱਟਬਾਲ ਕਲੱਬ ਯੂਵੈਂਟਸ ਦੀ ਟੀਮ ਲਈ 101 ਗੋਲ ਦਰਜ ਹਨ।

## ਭਾਰਤ ਅਗਲੇ ਸਾਲ ਕਰੇਗਾ ਪਹਿਲੇ ਖੋ-ਖੋ ਵਿਸ਼ਵ ਕੱਪ ਦੀ ਮੇਜ਼ਬਾਨੀ




ਨਵੀਂ ਦਿੱਲੀ/ ਏ.ਟੀ.ਨਿਊਜ਼: ਭਾਰਤ ਅਗਲੇ ਸਾਲ ਪਹਿਲੇ ਖੋ-ਖੋ ਵਿਸ਼ਵ ਕੱਪ ਦੀ ਮੇਜ਼ਬਾਨੀ ਕਰੇਗਾ, ਜਿਸ ਵਿੱਚ 24 ਦੇਸ਼ਾਂ ਅਤੇ ਛੇ ਮਹਾਦੀਪਾਂ ਦੀਆਂ 16 ਪੁਰਸ਼ ਅਤੇ ਮਹਿਲਾ ਟੀਮਾਂ ਹਿੱਸਾ ਲੈਣਗੀਆਂ।

ਭਾਰਤੀ ਖੋ-ਖੋ ਫੈਡਰੇਸ਼ਨ ਨੇ ਬਿਆਨ ਵਿੱਚ ਕਿਹਾ, ‘ਖੋ-ਖੋ ਦੀਆਂ ਜੜ੍ਹਾ ਭਾਰਤ ਵਿੱਚ ਹਨ ਇਹ ਵਿਸ਼ਵ ਕੱਪ ਅਮੀਰ ਸੱਭਿਆਚਾਰਕ ਵਿਰਾਸਤ ਅਤੇ ਖੇਡ ਦੀ ਭਾਵਨਾ ਉਭਾਰੇਗਾ।’ ਅੱਜ ਇਹ ਖੇਡ ਆਲਮੀ ਪੱਧਰ ’ਤੇ ਪਹੁੰਚ ਚੁੱਕੀ ਹੈ ਅਤੇ 54 ਦੇਸ਼ਾਂ ਵਿੱਚ ਖੇਡੀ ਜਾਂਦੀ ਹੈ। ਕੇ.ਕੇ.ਐੈਫ.ਆਈ. ਦੇ ਪ੍ਰਧਾਨ ਸੁਧਾਂਸ਼ੂ ਮਿੱਤਲ ਨੇ ਕਿਹਾ ਕਿ ਖੋ-ਖੋ ਨੂੰ 2032 ਤੱਕ ਉਲੰਪਿਕ ਖੇਡ ਵਜੋਂ ਮਾਨਤਾ ਦਿਵਾਉਣ ਦਾ ਟੀਚਾ ਹੈ।

## ਉਲੰਪੀਅਨ ਖਿਡਾਰੀ ਸ਼ਰਤ ਕਮਲ ਦੀਆਂ ਨਹੀਂ ਕੋਈ ਰੀਸਾਂ

**ਮੇਜਰ ਸਿੰਘ ਜਖੇਪਲ**



ਭਾਰਤ ਦਾ ਸਟਾਰ ਟੇਬਲ ਟੈਨਿਸ ਖਿਡਾਰੀ ਸ਼ਰਤ ਕਮਲ ਪੰਜ ਉਲੰਪਿਕ ਖੇਡਾਂ ਖੇਡ ਚੁੱਕਾ ਹੈ। 42 ਸਾਲਾਂ ਦਾ ਕਮਲ ਚੇਨਈ (ਤਾਮਿਲਨਾਡੂ) ਦਾ ਰਹਿਣ ਵਾਲਾ ਹੈ। ਸ਼ਰਤ ਦੇ ਪਿਤਾ ਤੇ ਦਾਦਾ ਦੋਵੇਂ ਰਾਜ ਪੱਧਰੀ ਖਿਡਾਰੀ ਤੇ ਕੌਮੀ ਪੱਧਰ ਦੇ ਕੋਚ ਸਨ। ਪਿਤਾ ਨੇ ਕਮਲ ਨੂੰ ਚਾਰ ਸਾਲ ਦੀ ਉਮਰ ਵਿੱਚ ਹੀ ਖੇਡ ਦੇ ਮੈਦਾਨ ਵਿੱਚ ਉਤਾਰ ਦਿੱਤਾ। ਪਿਤਾ ਨੇ ਚਾਚਾ ਮੁਰਲੀਧਰ ਰਾਓ ਨਾਲ ਮਿਲ ਕੇ ਉਸ ਨੂੰ ਖੇਡ ਦੀਆਂ ਤਕਨੀਕਾਂ ਸਿਖਾਈਆਂ ।

ਖੇਡ ਦੇ ਮੈਦਾਨ ਵਿੱਚ ਵੜਦਿਆਂ ਕਮਲ ਦੇ ਮਨ ’ਤੇ ਹਮੇਸ਼ਾ ਇਹ ਗੱਲ ਭਾਰੂ ਰਹਿੰਦੀ ਸੀ ਕਿ ਉਹ ਜਿੱਤ ਕੇ ਮੁੜੇ, ਹਾਰ ਉਸਨੂੰ ਸਵੀਕਾਰ ਨਹੀਂ ਸੀ। ਉਸ ਦੇ ਪਿਤਾ ਤੇ ਦਾਦਾ ਨੇ ਸਖ਼ਤ ਨਿਯਮ ਤਿਆਰ ਕਰ ਕੇ ਮਾਨਸਿਕ ਤੌਰ ’ਤੇ ਖੇਡ ਲਈ ਤਿਆਰ ਕੀਤਾ। ਉਹ ਸਕੂਲ ਜਾਣ ਤੋਂ ਪਹਿਲਾਂ ਤੇ ਬਾਅਦ ਵਿੱਚ ਆਪਣੇ ਦਾਦੇ ਨਾਲ ਟੇਬਿਲ ਟੈਨਿਸ ਦਾ ਅਭਿਆਸ ਕਰਨ ਲੱਗਾ। ਸ਼ਰਤ ਪੇਸ਼ੇਵਰ ਕੈਰੀਅਰ ਦੀ ਸ਼ੁਰੂਆਤ ਸੋਲਵੇਂ ਸਾਲ ਵਿੱਚ ਕੀਤੀ ਅਤੇ ਰਾਜ ਪੱਧਰੀ ਮੁਕਾਬਲੇ ਵਿੱਚ ਹਿੱਸਾ ਲਿਆ।

ਉਸ ਨੇ 2002 ਦੀਆਂ ਰਾਸ਼ਟਰੀ ਖੇਡਾਂ ਵਿੱਚ ਸਿੰਗਲਜ਼ ਤੇ ਮਿਕਸਡ ਡਬਲਜ਼ ਮੁਕਾਬਲੇ ਵਿੱਚ ਕਾਂਸੀ ਤੇ ਚਾਂਦੀ ਦਾ ਤਗ਼ਮਾ ਜਿੱਤਿਆ। ਉਹ 2003-04 ਵਿੱਚ ਰਾਸ਼ਟਰੀ ਚੈਂਪੀਅਨ ਬਣਿਆ। 2006 ਤੋਂ 2010 ਤੱਕ ਉਸ ਨੇ ਲਗਾਤਾਰ ਪੰਜ ਵਾਰੀ ਸੀਨੀਅਰ ਪੁਰਸ਼ ਦਾ ਖ਼ਿਤਾਬ ਜਿੱਤਿਆ। 2007 ਵਿੱਚ ਉਸ ਦੀ ਝੋਲੀ ਚਾਰ ਸੋਨ ਤਗ਼ਮੇ ਪਏ।

2011 ਵਿੱਚ ਉਸ ਨੇ ਟੀਮ ਈਵੈਂਟ ਵਿੱਚ ਸੋਨ ਤਗ਼ਮਾ ਤੇ 2018-19 ਵਿੱਚ ਉਹ ਆਪਣਾ ਨੌਵਾਂ ਰਾਸ਼ਟਰੀ ਖ਼ਿਤਾਬ ਜਿੱਤਣ ਵਾਲਾ ਪਹਿਲਾ ਖਿਡਾਰੀ ਬਣ ਗਿਆ ਅਤੇ ਉਸ ਨੇ ਮਹਾਨ ਖਿਡਾਰੀ ਕਮਲੇਸ਼ ਮਹਿਤਾ ਦੇ ਅੱਠ ਵਾਰੀ ਖ਼ਿਤਾਬ ਜਿੱਤਣ ਦੇ ਰਿਕਾਰਡ ਨੂੰ ਤੋੜ ਦਿੱਤਾ। ਕਮਲ ਨੇ ਕਾਮਨਵੈਲਥ ਗੇਮਜ਼ 2006 ਮੈਲਬੌਰਨ ਵਿੱਚ ਸਿੰਗਲ ਤੇ ਟੀਮ ਈਵੈਂਟ ਵਿੱਚ ਸੋਨ, 2010 ਦਿੱਲੀ ਪੁਰਸ਼ ਡਬਲਜ਼ ਸੋਨ, 2018 ਗੋਲਡ ਕੋਸਟਾਂ ਵਿੱਚ ਪੁਰਸ਼ ਟੀਮ ਸੋਨ ਤੇ 2022 ਦੀਆਂ ਬਰਮਿੰਘਮ ਖੇਡਾਂ ਵਿੱਚ ਪੁਰਸ਼ ਸਿੰਗਲਜ਼,ਡਬਲਜ਼ ਤੇ ਪੁਰਸ਼ ਟੀਮ ਵਿੱਚ ਤਿੰਨ ਸੋਨ ਤਗ਼ਮੇ ਜਿੱਤੇ। ਉਸ ਨੇ 2022 ਦੀਆਂ ਗਲਾਸਗੋ (ਪੁਰਸ਼ ਡਬਲਜ਼), 2018 ਦੀਆਂ ਗੋਲਡ ਕੋਸਟਾਂ (ਪੁਰਸ਼ ਡਬਲਜ਼) ਤੇ 2022 ਦੀਆਂ ਬਰਮਿੰਘਮ (ਪੁਰਸ਼ ਡਬਲਜ਼) ਵਿੱਚ ਸਿਲਵਰ ਮੈਡਲ ਜਿੱਤੇ। 2010 ਦੀਆਂ ਦਿੱਲੀ ਖੇਡਾਂ ਪੁਰਸ਼ ਸਿੰਗਲ ਤੇ ਪੁਰਸ਼ ਟੀਮ

**(ਬਾਕੀ ਸਫ਼ਾ 31 ’ਤੇ)**

# ਨੌਜਵਾਨਾਂ ਲਈ ਵਰਦਾਨ ਖੇਡਾਂ ਵਤਨ ਪੰਜਾਬ ਦੀਆਂ

**ਸੰਦੀਪ ਕੁਮਾਰ**







ਖੇਡਾਂ ਵਤਨ ਪੰਜਾਬ ਦੀਆਂ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤਾ ਗਿਆ ਪ੍ਰਸੰਸਾਯੋਗ ਉਪਰਾਲਾ ਹੈ, ਜਿਸ ਦਾ ਮੁੱਖ ਮਕਸਦ ਸੂਬੇ ਦੇ ਬੱਚਿਆਂ, ਨੌਜਵਾਨਾਂ ਅਤੇ ਬਜ਼ੁਰਗਾਂ ਨੂੰ ਖੇਡਾਂ ਵੱਲ ਪ੍ਰੇਰਿਤ ਕਰਨਾ ਹੈ ਤਾਂ ਕਿ ਉਹ ਸਰੀਰਕ ਅਤੇ ਮਾਨਸਿਕ ਤੌਰ ’ਤੇ ਤੰਦਰੁਸਤ ਰਹਿ ਸਕਣ। ਖੇਡਾਂ ਨੂੰ ਸਿਰਫ਼ ਇੱਕ ਗਤੀਵਿਧੀ ਮੰਨਣ ਦੀ ਬਜਾਏ, ਇਹ ਉਪਰਾਲਾ ਖੇਡਾਂ ਨੂੰ ਜ਼ਿੰਦਗੀ ਦਾ ਮੁੱਖ ਹਿੱਸਾ ਬਣਾਉਣ ਦੇ ਯਤਨਾਂ ਨੂੰ ਪੂਰਾ ਕਰਨ ਵਿੱਚ ਸਫਲ ਹੋ ਰਿਹਾ ਹੈ। ਖੇਡਾਂ ਦੇ ਰਾਹੀਂ ਨਵੀਂ ਪੀੜ੍ਹੀ ਨੂੰ ਜ਼ਿੰਦਗੀ ਵਿੱਚ ਮੌਕੇ ਪ੍ਰਾਪਤ ਹੋਣਗੇ ਅਤੇ ਸਮਾਜ ਵਿੱਚ ਇੱਕ ਨਵੇਂ ਜੋਸ਼ ਦੀ ਲਹਿਰ ਆਵੇਗੀ। ਇਸ ਲੇਖ ਵਿੱਚ ਅਸੀਂ ਇਸ ਉਪਰਾਲੇ ਦੇ ਮਕਸਦ, ਲਾਭ ਅਤੇ ਇਸ ਵਿੱਚ ਪੇਸ਼ ਆਉਣ ਵਾਲੀਆਂ ਕਮੀਆਂ ਨੂੰ ਕਿਵੇ ਦੂਰ ਕੀਤਾ ਜਾ ਸਕਦਾ ਹੈ,ਉਸ ਦਾ ਵੀ ਵਿਸ਼ਲੇਸ਼ਣ ਕਰਾਂਗੇ।

ਪਿਛਲੇ ਕਈ ਦਹਾਕਿਆਂ ਵਿੱਚ, ਖੇਡਾਂ ਦੇ ਵੱਲ ਧਿਆਨ ਘੱਟ ਹੁੰਦਾ ਆ ਰਿਹਾ ਸੀ। ਸਿਰਫ਼ ਕੁਝ ਚੁਣੇ ਹੋਏ ਖਿਡਾਰੀ ਹੀ ਅੰਤਰਰਾਸ਼ਟਰੀ ਪੱਧਰ ਤੱਕ ਪਹੁੰਚਦੇ ਸਨ, ਬਾਕੀ ਦੇ ਬੱਚਿਆਂ ਦੇ ਲਈ ਖੇਡ ਸਿਰਫ਼ ਸਮੇਂ ਬਤਾਉਣ ਦਾ ਮਾਧਿਅਮ ਸਨ ਪਰ ਖੇਡਾਂ ਵਤਨ ਪੰਜਾਬ ਨੇ ਇਹ ਦ੍ਰਿਸ਼ਟੀਕੋਣ ਬਦਲ ਦਿੱਤਾ ਹੈ। ਇਸ ਪ੍ਰੋਗਰਾਮ ਦੇ ਜ਼ਰੀਏ ਪੰਜਾਬ ਸਰਕਾਰ ਨੇ ਇਹ ਯਕੀਨੀ ਬਣਾਇਆ ਹੈ ਕਿ ਹਰ ਬੱਚਾ ਅਤੇ ਨੌਜਵਾਨ ਆਪਣੀ ਖੇਡ ਖੋਜ ਸਕੇ, ਚਾਹੇ ਉਹ ਫੁੱਟਬਾਲ ਹੋਵੇ, ਹਾਕੀ, ਬੈਡਮਿੰਟਨ, ਜਾਂ ਕਿਸੇ ਹੋਰ ਖੇਡ। ਅੱਜ ਦੀ ਪੀੜ੍ਹੀ ਦੇ ਬੱਚੇ ਅਤੇ ਨੌਜਵਾਨ ਆਪਣੇ ਸਕੂਲਾਂ, ਕਾਲਜਾਂ ਅਤੇ ਪਿੰਡਾਂ ਵਿੱਚ ਖੇਡਾਂ ਲਈ ਉਤਸ਼ਾਹਿਤ ਹੋ ਰਹੇ ਹਨ, ਜੋ ਇਕ ਬਹੁਤ ਵੱਡਾ ਪ੍ਰਗਤੀਸ਼ੀਲ ਕਦਮ ਹੈ।

ਪੰਜਾਬ ਸਰਕਾਰ ਦਾ ਇਹ ਉਪਰਾਲਾ ਕਾਬਲੇ-ਤਾਰੀਫ਼ ਹੈ ਪਰ ਇਸ ਵਿੱਚ ਕੁਝ ਕਮੀਆਂ ਵੀ ਪੇਸ਼ ਆ ਰਹੀਆਂ ਹਨ। ਸਭ ਤੋਂ ਵੱਡੀ ਕਮੀ ਇਹ ਹੈ ਕਿ ਪ੍ਰਬੰਧਕੀ ਪੱਧਰ ’ਤੇ ਤਿਆਰੀ ਦੀ ਘਾਟ ਮਹਿਸੂਸ ਕੀਤੀ ਜਾ ਰਹੀ ਹੈ। ਕਈ ਸਥਾਨਾਂ ’ਤੇ ਖੇਡਾਂ ਦੀ ਜਾਣਕਾਰੀ ਪਹੁੰਚਾਉਣ ਵਿੱਚ ਕਮੀਆਂ ਰਹਿ ਜਾਂਦੀਆਂ ਹਨ। ਸੋਸ਼ਲ ਮੀਡੀਆ ਅਤੇ ਪ੍ਰੈੱਸ ਦੇ ਜ਼ਰੀਏ ਖੇਡਾਂ ਦੇ ਪ੍ਰਚਾਰ ਨੂੰ ਵੱਡੇ ਪੱਧਰ ’ਤੇ ਨਹੀਂ ਲਿਆਂਦਾ ਜਾ ਸਕਿਆ, ਜਿਸ ਨਾਲ ਕਈ ਵਿਦਿਆਰਥੀਆਂ ਅਤੇ ਨੌਜਵਾਨਾਂ ਨੂੰ ਇਨ੍ਹਾਂ ਪ੍ਰੋਗਰਾਮਾਂ ਬਾਰੇ ਜਾਣਕਾਰੀ ਨਹੀਂ ਮਿਲਦੀ। ਇਹ ਕਮੀ ਮੀਡੀਆ ਪ੍ਰਚਾਰ ਵਧਾ ਕੇ ਦੂਰ ਕੀਤੀ ਜਾ ਸਕਦੀ ਹੈ, ਜਿਸ ਨਾਲ ਖੇਡਾਂ ਵੱਲ ਲੋਕਾਂ ਦਾ ਵਧੇਰੇ ਰੁਝਾਨ ਹੋਵੇਗਾ। ਖੇਡਾਂ ਵਤਨ ਪੰਜਾਬ ਦੀਆਂ ਦੀ ਪ੍ਰੋਮੋਸ਼ਨ ਲਈ ਵਧੇਰੇ ਸੋਸ਼ਲ ਮੀਡੀਆ ਅਤੇ ਪ੍ਰੈਸ ਮੁਹਿੰਮਾਂ ਦੀ ਲੋੜ ਹੈ। ਹਰ ਸਾਲ ਖੇਡਾਂ ਦੀ ਸ਼ੁਰੂਆਤ ਦੇ ਨਾਲ ਹੀ ਇਸ ਦਾ ਪ੍ਰਚਾਰ ਵੱਡੇ ਪੱਧਰ ’ਤੇ ਕੀਤਾ ਜਾਣਾ ਚਾਹੀਦਾ ਹੈ। ਇਸ ਦੇ ਨਾਲ ਹੀ, ਰਿਫਰੈਸ਼ਮੈਂਟ ਦੇ ਮਾਮਲੇ ਵਿੱਚ ਵੀ ਕਈ ਥਾਵਾਂ ’ਤੇ ਕਮੀਆਂ ਪਾਈਆਂ ਜਾਂਦੀਆਂ ਹਨ। ਖੇਡਾਂ ਦੇ ਦੌਰਾਨ ਦਿੱਤੇ ਜਾਣ ਵਾਲੇ ਰਿਫਰੈਸ਼ਮੈਂਟ ਸਮਾਨ ਦੀ ਵੰਡ ਵਧੀਆ ਤਰੀਕੇ ਨਾਲ ਨਹੀਂ ਕੀਤੀ ਜਾਂਦੀ। ਕਈ ਵਿਦਿਆਰਥੀ ਅਤੇ ਖਿਡਾਰੀ, ਜੋ ਸਖ਼ਤ ਪ੍ਰਦਰਸ਼ਨ ਦੇ ਬਾਵਜੂਦ ਰਿਫਰੈਸ਼ਮੈਂਟ ਦੇ ਹੱਕਦਾਰ ਹੁੰਦੇ ਹਨ, ਉਨ੍ਹਾਂ ਤੱਕ ਇਹ ਸਹੂਲਤ ਨਹੀਂ ਪਹੁੰਚਦੀ। ਇਹ ਇੱਕ ਗੰਭੀਰ ਚਿੰਤਾ ਦਾ ਵਿਸ਼ਾ ਹੈ, ਕਿਉਂਕਿ ਇਹ ਸਿਰਫ਼ ਵਿੱਤੀ ਸਹੂਲਤ ਦਾ ਨਹੀਂ, ਸਗੋਂ ਖਿਡਾਰੀਆਂ ਦੇ ਮਨੋਬਲ ਦਾ ਵੀ ਸਵਾਲ ਹੈ। ਰਿਫਰੈਸ਼ਮੈਂਟ ਸਮਾਨ ਦੀ ਵੰਡ ਵਿੱਚ ਨਿਯਮਬੱਧਤਾ ਲਿਆਉਣ ਦੀ ਲੋੜ ਹੈ। ਇਸ ਲਈ ਇੱਕ ਪ੍ਰਬੰਧਕ ਟੀਮ ਬਣਾਈ ਜਾ ਸਕਦੀ ਹੈ ਜੋ ਹਰ ਖਿਡਾਰੀ ਦੀ ਸਹੂਲਤਾਂ ਦੇ ਮਾਮਲੇ ਵਿੱਚ ਸਾਹਮਣੇ ਆਉਂਦੀਆਂ ਸ਼ਿਕਾਇਤਾਂ ਦਾ ਨਿਪਟਾਰਾ ਕਰੇ।

**ਉਮਰ ਵਰਗਾਂ ’ਚ ਵੱਡੇ ਫ਼ਰਕ ਦਾ ਮੁੱਦਾ**

ਇੱਕ ਹੋਰ ਮਹੱਤਵਪੂਰਨ ਮਸਲਾ ਇਹ ਹੈ ਕਿ ਉਮਰ ਵਰਗਾਂ ਵਿੱਚ ਫ਼ਰਕ ਵੱਡਾ ਰੱਖਿਆ ਜਾਂਦਾ ਹੈ, ਜਿਸ ਨਾਲ ਮੌਕਿਆਂ ਦੀ ਸਮਾਨਤਾ ਨਹੀਂ ਬਣਦੀ। 31 ਤੋਂ 40 ਸਾਲ, 41 ਤੋਂ 50 ਸਾਲ ਅਤੇ 51 ਤੋਂ 60 ਸਾਲ ਦੀ ਉਮਰ ਦੇ ਗਰੁੱਪ ਬਣਾ ਕੇ ਇਨ੍ਹਾਂ ਨੂੰ ਖੇਡਾਂ ਵਿੱਚ ਸ਼ਿਰਕਤ ਕਰਨ ਲਈ ਕਿਹਾ ਜਾਂਦਾ ਹੈ। ਇਹ ਅੰਤਰ ਕਾਫ਼ੀ ਵੱਡਾ ਹੈ ਅਤੇ ਇਹ ਸਰੀਰਕ ਤਾਕਤ ਦੇ ਮੁਕਾਬਲੇ ਵਿੱਚ ਨਾਇਨਸਾਫ਼ੀ ਵਜੋਂ ਆਉਂਦਾ ਹੈ ਕਿਉਂਕਿ 41 ਸਾਲ ਦੇ ਬੰਦੇ ਨਾਲ 50 ਸਾਲ ਦੇ ਬੰਦੇ ਦਾ ਮੁਕਾਬਲਾ ਨਿਆਇਕ ਨਹੀਂ ਹੋ ਸਕਦਾ। ਜੇਕਰ ਉਮਰ ਦੇ ਅੰਤਰ ਨੂੰ ਪੰਜ ਸਾਲ ਦਾ ਕਰ ਦਿੱਤਾ ਜਾਵੇ, ਜਿਵੇਂ ਕਿ ਬੈਟਰਨ ਅਥਲੈਟਿਕਸ ਵਿੱਚ ਹੁੰਦਾ ਹੈ, ਤਾਂ ਇਸ ਨਾਲ ਖਿਡਾਰੀਆਂ ਵਿੱਚ ਹੋਰ ਵੀ ਉਤਸ਼ਾਹ ਵਧੇਗਾ ਅਤੇ ਮੌਕੇ ਸਾਰੀ ਜਨਸੰਖਿਆ ਲਈ ਸਮਾਨ ਹੋਣਗੇ। ਇਸ ਲਈ ਬੈਟਰਨ ਅਥਲੈਟਿਕਸ ਦੀ ਤਰ੍ਹਾਂ, ਉਮਰ ਦੇ ਗਰੁੱਪਾਂ ਦਾ ਫ਼ਰਕ ਪੰਜ ਸਾਲ ਦਾ ਹੋਣਾ ਚਾਹੀਦਾ ਹੈ ਤਾਂ ਜੋ ਮੁਕਾਬਲੇ ਨਿਆਇਕ ਹੋ ਸਕਣ।

**(ਬਾਕੀ ਸਫ਼ਾ 31 ’ਤੇ)**



# ਵੇ ਮੈਂ ਤਿੜਕੇ ਘੜੇ ਦਾ ਪਾਣੀ...

# ਸੁਰਜੀਤ ਬਿੰਦਰਖੀਆ

ਕੁਲਦੀਪ ਸਾਹਿਲ

ਕਹਿੰਦੇ ਹਨ ਕਿ ਦੁਨੀਆ ’ਚ ਬਹੁਤ ਘੱਟ ਲੋਕ ਹੋਏ ਹਨ ਜਿਨ੍ਹਾਂ ਨੂੰ ਆਪਣੀ ਮੌਤ ਦਾ ਅੰਦਾਜ਼ਾ ਪਹਿਲਾਂ ਹੀ ਲੱਗ ਗਿਆ ਸੀ। ਸ਼ਿਵ ਕੁਮਾਰ ਬਟਾਲਵੀ ਨੇ ਮੌਤ ਤੋਂ ਪਹਿਲਾਂ ਆਪਣਾ ਆਖ਼ਰੀ ਗੀਤ ਲਿਖਿਆ ‘ਇਹ ਮੇਰਾ ਗੀਤ ਕਿਸੇ ਨਾ ਗਾਣਾ, ਇਹ ਮੇਰਾ ਗੀਤ ਮੈਂ ਆਪੇ ਗਾ ਕੇ, ਭਲਕੇ ਹੀ ਮਰ ਜਾਣਾ’। ਇਸੇ ਤਰ੍ਹਾਂ ਸੁਰਜੀਤ ਬਿੰਦਰਖੀਆ ਨੇ ਵੀ ਮੌਤ ਤੋਂ ਪਹਿਲਾਂ ਆਪਣਾ ਆਖ਼ਰੀ ਗੀਤ ਗਾਇਆ, ‘ਹੋਵੀਂ ਨਾ ਨਾਰਾਜ਼ ਵੇ ਤੂੰ ਹੋਵੀਂ ਨਾ ਨਿਰਾਸ ਵੇ, ਗੱਲਾਂ ਸੱਚੀਆਂ, ਭਾਵੇਂ ਨਾ ਸੱਚ ਜਾਣੀ, ਮੈਂ ਕੱਲ੍ਹ ਤੱਕ ਨਹੀਂ ਰਹਿਣਾ, ਵੇ ਮੈ ਤਿੜਕੇ ਘੜੇ ਦਾ ਪਾਣੀ।’ਸੁਰਜੀਤ ਬਿੰਦਰਖੀਆ ਦਾ ਜਨਮ 15 ਅਪ੍ਰੈਲ 1962 ਨੂੰ ਰੋਪੜ ਜ਼ਿਲ੍ਹੇ ਦੇ ਪਿੰਡ ਬਿੰਦਰਖ ਵਿਖੇ ਪਿਤਾ ਸੁੱਚਾ ਸਿੰਘ ਤੇ ਮਾਤਾ ਗੁਰਚਰਨ ਕੌਰ ਦੇ ਪਰਿਵਾਰ ਵਿੱਚ ਹੋਇਆ। ਉਸ ਦੇ ਪਿਤਾ ਜੀ ਮੰਨੇ-ਪ੍ਰਮੰਨੇ ਪਹਿਲਵਾਨ ਸਨ। ਉਨ੍ਹਾਂ ਨੂੰ ਘੁਲਦਿਆਂ ਦੇਖ ਸੁਰਜੀਤ ਬਿੰਦਰਖੀਆ ਦੇ ਅੰਦਰ ਵੀ ਪਹਿਲਵਾਨੀ ਦੀ ਚੇਟਕ ਲੱਗ ਗਈ ਸੀ ਪਰ ਉਹ ਇਸ ਖੇਤਰ ਵਿੱਚ ਜ਼ਿਆਦਾ ਦੇਰ ਨਹੀਂ ਟਿਕ ਸਕੇ ਕਿਉਂਕਿ ਉਨ੍ਹਾਂ ਨੂੰ ਕਾਲਜ ਪੜ੍ਹਦਿਆਂ ਭੰਗੜੇ ਦਾ ਸ਼ੌਕ ਜਾਗ ਪਿਆ। ਉਸ ਨੇ ਕਾਲਜ ਦੀਆਂ ਸਟੇਜਾਂ ਉੱਤੇ ਬੋਲੀਆਂ ਤੇ ਭੰਗੜਾ ਪਾ ਕੇ ਆਪਣੀ ਕਾਬਲੀਅਤ ਦਾ ਲੋਹਾ ਮੰਨਵਾਇਆ। ਪ੍ਰਸਿੱਧ ਗਾਇਕ ਪੰਮੀ ਬਾਈ ਨੇ ਉਸ ਅੰਦਰਲੀ ਪ੍ਰਤਿਭਾ ਨੂੰ ਭਾਂਪਦਿਆਂ ਉਸ ਨੂੰ ਦਿੱਲੀ ਵਿਖੇ 1982 ਵਿੱਚ ਹੋਣ ਵਾਲੀਆਂ ਏਸ਼ੀਆਈ ਖੇਡਾਂ ਦੇ ਸਬੰਧ ਵਿੱਚ ਕਰਵਾਏ ਜਾ ਰਹੇ ਸੱਭਿਆਚਾਰਕ ਮੇਲੇ ’ਚ ਸ਼ਮੂਲੀਅਤ ਕਰਨ ਲਈ ਰਜ਼ਾਮੰਦ ਕਰ ਲਿਆ। ਸੁਰਜੀਤ ਬਿੰਦਰਖੀਏ ਨੇ ਆਪਣੀ ਦਮਦਾਰ ਆਵਾਜ਼ ਅਤੇ ਭੰਗੜੇ ਨਾਲ ਦਰਸ਼ਕਾਂ ਦੇ ਦਿਲ ਜਿੱਤ ਲਏ। ਸੁਰਜੀਤ ਬਿੰਦਰਖੀਆ ਦੀ ਆਵਾਜ਼ ਨੇ ਲੋਕ ਮਨਾਂ ’ਤੇ ਜਾਦੂ ਵਰਗਾ ਅਸਰ ਕੀਤਾ। ਉਹ ਆਪਣੀ ਪਲੇਠੀ ਕੈਸੇਟ ਨਾਲ ਹੀ ਉਸ ਸਮੇਂ ਦੇ ਹਿੱਟ ਕਲਾਕਾਰਾਂ ਦੀ ਕਤਾਰ ਵਿੱਚ ਆ ਖੜ੍ਹਾ ਹੋਇਆ। ਸਰੋਤੇ ਉਸ ਦੀਆਂ ਕੈਸੇਟਾਂ ਦਾ ਬੇਸਬਰੀ ਨਾਲ ਇੰਤਜ਼ਾਰ ਕਰਦੇ ਸਨ। ਵਿਆਹਾਂ ਵਿੱਚ ਡੀਜੇ ’ਤੇ ਵੱਜਣ ਵਾਲੇ ਗੀਤਾਂ ’ਚ ਬਹੁਗਿਣਤੀ ਗੀਤ ਸੁਰਜੀਤ ਬਿੰਦਰਖੀਏ ਦੇ ਹੀ ਹੁੰਦੇ ਸਨ। ਉਸ ਦੇ ਅਨੇਕਾਂ ਗੀਤਾਂ ਨੇ ਕੌਮਾਂਤਰੀ ਪੱਧਰ ’ਤੇ ਪ੍ਰਸਿੱਧੀ ਹਾਸਲ ਕੀਤੀ, ਜਿਨ੍ਹਾਂ ਵਿੱਚ ‘ਦੁਪੱਟਾ ਤੇਰਾ ਸੱਤ ਰੰਗ ਦਾ’ ਗੀਤ ਨੂੰ ਕੌਮਾਂਤਰੀ ਪੱਧਰ ਦੇ ਦਸ ਹਿੱਟ ਗੀਤਾਂ ਵਿੱਚ ਸ਼ਾਮਲ ਹੋਣ ਦਾ ਮਾਣ ਪ੍ਰਾਪਤ ਹੋਇਆ। ਸੁਰਜੀਤ ਬਿੰਦਰਖੀਏ ਦੀਆਂ ਹੁਣ ਤੱਕ ਮਾਰਕੀਟ ’ਚ ਆਈਆਂ 29 ਦੇ ਕਰੀਬ ਕੈਸੇਟਾਂ ਨੂੰ ਸਰੋਤਿਆਂ ਵੱਲੋਂ ਭਰਵਾਂ ਹੁੰਗਾਰਾ ਮਿਲਿਆ। ਗੀਤਕਾਰ ਸ਼ਮਸ਼ੇਰ ਸੰਧੂ ਦੀ ਕਲਮ ਤੇ ਬਿੰਦਰਖੀਏ ਦੀ ਆਵਾਜ਼ ਨੇ ਮਿਲ ਕੇ ਅਜਿਹਾ ਇਤਿਹਾਸ ਸਿਰਜਿਆ, ਜਿਸ ਦੀ ਮਿਸਾਲ ਸ਼ਾਇਦ ਕਿਧਰੇ ਨਹੀਂ ਮਿਲਦੀ। ਉਸ ਦੇ ਅਨੇਕ ਗੀਤ ਜਿਨ੍ਹਾਂ ’ਚੋਂ ‘ਦੁਪੱਟਾ ਤੇਰਾ ਸੱਤ ਰੰਗ ਦਾ’, ‘ਤੇਰੇ ’ਚੋਂ ਤੇਰਾ ਯਾਰ ਬੋਲਦਾ’, ‘ਲੱਕ ਟੁੰਣੂ ਟੁੰਣੂ’, ‘ਮੁੱਖੜਾ ਦੇਖ ਕੇ ਮਰ ਗਿਆ ਨੀ’, ‘ਪੇਕੇ ਹੁੰਦੇ ਮਾਂਵਾਂ ਨਾਲ’, ‘ਕੱਚੇ ਤੰਦਾਂ ਦੀਆਂ ਅੱਜ-ਕੱਲ੍ਹ ਯਾਰੀਆਂ’ ਅਤੇ ‘ਮੈਂ ਤਿੜਕੇ ਘੜੇ ਦਾ ਪਾਣੀ’ ਆਦਿ ਗੀਤ ਅੱਜ ਵੀ ਹਵਾਵਾਂ ਵਿੱਚ ਆਪਣੀ ਮਹਿਕ ਬਿਖੇਰਦੇ ਹਨ। ਸੁਰਜੀਤ ਨੇ ਜਿਸ ਵੀ ਖੇਤਰ ’ਚ ਪੈਰ ਪਾਇਆ ਭਾਵੇਂ ਉਹ ਖੇਤਰ ਪਹਿਲਵਾਨੀ ਦਾ ਹੋਵੇ ਜਾਂ ਭੰਗੜੇ ਦਾ ਅਤੇ ਚਾਹੇ ਪੰਜਾਬੀ ਗਾਇਕੀ ਦਾ, ਕੁਦਰਤ ਹਮੇਸ਼ਾ ਉਸ ਉੱਤੇ ਮਿਹਰਬਾਨ ਰਹੀ। ਕੁਦਰਤ ਨੇ ਉਸ ਦੇ ਰਾਹਾਂ ’ਤੇ ਫੁੱਲ ਵਿਛਾ ਕੇ ਉਸ ਦਾ ਸਵਾਗਤ ਕੀਤਾ। ਉਸ ਨੇ 28 ਸੈਕਿੰਡ ਲੰਮੀ ਹੇਕ ਲਾ ਕੇ ਵਿਸ਼ਵ ਰਿਕਾਰਡ ਕਾਇਮ ਕੀਤਾ। ਉਸ ਨੇ ‘ਮਿਰਜਾ’, ‘ਜੁਗਨੀ’, ‘ਟੱਪੇ’ ਅਤੇ ਬੀਟ ਗੀਤਾਂ ਨੂੰ ਵਿਲੱਖਣ ਅੰਦਾਜ਼ ਵਿੱਚ ਗਾ ਕੇ ਆਪਣੀ ਇੱਕ ਅਲਹਿਦਾ ਪਛਾਣ ਬਣਾਈ। ਉਸ ਦੇ ਗੀਤ ਪੰਜਾਬੀ ਫਿਲਮਾਂ ਵਿੱਚ ਵੀ ਗੂੰਜੇ।

ਉੱਚੇ-ਲੰਮੇ ਕੱਦ-ਕਾਠ ਅਤੇ ਸੋਹਣੀ ਡੀਲ-ਡੌਲ ਦਾ ਮਾਲਕ ਸੁਰਜੀਤ ਬਿੰਦਰਖੀਆ ਜਦੋਂ ਕੁੜਤਾ, ਚਾਦਰਾ ਅਤੇ ਲਿਸ਼ਕਦੀ ਪੱਗ ਬੰਨ੍ਹ ਕੇ ਸਟੇਜ ਉੱਤੇ ਖੜ੍ਹ ਉੱਚੀ ਹੇਕ ਲਾਉਂਦਾ ਤਾਂ ਦਰਸ਼ਕ ਅਸ਼-ਅਸ਼ ਕਰ ਉੱਠਦੇ। 17 ਨਵੰਬਰ 2003 ਨੂੰ ਤਿੜਕੇ ਘੜੇ ਦਾ ਪਾਣੀ ਖਾਲੀ ਹੋ ਚੁੱਕਾ ਸੀ ਅਤੇ ਪੰਜਾਬੀ ਗਾਇਕੀ ਦੇ ਅੰਬਰ ਦਾ ਚੰਨ ਸੁਰਜੀਤ ਬਿੰਦਰਖੀਆ ਸਦਾ-ਸਦਾ ਲਈ ਉਡਾਰੀ ਮਾਰ ਗਿਆ। ਉਸ ਦੇ ਪਰਿਵਾਰ ਵਿੱਚ ਪਤਨੀ, ਬੇਟੀ ਮੀਨਾਜ ਬਿੰਦਰਖੀਆ ਅਤੇ ਬੇਟਾ ਗੀਤਾਜ ਬਿੰਦਰਖੀਆ ਰਹਿ ਗਏ। ਬੇਟਾ ਗੀਤਾਜ ਆਪਣੇ ਪਿਤਾ ਦੇ ਪਾਏ ਹੋਏ ਪੂਰਨਿਆਂ ਉੱਤੇ ਚੱਲਣ ਦੀ ਕੋਸ਼ਿਸ਼ ਕਰ ਰਿਹਾ ਹੈ।

## ਔਰਤਾਂ ਲਈ ਰੋਲ ਮਾਡਲ ਸੀ ਪੰਜਾਬ ਦੀ ਕੋਇਲ

# ਸੁਰਿੰਦਰ ਕੌਰ



ਪੰਜਾਬ ਦੀ ਕੋਇਲ ਕਹੀ ਜਾਣ ਵਾਲੀ ਅਤੇ ਪੰਜਾਬੀ ਗੀਤਾਂ ਦੀ ਸ਼ਹਿਜ਼ਾਦੀ ਸੁਰਿੰਦਰ ਕੌਰ ਨੂੰ ਔਰਤਾਂ ਲਈ ਰੋਲ ਮਾਡਲ ਕਹਿਣਾ ਕੋਈ ਗਲਤ ਨਹੀਂ ਹੋਵੇਗਾ ਕਿਉਂਕਿ ਉਨ੍ਹਾਂ ਉਸ ਵਕਤ ਸਟੇਜਾਂ ’ਤੇ ਗਾਉਣਾ ਸ਼ੁਰੂ ਕੀਤਾ ਜਦੋਂ ਕਿਸੇ ਲੜਕੀ ਲਈ ਘਰੋਂ ਬਾਹਰ ਜਾਣਾ ਸਮਾਜ ਦੀਆਂ ਨਜ਼ਰਾਂ ਵਿੱਚ ਇੱਕ ਗੁਨਾਹ ਸੀ। ਠੀਕ ਉਸ ਸਮੇਂ ਪ੍ਰਕਾਸ਼ ਕੌਰ ਅਤੇ ਸੁਰਿੰਦਰ ਕੌਰ ਨੇ ਇਸ ਤੋਂ ਬਗਾਵਤ ਕਰਦਿਆਂ ਗਾਇਕੀ ਖੇਤਰ ਨੂੰ ਅਪਣਾ ਕੇ ਔਰਤਾਂ ਨੂੰ ਅਜ਼ਾਦੀ ਪ੍ਰਤੀ ਜਾਗਰੂਕ ਕਰ ਕੇ ਸੁਨੇਹਾ ਦੇਣ ਦੀ ਕੋਸ਼ਿਸ ਕੀਤੀ। ਉਨ੍ਹਾਂ ਹਮੇਸ਼ਾ ਪਰਿਵਾਰ ਵਿੱਚ ਬੈਠ ਕੇ ਸੁਣਨ ਵਾਲੇ ਸੱਭਿਆਚਾਰਕ ਗੀਤ ਹੀ ਗਾਏ। ਬੀਬੀ ਸੁਰਿੰਦਰ ਕੌਰ ਦੇ ਗੀਤਾਂ ਰਾਹੀਂ ਮਾਂ ਅਤੇ ਧੀ ਦਾ ਦਰਦ ਛਲਕਦਾ ਸੀ। ਉਨ੍ਹਾਂ ਨੇ ਪਹਿਲਾ ਗੀਤ ਵੀ ਮਾਂ ਅਤੇ ਧੀ ਲਈ ਰਿਕਾਰਡ ਕਰਵਾਇਆ।

ਸੁਰਿੰਦਰ ਕੌਰ ਦਾ ਜਨਮ ਲਾਹੌਰ ਵਿੱਚ 25 ਨਵੰਬਰ 1929 ਨੂੰ ਪਿਤਾ ਬਿਸ਼ਨ ਦਾਸ ਅਤੇ ਮਾਤਾ ਮਾਇਆ ਦੇਵੀ ਦੇ ਘਰ ਹੋਇਆ। ਉਸ ਦੀਆਂ ਚਾਰ ਭੈਣਾਂ, (ਪ੍ਰਕਾਸ਼ ਕੌਰ, ਮੁਹਿੰਦਰ ਕੌਰ, ਮਨਜੀਤ ਕੌਰ ਤੇ ਨਰਿੰਦਰ ਕੌਰ) ਅਤੇ ਪੰਜ ਭਰਾ ਸਨ। 12 ਸਾਲ ਦੀ ਉਮਰ ਵਿੱਚ ਸੁਰਿੰਦਰ ਕੌਰ, ਪ੍ਰਕਾਸ਼ ਕੌਰ ਦੇ ਨਾਲ ਹੀ ਮੁਸਲਿਮ ਉਸਤਾਦ ਇਨਾਇਤ ਹੁਸੈਨ ਅਤੇ ਹਿੰਦੂ ਉਸਤਾਦ ਪੰਡਿਤ ਮਨੀ ਪ੍ਰਸ਼ਾਦ ਤੋਂ ਸ਼ਾਸਤਰੀ ਸੰਗੀਤ ਦੀ ਸਿਖਿਆ ਹਾਸਲ ਕਰਨ ਲੱਗ ਪਈ ਸੀ, ਜਿਸ ਦੀ ਬਦੌਲਤ ਅਗਸਤ 1943 ਵਿੱਚ ਸੁਰਿੰਦਰ ਕੌਰ ਨੇ 13 ਸਾਲ ਦੀ ਉਮਰ ਵਿੱਚ ਪਹਿਲੀ ਵਾਰ ਲਾਹੌਰ ਰੇਡੀਓ ’ਤੇ ਗਾਇਆ। ਇਸੇ ਸਾਲ 31 ਅਗਸਤ ਨੂੰ ਐੱਚ.ਐੱਮ.ਵੀ. ਨੇ ਦੋਹਾਂ ਭੈਣਾਂ ਦੀ ਆਵਾਜ਼ ਵਿੱਚ ਪਹਿਲਾ ਗੀਤ ‘ਮਾਵਾਂ ਤੇ ਧੀਆਂ ਰਲ ਬੈਠੀਆਂ’ ਰਿਕਾਰਡ ਕੀਤਾ, ਜੋ ਬਹੁਤ ਸਲਾਹਿਆ ਗਿਆ। ਇਸ ਤੋਂ ਇਲਾਵਾ ਉਨ੍ਹਾਂ ਨੇ ਬਹੁਤ ਸਾਰੇ ਸਦਾਬਹਾਰ ਗੀਤ ਪੰਜਾਬੀ ਸਰੋਤਿਆਂ ਦੇ ਰੂਬਰੂ ਕੀਤੇ, ਜਿਨ੍ਹਾਂ ’ਚੋਂ ਕੁਝ ਗੀਤ ਕਾਫੀ ਮਕਬੂਲ ਹੋਏ, ਜਿਵੇਂ ‘ਚੰਨ ਕਿਥਾਂ ਗੁਜ਼ਾਰੀ ਆ ਰਾਤ ਵੇ’, ‘ਲੱਠੇ ਦੀ ਚਾਦਰ’, ‘ਸ਼ੌਂਕਣ ਮੇਲੇ ਦੀ’, ‘ਗੋਰੀ ਦੀਆਂ ਝਾਂਜਰਾਂ’, ‘ਸੜਕੇ-ਸੜਕੇ ਜਾਂਦੀਏ ਮੁਟਿਆਰੇ’, ‘ਮਾਵਾਂ ਤੇ ਧੀਆਂ’, ‘ਜੁੱਤੀ ਕਸੂਰੀ ਪੈਰੀ ਨਾ ਪੂਰੀ’, ‘ਮਧਾਣੀਆਂ’, ‘ਇਨ੍ਹਾਂ ਅੱਖੀਆਂ ’ਚ ਪਾਵਾਂ ਕਿਵੇਂ ਕਜਲਾ ਵੇ ਅੱਖੀਆਂ ਤੂੰ ਵੱਸਦਾ’, ‘ਗਮਾਂ ਦੀ ਰਾਤ ਲੰਮੀ ਏ ਜਾਂ ਮੇਰੇ ਗੀਤ’, ‘ਸੂਹੇ ਵੇ ਚੀਰੇ ਵਾਲਿਆ’।

ਦੇਸ਼ ਦੀ ਵੰਡ ਸਮੇਂ ਉਹ ਪਰਿਵਾਰ ਦੇ ਨਾਲ ਹੀ ਗਾਜ਼ੀਆਬਾਦ (ਦਿੱਲੀ) ਆ ਵੱਸੀ ਤੇ ਫੇਰ ਮੁੰਬਈ। ਉੱਥੇ ਉਨ੍ਹਾਂ 1948 ਵਿੱਚ ਪਿੱਠਵਰਤੀ ਗਾਇਕਾ ਵਜੋਂ ਫਿਲਮ ‘ਸ਼ਹੀਦ’ ਲਈ ਯਾਦਗਾਰੀ ਗੀਤ ‘ਬਦਨਾਮ ਨਾ ਹੋ ਜਾਏ ਮੁਹੱਬਤ ਕਾ ਫ਼ਸਾਨਾ’ ਰਿਕਾਰਡ ਕਰਵਾਇਆ। ਸੰਨ 1952 ’ਚ ਵਾਪਸ ਦਿੱਲੀ ਪਰਤੀ ਸੁਰਿੰਦਰ ਦਾ ਵਿਆਹ ਦਿੱਲੀ ਯੂਨੀਵਰਸਿਟੀ ਵਿੱਚ ਪੰਜਾਬੀ ਸਾਹਿਤ ਦੇ ਲੈਕਚਰਾਰ ਜੋਗਿੰਦਰ ਸਿੰਘ ਸੋਢੀ ਨਾਲ ਕਰ ਦਿੱਤਾ ਗਿਆ, ਜੋ ਉਸ ਦਾ ਵਿਸ਼ੇਸ਼ ਸਹਾਇਕ ਤੇ ਸਹਿਯੋਗੀ ਬਣਿਆ। ਆਪ ਦੇ ਘਰ ਤਿੰਨ ਲੜਕੀਆਂ ਨੇ ਜਨਮ ਲਿਆ, ਜਿਨ੍ਹਾਂ ’ਚੋਂ ਵੱਡੀ ਡੌਲੀ ਗੁਲੇਰੀਆ ਪੰਜਾਬੀ ਦੀ ਨਾਮਵਰ ਗਾਇਕਾ ਹੈ।

ਸੁਰਿੰਦਰ ਕੌਰ ਨੇ ਆਸਾ ਸਿੰਘ ਮਸਤਾਨਾ, ਕਰਨੈਲ ਗਿੱਲ, ਹਰਚਰਨ ਗਰੇਵਾਲ, ਰੰਗੀਲਾ ਜੱਟ ਅਤੇ ਦੀਦਾਰ ਸੰਧੂ ਨਾਲ ਦੋਗਾਣਿਆਂ ਸਮੇਤ 2000 ਤੋਂ ਵਧੇਰੇ ਗੀਤ ਰਿਕਾਰਡ ਕਰਵਾਏ ਅਤੇ ਕਈ ਮੁਲਕਾਂ ਦੇ ਸਫਲ ਟੂਰ ਲਾਉਣ ਵਾਲੀ ਸੁਰਿੰਦਰ ਦੇ ਗੀਤਾਂ ਦੀ ਲੈਅ ਉਦਾਸ ਗੀਤਾਂ ’ਚ ਬਦਲ ਗਈ, ਜਦੋਂ 1975 ’ਚ ਉਨ੍ਹਾਂ ਦੇ ਪਤੀ ਦੀ ਮੌਤ ਹੋ ਗਈ।

(ਬਾਕੀ ਸਫ਼ਾ 31 ’ਤੇ)

# ਦਰਸ਼ਕਾਂ ਦਾ ਹਰਮਨਪਿਆਰਾ ਅਦਾਕਾਰ ਯੋਗੇਸ਼ ਛਾਬੜਾ

## ਫ਼ਿਲਮ ‘ਸਰਪੰਚ’ ਦੇ ਗੀਤ ‘ਨਈਉਂ ਭੁੱਲਣਾ ਵਿਛੋੜਾ ਮੈਨੂੰ ਤੇਰਾ ਸਾਰੇ ਦੁੱਖ ਭੁੱਲ ਜਾਣਗੇ’ ਵਿੱਚ ਕੀਤੀ ਸੀ ਸ਼ਾਨਦਾਰ ਅਦਾਕਾਰੀ



ਜੌਹਰੀ ਮਿੱਤਲ

ਪੰਜਾਬੀ ਫ਼ਿਲਮ ਇੰਡਸਟਰੀ ਵਿੱਚ ਜਿਨ੍ਹਾਂ ਕਲਾਕਾਰਾਂ ਦੀ ਇੱਕ ਵੇਲੇ ਤੂਤੀ ਬੋਲਦੀ ਹੁੰਦੀ ਸੀ ਉਨ੍ਹਾਂ ਵਿਚੋਂ ਅਦਾਕਾਰ, ਪ੍ਰੋਡਿਊਸਰ ਤੇ ਡਾਇਰੈਕਟਰ ਯੋਗੇਸ ਛਾਬੜਾ ਦਾ ਅਕਸਰ ਜ਼ਿਕਰ ਛਿੜਦਾ ਹੈ। ਉਨ੍ਹਾਂ ਆਪਣੇ ਕੰਮ ਦੀ ਬਦੌਲਤ ਇੱਕ ਵੱਖਰੀ ਪਛਾਣ ਬਣਾਈ। ਯੋਗੇਸ਼ ਛਾਬੜਾ ਭਾਵੇਂ ਇਸ ਵੇਲੇ ਫ਼ਿਲਮਾਂ ਵਿੱਚ ਬਹੁਤ ਘੱਟ ਨਜ਼ਰ ਆਉਦਾ ਹੈ ਪਰ ਉਨ੍ਹਾਂ ਹਿੰਦੀ ਤੋਂ ਲੈ ਕੇ ਪੰਜਾਬੀ ਸਿਨੇਮੇ ਵਿੱਚ ਜਿੰਨਾ ਵੀ ਕੰਮ ਕੀਤਾ ਉਹ ਚਰਚਿਤ ਹੋਇਆ। ਉਹ ਅੱਜ ਵੀ ਪੰਜਾਬੀ ਫ਼ਿਲਮ ਇੰਡਸਟਰੀ ਲਈ ਫਿਕਰਮੰਦ ਹਨ। ਇਸ ਨਿੱਘੇ ਸੁਭਾਅ ਤੇ ਮਿਲਣਸਾਰ ਸ਼ਖ਼ਸੀਅਤ ਦੇ ਮਾਲਕ ਨਾਲ ਪਿਛਲੇ ਦਿਨੀਂ ਗੱਲਬਾਤ ਹੋਈ, ਪੇਸ਼ ਹਨ ਉਸ ਦੇ ਕੁਝ ਅੰਸ਼ :-

**- ਆਪਣੇ ਪਿਛੋਕੜ ਬਾਰੇ ਕੁਝ ਦੱਸੋ ?**

ਸਾਡਾ ਪਰਿਵਾਰਕ ਪਿਛੋਕੜ ਤਾਂ ਪਾਕਿਸਤਾਨ ਦਾ ਹੈ। ਵੰਡ ਵੇਲੇ ਸਾਡਾ ਪਰਿਵਾਰ ਪਹਿਲਾਂ ਕਰਨਾਲ ਫਿਰ ਕੁਰੂਕਸ਼ੇਤਰ ਆ ਕੇ ਵਸਿਆ ਸੀ ਪਰ ਫਿਰ ਪੱਕੇ ਤੌਰ ’ਤੇ ਗੰਗਾਨਗਰ ਆ ਵਸ ਗਿਆ ਸੀ। ਜਿੱਥੇ ਮੇਰੀ ਮੁੱਢਲੀ ਤੋਂ ਲੈ ਕੇ ਬੀਏ ਤੱਕ ਦੀ ਪੜ੍ਹਾਈ ਖ਼ਾਲਸਾ ਸਕੂਲ ਤੇ ਕਾਲਜ ਤੋਂ ਪੂਰੀ ਹੋਈ।

**- ਤੁਹਾਨੂੰ ਕਲਾ ਖੇਤਰ ਨਾਲ ਕਿਵੇਂ ਲਗਾਅ ਹੋਇਆ ?**

ਮੇਰੇ ਪਿਤਾ ਮਦਨ ਲਾਲ ਛਾਬੜਾ ਜੀ ਸੰਗੀਤ ਨੂੰ ਬੇਹੱਦ ਪਿਆਰ ਕਰਦੇ ਸਨ, ਜਿਸ ਕਰ ਕੇ ਉਹ ਵੰਡ ਵੇਲੇ ਆਪਣੀ ਪਿੱਠ ’ਤੇ ਕੱਪੜੇ ’ਚ ਬੰਨ੍ਹ ਕੇ ਸਿਰਫ਼ ਵਾਜਾ ਹੀ ਲੈ ਕੇ ਆਏ ਸਨ। ਅਕਸਰ ਘਰ ਵਿੱਚ ਵੀ ਉਨ੍ਹਾਂ ਦੀ ਕਲਾ ਨੂੰ ਪਿਆਰ ਕਰਨ ਵਾਲੇ ਲੋਕਾਂ ਦਾ ਤਾਤਾ ਲੱਗਿਆ ਰਹਿੰਦਾ ਸੀ। ਉਨ੍ਹਾਂ ਦਾ ਸੰਗੀਤ ਨਾਲ ਐਨਾ ਲਗਾਅ ਦੇਖ ਕੇ ਹੀ ਮੈਂ ਕਲਾ ਖੇਤਰ ਵਿੱਚ ਦਾਖ਼ਲ ਹੋਇਆ ਸੀ।

- ਤੁਸੀਂ ਬਕਾਇਦਾ ਐਕਟਿੰਗ ਦੀ ਪੜ੍ਹਾਈ ਕੀਤੀ, ਇਹ ਸਬੱਬ ਕਿਵੇਂ ਬਣਿਆ ?

ਸਭ ਤੋਂ ਪਹਿਲਾਂ ਮੈਂ ਆਪਣੇ ਪਰਿਵਾਰ ਦਾ ਰਿਣੀ ਹਾਂ ਖ਼ਾਸ ਕਰ ਕੇ ਪਿਤਾ ਜੀ ਦਾ ਜੋ ਮੈਨੂੰ ਹੀਰੋ ਬਣਾਉਣਾ ਚਾਹੁੰਦੇ ਸਨ, ਜਿਨ੍ਹਾਂ ਦੀ ਬਦੌਲਤ ਮੈਂ ਫ਼ਿਲਮ ਐਂਡ ਟੈਲੀਵਿਜ਼ਨ ਇੰਸਟੀਚਿਊਟ ਇੰਡੀਆ ਪੂਨਾ ਵਿਖੇ ਦਾਖ਼ਲਾ ਲੈ ਲਿਆ। ਐਕਟਿੰਗ ਕੋਰਸ ਵਿੱਚ ਮੇਰਾ ਤਜਰਬਾ ਬਹੁਤ ਵਧੀਆ ਰਿਹਾ ਸੀ। ਮੇਰੇ ਨਾਲ ਚੋਟੀ ਦੇ ਕਲਾਕਾਰਾਂ ਜਯਾ ਬੱਚਨ, ਅਨਿਲ ਧਵਨ, ਡੈਨੀ ਸਾਹਿਬ, ਮਿਥੁਨ ਚੱਕਰਵਰਤੀ ਆਦਿ ਨੇ ਕੋਰਸ ਕੀਤਾ ਸੀ।

**- ਤੁਸੀਂ ਆਪਣੇ ਫ਼ਿਲਮੀ ਕਰੀਅਰ ਦੀ ਸ਼ੁਰੂਆਤ ਕਿੱਥੋਂ ਕੀਤੀ ?**

ਮੈਂ ਜਿਵੇਂ ਹੀ ਆਪਣਾ ਐਕਟਿੰਗ ਕੋਰਸ ਪੂਰਾ ਕੀਤਾ ਤਾਂ ਮੈਨੂੰ ਸਭ ਤੋਂ ਪਹਿਲਾਂ ਗੁਲਜ਼ਾਰ ਸਾਹਿਬ ਦੀ ਹਿੰਦੀ ਫ਼ਿਲਮ ‘ਮੇਰੇ ਅਪਨੇ’ ਵਿੱਚ ਕੰਮ ਕਰਨ ਦਾ ਮੌਕਾ ਮਿਲਿਆ। ਇਸ ਫ਼ਿਲਮ ਵਿੱਚ ਮੀਨਾ ਕੁਮਾਰੀ ਨਾਲ ਕੰਮ ਕਰਨ ਦਾ ਮੌਕਾ ਮਿਲਿਆ ਸੀ। ਇਹ ਫ਼ਿਲਮ ਉਨ੍ਹਾਂ ਦੀ ਆਖ਼ਰੀ ਫ਼ਿਲਮ ਸੀ। ਇਸ ਤੋਂ ਬਾਅਦ ਹਿੰਦੀ ਦੀਆਂ ਚਰਚਿਤ ਫ਼ਿਲਮਾਂ ਜਿਵੇਂ ‘ਗੰਗਾ ਕੀ ਸੌਗੰਧ’, ‘ਗੁੰਮਰਾਹ’, ‘ਨਮਕ ਹਰਾਮ’, ‘ਜ਼ਹਿਰੀਲੇ ਇਨਸਾਨ’ ਤੇ ‘ਜੰਗਲ ਮੇਂ ਮੰਗਲ’ ਵਿੱਚ ਵੀ ਦਿੱਗਜ ਹਸਤੀਆਂ ਨਾਲ ਕੰਮ ਕੀਤਾ।

**- ਤੁਸੀਂ ਪੰਜਾਬੀ ਵਾਲੇ ਪਾਸੇ ਕਿਵੇਂ ਆਏ ?**

ਉਨ੍ਹਾਂ ਸਮਿਆਂ ’ਚ ਮੇਰਾ ਹਿੰਦੀ ਫ਼ਿਲਮਾਂ ਵਿੱਚ ਚੰਗਾ ਨਾਮ ਬਣ ਗਿਆ ਸੀ ਅਤੇ ਮੈਨੂੰ ਪੰਜਾਬੀ ਫ਼ਿਲਮ ਇੰਡਸਟਰੀ ਵਿੱਚ ਅੱਸੀ ਦੇ ਦਹਾਕੇ ’ਚ ਮੇਹਰ ਮਿੱਤਲ ਸਾਹਿਬ ਲੈ ਕੇ ਆਏ, ਜਿਨ੍ਹਾਂ ਮੈਨੂੰ ਕਿਹਾ ਸੀ ਕਿ ਛਾਬੜਾ ਸਾਹਿਬ ਤੁਹਾਨੂੰ ਬਤੌਰ ਹੀਰੋ ਲੈ ਕੇ ਫ਼ਿਲਮ ਬਣਾਉਣੀ ਹੈ। ਉਨ੍ਹਾਂ ਮੈਨੂੰ ਪੰਜਾਬੀ ਦੀ ਧਾਰਮਿਕ ਫ਼ਿਲਮ ‘ਜੈ ਮਾਤਾ ਸ਼ੇਰਾਂ ਵਾਲੀ’ ਵਿੱਚ ਕੰਮ ਕਰਨ ਦਾ ਮੌਕਾ ਦਿੱਤਾ। ਇਸ ਫ਼ਿਲਮ ਵਿੱਚ ਕੰਮ ਕਰਨ ਬਦਲੇ ਮੈਨੂੰ ਸ਼ਗਨ ਵਜੋਂ ਇਕਵੰਜਾ ਰੁਪਏ ਮਿਲੇ ਸੀ। ਇਹ ਫ਼ਿਲਮ ਸੁਪਰਹਿੱਟ ਰਹੀ ਸੀ। ਉਨ੍ਹਾਂ ਸਮਿਆਂ ਵਿੱਚ ਫ਼ਿਲਮ ਨੇ 18-19 ਲੱਖ ਰੁਪਏ ਕਮਾਏ ਸੀ, ਜੋ ਅੱਜ ਦੇ ਕਰੋੜਾਂ ਰੁਪਏ ਦੇ ਬਰਾਬਰ ਹਨ। ਫਿਰ ਮੈਂ ਕਦੇ ਪਿੱਛੇ ਮੁੜ ਕੇ ਨਹੀਂ ਵੇਖਿਆ। ਇਸ ਤੋਂ ਬਾਅਦ ਚੱਲ ਸੋ ਚੱਲ ਰਹੀ। ਦੂਜੀ ਪੰਜਾਬੀ ਫ਼ਿਲਮ

(ਬਾਕੀ ਸਫ਼ਾ 31 ’ਤੇ)

## ਯਮਲਾ ਜੱਟ ਦੀ ਯਾਦ ਨੂੰ ਸਮਰਪਿਤ 24ਵਾਂ

ਗੌਗੀ ਸੰਧੂ, ਅਕਾਸ਼ਦੀਪ ਅਕਾਸ, ਕਮਲਜੀਤ ਬੈਨੀਪਾਲ, ਗੁਰਦੀਪ ਧਾਲੀਵਾਲ, ਬਾਈ ਕੁੰਦਨ ਸਿੰਘ ਧਾਮੀ, ਬੀਬਾ ਮੀਮੀ ਗਿਰਨ ਤੋਂ ਇਲਾਵਾ ਇਲਾਕੇ ਦੀ ਮਸ਼ਹੂਰ ਦੋਗਾਣਾ ਜੋੜੀ ਵਿੱਚ ਪੱਪੀ ਭਦੌੜ ਅਤੇ ਦਿਲਪ੍ਰੀਤ ਕੌਰ ਦਿਲ, ਬੇ-ਏਰੀਏ ਤੋਂ ਦੋਗਾਣਾ ਜੋੜੀ ਗਾਇਕ ਸੁਲਤਾਨ ਅਖਤਰ ਅਤੇ ਬੀਬੀ ਜੀਤੀ ਗਾਇਕੀ ਦੇ ਰੰਗ ਬਿਖੇਰਨਗੇ। ਇਸ ਤੋਂ ਇਲਾਵਾ ਹੋਰ ਬਹੁਤ ਸਾਰੇ ਕਲਾਕਾਰ ਹਰ ਸਾਲ ਦੀ ਤਰਾਂ ਯਮਲਾ ਜੀ ਨੂੰ ਗਾਇਕੀ ਦੇ ਰੂਪ ਵਿੱਚ ਸ਼ਰਧਾਂਜ਼ਲੀਆਂ ਦੇਣਗੇ।

ਇਸ ਸਲਾਨਾ ਯਾਦਗਾਰੀ ਮੇਲਾ ਫਰਿਜ਼ਨੋ ਨਜ਼ਦੀਕੀ, ਫਾਊਲਰ ਸ਼ਹਿਰ ਦੇ ਪੈਨਜੈਕ ਪਾਰਕ ਵਿੱਚ ਬਣੀ ਸਟੇਜ਼ ਤੋਂ ਖੱਲੇ ਦਰੱਖਤਾਂ ਦੀ ਛਾਂਵੇ ਅਖਾੜੇ ਦੇ ਰੂਪ ਵਿੱਚ ਲੱਗੇਗਾ। ਇਸ ਮੇਲੇ ਨੂੰ ਦੇਖਣ ਆਏ ਮੇਲੀਆਂ ਲਈ ਕੋਈ ਦਾਖਲਾ ਟਿਕਟ ਨਹੀਂ ਰੱਖੀ ਗਈ। ਇਸ ਤੋਂ ਇਲਾਵਾ ਚਾਹ-ਪਾਣੀ, ਲੰਗਰ ਅਤੇ ਕਾਰ ਪਾਰਕਿੰਗ ਵੀ ਮੁਫਤ ਹੋਵੇਗੀ। ਇਸ ਮੇਲੇ ਵਿੱਚ ਸ਼ਾਮਲ ਹੋਣ ਲਈ ਪ੍ਰਬੰਧਕਾਂ ਵੱਲੋਂ ਸਮੁੱਚੇ ਭਾਈਚਾਰੇ ਨੂੰ ਖੁੱਲਾ ਸੱਦਾ ਦਿੱਤਾ ਗਿਆ ਹੈ।

***

## ਸੀ.ਬੀ.ਆਈ. ਨੇ ਵਿਦੇਸ਼ੀ ਨਾਗਰਿਕਾਂ ਨਾਲ ਸਾਈਬਰ ਠੱਗੀ

ਪਰ ਉਸ ਨੂੰ ਇਸ ਠੱਗੀ ਦਾ ਕੁਝ ਦਿਨਾਂ ਬਾਅਦ ਜਾ ਕੇ ਪਤਾ ਲੱਗਾ। ਜਦੋਂ ਉਹ ਬੈਂਕ ਗਿਆ। ਇਸ ਤੋਂ ਬਾਅਦ ਉਸ ਨੇ ਸਾਈਬਰ ਥਾਣੇ ਵਿੱਚ ਜਾ ਕੇ ਸ਼ਿਕਾਇਤ ਦਰਜ ਕਰਵਾਈ।

ਇਸ ਤਰ੍ਹਾਂ ਠੱਗੀ ਤੋਂ ਬਚਿਆ ਜਾ ਸਕਦੈ ਸਾਈਬਰ ਠੱਗੀ ਤੋਂ ਬਚਣ ਲਈ ਸਿਰਫ਼ ਜਾਗਰੂਕਤਾ ਜ਼ਰੂਰੀ ਹੈ। ਪੁਲਿਸ ਸਮੇਂ-ਸਮੇਂ 'ਤੇ ਲੋਕਾਂ ਨੂੰ ਜਾਗਰੂਕ ਕਰਦੀ ਰਹਿੰਦੀ ਹੈ। ਗੂਗਲ 'ਤੇ ਠੱਗਾਂ ਦਾ ਜਾਲ ਵਿਛਿਆ ਹੋਇਆ ਹੈ। ਇਸ ਲਈ ਗੂਗਲ 'ਤੇ ਸਰਚ ਕਰਨ ਦੀ ਬਜਾਏ ਕੰਪਨੀ ਜਾਂ ਸੰਸਥਾ ਦੀ ਵੈੱਬਸਾਈਟ 'ਤੇ ਜਾ ਕੇ ਹੀ ਫ਼ੋਨ ਨੰਬਰ ਪ੍ਰਾਪਤ ਕਰ ਕੇ ਗੱਲਬਾਤ ਕਰੋ।

ਇਸ ਤੋਂ ਇਲਾਵਾ ਜੇਕਰ ਕੋਈ ਵੀ ਵਿਅਕਤੀ ਤੁਹਾਨੂੰ ਫ਼ੋਨ ਰਾਹੀਂ ਤੁਹਾਡੇ ਫ਼ਾਇਦੇ ਦੀ ਗੱਲ ਕਰਦਾ ਹੈ ਤਾਂ ਇਸ ਤਰ੍ਹਾਂ ਦੇ ਵਿਅਕਤੀ ਤੋਂ ਸਾਵਧਾਨ ਹੋ ਕੇ ਗੱਲ ਕਰੋ ਅਤੇ ਕਿਸੇ ਵੀ ਤਰ੍ਹਾਂ ਦੀ ਨਿੱਜੀ ਜਾਣਕਾਰੀ ਜਾਂ ਦਸਤਾਵੇਜ਼ ਆਦਿ ਉਸ ਦੇ ਨਾਲ ਸਾਂਝਾ ਨਾ ਕਰੋ।

ਇਸ ਤੋਂ ਇਲਾਵਾ ਆਨਲਾਈਨ ਐਪ (ਗੂਗਲ-ਪੇ, ਫ਼ੋਨ-ਪੇ, ਪੇ.ਟੀ.ਐੱਮ.) ਆਦਿ ਦੀ ਵਰਤੋਂ ਕਰਦੇ ਸਮੇਂ ਸਾਵਧਾਨੀ ਵਰਤੋਂ, ਕਿਉਂਕਿ ਪੈਸੇ ਦਾ ਲੈਣ-ਦੇਣ ਕਰਦੇ ਸਮੇਂ ਧੋਖਾਦੇਹੀ ਹੋ ਸਕਦੀ ਹੈ।

ਸਾਈਬਰ ਠੱਗ ਤੁਹਾਨੂੰ ਫ਼ੋਨ ਕਰ ਕੇ ਕਹਿੰਦੇ ਹਨ ਕਿ ਉਸ ਨੇ ਤੁਹਾਨੂੰ ਗੂਗਲ-ਪੇ ਜਾਂ ਫ਼ੋਨ-ਪੇ 'ਤੇ ਪੈਸਾ ਟ੍ਰਾਂਸਫ਼ਰ ਕਰ ਦਿੱਤਾ ਹੈ। ਜਦੋਂ ਤੁਸੀਂ ਐਪ ਨੂੰ ਓਪਨ ਕਰ ਕੇ ਦੇਖਦੇ ਹੋ ਤਾਂ ਉਸ 'ਚ ਪੈਸੇ ਐਕਸੈਪਟ ਨਾਲ ਸਬੰਧਿਤ ਲਿੰਕ ਹੁੰਦਾ ਹੈ, ਜਿਸ 'ਤੇ ਤੁਸੀਂ ਕਲਿੱਕ ਕਰ ਕੇ ਆਪਣਾ ਪਿਨ ਪਾਉਂਦੇ ਹੋ ਤਾਂ ਤੁਹਾਡੇ ਖਾਤੇ 'ਚੋਂ ਪੈਸੇ ਕੱਟ ਜਾਂਦੇ ਹਨ। ਇਸ ਤਰ੍ਹਾਂ ਦੇ ਕਿਸੇ ਵੀ ਲਿੰਕ 'ਤੇ ਕਲਿੱਕ ਨਾ ਕਰੋ, ਨਾ ਹੀ ਕਿਸੇ ਵਿਅਕਤੀ ਵੱਲੋਂ ਕਹਿਣ 'ਤੇ ਕਿਸੇ ਵੀ ਤਰ੍ਹਾਂ ਦੀ ਰਿਮੋਟਲੀ ਐਪ (ਐਨੀ ਡੈਸਕ, ਟੀਮ ਵਿਊਅਰ) ਨਾ ਇੰਸਟਾਲ ਕਰੋ।

ਮਸਲਾ ਸਿਰਫ਼ ਇਹ ਨਹੀਂ ਕਿ ਸਾਈਬਰ ਠੱਗੀ ਖ਼ਿਲਾਫ਼ ਲੋੜੀਂਦੇ ਨਿਯਮ-ਕਾਨੂੰਨ ਨਹੀਂ ਹਨ। ਸਮੱਸਿਆ ਇਹ ਵੀ ਹੈ ਕਿ ਪੁਲਿਸ ਤੇ ਹੋਰ ਏਜੰਸੀਆਂ ਸਾਈਬਰ ਠੱਗਾਂ ਦੀ ਹਿਮਾਕਤ ਦਾ ਦਮਨ ਕਰਨ ਵਿੱਚ ਨਾਕਾਮ ਹਨ। ਕਈ ਵਾਰ ਤਾਂ ਉਹ ਠੱਗਾਂ ਦਾ ਪਤਾ ਵੀ ਨਹੀਂ ਲਗਾ ਪਾਉਂਦੀਆਂ। ਇਸ ਕਾਰਨ ਠੱਗੀ ਦੇ ਸ਼ਿਕਾਰ ਬਹੁਤ ਸਾਰੇ ਲੋਕਾਂ ਦਾ ਪੈਸਾ ਉਨ੍ਹਾਂ ਨੂੰ ਵਾਪਸ ਨਹੀਂ ਮਿਲਦਾ। ਸਾਈਬਰ ਠੱਗੀ 'ਤੇ ਇਸ ਲਈ ਵੀ ਕਾਬੂ ਨਹੀਂ ਪੈ ਰਿਹਾ ਕਿਉਂਕਿ ਇਹ ਠੱਗ ਫ਼ਰਜ਼ੀ ਨਾਂ 'ਤੇ ਸਿਮ ਲੈਣ ਵਿੱਚ ਸਫ਼ਲ ਰਹਿੰਦੇ ਹਨ। ਸਮਝਣਾ ਮੁਸ਼ਕਿਲ ਹੈ ਕਿ ਅਜਿਹਾ ਪ੍ਰਬੰਧ ਕਿਉਂ ਨਹੀਂ ਕੀਤਾ ਜਾ ਰਿਹਾ ਜਿਸ ਸਦਕਾ ਕੋਈ ਫ਼ਰਜ਼ੀ ਨਾਂ 'ਤੇ ਸਿਮ ਲੈ ਹੀ ਨਾ ਸਕੇ। ਯਕੀਨੀ ਤੌਰ 'ਤੇ ਇਹ ਵੀ ਚਿੰਤਾ ਦਾ ਵਿਸ਼ਾ ਹੈ ਕਿ ਪਾਕਿਸਤਾਨੀ ਨੰਬਰਾਂ ਤੋਂ ਵ੍ਹਟਸਐਪ ਕਾਲ ਕਰ ਕੇ ਲੋਕਾਂ ਨੂੰ ਠੱਗਿਆ ਜਾ ਰਿਹਾ ਹੈ। ਇਸ ਤਰ੍ਹਾਂ ਭਾਰਤ ਵਿੱਚ ਸਾਈਬਰ ਠੱਗ ਬੇਲਗਾਮ ਹੁੰਦੇ ਜਾ ਰਹੇ ਹਨ।

***

## ਕੈਨੇਡਾ ਨੇ ਭਾਰਤ ਦੇ ਕਥਿਤ ਵਿਦੇਸ਼ੀ ਦਖ਼ਲ

ਸ਼ੁਰੂਆਤੀ ਰਿਪੋਰਟ ਵਿੱਚ ਦੱਸਿਆ ਗਿਆ ਹੈ ਕਿ ਅਜਿਹੇ ਭਾਰਤੀ ਪ੍ਰਭਾਵ ਦੇ ਯਤਨਾਂ ਦਾ ਕੇਂਦਰ ਕੈਨੇਡਾ ਵਿੱਚ ਗਰਮਖਿਆਲੀ ਵੱਖਵਾਦ ਦੀਆਂ ਚਿੰਤਾਵਾਂ ਦੁਆਰਾ ਚਲਾਇਆ ਗਿਆ ਸੀ।

ਰਿਪੋਰਟ ਵਿੱਚ ਨੋਟ ਕੀਤਾ ਗਿਆ ਹੈ ਕਿ ਭਾਰਤ ਵਿਦੇਸ਼ੀ ਦਖ਼ਲਅੰਦਾਜ਼ੀ ਦੀਆਂ ਗਤੀਵਿਧੀਆਂ ਕਰਦਾ ਹੈ ਜਿਸ ਦਾ ਉਦੇਸ਼ ਮੁੱਖ ਮੁੱਦਿਆਂ 'ਤੇ ਕੈਨੇਡਾ ਦੀ ਸਥਿਤੀ ਨੂੰ ਭਾਰਤ ਦੇ ਹਿੱਤਾਂ ਨਾਲ ਜੋੜਨਾ ਹੈ, ਖਾਸ ਕਰ ਕੇ ਇਸ ਸਬੰਧ ਵਿੱਚ ਕਿ ਕਿਵੇਂ ਭਾਰਤ ਸਰਕਾਰ ਇੱਕ ਆਜ਼ਾਦ ਸਿੱਖ ਹੋਮਲੈਂਡ (ਗਰਮਖਿਆਲੀ) ਦੇ ਕੈਨੇਡਾ-ਅਧਾਰਤ ਸਮਰਥਕਾਂ ਨੂੰ ਸਮਝਦੀ ਹੈ।

ਮਹੱਤਵਪੂਰਨ ਤੌਰ 'ਤੇ, ਇਸ ਨੇ 'ਕੈਨੇਡਾ-ਅਧਾਰਤ ਗਰਮਖ਼ਿਆਲੀ ਹਿੰਸਕ ਕੱਟੜਪੰਥੀ' ਨੂੰ ਮਾਨਤਾ ਦਿੱਤੀ, ਹਾਲਾਂਕਿ ਇਸਨੂੰ ਮੁਕਾਬਲਤਨ ਛੋਟਾ ਦੱਸਿਆ ਗਿਆ ਹੈ ਅਤੇ ਕਿਹਾ ਗਿਆ ਹੈ ਕਿ ਭਾਰਤ ਉਸ ਅਤੇ ਕਾਨੂੰਨੀ, ਗਰਮਖਿਆਲੀ ਪੱਖੀ ਸਿਆਸੀ ਵਕਾਲਤ ਵਿੱਚ ਫ਼ਰਕ ਨਹੀਂ ਕਰਦਾ।

ਇੱਕ ਭਾਰਤੀ ਨਾਗਰਿਕ ਨਿੱਕ ਗੁਪਤਾ ਇਸ ਸਮੇਂ ਇੱਕ ਕਥਿਤ ਕਤਲ ਕੇਸ ਵਿੱਚ ਮੁਕੱਦਮੇ ਦੀ ਉਡੀਕ ਵਿੱਚ ਨਿਊਯਾਰਕ ਵਿੱਚ ਹਿਰਾਸਤ ਵਿੱਚ ਹੈ, ਜਿੱਥੇ ਨਿੱਝਰ ਦੇ ਕਰੀਬੀ ਦੋਸਤ ਅਤੇ ਸਿੱਖਸ ਫ਼ਾਰ ਜਸਟਿਸ ਦੇ ਜਨਰਲ-ਕੌਂਸਲਰ ਗੁਰਪਤਵੰਤ ਪੰਨੂ ਨੂੰ ਨਿਸ਼ਾਨਾ ਬਣਾਇਆ ਗਿਆ ਸੀ।

ਪਿਛਲੇ ਸਾਲ ਨਿਊਯਾਰਕ ਦੀ ਇੱਕ ਸੰਘੀ ਅਦਾਲਤ ਦੇ ਸਾਹਮਣੇ ਅਣਸੀਲ ਕੀਤੇ ਗਏ ਇੱਕ ਦੋਸ਼ ਦੇ ਅਨੁਸਾਰ, ਨਿੱਝਰ ਦੀ ਹੱਤਿਆ ਨੂੰ ਪੰਨੂ ਦੀ ਅਸਫ਼ਲ ਹਿੱਟ ਨਾਲ ਸਬੰਧਤ ਗੱਲਬਾਤ ਅਤੇ ਸੰਦੇਸ਼ਾਂ ਵਿੱਚ ਦਰਸਾਇਆ ਗਿਆ ਸੀ।

***

## ਅਮਰੀਕੀ ਰਾਸ਼ਟਰਪਤੀ ਚੋਣਾਂ : ਚੋਟੀ ਦੇ

ਸਭ ਤੋਂ ਅੱਗੇ ਹਨ, ਦੋਵੇਂ ਉਮੀਦਵਾਰ ਟਰੰਪ ਨਾਲ ਰਿਪਬਲਿਕਨ ਟਿਕਟ ਦੀ ਦੌੜ ਵਿੱਚ ਸ਼ਾਮਲ ਸਨ ਅਤੇ ਬਾਅਦ ਵਿੱਚ ਟਰੰਪ ਦਾ ਸਮਰਥਨ ਕਰਕੇ ਦੌੜ ਤੋਂ ਹਟ ਗਏ ਸਨ। ਦੋਵਾਂ ਨੂੰ ਮੰਤਰੀ ਮੰਡਲ 'ਚ ਜਗ੍ਹਾ ਦੀ ਉਮੀਦ ਹੈ। ਅਮਰੀਕੀ ਸੁਰੱਖਿਆ ਪ੍ਰੀਸ਼ਦ ਦੇ ਅਧਿਕਾਰੀ ਅਤੇ ਵਕੀਲ ਕਸ਼ ਪਟੇਲ ਮੰਤਰੀ ਅਹੁਦੇ ਦੀ ਦੌੜ ਵਿੱਚ ਹਨ। ਰਿਪਬਲਿਕਨ ਹਿੰਦੂ ਕੁਲੀਸ਼ਨ ਦੇ ਸੰਸਥਾਪਕ ਸ਼ਲਭ ਕੁਮਾਰ ਟਰੰਪ ਲਈ ਭਾਰਤੀ ਵੋਟ ਹਾਸਲ ਕਰਨ ਵਿੱਚ ਅਹਿਮ ਭੂਮਿਕਾ ਨਿਭਾ ਰਹੇ ਹਨ। ਉਨ੍ਹਾਂ ਨੇ ਟਰੰਪ ਲਈ 3485 ਕਰੋੜ ਰੁਪਏ ਦਿੱਤੇ ਹਨ। ਟਰੰਪ ਦੇ ਸਾਬਕਾ ਪ੍ਰਮੁੱਖ ਡਿਪਟੀ ਪ੍ਰੈੱਸ ਸਕੱਤਰ ਰਾਜ ਸ਼ਾਹ ਦਾ ਨਾਂ ਵੀ ਸ਼ਾਮਲ ਹੈ।

**ਅਜੀਤ ਪਾਈ, ਨਿਓਮੀ ਰਾਓ ਅਤੇ ਨੀਲ ਚੈਟਰਜੀ ਵੀ ਸੰਭਾਵਿਤ :**

ਅਜੀਤ ਪਾਈ, ਯੂਨਾਈਟਿਡ ਸਟੇਟਸ ਫੈਡਰਲ ਕਮਿਊਨੀਕੇਸ਼ਨ ਕਮਿਸ਼ਨ ਦੇ ਚੇਅਰਮੈਨ ਅਤੇ ਵਾਈਟ ਹਾਊਸ ਵਿਖੇ ਸੂਚਨਾ ਅਤੇ ਰੈਗੂਲੇਟਰੀ ਮਾਮਲਿਆਂ ਦੇ ਦਫ਼ਤਰ ਦੀ ਪ੍ਰਸ਼ਾਸਕ ਨਿਓਮੀ ਰਾਓ ਦਾ ਨਾਮ ਸ਼ਾਮਲ ਹੈ। ਇਸ ਤੋਂ ਇਲਾਵਾ ਜੇਕਰ ਟਰੰਪ ਸਰਕਾਰ ਬਣਦੀ ਹੈ ਤਾਂ ਸੈਂਟਰ ਫਾਰ ਮੈਡੀਕੇਅਰ ਐਂਡ ਮੈਡੀਕੇਡ ਸਰਵਿਸਿਜ਼ ਦੀ ਸਾਬਕਾ ਪ੍ਰਸ਼ਾਸਕ ਸੀਮਾ ਵਰਮਾ, ਫੈਡਰਲ ਐਨਰਜੀ ਰੈਗੂਲੇਟਰੀ ਕਮਿਸ਼ਨ ਦੇ ਸਾਬਕਾ ਚੇਅਰਮੈਨ ਨੀਲ ਚੈਟਰਜੀ ਅਤੇ ਆਰਥਿਕ ਅਤੇ ਵਪਾਰਕ ਮਾਮਲਿਆਂ ਦੀ ਸਹਾਇਕ ਵਿਦੇਸ਼ ਮੰਤਰੀ ਮਨੀਸ਼ਾ ਸਿੰਘ ਅਤੇ ਬੌਧਿਕ ਸੰਪਤੀ ਐਨਫੋਰਸਮੈਂਟ ਕੋਆਰਡੀਨੇਟਰ ਵਿਸ਼ਾਲ ਅਮੀਨ ਨੂੰ ਵੀ ਨਿਯੁਕਤ ਕੀਤਾ ਜਾ ਸਕਦਾ ਹੈ।

**ਟਰੰਪ ਨੇ ਪਿਛਲੀ ਵਾਰ 130 ਭਾਰਤੀ ਨਿਯੁਕਤ ਕੀਤੇ ਸਨ, ਇਸ ਵਾਰ 150 ਹੋਣਗੇ**

2016 ਵਿੱਚ ਰਾਸ਼ਟਰਪਤੀ ਬਣਨ ਤੋਂ ਬਾਅਦ, ਟਰੰਪ ਨੇ ਅਮਰੀਕਾ ਵਿੱਚ ਡੈਮੋਕ੍ਰੇਟਿਕ ਪਾਰਟੀ ਦੇ ਰਾਸ਼ਟਰਪਤੀ ਓਬਾਮਾ ਦੁਆਰਾ ਸ਼ੁਰੂ ਕੀਤੀ ਗਈ ਪ੍ਰਸ਼ਾਸਨ ਵਿੱਚ ਭਾਰਤੀ ਮੂਲ ਦੇ ਭਾਰਤੀਆਂ ਨੂੰ ਨਿਯੁਕਤ ਕਰਨ ਦੀ ਪਰੰਪਰਾ ਨੂੰ ਵੀ ਜਾਰੀ ਰੱਖਿਆ। ਉਸਨੇ ਓਬਾਮਾ ਤੋਂ ਵੱਧ 130 ਭਾਰਤੀ ਅਹੁਦਿਆਂ ਨੂੰ ਨਾਮਜ਼ਦ ਕੀਤਾ। ਹੁਣ ਟਰੰਪ ਦੀ ਪ੍ਰਚਾਰ ਟੀਮ ਨਾਲ ਜੁੜੇ ਲੋਕਾਂ ਦਾ ਕਹਿਣਾ ਹੈ ਕਿ ਜੇਕਰ ਉਹ ਜਿੱਤ ਜਾਂਦੇ ਹਨ ਤਾਂ 150 ਤੋਂ ਵੱਧ ਭਾਰਤੀਆਂ ਦੀ ਨਿਯੁਕਤੀ ਸੰਭਵ ਹੈ।

ਓਬਾਮਾ ਨੇ 60 ਅਹੁਦਿਆਂ 'ਤੇ ਅਤੇ ਬਾਇਡੇਨ ਨੇ 130 ਅਹੁਦਿਆਂ 'ਤੇ ਭਾਰਤੀਆਂ ਨੂੰ ਕੀਤਾ ਨਿਯੁਕਤ

ਤੁਹਾਨੂੰ ਦੱਸ ਦੇਈਏ ਕਿ ਅਮਰੀਕਾ 'ਚ ਸਾਬਕਾ ਰਾਸ਼ਟਰਪਤੀ ਬਰਾਕ ਓਬਾਮਾ ਨੇ ਆਪਣੇ 8 ਸਾਲ ਦੇ ਕਾਰਜਕਾਲ ਦੌਰਾਨ 60 ਤੋਂ ਵੱਧ ਭਾਰਤੀ ਮੂਲ ਲੋਕਾਂ ਦੀ ਨਿਯੁਕਤੀ ਕੀਤੀ ਸੀ। ਇਸ ਤੋਂ ਬਾਅਦ ਡੈਮੋਕ੍ਰੇਟਿਕ ਸਰਕਾਰਾਂ ਦੌਰਾਨ ਉੱਚ ਅਹੁਦਿਆਂ 'ਤੇ ਭਾਰਤੀ ਮੂਲ ਦੇ ਲੋਕਾਂ ਦੀ ਨਿਯੁਕਤੀ ਹੁੰਦੀ ਰਹੀ ਹੈ। ਮੌਜੂਦਾ ਰਾਸ਼ਟਰਪਤੀ ਜੋਅ ਬਾਇਡੇਨ ਨੇ ਭਾਰਤੀ ਮੂਲ ਦੇ 130 ਲੋਕਾਂ ਨੂੰ ਉੱਚ ਅਹੁਦਿਆਂ 'ਤੇ ਨਾਮਜ਼ਦ ਕੀਤਾ ਸੀ।

***

## ਕੈਨੇਡਾ ਦਾ ਸੁਪਨਾ ਅਤੇ ਜ਼ਮੀਨੀ ਹਕੀਕਤ !

**ਕੈਨੇਡਾ ਵਿੱਚ ਭਾਰਤੀ ਵਿਦਿਆਰਥੀ**

ਭਾਰਤ ਦੇ ਵਿਦੇਸ਼ ਮੰਤਰਾਲੇ ਵੱਲੋਂ ਰਾਜ ਸਭਾ ਵਿੱਚ ਜਾਰੀ ਕੀਤੇ ਗਏ ਅੰਕੜਿਆਂ ਮੁਤਾਬਕ, ਸਾਲ 2024 ਵਿੱਚ 13,35,878 ਭਾਰਤੀ ਵਿਦਿਆਰਥੀ ਵੱਖ-ਵੱਖ ਦੇਸ਼ਾਂ ਵਿੱਚ ਪੜ੍ਹਨ ਲਈ ਗਏ ਹਨ। ਸਭ ਤੋਂ ਜ਼ਿਆਦਾ ਭਾਰਤੀ ਕੈਨੇਡਾ ਵਿੱਚ ਪੜ੍ਹਨ ਗਏ ਹਨ, ਜਿਸ ਦੀ ਗਿਣਤੀ 4,27,000 ਹੈ। ਦੂਜੇ ਨੰਬਰ 'ਤੇ ਆਉਂਦਾ ਹੈ ਅਮਰੀਕਾ, ਜਿਥੇ ਇਸ ਸਾਲ 3,37,630 ਭਾਰਤੀ ਵਿਦਿਆਰਥੀ ਉਚੇਰੀ ਸਿੱਖਿਆ ਲਈ ਗਏ ਹਨ। ਤੀਜੇ ਨੰਬਰ 'ਤੇ ਯੂ.ਕੇ. ਹੈ, ਜਿੱਥੇ 1,85,000 ਵਿਦਿਆਰਥੀ ਪੜ੍ਹਨ ਲਈ ਗਏ ਹਨ। ਚੌਥੇ ਨੰਬਰ 'ਤੇ ਆਸਟ੍ਰੇਲੀਆ ਹੈ, ਇਸ ਸਾਲ ਹੁਣ ਤੱਕ 1,22,202 ਵਿਦਿਆਰਥੀ ਪੜ੍ਹਾਈ ਕਰਨ ਆਸਟ੍ਰੇਲੀਆ ਗਏ ਹਨ ਤੇ ਪੰਜਵੇਂ ਨੰਬਰ 'ਤੇ ਜਰਮਨੀ ਹੈ ਜਿੱਥੇ 42,997 ਵਿਦਿਆਰਥੀ ਗਏ ਹਨ।

ਕੈਨੇਡਾ ਦੇ ਇਮੀਗਰੇਸ਼ਨ, ਸ਼ਰਨਾਰਥੀ ਤੇ ਨਾਗਰਿਕਤਾ ਵਿਭਾਗ ਦੇ ਅੰਕੜਿਆਂ ਅਨੁਸਾਰ ਸਾਲ 2023 'ਚ ਤਕਰੀਬਨ 3.19 ਲੱਖ ਵਿਦਿਆਰਥੀ ਭਾਰਤ ਤੋਂ ਕੈਨੇਡਾ ਪੁੱਜੇ ਤੇ ਇਨ੍ਹਾਂ 'ਚੋਂ 1.8 ਲੱਖ ਦੇ ਕਰੀਬ ਪੰਜਾਬੀ ਸਨ। ਗ੍ਰੇਟਰ ਟੋਰਾਂਟੋ ਏਰੀਆ (ਜੀ.ਟੀ.ਏ.) ਅੰਤਰਰਾਸ਼ਟਰੀ ਵਿਦਿਆਰਥੀਆਂ, ਖਾਸ ਕਰਕੇ ਭਾਰਤੀਆਂ ਲਈ ਇੱਕ ਹੱਬ ਮੰਨਿਆ ਜਾਂਦਾ ਹੈ। ਖਾਸ ਕਰਕੇ ਬਰੈਂਪਟਨ ਨੂੰ ਮਿੰਨੀ ਪੰਜਾਬ ਵਜੋਂ ਜਾਣਿਆ ਜਾਂਦਾ ਹੈ।

**ਪ੍ਰਵਾਸੀਆਂ ਵਿਰੋਧੀ ਭਾਵਨਾ**

ਕੈਨੇਡਾ ਵਿੱਚ ਪ੍ਰਵਾਸੀਆਂ ਦੀ ਤੇਜ਼ੀ ਨਾਲ ਵਧ ਰਹੀ ਗਿਣਤੀ ਕਾਰਨ ਕੈਨੇਡੀਅਨਾਂ ਵਿੱਚ ਪ੍ਰਵਾਸੀਆਂ ਪ੍ਰਤੀ ਨਫ਼ਰਤ ਦੀ ਭਾਵਨਾ ਵੀ ਵੱਧ ਰਹੀ ਹੈ। ਇਸ ਨਫ਼ਰਤ ਦੇ ਸਭ ਤੋਂ ਵੱਡੇ ਨਿਸ਼ਾਨੇ ਵਿੱਚ ਭਾਰਤੀ ਪ੍ਰਵਾਸੀ ਅਤੇ ਖਾਸ ਕਰਕੇ ਸਿੱਖ ਭਾਈਚਾਰਾ ਸ਼ਾਮਲ ਹੈ। ਇੱਕ ਤਾਜ਼ਾ ਸਰਵੇਖਣ ਵਿੱਚ ਇਹ ਗੱਲ ਸਾਹਮਣੇ ਆਈ ਹੈ। ਐਸੋਸੀਏਸ਼ਨ ਆਫ਼ ਕੈਨੇਡੀਅਨ ਸਟੱਡੀਜ਼ ਲਈ ਕਰਵਾਏ ਗਏ ਇਸ ਸਰਵੇਖਣ ਮੁਤਾਬਕ 60 ਫ਼ੀਸਦੀ ਲੋਕ ਮੰਨਦੇ ਹਨ ਕਿ ਕੈਨੇਡਾ ਵਿੱਚ ਬਹੁਤ ਜ਼ਿਆਦਾ ਪ੍ਰਵਾਸੀ ਹਨ। ਇਸ ਤੋਂ ਪਹਿਲਾਂ ਫਰਵਰੀ 'ਚ ਸਿਰਫ਼ 50 ਫੀਸਦੀ ਲੋਕ ਇਸ 'ਤੇ ਵਿਸ਼ਵਾਸ ਕਰਦੇ ਸਨ। ਇਸ ਤੋਂ ਪਤਾ ਲੱਗਦਾ ਹੈ ਕਿ ਪ੍ਰਵਾਸੀ ਵਿਰੋਧੀ ਭਾਵਨਾ ਵਧ ਰਹੀ ਹੈ। ਇਹ ਨਫ਼ਰਤ ਹੁਣ ਨਸਲੀ ਹਮਲਿਆਂ ਦੇ ਰੂਪ ਵਿੱਚ ਸਾਹਮਣੇ ਆ ਰਹੀ ਹੈ।

ਇਸ ਤੋਂ ਪਹਿਲਾਂ 2019 ਵਿੱਚ, 35 ਪ੍ਰਤੀਸ਼ਤ ਲੋਕਾਂ ਨੇ ਕਿਹਾ ਸੀ ਕਿ ਪ੍ਰਵਾਸੀ ਬਹੁਤ ਜ਼ਿਆਦਾ ਹਨ, ਜਦੋਂ ਕਿ 49 ਪ੍ਰਤੀਸ਼ਤ ਲੋਕਾਂ ਨੇ ਮਹਿਸੂਸ ਕੀਤਾ ਸੀ ਕਿ ਸਹੀ ਗਿਣਤੀ ਵਿੱਚ ਪ੍ਰਵਾਸੀ ਆ ਰਹੇ ਹਨ। ਪ੍ਰਵਾਸੀਆਂ ਨੂੰ ਸਹੀ ਮੰਨਣ ਵਾਲੇ ਲੋਕਾਂ ਦੀ ਗਿਣਤੀ ਹੁਣ ਘਟ ਕੇ 28 ਫੀਸਦੀ ਰਹਿ ਗਈ ਹੈ। ਐਸੋਸੀਏਸ਼ਨ ਨੇ ਕਿਹਾ ਕਿ ਦੇਸ਼ ਵਿੱਚ ਪ੍ਰਵਾਸੀਆਂ ਦਾ ਇੰਨਾ ਵਿਰੋਧ ਪਹਿਲਾਂ ਕਦੇ ਨਹੀਂ ਹੋਇਆ।

**ਸੰਘਰਸ਼ਮਈ ਵਿਦਿਆਰਥੀ ਜੀਵਨ**

ਕੈਨੇਡਾ ਵਿੱਚ ਵਿਦਿਆਰਥੀ ਜੀਵਨ ਬਹੁਤ ਸੰਘਰਸ਼ਮਈ ਹੁੰਦਾ ਹੈ। ਮਾਨਸਿਕ ਤਣਾਅ, ਪਰਿਵਾਰ ਤੋਂ ਦੂਰ ਰਹਿਣ ਦਾ ਅਨੁਭਵ, ਕੰਮ ਨਾ ਮਿਲਣ ਦਾ ਦਬਾਅ, ਇਹ ਸਭ ਵਿਦਿਆਰਥੀ ਜੀਵਨ ਦੇ ਸੰਘਰਸ਼ ਦਾ ਹਿੱਸਾ ਹਨ।

ਕੈਨੇਡਾ ਵਿੱਚ ਰਹਿ ਰਹੇ ਪੰਜਾਬੀ ਵਿਦਿਆਰਥੀਆਂ ਦਾ ਕਹਿਣਾ ਹੈ ਕਿ ਕੈਨੇਡਾ ਵਿੱਚ ਇਸ ਸਮੇਂ ਸਭ ਤੋਂ ਵੱਡੀ ਸਮੱਸਿਆ ਕੰਮ ਦੀ ਹੈ। ਸਰਦੀਆਂ ਦੇ ਮੌਸਮ ਵਿੱਚ ਲੱਗਣ ਵਾਲੇ ਨੌਕਰੀ ਮੇਲਿਆਂ ਵਿੱਚ ਨੌਕਰੀਆਂ ਲਈ ਵਿਦਿਆਰਥੀਆਂ ਦੀਆਂ ਲੰਬੀਆਂ ਕਤਾਰਾਂ ਲੱਗ ਜਾਂਦੀਆਂ ਹਨ। ਇਹਨਾਂ ਵਿੱਚੋਂ ਕੁਝ ਕੁ ਵਿਦਿਆਰਥੀਆਂ ਨੂੰ ਹੀ ਨੌਕਰੀ ਮਿਲਦੀ ਹੈ, ਭਾਰਤ ਵਿੱਚ ਕੈਨੇਡਾ ਬਾਰੇ ਇਹ ਸੱਚਾਈ ਕੋਈ ਨਹੀਂ ਦੱਸਦਾ। ਰਹਿਣ-ਸਹਿਣ ਦੇ ਖਰਚੇ, ਕਾਲਜ ਦੀ ਫੀਸ ਅਤੇ ਨੌਕਰੀ ਦਾ ਭਰੋਸਾ ਨਾ ਮਿਲਣ ਕਾਰਨ ਮਨ ਵਿੱਚ ਹਮੇਸ਼ਾ ਚਿੰਤਾ ਰਹਿੰਦੀ ਹੈ।

ਏਜੰਟ ਇਹ ਨਹੀਂ ਦੱਸਦੇ ਕਿ ਉਨ੍ਹਾਂ ਨੂੰ ਬੇਸਮੈਂਟ ਵਿੱਚ ਰਹਿਣਾ ਪੈਂਦਾ ਹੈ। ਪੜ੍ਹਾਈ ਦੇ ਨਾਲ-ਨਾਲ ਕੰਮ ਕਿਵੇਂ ਕਰੀਏ? ਵਿਦਿਆਰਥੀਆਂ ਦਾ ਕਿੰਨਾ ਸ਼ੋਸ਼ਣ ਹੋਵੇਗਾ? ਇਸ ਬਾਰੇ ਕੋਈ ਜਾਣਕਾਰੀ ਨਹੀਂ ਦਿੱਤੀ ਗਈ ਹੈ। ਕੈਨੇਡਾ ਬਾਰੇ ਸਭ ਕੁਝ ਚੰਗਾ ਕਿਹਾ ਜਾਂਦਾ ਹੈ। ਅਨੇਕਾਂ ਪੰਜਾਬੀ ਵਿਦਿਆਰਥੀਆਂ ਅਨੁਸਾਰ ਕੈਨੇਡਾ ਆ ਕੇ ਉਸ ਨੂੰ ਪਤਾ ਲੱਗਿਆ ਕਿ ਭਾਰਤ ਤੋਂ ਜੋ ਦਿਖਾਇਆ ਗਿਆ, ਉਹ ਸਾਰਾ ਸੱਚ ਨਹੀਂ ਸੀ। ਖ਼ਰਚਿਆਂ ਨੂੰ ਪੂਰਾ ਕਰਨ ਲਈ ਹਰ ਸਮੇਂ ਕੰਮ ਕਰਨਾ ਅਤੇ ਭਵਿੱਖ ਦੀ ਚਿੰਤਾ ਆਮ ਤੌਰ 'ਤੇ ਉਨ੍ਹਾਂ ਦੇ ਚਿਹਰਿਆਂ ਅਤੇ ਸ਼ਬਦਾਂ ਤੋਂ ਝਲਕਦੀ ਹੈ। ਕਰਜ਼ੇ ਦੀ ਅਦਾਇਗੀ, ਕਾਲਜ ਫੀਸ ਅਤੇ ਰਹਿਣ-ਸਹਿਣ ਦੇ ਖ਼ਰਚਿਆਂ ਨੂੰ ਪੂਰਾ ਕਰਨ ਲਈ, ਅਨੇਕਾਂ ਪੰਜਾਬੀ ਵਿਦਿਆਰਥੀ ਦੋ ਥਾਂਵਾਂ 'ਤੇ ਪਾਰਟ-ਟਾਈਮ ਕੰਮ ਕਰਦੇ ਹਨ।

**ਅੰਤਰਰਾਸ਼ਟਰੀ ਵਿਦਿਆਰਥੀਆਂ ਦਾ ਕੈਨੇਡੀਅਨ ਅਰਥਚਾਰੇ 'ਚ ਯੋਗਦਾਨ**

ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਔਸਤ ਕੈਨੇਡੀਅਨ ਵਿਦਿਆਰਥੀ ਨਾਲੋਂ ਤਿੰਨ ਗੁਣਾ ਵੱਧ ਫੀਸ ਅਦਾ ਕਰਨੀ ਪੈਂਦੀ ਹੈ। ਕੈਨੇਡਾ ਸਰਕਾਰ ਦੀ 2022 ਦੀ ਰਿਪੋਰਟ ਅਨੁਸਾਰ ਅੰਤਰਰਾਸ਼ਟਰੀ ਵਿਦਿਆਰਥੀਆਂ ਨੇ ਇੱਥੋਂ ਦੀ ਆਰਥਿਕਤਾ ਵਿੱਚ 22 ਬਿਲੀਅਨ ਕੈਨੇਡੀਅਨ ਡਾਲਰ ਦਾ ਯੋਗਦਾਨ ਪਾਇਆ ਹੈ। ਇਸ ਤੋਂ ਇਲਾਵਾ ਲਗਭਗ 2.2 ਲੱਖ ਨਵੀਆਂ ਨੌਕਰੀਆਂ ਪੈਦਾ ਹੋਈਆਂ।

ਇਸ ਕਰਕੇ ਅੰਤਰਰਾਸ਼ਟਰੀ ਵਿਦਿਆਰਥੀ ਕੈਨੇਡੀਅਨ ਅਰਥਚਾਰੇ ਦੀ ਲੋੜ ਜਾਪਦੇ ਹਨ। ਭਾਰਤ ਸਮੇਤ ਦੁਨੀਆਂ ਦੇ ਕਈ ਦੇਸ਼ਾਂ ਤੋਂ ਵਿਦਿਆਰਥੀ ਹਰ ਸਾਲ ਪੜ੍ਹਾਈ ਲਈ ਕੈਨੇਡਾ ਆ ਰਹੇ ਹਨ। ਇਨ੍ਹਾਂ 'ਚੋਂ ਜ਼ਿਆਦਾਤਰ ਵਿਦਿਆਰਥੀ ਭਾਰਤ ਦੇ ਹਨ।

***

## ਪੰਜਾਬ 'ਚ ਪੰਚਾਇਤੀ ਚੋਣਾਂ

ਅੱਜ ਵੀ ਕਈ ਵੱਡੇ ਮੋਹਤਬਰਾਂ ਵੱਲੋਂ ਪਿੰਡਾਂ ਦੀਆਂ ਸ਼ਾਮਲਾਟ ਜਮੀਨਾਂ ਤੇ ਨਜਾਇਜ਼ ਕਬਜ਼ੇ ਹਨ। ਅੱਜ ਵੀ ਪਿੰਡ ਪੰਚਾਇਤਾਂ ਦੀ ਵਾਹੀ ਯੋਗ ਜ਼ਮੀਨ ਮਾਲੀਏ ਉੱਤੇ ਦਿੱਤੀ ਜਾਂਦੀ ਹੈ ਤਾਂ ਤਕੜਿਆਂ ਦਾ ਸੱਤੀ ਵੀਹੀਂ ਸੌ ਰਹਿੰਦਾ ਹੈ, ਜੋ ਤਕੜੀ ਬੋਲੀ ਲਾ ਕੇ ਵਰ੍ਹਿਆਂ ਤੋਂ ਜ਼ਮੀਨ ਹਥਿਆਈ ਬੈਠੇ ਹਨ। ਪਿੰਡਾਂ ਦੇ ਉਹਨਾਂ ਸਰਪੰਚਾਂ ਦੀ ਸਰਕਾਰੇ ਦਰਬਾਰੇ ਕਦਰ ਨਹੀਂ ਰਹਿੰਦੀ, ਜਦੋਂ ਉਹਨਾਂ ਨੂੰ ਬਲਾਕ ਵਿਕਾਸ ਦਫ਼ਤਰਾਂ ਦੇ ਚੱਕਰ ਆਪਣੇ ਪਿੰਡ ਦੇ ਵਿਕਾਸ ਕਾਰਜ ਕਰਵਾਉਣ ਲਈ ਪੰਚਾਇਤ ਸਕੱਤਰਾਂ ਕੋਲ਼ ਲਾਉਣੇ ਪੈਂਦੇ ਹਨ, ਜਿਹੜੇ ਬਹੁਤੀ ਵੇਰ ਸਰਪੰਚਾਂ ਦੀ ਪਰਵਾਹ ਨਹੀਂ ਕਰਦੇ।

ਹੈਰਾਨੀ ਦੀ ਗੱਲ ਤਾਂ ਇਹ ਵੀ ਹੈ ਕਿ ਸਰਪੰਚਾਂ ਜਾਂ ਪੰਚਾਇਤਾਂ ਨੂੰ ਆਪਣੇ ਪਿੰਡ ਦੀ ਆਮਦਨ ਆਪ ਖਰਚਣ ਦਾ ਅਧਿਕਾਰ ਨਹੀਂ, ਉਹ ਵੀ ਸਕੱਤਰ, ਬਲਾਕ ਪੰਚਾਇਤ ਅਫ਼ਸਰਾਂ ਦੀ ਮਨਜ਼ੂਰੀ ਅਤੇ ਦਸਤਖਤਾਂ ਬਿਨਾਂ ਖਰਚੀ ਨਹੀਂ ਜਾ ਸਕਦੀ, ਤਾਂ ਫਿਰ ਇਹੋ-ਜਿਹੀਆਂ ਪੰਚਾਇਤਾਂ, ਜਿਨ੍ਹਾਂ ਨੂੰ ਭਾਰਤੀ ਲੋਕਤੰਤਰ ਦਾ ਅਸੀਂ ਥੰਮ੍ਹ ਗਰਦਾਨਦੇ ਹਾਂ, ਉੱਪਰ ਉਸ ਦੀ ਅਸਲ ਸਥਿਤੀ ਵੇਖ ਕੇ ਕਈ ਸਵਾਲ ਜਾਂ ਸ਼ੰਕੇ ਤਾਂ ਖੜੇ ਹੋਣਗੇ ਹੀ।

ਪਿਛਲੇ ਦਿਨੀਂ ਪਿੰਡਾਂ ਦੇ ਲੋਕਾਂ ਨੂੰ ਪੰਚਾਇਤਾਂ ਦੇ ਹੱਕਾਂ, ਗ੍ਰਾਮ ਸਭਾ ਆਦਿ ਬਾਰੇ ਜਾਗਰੂਕ ਕਰਨ ਦਾ ਇੱਕ ਪੰਜਾਬ ਬਚਾਓ ਕਾਫ਼ਲਾ ਪਿੰਡਾਂ 'ਚ ਘੁੰਮ ਰਿਹਾ ਹੈ। ਉਸ ਵੱਲੋਂ ਅਸਲ ਵਿੱਚ ਸਰਬ-ਸੰਮਤ ਪੰਚਾਇਤਾਂ ਦੀ ਚੋਣ ਦਾ ਸੱਦਾ ਵੀ ਦਿੱਤਾ ਜਾ ਰਿਹਾ ਹੈ। ਮੌਜੂਦਾ ਸਰਕਾਰ ਵੀ ਸਰਬ- ਸੰਮਤੀ ਦੀ ਗੱਲ ਕਰਦੀ ਹੈ।

ਪਰ ਵੇਖਣਾ ਇਹ ਹੋਵੇਗਾ ਕਿ ਅਸੀਂ ਪਿੰਡ ਦੀ ਰੂਹ ਭਾਈਚਾਰੇ ਤੋਂ ਬੇਮੁਖ ਤਾਂ ਨਹੀਂ ਹੋ ਗਏ? ਕੀ ਅਸੀਂ ਆਪਣੇ ਪਿੰਡ ਨਾਲ ਗ਼ੱਦਾਰੀ ਤਾਂ ਨਹੀਂ ਕਰ ਰਹੇ?

ਉਂਝ ਪ੍ਰਤੱਖ ਨੂੰ ਪ੍ਰਮਾਣ ਦੀ ਲੋੜ ਨਹੀਂ ਹੈ, ਬਾਵਜੂਦ ਉੱਠ ਰਹੇ ਵੱਡੇ ਸਵਾਲਾਂ ਦੇ, ਪਿੰਡ ਅੱਜ ਵੀ ਜਿਉਂਦਾ ਹੈ ਅਤੇ ਜਿਉਂਦਾ ਵੀ ਰਹੇਗਾ !



## ਕੈਨੇਡਾ ਦਾ ਪੂੰਜੀਵਾਦੀ ਸਿਸਟਮ,

ਉਸ ਨੂੰ ਵੀ ਜੌਬ ਠੁਕਰਾਉਣੀ ਠੀਕ ਲੱਗੀ। ਇਹ ਸਮਝ ਤੇ ਇਰਾਦਾ ਹਰ ਕਿਸੇ ਕੋਲ ਨਹੀਂ ਹੁੰਦਾ। ਕਿਸੇ ਸਵੀਕਾਰ ਵੀ ਕਰ ਲਿਆ ਹੋਵੇਗਾ। ਇੰਝ ਕੁਝ ਹੋਰ ਵਿਦਿਆਰਥੀਆਂ ਨੇ ਆਪਣੇ ਮੁਢਲੇ ਦਿਨਾਂ ਦੇ ਸੰਘਰਸ਼ ਦੀਆਂ ਲੂੰ ਕੰਡੇ ਖੜ੍ਹੇ ਕਰਨ ਵਾਲੀਆਂ ਯਾਦਾਂ ਸਾਂਝੀਆਂ ਕੀਤੀਆਂ। ਇਸ ਸੈਸ਼ਨ ਦੌਰਾਨ ਮੈਨੂੰ ਇਹ ਸਮਝ ਆਈ ਕਿ ਸਾਨੂੰ ਵੱਧ ਤੋਂ ਵੱਧ ਅਜਿਹੇ ਮੰਚ ਮੁਹਈਆ ਕਰਵਾਉਣੇ ਚਾਹੀਦੇ ਹਨ, ਜਿੱਥੇ ਉਹ ਆਪਣੇ ਸੰਘਰਸ਼ ਦੀ ਗੱਲ ਕਰਦਿਆਂ ਆਉਂਦੀਆਂ ਮੁਸ਼ਕਿਲਾਂ ਬਾਰੇ ਗੱਲ ਕਰ ਸਕਣ। ਇੰਝ ਹੋਰਾਂ ਅਤੇ ਨਵਿਆਂ ਨੂੰ ਲੋੜੀਂਦਾ ਗਿਆਨ ਮਿਲ ਸਕਦਾ ਹੈ, ਜਿਸ ਨਾਲ ਉਹ ਆਉਣ ਵਾਲੀਆਂ ਚੁਣੌਤੀਆਂ ਨਾਲ ਨਜਿੱਠਣ ਲਈ ਮਾਨਸਿਕ ਤੌਰ 'ਤੇ ਤਿਆਰ ਹੋ ਸਕਦੇ ਹਨ।

ਕੈਨੇਡਾ ਚੰਗਾ ਮੁਲਕ ਹੈ। ਪੌਣ-ਪਾਣੀ ਤੇ ਭੋਏਂ ਨੂੰ ਸੰਭਾਲਿਆ ਹੋਇਆ ਹੈ। ਲੋਕ ਨਿਯਮਾਂ ਦਾ ਪਾਲਣ ਕਰਦੇ ਹਨ। ਆਪਣੇ ਕਿਸੇ ਕੰਮ ਲਈ ਦਫਤਰਾਂ ਵਿੱਚ ਖੱਜਲ ਖੁਆਰ ਨਹੀਂ ਹੋਣਾ ਪੈਂਦਾ। ਪਰ ਮੰਦੀ ਦਾ ਦੌਰ ਚੱਲ ਰਿਹਾ ਹੈ। ਨਵੇਂ ਆਏ ਵਿਦਿਆਰਥੀਆਂ ਨੂੰ ਤੇ ਕਈ ਪੁਰਾਣਿਆਂ ਨੂੰ ਵੀ ਜੌਬ ਨਹੀਂ ਮਿਲ ਰਹੀ। ਬਿਆਜ ਦਰਾਂ ਵਧਣ ਕਾਰਨ ਘਰ ਖਰੀਦਣੇ ਔਖੇ ਹੋ ਗਏ ਹਨ। ਜਿਊਣਾ ਮਹਿੰਗਾ ਹੋ ਗਿਆ ਹੈ। ਅਜਿਹੇ ਵਿੱਚ ਤਹੰਮਲ ਰੱਖਣ ਦੀ ਲੋੜ ਹੈ। ਪਰਵਾਸੀ, ਜਿਹੜੇ ਸਿਸਟਮ ਦੇ ਮੇਚ ਨਹੀਂ ਆਉਂਦੇ, ਸਰਕਾਰ ਦੀ ਅੱਖ ਵਿੱਚ ਰੜਕਦੇ ਹਨ। ਸਟਡੀ ਵੀਜ਼ੇ 'ਤੇ ਆਇਆਂ ਨੂੰ ਪੀ.ਆਰ ਨਾ ਦੇਣ ਦੇ ਫੈਸਲੇ ਵਰਗੇ ਹੋਰ ਕਠਿਨ ਫੈਸਲੇ ਵੀ ਆ ਸਕਦੇ ਹਨ। ਪੀ.ਆਰ. ਹੋ ਗਿਆਂ ਨੂੰ ਵੀ ਕਿਸੇ ਭਰਮ ਵਿੱਚ ਨਹੀਂ ਰਹਿਣਾ ਚਾਹੀਦਾ। ਪੂਜੀਵਾਦੀ ਸਿਸਟਮ ਮੁਨਾਫ਼ੇ ਨੂੰ ਕੇਂਦਰ ਵਿੱਚ ਰੱਖਦਾ ਹੈ। ਜਦੋਂ ਤਕ ਪਰਵਾਸੀ ਉਹਨਾਂ ਲਈ ਸਸਤੀ ਲੇਬਰ ਹਨ, ਆਪਣੀਆਂ ਮੁਢਲੀਆਂ ਲੋੜਾਂ ਲਈ ਸੁਚੇਤ ਨਹੀਂ ਹਨ, ਥਾਂ ਥਾਂ ਉੱਸਰ ਚੁੱਕੇ ਧਾਰਮਕ ਸਥਾਨਾਂ ਦੀ ਬਹੁਤਾਤ ਨੂੰ ਹੀ ਆਪਣੀ ਪ੍ਰਾਪਤੀ ਸਮਝ ਰਹੇ ਹਨ, ਸਿਹਤ ਨਾਲ ਸੰਬੰਧਿਤ ਲੋੜਾਂ ਲਈ ਸਾਂਝੀ ਆਵਾਜ਼ ਬਣ ਸੜਕਾਂ 'ਤੇ ਨਹੀਂ ਨਿਕਲਦੇ, ਵਧੀਆਂ ਵਿਆਜ ਦਰਾਂ ਤੇ ਮਹਿੰਗੀ ਹੋ ਗਈ ਗਰੌਸਰੀ ਨੂੰ ਮੁੱਦਾ ਨਹੀਂ ਬਣਾਉਂਦੇ ਅਤੇ ਟੈਕਸ ਦਰਾਂ, ਮਾਮੂਲੀ ਉਜਰਤ ਲਈ ਕੈਸ਼ 'ਤੇ ਕੰਮ ਕਰਦੇ ਕਾਮਿਆਂ ਅਤੇ ਉਚੇਰੀ ਸਿੱਖਿਆ ਲਈ ਲੋੜੀਂਦੇ ਕਾਲਜ, ਯੂਨੀਵਰਸਿਟੀਆਂ ਦੀ ਮੰਗ ਲਈ ਇਕੱਠੇ ਨਹੀਂ ਹੁੰਦੇ, ਪੂੰਜੀਵਾਦੀ ਸਰਕਾਰ ਪੀ.ਆਰ. ਅਤੇ ਕੱਚੇ ਕਾਮਿਆਂ ਦਾ ਸਵਾਗਤ ਕਰਦੀ ਰਹੇਗੀ। ਜਦੋਂ ਸਿਸਟਮ ਨੂੰ ਸਾਡੀ ਲੋੜ ਨਾ ਰਹੀ, ਇੱਕ ਨੋਟਿਸ ਨਾਲ ਸਾਨੂੰ ਬਾਹਰ ਜਾਣ ਦਾ ਫੁਰਮਾਨ ਜਾਰੀ ਹੋ ਜਾਵੇਗਾ। ਅਜਿਹੀ ਸਥਿਤੀ ਦੇ ਸੱਚ ਨੂੰ ਸਮਝਦਿਆਂ ਪਰਵਾਸੀਆਂ ਤੇ ਖਾਸ ਕਰਕੇ ਪੰਜਾਬੀ ਪਰਵਾਸੀਆਂ ਨੂੰ ਸੋਚਣ ਦੀ ਲੋੜ ਹੈ। ਨਹੀਂ ਤਾਂ ਕੈਨੇਡਾ ਹੱਥਾਂ ਵਿੱਚੋਂ ਤਿਲਕ ਜਾਵੇਗਾ।

***

## ਕਿਉਂ ਨਹੀਂ ਰੁਕ ਰਹੀਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ

ਕਿਸੇ ਦੇਸ਼ ਦਾ ਕਾਨੂੰਨ, ਕਿਸੇ ਅਪਰਾਧ ਦੀ ਸਜ਼ਾ, ਉਸ ਅਪਰਾਧ ਦੀ ਗੰਭੀਰਤਾ ਅਤੇ ਸਮਾਜ ਉੱਪਰ ਅਪਰਾਧ ਦੇ ਪੈਣ ਵਾਲੇ ਪ੍ਰਭਾਵ ਨੂੰ ਵੇਖ ਕੇ ਤੈਅ ਕਰਦਾ ਹੈ। ਸਿੱਖਾਂ ਦੇ ਜਾਗਤ-ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਿੱਖਾਂ ਦੇ ਮਨ-ਮਸਤਕ ਵਿੱਚ ਏਨਾ ਅਦਬ ਹੈ ਕਿ ਉਨ੍ਹਾਂ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਬਦਲੇ ਜੀਵਨ ਵੀ ਕੋਈ ਕੀਮਤ ਨਹੀਂ ਰੱਖਦਾ। ਜਦੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਕਾਰਨ ਸਿੱਖਾਂ ਦੀਆਂ ਭਾਵਨਾਵਾਂ ਨੂੰ ਏਨੀ ਵੱਡੀ ਠੇਸ ਪੁੱਜਦੀ ਹੋਵੇ ਕਿ ਉਹ ਕੁਝ ਵੀ ਕਰਨ ਲਈ ਤਿਆਰ ਹੋਣ ਤਾਂ ਦੇਸ਼ ਦਾ ਕਾਨੂੰਨ ਬੇਅਦਬੀ ਦੇ ਅਪਰਾਧ ਨੂੰ ਦੇਸ਼ ਧਰੋਹ ਵਰਗੇ ਸਖ਼ਤ ਕਾਨੂੰਨ ਦੀ ਜ਼ਦ ਵਿੱਚ ਕਿਉਂ ਨਹੀਂ ਰੱਖਦਾ?

ਹਾਲਾਂਕਿ 2016 ਵਿੱਚ ਪੰਜਾਬ ਵਿਧਾਨ ਸਭਾ ਵਿੱਚ ਸਮੁੱਚੇ ਮੈਂਬਰਾਂ ਦੀ ਸਰਬਸੰਮਤੀ ਨਾਲ ਸੱਤਾਧਾਰੀ ਸ਼੍ਰੋਮਣੀ ਅਕਾਲੀ ਦਲ ਨੇ ਮਤਾ ਪਾਸ ਕਰ ਕੇ ਬੇਅਦਬੀ ਦੇ ਦੋਸ਼ੀਆਂ ਨੂੰ ਫ਼ਾਂਸੀ ਦੀ ਸਜ਼ਾ ਲਈ ਕਾਨੂੰਨ ਬਣਾਉਣ ਸੰਬੰਧੀ ਇੱਕ ਬਿੱਲ ਲਿਆਂਦਾ ਸੀ, ਜਿਸ ਨੂੰ ਕੇਂਦਰ ਸਰਕਾਰ ਵਲੋਂ ਵਾਪਸ ਕਰ ਦਿੱਤਾ ਗਿਆ। ਇਸ ਤੋਂ ਬਾਅਦ ਸਾਲ 2018 ਵਿੱਚ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਕਾਂਗਰਸ ਸਰਕਾਰ ਨੇ ਵੀ ਦੋ ਬਿੱਲ ਵਿਧਾਨ ਸਭਾ ਵਿੱਚ ਪਾਸ ਕੀਤੇ ਅਤੇ ਬੇਅਦਬੀ ਦੇ ਦੋਸ਼ੀਆਂ ਨੂੰ ਉਮਰ ਕੈਦ ਦੀ ਸਜ਼ਾ ਦੀ ਵਕਾਲਤ ਕੀਤੀ। ਬਦਕਿਸਮਤੀ ਨਾਲ ਇਨ੍ਹਾਂ ਬਿੱਲਾਂ ਨੂੰ ਵੀ ਕਾਨੂੰਨ ਦੀ ਸ਼ਕਲ ਦੇਣ ਲਈ ਕੇਂਦਰ ਸਰਕਾਰ ਵਲੋਂ ਕੋਈ ਕਾਰਵਾਈ ਨਹੀਂ ਕੀਤੀ ਗਈ।

ਇਸ ਵਿੱਚ ਵੀ ਕੋਈ ਸ਼ੱਕ ਨਹੀਂ ਕਿ ਪੰਜਾਬ ਵਿੱਚ ਬੇਅਦਬੀਆਂ ਦੇ ਮਸਲੇ 'ਤੇ ਸਿਆਸਤ ਵੀ ਹੋਈ ਹੈ। ਬੇਅਦਬੀਆਂ ਦੇ ਮਾਮਲੇ 'ਤੇ ਪਿਛਲੇ 7-8 ਸਾਲਾਂ ਦੌਰਾਨ ਤਿੰਨ ਸਰਕਾਰਾਂ ਬਦਲ ਚੁੱਕੀਆਂ ਹਨ, ਪਰ ਅਜੇ ਤੱਕ ਕਿਸੇ ਇੱਕ ਵੀ ਦੋਸ਼ੀ ਨੂੰ ਮਿਸਾਲੀ ਸਜ਼ਾ ਨਹੀਂ ਮਿਲੀ? ਸਿਆਸੀ ਧਿਰਾਂ ਵਲੋਂ ਸਿਰਫ਼ ਇੱਕ-ਦੂਜੇ ਦੇ ਮੱਥੇ ਬੇਅਦਬੀ ਦਾ ਕਲੰਕ ਮੜ੍ਹਨ ਲਈ ਹੀ ਇਸ ਸੰਵੇਦਨਸ਼ੀਲ ਮੁੱਦੇ ਨੂੰ ਹਥਿਆਰ ਬਣਾਇਆ ਗਿਆ ਹੈ। ਕੀ ਇਹ ਵੀ ਇਕ ਕਿਸਮ ਦੀ ਬੇਅਦਬੀ ਨਹੀਂ ਹੈ? ਸਿੱਖਾਂ ਨੂੰ ਬੇਅਦਬੀ ਮਾਮਲਿਆਂ 'ਤੇ ਇਨਸਾਫ਼ ਦੇਣ ਦੇ ਨਾਂਅ 'ਤੇ ਸਰਕਾਰਾਂ ਨੇ ਨਿਰਾਸ਼ ਹੀ ਕੀਤਾ ਹੈ। ਸਿੱਖ ਸਮਾਜ ਨੂੰ ਵੀ ਬੇਅਦਬੀਆਂ ਰੋਕਣ ਲਈ ਆਪਣੇ ਪੱਧਰ 'ਤੇ ਅਹਿਤਿਆਤ ਰੱਖਣ ਦੀ ਲੋੜ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਵਲੋਂ ਵੀ ਇਹ ਆਦੇਸ਼ ਕੀਤਾ ਜਾ ਚੁੱਕਾ ਹੈ ਕਿ ਪ੍ਰਬੰਧਕ ਕਮੇਟੀਆਂ ਹਰੇਕ ਗੁਰਦੁਆਰਾ ਸਾਹਿਬ ਵਿੱਚ ਹਰ ਵੇਲੇ ਪਹਿਰੇਦਾਰੀ ਦੀ ਵਿਵਸਥਾ ਯਕੀਨੀ ਬਣਾਉਣ। ਪਿੰਡਾਂ ਵਿੱਚ ਬਹੁਤ ਸਾਰੇ ਗੁਰਦੁਆਰਿਆਂ ਵਿੱਚ ਗ੍ਰੰਥੀ ਸਿੰਘਾਂ ਜਾਂ ਸੇਵਾਦਾਰਾਂ ਦੀ ਗ਼ੈਰ-ਹਾਜ਼ਰੀ ਹੋਣ ਕਾਰਨ ਬੇਅਦਬੀ ਦੀਆਂ ਘਟਨਾਵਾਂ ਵਾਪਰ ਜਾਂਦੀਆਂ ਹਨ। ਗ੍ਰੰਥੀ ਸਿੰਘਾਂ ਦੇ ਜੀਵਨ ਨਿਰਬਾਹ ਲਈ ਯੋਗ ਸੇਵਾਫਲ, ਰਿਹਾਇਸ਼ ਅਤੇ ਉਨ੍ਹਾਂ ਦੇ ਬੱਚਿਆਂ ਦੇ ਚੰਗੇ ਭਵਿੱਖ ਲਈ ਉਨ੍ਹਾਂ ਲਈ ਚੰਗੀ ਸਿੱਖਿਆ ਦੇ ਪ੍ਰਬੰਧ ਪਿੰਡਾਂ ਦੀ ਸੰਗਤ ਨੂੰ ਕਰਨੇ ਚਾਹੀਦੇ ਹਨ ਤਾਂ ਜੋ ਗ੍ਰੰਥੀ ਸਿੰਘ ਬਿਹਤਰ ਤਰੀਕੇ ਨਾਲ ਗੁਰੂ-ਘਰ ਦੀ ਟਹਿਲ ਸੇਵਾ ਅਤੇ ਪਹਿਰੇਦਾਰੀ ਕਰ ਸਕਣ।

***

## ਔਰਤਾਂ ਲਈ ਰੋਲ ਮਾਡਲ ਸੀ

ਉਹ ਕਸੀਸ ਵੱਟ ਇਨ੍ਹਾਂ ਹਾਲਾਤ ਵਿੱਚ ਆਪਣੀ ਬੇਟੀ ਰੁਪਿੰਦਰ ਕੌਰ (ਡੌਲੀ ਗੁਲੇਰੀਆ) ਅਤੇ ਦੋਹਤੀ ਸੁਨੈਨਾ ਨਾਲ ਮਿਲ ਕੇ ਗਾਉਂਦੀ ਰਹੀ। ਪੰਜਾਬ ਦੀ ਕੋਇਲ, ਸੰਗੀਤ ਨਾਟਕ ਅਕੈਡਮੀ ਐਵਾਰਡ (1984), ਮਿਲੇਨੀਅਮ ਪੰਜਾਬੀ ਸਿੰਗਰ ਐਵਾਰਡ, ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਡਾਕਟਰੇਟ ਦੀ ਡਿਗਰੀ (2002), ਇੰਡੀਅਨ ਨੈਸ਼ਨਲ ਅਕੈਡਮੀ ਸੰਗੀਤ ਡਾਂਸ ਅਤੇ ਥੀਏਟਰ ਵਰਗੇ ਐਵਾਰਡ-ਸਨਮਾਨ ਹਾਸਲ ਕਰਨ ਵਾਲੀ ਸੁਰਿੰਦਰ ਕੌਰ ਆਪਣੀ ਮਿੱਟੀ ਦੇ ਮੋਹ ਦੀ ਮਾਰੀ 2004 ਵਿੱਚ ਪੰਚਕੂਲਾ ਆ ਵਸੀ। ਉਸ ਨੇ ਜ਼ੀਰਕਪੁਰ ਵਿਖੇ ਵੀ ਘਰ ਬਣਾਇਆ ਪਰ 22 ਦਸੰਬਰ 2005 ਨੂੰ ਉਹ ਹਾਰਟ ਅਟੈਕ ਦਾ ਸ਼ਿਕਾਰ ਹੋ ਗਈ ਅਤੇ ਪੰਚਕੂਲਾ ਦੇ ਜਨਰਲ ਹਸਪਤਾਲ ਵਿੱਚ ਦਾਖ਼ਲ ਕਰਵਾਉਣਾ ਪਿਆ। ਠੀਕ ਹੋਣ ਉਪਰੰਤ ਦਿੱਲੀ ਵਿਖੇ ਜਨਵਰੀ 2006 ਵਿੱਚ ਉਹ ਪਦਮਸ਼੍ਰੀ ਐਵਾਰਡ ਹਾਸਲ ਕਰਨ ਲਈ ਵੀ ਪਹੁੰਚੀ। ਸਿਹਤ ਦੀ ਖ਼ਰਾਬੀ ਸਦਕਾ 2006 ਵਿੱਚ ਉਨ੍ਹਾਂ ਨੂੰ ਇਲਾਜ ਲਈ ਅਮਰੀਕਾ ਵਿਖੇ ਰਹਿੰਦੀਆਂ ਆਪਣੀਆਂ ਧੀਆਂ ਕੋਲ ਜਾਣਾ ਪਿਆ। ਜਿੱਥੇ ਉਸ ਨੂੰ ਨਿਊਜਰਸੀ ਹਸਪਤਾਲ ਵਿੱਚ ਦਾਖ਼ਲ ਕਰਵਾਇਆ ਗਿਆ ਪਰ ਹਸਪਤਾਲ 'ਚ ਪੰਜਾਬ ਦੀ ਇਸ ਮਹਾਨ ਗਾਇਕਾ ਨੇ 14 ਜੂਨ 2006 ਨੂੰ ਆਖ਼ਰੀ ਸਾਹ ਲਿਆ। ਅੱਜ ਉਹ ਜਿਸਮਾਨੀ ਤੌਰ 'ਤੇ ਤਾਂ ਭਾਵੇਂ ਸਾਡੇ ਵਿਚ ਨਹੀਂ ਹਨ ਪਰ ਉਨ੍ਹਾਂ ਦੀ ਮਿੱਠੀ ਗਾਇਕੀ ਹਮੇਸ਼ਾ ਪੰਜਾਬੀਆਂ ਦੇ ਦਿਲਾਂ 'ਤੇ ਰਾਜ ਕਰਦੀ ਰਹੇਗੀ। ਉਨ੍ਹਾਂ ਦੇ ਗਾਏ ਸਦਾਬਹਾਰ ਗੀਤ ਹਮੇਸ਼ਾ ਉਨ੍ਹਾਂ ਦੀ ਯਾਦ ਨੂੰ ਤਾਜ਼ਾ ਕਰਵਾਉਂਦੇ ਰਹਿਣਗੇ।

***

## ਦਰਸ਼ਕਾਂ ਦਾ ਹਰਮਨਪਿਆਰਾ

'ਵਲੈਤੀ ਬਾਬੂ' ਕੀਤੀ। ਅਮਿਤਾਭ ਬੱਚਨ ਸਾਹਿਬ ਨਾਲ ਦੋਸਤਾਨਾ ਸਬੰਧ ਹੋਣ ਕਰ ਕੇ ਉਨ੍ਹਾਂ ਨੇ ਵੀ ਪਹਿਲੀ ਵਾਰ ਇਸ ਵਿੱਚ ਟਾਂਗੇ ਵਾਲੇ ਦਾ ਰੋਲ ਅਦਾ ਕੀਤਾ ਸੀ। ਇਹ ਫ਼ਿਲਮ ਵੀ ਸੁਪਰਹਿੱਟ ਰਹੀ ਸੀ।

**- ਤੁਸੀਂ ਪੰਜਾਬੀ ਦੀਆਂ ਕਈ ਦਰਜਨ ਫ਼ਿਲਮਾਂ 'ਚ ਕੰਮ ਕੀਤਾ, ਕੋਈ ਯਾਦਗਾਰੀ ਭੂਮਿਕਾ?**

ਉਂਝ ਤਾਂ ਇਕ ਕਲਾਕਾਰ ਲਈ ਉਸ ਦੀਆਂ ਸਾਰੀਆਂ ਹੀ ਫ਼ਿਲਮਾਂ ਚਾਹੇ ਪੰਜਾਬੀ ਹੋਣ ਜਾ ਹਿੰਦੀ ਹਿੱਟ ਹੁੰਦੀਆਂ ਹਨ ਪਰ ਮੇਰੇ ਲਈ ਪੰਜਾਬੀ ਫ਼ਿਲਮ ਇੰਡਸਟਰੀ ਵਿੱਚ ਸਭ ਤੋਂ ਵੱਧ ਚਰਚਿਤ ਪੰਜਾਬੀ ਫ਼ਿਲਮ 'ਸਰਪੰਚ' ਰਹੀ ਹੈ। ਇਸ ਤੋਂ ਮੈਨੂੰ ਰਾਤੋਂ ਰਾਤ ਪਛਾਣ ਮਿਲੀ। ਇਸ ਫ਼ਿਲਮ ਵਿਚਲੇ ਇੱਕ ਗੀਤ ਜੋ ਮੇਰੇ 'ਤੇ ਫ਼ਿਲਮਾਇਆ ਗਿਆ ਸੀ 'ਨਦੀਉਂ ਭੁੱਲਣਾ ਵਿਛੋੜਾ ਮੈਨੂੰ ਤੇਰਾ ਸਾਰੇ ਦੁੱਖ ਭੁੱਲ ਜਾਣਗੇ' ਨੇ ਉਨ੍ਹਾਂ ਸਮਿਆਂ 'ਚ ਸਾਰੇ ਰਿਕਾਰਡ ਤੋੜ ਦਿੱਤੇ ਸਨ। ਇਸ ਪਿੱਛੋਂ ਤਾਂ ਮੈਨੂੰ ਸਾਰੇ 'ਨਈਓਂ ਭੁੱਲਣਾ ਵਿਛੋੜਾ ਮੈਨੂੰ ਤੇਰਾ ਸਾਰੇ ਦੁੱਖ ਭੁੱਲ ਜਾਣਗੇ' ਵਾਲੇ ਯੋਗੇਸ਼ ਛਾਬੜਾ ਦੇ ਨਾਂ ਨਾਲ ਜ਼ਿਆਦਾ ਜਾਣਨ ਲੱਗ ਪਏ ਸੀ।

**- ਤੁਸੀਂ ਕਿਹੜੀਆਂ ਪ੍ਰਮੁੱਖ ਹਿੰਦੀ ਪੰਜਾਬੀ ਫ਼ਿਲਮਾਂ ਵਿੱਚ ਕੰਮ ਕੀਤਾ?**

ਸਾਰੀਆਂ ਫ਼ਿਲਮਾਂ ਦੇ ਨਾਂ ਤਾਂ ਇਸ ਵੇਲੇ ਮੈਨੂੰ ਵੀ ਪੂਰੀ ਤਰ੍ਹਾਂ ਯਾਦ ਨਹੀਂ ਹੋਣੇ ਪਰ ਚੋਣਵੀਂਆਂ ਫ਼ਿਲਮਾਂ ਦੇ ਨਾਂ ਮੈਨੂੰ ਯਾਦ ਹਨ, ਜਿਨ੍ਹਾਂ ਵਿੱਚ 'ਜਵਾਨੀ ਦੀਵਾਨੀ', 'ਅੰਧੀ ਜਵਾਨੀ', 'ਜ਼ਹਿਰੀਲੇ ਇਨਸਾਨ', 'ਜੰਗਲ ਮੇਂ ਮੰਗਲ', 'ਨਮਕ ਹਰਾਮ', 'ਜੱਗ ਵਾਲਾ ਮੇਲਾ', 'ਪੀਂਘਾਂ ਪਿਆਰ ਦੀਆਂ', 'ਵੈਰੀ ਜੱਟ', 'ਮਾਮਲਾ ਗੜਬੜ ਹੈ', 'ਨੈਣ ਪ੍ਰੀਤੋ ਦੇ', 'ਅਣੋਖਾ ਮੋੜ', 'ਬਟਵਾਰਾ', 'ਜੱਟੀ', 'ਪਟਵਾਰੀ', 'ਲਾਜੋ', 'ਮਾਂ ਦਾ ਲਾਡਲਾ' ਆਦਿ ਹਨ।

**- ਅੱਜ ਪੰਜਾਬੀ ਫ਼ਿਲਮ ਇੰਡਸਟਰੀ ਕਿੱਥੇ ਖੜ੍ਹੀ ਹੈ ਅਤੇ ਤੁਹਾਡੀਆਂ ਭਵਿੱਖੀ ਯੋਜਨਾਵਾਂ ਕੀ ਹਨ?**

ਦੇਖੋ ਜੀ ਸਮੇਂ ਦੇ ਨਾਲ ਹੀ ਚੱਲਣਾ ਚਾਹੀਦਾ ਹੈ। 40-50 ਸਾਲ ਪਹਿਲਾਂ ਪੰਜਾਬੀ ਫ਼ਿਲਮਾਂ ਦੀ ਹੋਰ ਗੱਲ ਸੀ। ਉਨ੍ਹਾਂ ਸਮਿਆਂ ਵਿੱਚ ਨਾ ਤਾਂ ਫ਼ਿਲਮਾਂ ਦਾ ਬਜਟ ਵੱਡਾ ਸੀ ਤੇ ਨਾ ਹੀ ਕਲਾਕਾਰਾਂ ਨੂੰ ਬਹੁਤਾ ਮਿਹਨਤਾਨਾ ਮਿਲਦਾ ਸੀ ਪਰ ਉਨ੍ਹਾਂ ਸਮਿਆਂ 'ਚ ਹਰ ਕੋਈ ਸੰਤੁਸ਼ਟ ਸੀ। ਫ਼ਿਲਮਾਂ ਵੀ ਬਾਕਮਾਲ ਬਣਦੀਆ ਸਨ, ਜਿਨ੍ਹਾਂ ਨੂੰ ਦਰਸ਼ਕ ਅੱਜ ਵੀ ਪਸੰਦ ਕਰਦੇ ਹਨ। ਮੌਜੂਦਾ ਸਮੇਂ ਪੰਜਾਬੀ ਫ਼ਿਲਮ ਇੰਡਸਟਰੀ ਨੇ ਕਾਫੀ ਉੱਚਾ ਮੁਕਾਮ ਹਾਸਲ ਕਰ ਲਿਆ ਹੈ। ਭਵਿੱਖ ਵਿੱਚ ਪੰਜਾਬ ਆ ਕੇ ਕੁਝ ਨਵੇਂ ਪ੍ਰਾਜੈਕਟ ਦੀ ਗੱਲ ਫਾਈਨਲ ਕਰਾਂਗੇ।

***

## ਨੌਜਵਾਨਾਂ ਲਈ ਵਰਦਾਨ

ਆਖ਼ਿਰ ਵਿੱਚ ਕਿਹਾ ਜਾ ਸਕਦਾ ਹੈ ਕਿ, ਕੁੱਲ ਮਿਲਾ ਕੇ ਖੇਡਾਂ ਵਤਨ ਪੰਜਾਬ ਦੀਆਂ ਪੰਜਾਬ ਸਰਕਾਰ ਦਾ ਇੱਕ ਸ਼ਾਨਦਾਰ ਉਪਰਾਲਾ ਹੈ ਜਿਸ ਨੇ ਬੱਚਿਆਂ, ਨੌਜਵਾਨਾਂ ਅਤੇ ਬਜ਼ੁਰਗਾਂ ਨੂੰ ਖੇਡਾਂ ਵੱਲ ਵਧੇਰੇ ਆਕਰਸ਼ਿਤ ਕੀਤਾ ਹੈ। ਇਸ ਯੋਜਨਾ ਦੇ ਰਾਹੀਂ ਪੰਜਾਬ ਸਰਕਾਰ ਨੇ ਖੇਡਾਂ ਨੂੰ ਨਵੇਂ ਪੱਧਰ 'ਤੇ ਲਿਆਉਣ ਦੀ ਸ਼ੁਰੂਆਤ ਕੀਤੀ ਹੈ।

ਹਾਲਾਂਕਿ ਕੁਝ ਪ੍ਰਬੰਧਕੀ ਚੁਣੌਤੀਆਂ ਬਾਕੀ ਹਨ ਪਰ ਸਰਕਾਰ ਦੀਆਂ ਲਗਾਤਾਰ ਕੀਤੀਆਂ ਜਾ ਰਹੀਆਂ ਕੋਸ਼ਿਸ਼ਾਂ ਅਤੇ ਲੋਕਾਂ ਦੀ ਸ਼ਮੂਲੀਅਤ ਨਾਲ ਇਹ ਯੋਜਨਾ ਪੰਜਾਬ ਦੇ ਨੌਜਵਾਨਾਂ, ਬਜ਼ੁਰਗਾਂ ਅਤੇ ਖਿਡਾਰੀਆਂ ਲਈ ਇੱਕ ਸੁਨਹਿਰੀ ਮੌਕਾ ਪ੍ਰਦਾਨ ਕਰ ਰਹੀ ਹੈ। ਜੇਕਰ ਪ੍ਰਬੰਧਨ ਦੇ ਪੱਖਾਂ ਨੂੰ ਧਿਆਨ ਨਾਲ ਸੁਧਾਰ ਲਿਆ ਜਾਵੇ, ਤਾਂ ਇਹ ਯੋਜਨਾ ਪੂਰੇ ਦੇਸ਼ ਲਈ ਇੱਕ ਮਿਸਾਲ ਬਣ ਸਕਦੀ ਹੈ। ਇਸ ਪ੍ਰੋਗਰਾਮ ਦੇ ਜ਼ਰੀਏ ਅਸੀਂ ਆਪਣੀ ਆਉਣ ਵਾਲੀ ਪੀੜ੍ਹੀ ਨੂੰ ਨਵੀਂ ਦਿਸ਼ਾ ਦੇਣ ਵਿਚ ਪੂਰੇ ਕਾਮਯਾਬ ਹੋ ਸਕਦੇ ਹਾਂ।

***

## ਉਲੰਪੀਅਨ ਖਿਡਾਰੀ ਸ਼ਰਤ

ਤਿੰਨ ਕਾਂਸੀ ਤੇ 2018 ਦੀਆਂ ਗੋਲਡ ਕੋਸਟਾਂ ਵਿੱਚ ਪੁਰਸ਼ ਸਿੰਗਲ ਵਰਗ ਵਿੱਚ ਕਾਂਸੀ ਦੇ ਤਗਮੇ ਭਾਰਤ ਦੀ ਝੋਲੀ ਪਾਏ। 2018 ਦੀਆਂ ਜਕਾਰਤਾ ਏਸ਼ੀਆਈ ਗੇਮਾਂ ਵਿੱਚ ਪੁਰਸ਼ ਟੀਮ ਤੇ ਮਿਕਸਡ ਡਬਲਜ਼ ਵਿੱਚ ਦੋ ਕਾਂਸੀ ਦੇ ਮੈਡਲ ਪ੍ਰਾਪਤ ਕੀਤੇ। 2021 ਦੀ ਦੋਹਾ (ਕਤਰ) ਏਸ਼ੀਆਈ ਚੈਂਪੀਅਨਸ਼ਿਪ ਵਿੱਚ ਪੁਰਸ਼ ਟੀਮ ਤੇ ਪੁਰਸ਼ ਡਬਲਜ਼ ਵਿੱਚ ਕਾਂਸੀ ਤੇ 2023 ਪੇਇਚਿੰਗ ਵਿੱਚ ਪੁਰਸ਼ ਟੀਮ ਵਿੱਚ ਫੇਰ ਕਾਂਸੀ ਦਾ ਤਗ਼ਮਾ ਜਿੱਤਿਆ।

ਕਮਲ ਸ਼ਰਤ ਕੁਝ ਵਿਦੇਸ਼ੀ ਕਲੱਬਾਂ ਵੱਲੋਂ ਵੀ ਖੇਡਿਆ ਹੈ। ਸੰਨ 2010-11 ਦੇ ਸੀਜ਼ਨ ਵਿੱਚ ਉਹ ਟੀ.ਐਸ.ਵੀ ਗ੍ਰੈਫੇਲਟਿੰਗ ਲਈ ਜਰਮਨ ਟਿਸ਼ ਟੈਨਿਸ ਬੁੰਡੇਸਲੀਗਾ ਕਲੱਬ ਲਈ ਖੇਡਿਆ। 2013 ਵਿੱਚ ਬੋਰੂਸੀਆ ਡੁਸੇਲਡੋਰਫ ਨੇ ਇੱਕ ਸਾਲ ਸਾਈਨ ਕੀਤਾ। ਫਿਰ ਉਹ 2017-18 ਵਿੱਚ ਟੇਬਲ ਟੈਨਿਸ ਕਲੱਬ ਸ਼ਵਾਲਬੇ ਬਰਨੇਗਨੇਸਟੈਂਡ ਵਿੱਚ ਚੱਲ ਗਿਆ। ਫੇਰ ਬੋਰੂਸੀਆ ਕਲੱਬ ਨੇ ਉਸ ਦਾ ਇਕਰਾਰਨਾਮਾ 2022-23 ਲਈ ਵਧਾ ਦਿੱਤਾ ਸੀ। ਉਸ ਨੇ 2004 ਦੀਆਂ ਏਥਨਜ਼ ਉਲੰਪਿਕ ਵਿੱਚ ਭਾਰਤ ਦੀ ਨੁਮਾਇੰਦਗੀ ਕੀਤੀ ਸੀ। ਭਾਰਤ ਸਰਕਾਰ ਉਸ ਨੂੰ 2004 ਵਿੱਚ ਅਰਜਨ ਐਵਾਰਡ, 2019 ਵਿੱਚ ਪਦਮ ਸ੍ਰੀ ਤੇ 2022 ਵਿੱਚ ਖੇਲ ਰਤਨ ਐਵਾਰਡ ਨਾਲ ਸਨਮਾਨਿਤ ਕਰ ਚੁੱਕੀ ਹੈ।

***

## ਕੈਨੇਡਾ ਦੀ ਸਿਆਸਤ 'ਚ ਕੀ ਹੋਵੇਗਾ

ਫਿਰ ਵੀ ਸਰਕਾਰ ਦਾ ਡਿੱਗਣਾ ਹੁਣ ਐਨਡੀਪੀ ਅਤੇ ਕਿਊਬੈਕ ਬਲਾਕ ਦੇ ਵਤੀਰੇ 'ਤੇ ਨਿਰਭਰ ਕਰੇਗਾ।

ਕੈਨੇਡਾ ਅੰਦਰ ਅਜੋਕੀ 21ਵੀਂ ਸਦੀ ਵਿੱਚ ਬ੍ਰਿਟਿਸ਼ ਰਾਜਸ਼ਾਹੀ ਦੀ ਸਾਰਥਕਤਾ ਜ਼ੀਰੋ ਹੋ ਚੁੱਕੀ ਹੈ। ਕੈਨੇਡਾ ਰਿਪਬਲਿਕ ਸਟੇਟ ਵਜੋਂ ਸਥਾਪਤ ਕੀਤਾ ਜਾਵੇ। ਜਗਮੀਤ ਇਸ ਦਾ ਵੱਡਾ ਅਲੰਬਰਦਾਰ ਹੈ। ਉਹ ਨਸਲਵਾਦ ਅਤੇ ਕਾਰਡਿੰਗ ਸਿਸਟਮ ਦੇ ਖ਼ਾਤਮੇ ਲਈ ਫੈਡਰਲ ਕਾਨੂੰਨ ਦਾ ਹਾਮੀ ਹੈ। ਖ਼ੁਦ ਕਈ ਵਾਰ ਨਸਲਵਾਦ ਦਾ ਸ਼ਿਕਾਰ ਹੋਇਆ ਹੈ। ਉਹ ਰਾਜਾਂ ਦੇ ਸਵੈ ਨਿਰਣੇ ਦੇ ਅਧਿਕਾਰ ਖ਼ਾਸ ਕਰਕੇ ਫਰੈਂਚ ਬਹੁਲਰਾਜ ਕਿਊਬੈਕ ਦਾ ਵੱਡਾ ਹਾਮੀ ਹੈ ਪਰ ਉਸ ਦੇ ਧਾਰਮਿਕ ਆਜ਼ਾਦੀਆਂ ਵਿਰੋਧੀ ਬਿੱਲ-21 ਦਾ ਵਿਰੋਧੀ ਹੈ ਕਿਉਂਕਿ ਇਹ ਬਿੱਲ ਧਾਰਮਿਕ ਚਿੰਨ੍ਹ ਪਹਿਨਣ ਵਾਲਿਆਂ ਨੂੰ ਸਰਕਾਰੀ ਨੌਕਰੀਆਂ ਤੋਂ ਵੰਚਿਤ ਕਰਦਾ ਹੈ, ਮਾਨਵ ਅਧਿਕਾਰਾਂ ਦੀ ਸਰਬਲੌਕਿਕਤਾ ਵਿਰੁੱਧ ਹੈ। ਉਨ੍ਹਾਂ ਕੈਨੇਡਾ ਦੀ ਇਜ਼ਰਾਈਲ ਦੇ ਫਲਸਤੀਨੀਆਂ 'ਤੇ ਲਗਾਤਾਰ ਨਸਲਘਾਤ ਅਤੇ ਇਲਾਕੇ ਦੱਬਣ ਦੇ ਬਾਵਜੂਦ ਹਮਾਇਤ ਦੀ ਨੀਤੀ ਦਾ ਵਿਰੋਧ ਕੀਤਾ ਹੈ। ਸੰਨ 2025 ਦੀਆਂ ਆਮ ਚੋਣਾਂ ਲਈ ਉਨ੍ਹਾਂ ਨੇ ਹੁਣ ਤੋਂ ਐਨ.ਡੀ.ਪੀ. ਦੇ ਸੀਨੀਅਰ, ਤੇਜ਼-ਤਰਾਰ ਅਤੇ ਤਜਰਬੇਕਾਰ ਆਗੂਆਂ ਦੀ ਟੀਮ ਗਠਿਤ ਕਰ ਦਿੱਤੀ ਹੈ। ਉਨ੍ਹਾਂ ਦਾ ਪਾਰਟੀ ਆਗੂ ਵਜੋਂ ਭਵਿੱਖ ਇਨ੍ਹਾਂ ਚੋਣਾਂ ਵਿੱਚ ਪਾਰਟੀ ਦੀ ਕਾਰਗੁਜ਼ਾਰੀ 'ਤੇ ਨਿਰਭਰ ਕਰੇਗਾ।

***

## ਖ਼ੂਬਸੂਰਤ ਬਣਾਓ ਉਮਰਾਂ

ਇੰਝ ਉਹ ਆਪਣੀ ਖ਼ੂਨ-ਪਸੀਨੇ ਦੀ ਕਮਾਈ ਮਹਿੰਗੇ ਇਲਾਜ 'ਤੇ ਬਰਬਾਦ ਕਰਨ ਲਈ ਮਜਬੂਰ ਹੋ ਜਾਂਦੇ ਹਨ। ਚੇਤੇ ਰੱਖੋ, ਬਜ਼ੁਰਗ ਸਾਡਾ ਬਹੁਤ ਕੀਮਤੀ ਸਰਮਾਇਆ ਹਨ। ਸਾਨੂੰ ਸਾਰਿਆਂ ਨੂੰ ਮਿਲ ਕੇ ਉਨ੍ਹਾਂ ਦੀ ਤੰਦਰੁਸਤੀ ਅਤੇ ਖ਼ੁਸ਼ੀ ਲਈ ਯਤਨ ਕਰਨੇ ਚਾਹੀਦੇ ਹਨ। ਹਰ ਔਲਾਦ ਨੂੰ ਉਨ੍ਹਾਂ ਦੇ ਖਾਣ-ਪੀਣ ਅਤੇ ਸਿਹਤ ਦਾ ਪੂਰਾ ਖ਼ਿਆਲ ਰੱਖਣਾ ਚਾਹੀਦਾ ਹੈ। ਸਮੇਂ-ਸਮੇਂ 'ਤੇ ਮੈਡੀਕਲ ਚੈੱਕਅੱਪ ਕਰਵਾਉਂਦੇ ਰਹਿਣਾ ਚਾਹੀਦਾ ਹੈ। ਉਨ੍ਹਾਂ ਦੇ ਕੱਪੜੇ, ਉਨ੍ਹਾਂ ਦੇ ਕਮਰੇ ਆਦਿ ਵੱਲ ਉਚੇਚਾ ਧਿਆਨ ਦੇਣ ਦੀ ਜ਼ਰੂਰਤ ਹੈ। ਉਹ ਘਰ ਦੇ ਕਿਸੇ ਕੋਨੇ ਵਿੱਚ ਨਾ ਰਹਿਣ ਸਗੋਂ ਮੁੱਖ ਕਮਰੇ ਵਿੱਚ ਹੋਣ ਅਤੇ ਹਰ ਮਹਿਮਾਨ ਉਨ੍ਹਾਂ ਨੂੰ ਬਣਦਾ ਸਤਿਕਾਰ ਦੇਵੇ। ਬਜ਼ੁਰਗਾਂ ਦੀ ਗੱਲ ਨੂੰ ਸੁਣਨਾ ਚਾਹੀਦਾ ਹੈ। ਉਨ੍ਹਾਂ ਦੀ ਰਾਇ ਲਈ ਜਾਣੀ ਚਾਹੀਦੀ ਹੈ। ਉਨ੍ਹਾਂ ਨੂੰ ਪਰਿਵਾਰ ਅਤੇ ਸਮਾਜ ਦੇ ਕੰਮਾਂ ਵਿੱਚ ਭਰਪੂਰ ਬਣਦਾ ਸਨਮਾਨ ਅਤੇ ਸਥਾਨ ਦੇਣਾ ਚਾਹੀਦਾ ਹੈ। ਜਿਸ ਵੀ ਚੀਜ਼ ਨੂੰ ਉਹ ਪਸੰਦ ਕਰਦੇ ਹਨ, ਉਸ 'ਤੇ ਖ਼ਰਚਾ ਕਰਨਾ ਚਾਹੀਦਾ ਹੈ। ਉਨ੍ਹਾਂ ਦੇ ਟੋਕਣ ਤੋਂ ਇਕਦਮ ਗੁੱਸੇ ਨਹੀਂ ਹੋਣਾ ਚਾਹੀਦਾ। ਜਦੋਂ ਉਨ੍ਹਾਂ ਨੂੰ ਪੂਰਾ ਮਾਣ-ਸਨਮਾਨ ਮਿਲੇਗਾ ਤਾਂ ਉਹ ਵੀ ਬੱਚਿਆਂ ਵਾਂਗ ਖ਼ੁਦ ਨੂੰ ਢਾਲ ਲੈਣਗੇ ਅਤੇ ਬੇਲੋੜੀ ਟੋਕਾ-ਟਾਕੀ ਨਹੀਂ ਕਰਨਗੇ।

ਭਾਵੇਂ ਕੁਝ ਬਜ਼ੁਰਗ ਬਹੁਤ ਵਧੀਆ ਸਹੂਲਤਾਂ ਵੀ ਮਾਣ ਰਹੇ ਹਨ ਅਤੇ ਬੱਚਿਆਂ ਤੋਂ ਸਤਿਕਾਰ ਵੀ ਲੈ ਰਹੇ ਹਨ ਪਰ ਅਜਿਹੇ ਭਾਗਾਂ ਵਾਲਿਆਂ ਦੀ ਗਿਣਤੀ ਘੱਟ ਹੈ। ਬਹੁਤ ਵਾਰ ਅਸੀਂ ਜਾਇਦਾਦ ਦੇ ਝਗੜੇ ਕਾਰਨ ਬਜ਼ੁਰਗਾਂ ਨੂੰ ਬੇਇੱਜ਼ਤ ਹੁੰਦੇ ਦੇਖਦੇ, ਸੁਣਦੇ ਤੇ ਪੜ੍ਹਦੇ ਹਾਂ। ਦਿਨ-ਬ-ਦਿਨ ਵਧ ਰਹੇ ਬਿਰਧ ਆਸ਼ਰਮ ਇਸ ਗੱਲ ਦਾ ਪ੍ਰਮਾਣ ਹਨ ਕਿ ਨੌਜਵਾਨ ਉਨ੍ਹਾਂ ਦੀ ਅਹਿਮੀਅਤ ਨਹੀਂ ਸਮਝ ਰਹੇ। ਜਿੱਥੇ ਸਰਕਾਰਾਂ ਨੂੰ ਅਜਿਹੀਆਂ ਨੀਤੀਆਂ ਬਣਾਉਣ ਅਤੇ ਲਾਗੂ ਕਰਨ ਦੀ ਲੋੜ ਹੈ ਜਿਸ ਨਾਲ ਬੁਢਾਪਾ ਤੰਦਰੁਸਤੀ ਤੇ ਖ਼ੁਸ਼ਹਾਲੀ ਵਾਲਾ ਹੋਵੇ, ਉੱਥੇ ਹੀ ਸਮਾਜ ਦੇ ਹਰ ਮੈਂਬਰ ਨੂੰ ਬਜ਼ੁਰਗਾਂ ਦੀ ਸਾਂਭ-ਸੰਭਾਲ ਕਰਨੀ ਚਾਹੀਦੀ ਹੈ। ਇੱਕ ਵਾਰ ਇਹ ਬਿਰਤੀ ਪੈਦਾ ਹੋ ਗਈ ਤਾਂ ਅਗਲੀਆਂ ਪੀੜ੍ਹੀਆਂ ਨੂੰ ਕੁਝ ਕਹਿਣ ਦੀ ਜ਼ਰੂਰਤ ਨਹੀਂ ਪਵੇਗੀ।

***

## ਇਰਾਨ-ਇਜ਼ਰਾਇਲ ਜੰਗ ਕਾਰਨ

ਪਿਛਲੇ ਸਾਲ ਦੀ ਇਸੇ ਮਿਆਦ ਦੇ ਮੁਕਾਬਲੇ ਜਨਵਰੀ ਅਤੇ ਜੁਲਾਈ 2024 ਦਰਮਿਆਨ ਇਨ੍ਹਾਂ ਖਾੜੀ ਸਹਿਯੋਗ ਪਰਿਸ਼ਦ (ਜੀ.ਸੀ.ਸੀ.) ਦੇਸ਼ਾਂ ਨਾਲ ਭਾਰਤ ਦਾ ਵਪਾਰ 17.8 ਫ਼ੀਸਦੀ ਵਧਿਆ ਹੈ। ਇਸ ਦੌਰਾਨ ਇਰਾਨ ਨਾਲ ਭਾਰਤ ਦਾ ਨਿਰਯਾਤ ਵੀ 15.2 ਫ਼ੀਸਦੀ ਵਧਿਆ ਹੈ।

ਅੰਤਰਰਾਸ਼ਟਰੀ ਮੁਦਰਾ ਫ਼ੰਡ (ਆਈ.ਐਮ.ਐੱਫ਼.) ਵੱਲੋਂ ਜਾਰੀ ਕੀਤੇ ਗਏ ਅੰਕੜਿਆਂ ਮੁਤਾਬਕ ਇਸ ਸਾਲ ਦੇ ਪਹਿਲੇ ਦੋ ਮਹੀਨਿਆਂ ਵਿੱਚ ਸੁਏਜ਼ ਨਹਿਰ ਤੋਂ ਹੋਕੇ ਗੁਜਰਨ ਵਾਲੇ ਵਪਾਰ ਦੀ ਮਾਤਰਾ ਵਿੱਚ ਪਿਛਲੇ ਸਾਲ ਦੇ ਮੁਕਾਬਲੇ 50 ਫ਼ੀਸਦੀ ਦੀ ਗਿਰਾਵਟ ਦਰਜ ਕੀਤੀ ਗਈ ਹੈ, ਜਦਕਿ ਕੇਪ ਆਫ਼ ਗੁੱਡ ਹੋਪ ਦੇ ਆਲੇ ਦੁਆਲੇ ਗੁਜ਼ਰਨ ਵਾਲੇ ਵਪਾਰ ਦੀ ਮਾਤਰਾ ਪਿਛਲੇ ਸਾਲ ਦੇ ਪੱਧਰ ਨਾਲੋਂ ਲਗਭਗ 74 ਪ੍ਰਤੀਸ਼ਤ ਵੱਧ ਹੈ। ਇਹ ਤਦ ਹੋਇਆ ਜਦ ਮੁੱਖ ਸ਼ਿਪਿੰਗ ਰੂਟਾਂ, ਖਾਸ ਤੌਰ 'ਤੇ ਸੁਏਜ਼ ਨਹਿਰ ਅਤੇ ਲਾਲ ਸਾਗਰ ਰਾਹੀਂ ਹੋਣ ਵਾਲੀਆਂ ਰੁਕਾਵਟਾਂ ਨੇ ਜਹਾਜ਼ਾਂ ਸਮੁੰਦਰੀ ਜਹਾਜ਼ਾਂ ਨੂੰ ਹੋਰਨ ਆਫ਼ ਅਫ਼ਰੀਕਾ ਦੇ ਆਲੇ ਦੁਆਲੇ ਲੰਬੇ ਰੂਟ ਲੈਣ ਦੇ ਲਈ ਮਜ਼ਬੂਰ ਕੀਤਾ, ਜਿਸ ਨਾਲ ਸ਼ਿਪਿੰਗ ਲਾਗਤਾਂ ਵਿੱਚ 15-20 ਪ੍ਰਤੀਸ਼ਤ ਵਾਧਾ ਹੋਇਆ ਹੈ। ਇਸ ਨੇ ਭਾਰਤੀ ਕੰਪਨੀਆਂ ਦੇ ਮੁਨਾਫ਼ੇ ਦੇ ਮਾਰਜਿਨ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ ਹੈ, ਖਾਸ ਤੌਰ 'ਤੇ ਇੰਜੀਨੀਅਰਿੰਗ ਉਤਪਾਦਾਂ, ਟੈਕਸਟਾਈਲ, ਲਿਬਾਸ ਅਤੇ ਹੋਰ ਲੇਬਰ-ਸਹਿਤ ਵਸਤਾਂ ਦਾ ਨਿਰਯਾਤ ਕਰਨ ਵਾਲੀਆਂ ਕੰਪਨੀਆਂ ਨੂੰ।

ਇੱਕ ਸਾਬਕਾ ਵਪਾਰ ਅਧਿਕਾਰੀ ਅਤੇ ਜੀ.ਟੀ.ਆਰ.ਆਈ. ਦੇ ਮੁਖੀ ਨੇ ਕਿਹਾ ਕਿ ਯੂਰਪੀ ਸੰਘ ਨੂੰ ਭਾਰਤ ਦੀ ਸਮੁੱਚੀ ਬਰਾਮਦ ਵਿੱਚ 6.8 ਫ਼ੀਸਦੀ ਵਧੀ ਹੈ, ਪਰ ਮਸ਼ੀਨਰੀ, ਸਟੀਲ, ਰਤਨ ਅਤੇ ਗਹਿਣੇ ਅਤੇ ਜੁੱਤੀਆਂ ਵਰਗੇ ਖੇਤਰਾਂ ਵਿੱਚ ਗਿਰਾਵਟ ਆਈ ਹੈ। ਉਸ ਨੇ ਕਿਹਾ ਕਿ ਭਾਰਤ ਅੱਗੇ ਔਖੇ ਸਮੇਂ ਦਾ ਸਾਹਮਣਾ ਕਰ ਰਿਹਾ ਹੈ, ਖਾਸ ਤੌਰ 'ਤੇ ਉੱਚ-ਮਾਤਰਾ, ਘੱਟ-ਮੁੱਲ ਵਾਲੇ ਨਿਰਯਾਤ 'ਤੇ ਨਿਰਭਰ ਉਦਯੋਗਾਂ ਲਈ, ਕਿਉਂਕਿ ਵਧਦੀ ਭਾੜੇ ਦੀ ਲਾਗਤ ਵਪਾਰ 'ਤੇ ਹੋਰ ਦਬਾਅ ਪੈਣ ਦੀ ਉਮੀਦ ਹੈ।

****

## ਸੁਨੀਲ ਜਾਖੜ ਦੇ ਸਿਆਸੀ

ਉਨ੍ਹਾਂ 'ਚੋਂ ਹੀ ਪ੍ਰਧਾਨ ਬਣਨਾ ਚਾਹੀਦਾ ਹੈ ਕਿਉਂਕਿ ਸੁਨੀਲ ਜਾਖੜ ਨੂੰ ਭਾਜਪਾ 'ਚ ਕੁਝ ਹੀ ਸਮਾਂ ਹੋਇਆ ਹੈ। ਇਹੀ ਕਾਰਨ ਹੈ ਕਿ ਉਹ ਸਾਹਮਣੇ ਤਾਂ ਕੁਝ ਨਹੀਂ ਸਨ ਬੋਲ ਸਕਦੇ ਪਰ ਅੰਦਰਖਾਤੇ ਇਹ ਗੱਲਾਂ ਆਮ ਚੱਲਦੀਆਂ ਹਨ। ਸੂਤਰਾਂ ਤੋਂ ਇਹ ਵੀ ਪਤਾ ਲੱਗਾ ਹੈ ਕਿ ਭਾਜਪਾ ਨੇ ਵਿਧਾਨ ਸਭਾ ਜ਼ਿਮਨੀ ਚੋਣਾਂ ਲਈ ਜਿਨ੍ਹਾਂ ਨੇਤਾਵਾਂ ਦੀਆਂ ਡਿਊਟੀਆਂ ਲਾਈਆਂ, ਉਨ੍ਹਾਂ ਲਈ ਸੁਨੀਲ ਜਾਖੜ ਤੋਂ ਕੋਈ ਵੀ ਸਲਾਹ ਨਹੀਂ ਲਈ ਗਈ। ਜਾਖੜ ਨੇ ਕਿਸੇ ਨਾ ਕਿਸੇ ਬਹਾਨੇ ਪਾਰਟੀ ਦੀਆਂ ਕਈ ਮੀਟਿੰਗਾਂ 'ਚ ਸ਼ਿਰਕਤ ਨਹੀਂ ਕੀਤੀ। ਇਹ ਵੀ ਪਤਾ ਲੱਗਾ ਹੈ ਕਿ ਹਾਲ ਹੀ 'ਚ ਉਨ੍ਹਾਂ ਨੇ ਭਾਜਪਾ ਦੇ ਚੋਟੀ ਦੇ ਨੇਤਾਵਾਂ ਨਾਲ ਮੀਟਿੰਗ ਕੀਤੀ ਸੀ, ਜਿਸ ਦੌਰਾਨ ਉਨ੍ਹਾਂ ਨੇ ਕਈ ਮੁੱਦਿਆਂ 'ਤੇ ਆਪਣੀ ਨਾਰਾਜ਼ਗੀ ਜ਼ਾਹਰ ਕੀਤੀ। ਮੰਨਿਆ ਜਾ ਰਿਹਾ ਹੈ ਕਿ ਉਹ ਹਾਰਨ ਦੇ ਬਾਵਜੂਦ ਰਵਨੀਤ ਸਿੰਘ ਬਿੱਟੂ ਦੇ ਵਧਦੇ ਕੱਦ ਤੋਂ ਨਾਖ਼ੁਸ਼ ਹਨ।


ਰੋਜ਼ਾਨਾ ਦੇਸ਼-ਵਿਦੇਸ਼ ਦੇ ਰਾਜਨੀਤਕ, ਧਾਰਮਿਕ ਜਾਂ ਸੱਭਿਆਚਾਰਕ ਮੁੱਦਿਆਂ ਬਾਰੇ
ਜਾਣੋ ਪਲ ਪਲ ਦੀ ਖਬਰ
AJJ DA MUDDA
ਅੱਜ ਦਾ ਮੁੱਦਾ
ON
jus PUNJABI HD
sling
CREDIBILITY
RELIABILITY
Minute to Minute Coverage of Punjab Elections
Punjabi Super Pack
20 channels for only $25/month on
sling
SCAN ME TO SUBSCRIBE
Get 30% off ANY Pack for the first month! w/code: SLINGER854
To Subscribe Call: +1-718-752-9290
Visit: sling.com/juspunjabi
for advertisement & more information call: +1-718-752-9293
www.jusbroadcasting.com